EVEREST TRANSPORT INC
We are Hiring
Company Drivers
For team 55 cents per mile+Safety Bonus.
For Single Driver Run 50 cents per mile.
Call, Goldy Ph: 260-797-1122

BIG BAZAAR
Grocery, Sweets & Catering
5425 E. Thompson Rd. Indianapolis IN 46237
*Fresh Vegetables Every Thursday
*Chat House is OPEN 7 Days *New meat shop is open now, next to big bazaar
*Book your catering now.
Ask for, Baljinder S. Ben Ph: 317-640-2400
Like our Facebook page: BigBazaarIndianGrocery

Buying/Selling in Michigan
All types of Residential & Commercial properties. Gas Stations, Liquor Stores, Hotels, Plazas, Truck Terminals etc.
All types of loans.
Landmark Realty
40600 Ann Arbor Rd., Suite# 150, Plymouth, MI 48170
Call: 734-751-4455
rajsshergill@yahoo.com
Raj Shergill
Associate Broker

Twentieth Year of Publication
ਮਿਡਵੈਸਟ ਐਡੀਸ਼ਨ
Price 50¢
Email:punjabtimes1@gmail.com
www.punjabtimesusa.com
ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ

# ਪੰਜਾਬ ਟਾਈਮਜ਼

Punjab Times, Vol 20, Issue 17, April 27, 2019 20451 N. Plum Grove Rd., Palatine, IL 60074 Ph:847-359-0746, Fax:847-705-9388

## ਭਾਜਪਾ ਨਿਰੋਲ ਫਿਰਕੂ ਏਜੰਡੇ 'ਤੇ ਉਤਰੀ

### ਸਾਧਵੀ ਪ੍ਰੱਗਿਆ ਨੂੰ ਬਣਾਇਆ ਹਿੰਦੂਤਵੀ ਚਿਹਰਾ

**ਨਵੀਂ ਦਿੱਲੀ:** ਚੋਣ ਮੈਦਾਨ ਵਿਚ ਪਛੜ ਜਾਣ ਦੀਆਂ ਕਨਸੋਆਂ ਤੋਂ ਬਾਅਦ ਭਾਰਤੀ ਜਨਤਾ ਪਾਰਟੀ ਹੁਣ ਨੰਗੇ-ਚਿੱਟੇ ਰੂਪ ਵਿਚ ਫਿਰਕੂ ਏਜੰਡੇ ਉਤੇ ਆ ਗਈ। ਇਹੀ ਫਿਰਕੂ ਪੱਤਾ ਖੇਡਦਿਆਂ ਇਸ ਨੇ ਮਾਲੇਗਾਓਂ ਬੰਬ ਧਮਾਕੇ ਦੀ ਮੁਲਜ਼ਮ ਸਾਧਵੀ ਪ੍ਰੱਗਿਆ ਠਾਕੁਰ ਨੂੰ ਭੋਪਾਲ ਤੋਂ ਕਾਂਗਰਸ ਦੇ ਉਘੇ ਸਿਆਸਤਦਾਨ ਤੇ ਮੱਧ ਪ੍ਰਦੇਸ਼ ਦੇ ਸਾਬਕਾ ਮੁੱਖ ਮੰਤਰੀ ਦਿਗਵਿਜੈ ਸਿੰਘ ਖਿਲਾਫ ਮੈਦਾਨ ਵਿਚ ਉਤਾਰਿਆ ਹੈ। ਸਾਧਵੀ ਪ੍ਰੱਗਿਆ ਨੇ ਚੋਣ ਮੈਦਾਨ ਵਿਚ ਉਤਰਦਿਆਂ ਹੀ ਆਪਣੇ ਫਿਰਕੂ ਰੰਗ ਦਿਖਾ ਦਿੱਤੇ ਤੇ ਚੋਣ ਕਮਿਸ਼ਨ ਕੋਲ ਇਸ ਭਾਜਪਾ ਉਮੀਦਵਾਰ ਦੀਆਂ ਸ਼ਿਕਾਇਤਾਂ ਦੀ ਝੜੀ ਲੱਗ ਗਈ।



ਟਿਕਟ ਮਿਲਣ ਦੇ ਅਗਲੇ ਹੀ ਦਿਨ ਸਾਧਵੀ ਨੇ ਚੋਣ ਰੈਲੀ ਵਿਚ 26/11 ਦੇ ਮੁੰਬਈ ਅਤਿਵਾਦੀ ਹਮਲੇ 'ਚ ਸ਼ਹੀਦ ਹੋਏ ਏ.ਟੀ.ਐਸ. ਮੁਖੀ ਹੇਮੰਤ ਕਰਕਰੇ ਬਾਰੇ ਆਖ ਦਿੱਤਾ ਕਿ ਉਸ ਦੇ 'ਸਰਾਪ' ਕਾਰਨ ਹੇਮੰਤ ਦੀ ਅਤਿਵਾਦੀਆਂ ਹੱਥੋਂ ਮੌਤ ਹੋਈ। ਪ੍ਰੱਗਿਆ ਨੇ ਹੇਮੰਤ ਨੂੰ ਦੇਸ਼ਧ੍ਰੋਹੀ ਵੀ ਕਰਾਰ ਦੇ ਦਿੱਤਾ। ਜਦੋਂ ਸਾਧਵੀ ਉਤੇ ਮੁਆਫੀ ਲਈ ਦਬਾਅ ਵਧਿਆ ਤਾਂ ਉਸ ਨੇ ਆਖ ਦਿੱਤਾ ਕਿ ਜੇ ਉਸ ਦੇ ਬਿਆਨ ਨਾਲ ਦੁਸ਼ਮਣ ਖੁਸ਼ ਹੋ ਰਹੇ ਹਨ ਤਾਂ ਉਹ ਆਪਣੇ ਸ਼ਬਦ ਵਾਪਸ ਲੈਂਦੀ ਹੈ ਅਤੇ ਮੁਆਫੀ ਵੀ ਮੰਗਦੀ ਹੈ। ਇਸ ਮਾਮਲੇ ਉਤੇ ਚੋਣ ਕਮਿਸ਼ਨਰ ਕਾਰਵਾਈ ਕਰ ਹੀ ਰਿਹਾ ਸੀ ਕਿ ਅਗਲੇ ਦਿਨ ਸਾਧਵੀ ਨੇ ਦਾਅਵਾ ਕਰ ਦਿੱਤਾ ਕਿ ਬਾਬਰੀ ਮਸਜਿਦ ਤੋੜਨ ਲਈ ਉਹ ਖੁਦ ਗਈ ਸੀ ਤੇ ਹੁਣ ਉਸੇ ਥਾਂ ਉਤੇ ਰਾਮ ਮੰਦਰ ਬਣਾਵਾਂਗੇ। ਚੋਣ ਕਮਿਸ਼ਨ ਨੇ ਭਾਵੇਂ ਇਸ ਫਿਰਕੂ ਬਿਆਨ ਦਾ ਸਖਤ ਨੋਟਿਸ ਲਿਆ ਪਰ ਸਾਧਵੀ ਨੇ ਫਿਰ ਦਾਅਵਾ ਕਰ ਦਿੱਤਾ ਕਿ ਉਹ ਢਾਂਚਾ ਤੋੜਨ ਅਯੁੱਧਿਆ ਗਈ ਸੀ ਤੇ ਇਸ ਤੋਂ ਮੁੱਕਰ ਨਹੀਂ ਰਹੀ। ਕੋਈ ਵੀ ਅਯੁੱਧਿਆ ਵਿਚ ਉਸ ਨੂੰ ਸ਼ਾਨਦਾਰ ਮੰਦਰ ਦੀ ਉਸਾਰੀ ਤੋਂ ਰੋਕ ਨਹੀਂ ਸਕਦਾ। ਚੋਣ ਕਮਿਸ਼ਨ ਨੂੰ ਤੁਰਤ ਇਸ ਭਾਜਪਾ ਉਮੀਦਵਾਰ ਉਤੇ ਕੇਸ ਦਰਜ ਕਰਨ ਦੇ ਹੁਕਮ ਦੇਣੇ ਪਏ।

ਯਾਦ ਰਹੇ ਕਿ ਏ.ਟੀ.ਐਸ. ਮੁਖੀ ਹੇਮੰਤ ਕਰਕਰੇ ਉਹੀ ਅਫਸਰ ਸੀ ਜਿਸ ਨੇ ਮਾਲੇਗਾਓਂ ਬੰਬ ਧਮਾਕੇ ਵਿਚ ਸਾਧਵੀ ਸਮੇਤ ਹੋਰ ਭਾਜਪਾ ਆਗੂ ਨੂੰ ਘੜੀਸਿਆ ਸੀ। ਉਸ ਸਮੇਂ ਇਹ ਲੱਗ ਰਿਹਾ ਸੀ ਕਿ ਸਾਧਵੀ ਨੂੰ ਇਸ ਕੇਸ ਵਿਚ ਸਜ਼ਾ ਤੈਅ ਹੈ ਪਰ ਉਸੇ ਸਮੇਂ ਮੁੰਬਈ ਅਤਿਵਾਦੀ ਹਮਲੇ ਵਿਚ ਇਹ ਅਫਸਰ ਮਰਿਆ ਗਿਆ। ਇਸ ਅਫਸਰ ਦੀ ਮੌਤ ਉਤੇ ਵੀ ਸਵਾਲ ਉਠੇ ਸਨ ਤੇ ਦੋਸ਼ ਲੱਗੇ ਸਨ ਕਿ ਮਾਲੇਗਾਓਂ ਧਮਾਕੇ ਮਾਮਲੇ ਵਿਚ ਨਾਮਜ਼ਦ ਸਾਧਵੀ ਤੇ ਹੋਰ ਭਗਵਾ ਆਗੂਆਂ ਨੂੰ ਬਚਾਉਣ ਲਈ ਕਰਕਰੇ ਨੂੰ ਮਰਵਾਇਆ ਗਿਆ। ਇਸ ਅਫਸਰ ਦੀ ਕਾਰ ਉਤੇ ਮਿਥ ਕੇ ਹਮਲਾ ਕੀਤਾ ਗਿਆ ਤੇ ਅੰਨ੍ਹੇਵਾਹ ਗੋਲੀਆਂ ਚਲਾਈਆਂ ਗਈਆਂ। ਕਰਕਰੇ ਦੀ ਮੌਤ ਤੋਂ ਬਾਅਦ ਮਾਲੇਗਾਓਂ ਧਮਾਕੇ ਸਮੇਤ ਹਿੰਦੂ ਅਤਿਵਾਦ ਦੇ ਹੋਰ ਮਾਮਲਿਆਂ ਵਿਚ ਨਾਮਜ਼ਦ ਆਗੂ ਇਕ ਤੋਂ ਬਾਅਦ ਬਰੀ ਹੁੰਦੇ ਗਏ।

ਦੱਸ ਦਈਏ ਕਿ ਸਾਧਵੀ ਪ੍ਰੱਗਿਆ ਵਿਰੁੱਧ ਤਿੰਨ ਕੇਸ ਸਨ ਜਿਨ੍ਹਾਂ ਵਿਚੋਂ ਇਕ ਵਿਚੋਂ ਉਹ ਬਰੀ ਹੋ ਚੁੱਕੀ ਹੈ, ਇਕ ਵਿਚ ਪੁਲਿਸ ਨੇ ਉਸ ਉਤੇ ਦੋਸ਼ ਆਇਦ ਨਹੀਂ ਕੀਤੇ ਅਤੇ ਇਕ ਵਿਚ ਉਸ ਦੇ ਵਿਰੁਧ ਮੁਕੱਦਮਾ ਚੱਲ ਰਿਹਾ ਹੈ। 2006

*(ਬਾਕੀ ਸਫਾ 6 ਉਤੇ)*

### --ਭਾਰਤ ਸਰਕਾਰ ਦੀ ਨਾਲਾਇਕੀ--

## ਸਾਊਦੀ ਅਰਬ 'ਚ ਦੋ ਪੰਜਾਬੀਆਂ ਦੇ ਸਿਰ ਕਲਮ

**ਰਿਆਧ:** ਸਾਊਦੀ ਅਰਬ ਵਿਚ ਰੋਜ਼ੀ-ਰੋਟੀ ਲਈ ਗਏ ਦੋ ਪੰਜਾਬੀਆਂ ਦੇ ਸਿਰ ਕਲਮ ਕਰ ਦਿੱਤੇ ਗਏ। ਦੋਵਾਂ ਪੰਜਾਬੀਆਂ ਨੂੰ ਕਤਲ ਮਾਮਲੇ ਵਿਚ ਇਥੋਂ ਦੀ ਅਦਾਲਤ ਨੇ ਮੌਤ ਦੀ ਸਜ਼ਾ ਸੁਣਾਈ ਸੀ। ਦੋਵਾਂ ਨੌਜਵਾਨਾਂ ਨੂੰ ਭਾਵੇਂ 28 ਫਰਵਰੀ ਨੂੰ ਮੌਤ ਦੀ ਸਜ਼ਾ ਦਿੱਤੀ ਗਈ ਪਰ ਕੇਂਦਰ ਸਰਕਾਰ ਨੇ ਹੁਣ ਇਸ ਦੀ ਪੁਸ਼ਟੀ ਕੀਤੀ ਹੈ, ਹੁਣ ਤਾਂ ਪੀੜਤ ਪਰਿਵਾਰਾਂ ਨੂੰ ਨੌਜਵਾਨਾਂ ਦੀਆਂ ਲਾਸ਼ਾਂ ਮਿਲਣੀਆਂ ਵੀ ਔਖੀਆਂ ਹਨ। ਹੁਣ ਸਵਾਲ ਇਹ ਉਠ ਰਿਹਾ ਹੈ ਕਿ ਇਨ੍ਹਾਂ ਪੰਜਾਬੀਆਂ ਨੂੰ ਮੌਤ ਦੀ ਸਜ਼ਾ ਹੋਣ ਬਾਰੇ ਭਾਰਤੀ ਦੂਤਾਵਾਸ ਨੂੰ ਪਤਾ ਸੀ ਪਰ ਇਨ੍ਹਾਂ ਨੂੰ ਬਚਾਉਣ





ਭਾਰਤ ਸਰਕਾਰ ਨੇ ਹੁਣ ਇਸ ਦੀ ਪੁਸ਼ਟੀ ਕੀਤੀ ਹੈ। ਭਾਰਤ ਸਰਕਾਰ ਦੀ ਇਸ ਢਿੱਲ ਦੀ ਚੁਫੇਰਿਓਂ ਅਲੋਚਨਾ ਹੋ ਰਹੀ ਹੈ।

ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਵੀ ਸਵਾਲ ਕੀਤਾ ਹੈ ਕਿ ਪਰਿਵਾਰ ਨੂੰ ਕਿਸੇ ਨੇ ਫੋਨ ਕਰ ਕੇ ਡੇਢ ਮਹੀਨਾ ਪਹਿਲਾਂ ਦੋਵਾਂ ਨੌਜਵਾਨਾਂ ਦੀ ਮੌਤ ਬਾਰੇ ਖਬਰ ਦਿੱਤਾ ਸੀ ਪਰ ਲਈ ਭਾਰਤ ਸਰਕਾਰ ਨੇ ਕੋਈ ਯਤਨ ਨਾ ਕੀਤਾ; ਇਥੋਂ ਤੱਕ ਕਿ ਦੋਵਾਂ ਨੌਜਵਾਨਾਂ ਦੀ ਮੌਤ ਦੀ ਖਬਰ ਵੀ ਇਨ੍ਹਾਂ ਨਾਲ ਜੇਲ੍ਹ ਵਿਚ ਬੰਦ ਕਿਸੇ ਪੰਜਾਬੀ ਨੇ ਹੀ ਦਿੱਤੀ ਸੀ ਅਤੇ ਇਨ੍ਹਾਂ ਦੀ ਮੌਤ ਦੀ ਪੁਸ਼ਟੀ ਕਰਨ ਵਿਚ ਡੇਢ ਮਹੀਨੇ ਦਾ ਸਮਾਂ ਲਾ ਦਿੱਤਾ।

*(ਬਾਕੀ ਸਫਾ 6 ਉਤੇ)*

India Palace Restaurant
And Banquet Hall
Restaurant-Fine Indian Cuisine
4213 Lafayette Road, Indianapolis, IN
(Ph:317-298-0773)
Banquet Hall Available Up to 550 People
Amber Indian Restaurant
Restaurant-Fine Indian Cuisine
12510 N. Meridian St., Carmel, IN
Ph: 317-580-0828
We do private party's & catering at your home or business.
Call, Lakhvir S. Johal
Ph: 317-709-7800
www.indianpalaceindy.com
www.AmberIndianRestaurantCarmel.com

BEST FARE GUARANTEE
WorldWide Travel
www.fly2world.com
866 66 INDIA
46342
734 838 9998
24 ਘੰਟੇ ਐਮਰਜੈਂਸੀ ਸੇਵਾ
Please call our office for more details on latest fares

ਮੀਨਾ ਬਾਜ਼ਾਰ
ਮੀਨਾ ਜਿਊਲਜ਼
MEENA BAZAAR
Meena Jewels
Gold & Diamond
2643 W. Devon Ave.
Chicago, IL 60659
777-338-7777
Rajveer Gill (Rahul)
www.gotombc.com
22kt, Diamonds & 24kt Gold

# ਨਵਜੋਤ ਬਾਜਵਾ ਪੀ. ਏ. ਓ. ਦੀ ਪ੍ਰਧਾਨ ਬਣੀ

**ਸ਼ਿਕਾਗੋ (ਬਿਊਰੋ):** ਬੀਬੀ ਨਵਜੋਤ ਬਾਜਵਾ ਸਥਾਨਕ ਸਭਿਆਚਾਰਕ ਸੰਸਥਾ ਪੰਜਾਬੀ ਅਮੈਰਿਕਨ ਆਰਗੇਨਾਈਜੇਸ਼ਨ (ਪੀ. ਏ. ਓ.) ਦੇ ਨਵੇਂ ਪ੍ਰਧਾਨ ਚੁਣੇ ਗਏ ਹਨ। ਉਹ ਬਿਜਨਸ ਅਦਾਰੇ ਓਸ਼ੀਅਨ ਮਿਸਟ ਇੰਕ ਦੇ ਪ੍ਰੈਜ਼ੀਡੈਂਟ ਹਨ। ਇਹ ਅਦਾਰਾ ਇਲੀਨਾਏ ਸਟੇਟ ਅਤੇ ਸ਼ਿਕਾਗੋ ਸਿਟੀ ਵਿਚ ਡੀ. ਬੀ. ਈ. ਅਤੇ ਡਬਲਿਊ. ਬੀ. ਈ. (ਮਹਿਲਾ ਦੀ ਮਾਲਕੀ ਵਾਲਾ ਅਦਾਰਾ) ਵਜੋਂ ਪ੍ਰਵਾਨਤ ਹੈ।



ਪੰਜਾਬ ਵਿਚ ਜੰਮੀ-ਪਲੀ ਨਵਜੋਤ ਬਾਜਵਾ ਨੇ ਕੇ. ਐਮ. ਵੀ. ਕਾਲਜ, ਜਲੰਧਰ ਤੋਂ ਗ੍ਰੈਜੂਏਸ਼ਨ ਕਰਨ ਪਿਛੋਂ ਅੰਮ੍ਰਿਤਸਰ ਫਲਾਈਂਗ ਕਲੱਬ ਤੋਂ ਫਲਾਈਂਗ ਸਟਰੀਫਿਕੇਟ ਲੈਣ ਪਿਛੋਂ ਲੁਧਿਆਣਾ ਫਲਾਈਂਗ ਕਲੱਬ ਤੋਂ ਜੁਆਇਨ ਕਰ ਲਿਆ। ਹੁਣ ਉਹ ਸ਼ਿਕਾਗੋ ਸਿਟੀ ਵਿਚ ਕੰਸਟ੍ਰਕਸ਼ਨ ਸਨਅਤ ਵਿਚ ਮਸ਼ਰੂਫ ਹਨ।

ਨਵਜੋਤ ਬਾਜਵਾ ਪੰਜਾਬੀ ਅਮੈਰਿਕਨ ਆਰਗੇਨਾਈਜੇਸ਼ਨ ਦੇ ਸਾਰੇ ਪ੍ਰੋਗਰਾਮਾਂ ਵਿਚ ਸਰਗਰਮ ਰਹੇ ਹਨ। ਉਨ੍ਹਾਂ ਸੰਸਥਾ ਦੇ ਇਸ ਸਾਲ ਦੇ ਤੀਆਂ ਦੇ ਮੇਲੇ ਬਾਰੇ ਦੱਸਿਆ ਕਿ 21 ਜੁਲਾਈ 2019 ਨੂੰ ਵਾਟਰ ਫੋਰਡ ਬੈਂਕੁਇਟ ਹਾਲ, ਐਲਮ ਹਰਸਟ ਵਿਖੇ ਹੋਵੇਗਾ ਅਤੇ ਇਸ ਵਾਰ ਲੋਕ ਗਾਇਕ ਜੈਸਮੀਨ ਸੈਂਡਲਸ ਆਪਣੀ ਗਾਇਕੀ ਰਾਹੀਂ ਸਰੋਤਿਆਂ ਦਾ ਮਨੋਰੰਜਨ ਕਰੇਗੀ।

ਜ਼ਿਕਰਯੋਗ ਹੈ ਕਿ ਇਹ ਸੰਸਥਾ ਪਿਛਲੇ ਕਈ ਸਾਲਾਂ ਤੋਂ ਹਰ ਸਾਲ ਤੀਆਂ ਦਾ ਮੇਲਾ ਪ੍ਰੋਗਰਾਮ ਕਰਵਾਉਂਦੀ ਆ ਰਹੀ ਹੈ, ਜਿਸ ਨੂੰ ਬੀਬੀਆਂ ਤੋਂ ਭਰਵਾਂ ਹੁੰਗਾਰਾ ਮਿਲਦਾ ਆ ਰਿਹਾ ਹੈ। ਮੇਲੇ ਦੌਰਾਨ ਜਿੱਥੇ ਬੀਬੀਆਂ ਗਿੱਧੇ ਅਤੇ ਗਾਇਕੀ ਰਾਹੀਂ ਮਨੋਰੰਜਨ ਕਰਦੀਆਂ ਹਨ, ਉਥੇ ਸੁੰਦਰਤਾ ਮੁਕਾਬਲਾ ਮਿਸਿਜ ਪੰਜਾਬਣ ਵੀ ਹੁੰਦਾ ਹੈ।


## ਬਜੁਰਗ ਮਾਤਾ ਦੀ ਸਾਂਭ-ਸੰਭਾਲ ਲਈ ਸੇਵਾਦਾਰ ਦੀ ਫੌਰੀ ਲੋੜ ਹੈ

ਅਰੋੜਾ, ਇਲੀਨਾਏ ਵਿਚ ਰਹਿੰਦੇ ਪੰਜਾਬੀ ਪਰਿਵਾਰ ਦੀ ਬਜੁਰਗ ਮਾਤਾ ਦੀ ਸਾਂਭ-ਸੰਭਾਲ ਅਤੇ ਘਰ ਦੇ ਕੰਮ-ਕਾਜ ਲਈ ਸੇਵਾਦਾਰ, ਜੋ ਨਾਲ ਰਹਿ ਸਕਦੀ ਹੋਵੇ, ਦੀ ਫੌਰੀ ਲੋੜ ਹੈ। ਵੀਜ਼ੇ ਦੀ ਲੋੜ ਨਹੀਂ।

ਸੰਪਰਕ ਕਰੋ, ਸੁਨੀਤਾ ਚੋਪੜਾ

ਫੋਨ: 773-370-7106


## ਮੂਲ ਨਾਨਕਸ਼ਾਹੀ ਕੈਲੰਡਰ ਅਪਨਾਓ

ਮਹੀਨਾ ਚੇਤ ਤੇ ਵਿਸਾਖ

| ਐਤਵਾਰ | ਸੋਮਵਾਰ | ਮੰਗਲਵਾਰ | ਬੁੱਧਵਾਰ | ਵੀਰਵਾਰ | ਸ਼ੁੱਕਰਵਾਰ | ਸਨਿੱਚਰਵਾਰ |
|---|---|---|---|---|---|---|
| | | | | 1 ਚੇਤ 14 ਮਾਰਚ | 2 ਚੇਤ 15 ਮਾਰਚ | 3 ਚੇਤ 16 ਮਾਰਚ |
| 4 ਚੇਤ 17 ਮਾਰਚ | 5 ਚੇਤ 18 ਮਾਰਚ | 6 ਚੇਤ 19 ਮਾਰਚ | 7 ਚੇਤ 20 ਮਾਰਚ | 8 ਚੇਤ 21 ਮਾਰਚ | 9 ਚੇਤ 22 ਮਾਰਚ | 10 ਚੇਤ 23 ਮਾਰਚ |
| 11 ਚੇਤ 24 ਮਾਰਚ | 12 ਚੇਤ 25 ਮਾਰਚ | 13 ਚੇਤ 26 ਮਾਰਚ | 14 ਚੇਤ 27 ਮਾਰਚ | 15 ਚੇਤ 28 ਮਾਰਚ | 16 ਚੇਤ 29 ਮਾਰਚ | 17 ਚੇਤ 30 ਮਾਰਚ |
| 18 ਚੇਤ 31 ਮਾਰਚ | 19 ਚੇਤ 1 ਅਪਰੈਲ | 20 ਚੇਤ 2 ਅਪਰੈਲ | 21 ਚੇਤ 3 ਅਪਰੈਲ | 22 ਚੇਤ 4 ਅਪਰੈਲ | 23 ਚੇਤ 5 ਅਪਰੈਲ | 24 ਚੇਤ 6 ਅਪਰੈਲ |
| 25 ਚੇਤ 7 ਅਪਰੈਲ | 26 ਚੇਤ 8 ਅਪਰੈਲ | 27 ਚੇਤ 9 ਅਪਰੈਲ | 28 ਚੇਤ 10 ਅਪਰੈਲ | 29 ਚੇਤ 11 ਅਪਰੈਲ | 30 ਚੇਤ 12 ਅਪਰੈਲ | 31 ਚੇਤ 13 ਅਪਰੈਲ |
| 1 ਵਿਸਾਖ 14 ਅਪਰੈਲ | 2 ਵਿਸਾਖ 15 ਅਪਰੈਲ | 3 ਵਿਸਾਖ 16 ਅਪਰੈਲ | 4 ਵਿਸਾਖ 17 ਅਪਰੈਲ | 5 ਵਿਸਾਖ 18 ਅਪਰੈਲ | 6 ਵਿਸਾਖ 19 ਅਪਰੈਲ | 7 ਵਿਸਾਖ 20 ਅਪਰੈਲ |
| 8 ਵਿਸਾਖ 21 ਅਪਰੈਲ | 9 ਵਿਸਾਖ 22 ਅਪਰੈਲ | 10 ਵਿਸਾਖ 23 ਅਪਰੈਲ | 11 ਵਿਸਾਖ 24 ਅਪਰੈਲ | 12 ਵਿਸਾਖ 25 ਅਪਰੈਲ | 13 ਵਿਸਾਖ 26 ਅਪਰੈਲ | 14 ਵਿਸਾਖ 27 ਅਪਰੈਲ |

27 ਚੇਤ (9 ਅਪਰੈਲ) ਜਨਮ ਦਿਨ ਸਾਹਿਬਜ਼ਾਦਾ ਜੁਝਾਰ ਸਿੰਘ
ਪਹਿਲੀ ਵਿਸਾਖ (14 ਅਪਰੈਲ) ਪ੍ਰਕਾਸ਼ ਦਿਹਾੜਾ ਗੁਰੂ ਨਾਨਕ ਦੇਵ ਜੀ ਅਤੇ ਖਾਲਸਾ ਸਾਜਨਾ ਦਿਵਸ (ਵਿਸਾਖੀ)
3 ਵਿਸਾਖ (16 ਅਪਰੈਲ) ਗੁਰਗੱਦੀ ਦਿਵਸ ਪਾਤਸ਼ਾਹੀ ਤੀਜੀ ਤੇ ਨੌਂਵੀ ਜੋਤੀ ਜੋਤਿ ਦਿਵਸ ਪਾਤਸ਼ਾਹੀ ਦੂਜੀ ਤੇ ਅੱਠਵੀਂ
5 ਵਿਸਾਖ (18 ਅਪਰੈਲ) ਜਨਮ ਦਿਨ ਭਗਤ ਫਰੀਦ ਜੀ
19 ਵਿਸਾਖ (2 ਮਈ) ਪ੍ਰਕਾਸ਼ ਦਿਹਾੜਾ ਪਾਤਸ਼ਾਹੀ ਪੰਜਵੀਂ

ਉਹੀ ਤਰੀਕ ਹਰ ਸਾਲ, ਠੀਕ ਇਤਿਹਾਸ ਤਰਤੀਬ ਨਾਲ।

ਸਮੂਹ ਗੁਰਦੁਆਰਾ ਪ੍ਰਬੰਧਕ ਕਮੇਟੀਆਂ ਨੂੰ ਬੇਨਤੀ ਹੈ ਕਿ ਧਾਰਮਕ ਤੇ ਇਤਿਹਾਸਕ ਦਿਹਾੜੇ ਮਨਾਉਣ ਵਿਚ ਇਕਸਾਰਤਾ ਲਿਆਉਣ ਲਈ ਮੂਲ ਨਾਨਕਸ਼ਾਹੀ ਕੈਲੰਡਰ ਨੂੰ ਅਪਨਾਓ


SIKH Religious Society PALATINE GURDWARA

Sikh Religious Society
1280 Winnetka St., Palatine IL 60067 Phone: (847) 358-1117
www.srschicago.org e-mail:contactus@srschicago.org



## Indianapolis, Indiana ਵਿਚ ਬਣਾਓ ਆਪਣੇ ਸੁਪਨਿਆਂ ਦਾ ਘਰ

*One of the Fastest Growing City in America and Best School System...*



- ਨਵੇਂ ਨਕੋਰ ਘਰਾਂ ਦੀ ਕੀਮਤ $200,000 ਤੋਂ ਸ਼ੁਰੂ ਹੁੰਦੀ ਹੈ
- 1500 ਵਰਗ ਗਜ ਤੋਂ 5000 ਵਰਗ ਗਜ ਦੇ ਘਰ
- 4-6 ਬੈਡ ਰੂਮ, 3-4 ਬਾਥ ਰੂਮ
- ਬੱਚਿਆਂ ਦੀ ਪੜ੍ਹਾਈ ਲਈ ਬੜੇ ਵਧੀਆ ਸਕੂਲ, ਕਾਲਜ ਅਤੇ ਯੂਨੀਵਰਸਿਟੀਆਂ
- ਬਹੁਤ ਹੀ ਘੱਟ ਪ੍ਰਾਪਰਟੀ ਟੈਕਸ ਅਤੇ ਘਰਾਂ ਦੀ ਇੰਸ਼ੋਰੈਂਸ ਸਸਤੀ



ਅਸੀਂ ਘਰਾਂ ਅਤੇ ਬਿਜਨਸ ਲਈ ਹਰ ਤਰ੍ਹਾਂ ਦੇ ਲੋਨ ਕਰਦੇ ਹਾਂ, ਮਨਜ਼ੂਰੀ (Approval) ਉਸੇ ਦਿਨ

**Manjit Singh Nagra**
*Realtor/Broker*
**Cell: 317-750-1900**
6979 Hillsdale Court
Indianapolis, Indiana 46250

**Gurdeep (Garry) Chhokar**
Realtor/Broker
**Cell: 317-500-1247**

Star Alliance BROKERAGE



**We do all type of Home and Commercial Loan. Same day loan approval...**

# ਗੁਰੂ ਨਾਨਕ ਸਿੱਖ ਸੈਂਟਰ, ਲੈਨਸਿੰਗ (ਮਿਸ਼ੀਗਨ)

**4701 Pleasant Grove, Lansing, MI 48910 Ph: 517-272-0231, www.LansingGurdwara.Org**

## ਲੈਨਸਿੰਗ, ਮਿਸ਼ੀਗਨ ਵਿਚ ਖਾਲਸੇ ਦੇ ਜਨਮ ਦਿਹਾੜੇ 'ਤੇ

ਸ਼ਿਕਾਗੋ, ਕਰਾਊਨ ਪੁਆਇੰਟ, ਇੰਡੀਅਨਐਪੋਲਿਸ, ਸਾਊਥਬੈਂਡ, ਮਿਲਵਾਕੀ, ਡਿਟਰਾਇਟ, ਗਰੈਂਡ ਰੈਪਿਡਜ਼, ਮਸਕੀਗਨ, ਜੈਕਸਨ, ਫਲਿੰਟ, ਸਾਗੀਨਾਅ, ਕੈਲਮਜ਼ੂ, ਬੈਟਲ ਕਰੀਕ, ਬੈਂਟਨ ਹਾਰਬਰ ਅਤੇ ਹੋਰ ਦੂਰ-ਨੇੜੇ ਦੀ ਸੰਗਤ ਦੇ ਸਹਿਯੋਗ ਨਾਲ

# ਮਹਾਨ ਨਗਰ ਕੀਰਤਨ

## ਉਪਰੰਤ ਵਿਸਾਖੀ ਮੇਲਾ

## ਸਨਿਚਰਵਾਰ, 11 ਮਈ 2019

**Adado Riverfront Park: 300 N. Grand Ave., Lansing MI 48933. (Downtown Lansing)**

## ਪ੍ਰੋਗਰਾਮ

ਸਨਿਚਰਵਾਰ, 11 ਮਈ 2019 ਨੂੰ ਗੁਰਦੁਆਰਾ ਸਾਹਿਬ ਵਿਚ ਅਖੰਡ ਪਾਠ ਦਾ ਭੋਗ ਸਵੇਰੇ 7.00 ਵਜੇ ਪਾਇਆ ਜਾਵੇਗਾ। ਇਸ ਉਪਰੰਤ ਸੰਗਤਾਂ ਅਡੈਡੋ ਰਿਵਰਫਰੰਟ ਪਾਰਕ (300 ਨਾਰਥ ਗਰੈਂਡ ਐਵੇਨਿਊ, ਲੈਨਸਿੰਗ, ਮਿਸ਼ੀਗਨ 48933) ਵਿਚ ਇਕੱਤਰ ਹੋਣਗੀਆਂ। ਇਸੇ ਪਾਰਕ ਤੋਂ ਪਰੇਡ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਛਤਰਛਾਇਆ ਹੇਠ ਅਰੰਭ ਹੋਵੇਗੀ। ਪਰੇਡ ਦੇ ਸਭ ਤੋਂ ਅੱਗੇ ਪੰਜ ਪਿਆਰੇ ਆਪਣੀਆਂ ਰਵਾਇਤੀ ਪੁਸ਼ਾਕਾਂ ਵਿਚ ਚੱਲਣਗੇ। ਪਰੇਡ ਆਪਣੇ ਰੂਟ 'ਤੇ ਹੁੰਦੀ ਹੋਈ ਵਾਪਸ ਇਸੇ ਪਾਰਕ ਵਿਚ ਹੀ ਆ ਕੇ ਸਮਾਪਤ ਹੋਵੇਗੀ। ਗੁਰੂ ਘਰ ਦੇ ਹੈਡ ਗ੍ਰੰਥੀ ਭਾਈ ਧਨਵੰਤ ਸਿੰਘ ਤੇ ਭਾਈ ਸ਼ਰਨਜੀਤ ਸਿੰਘ ਦੇ ਜਥੇ ਤੋਂ ਇਲਾਵਾ ਪੰਥ ਪ੍ਰਸਿਧ ਕੀਰਤਨੀਏ, ਕਥਾਵਾਚਕ ਅਤੇ ਭਾਈ ਹਰਮੇਲ ਸਿੰਘ ਖੁਸ਼ਦਿਲ ਦਾ ਢਾਡੀ ਜਥਾ ਕੀਰਤਨ, ਕਥਾ ਵਿਆਖਿਆ ਤੇ ਢਾਡੀ ਜਥੇ ਢਾਡੀ ਵਾਰਾਂ ਰਾਹੀਂ ਸੰਗਤਾਂ ਨੂੰ ਨਿਹਾਲ ਕਰਨਗੇ। ਪਰੇਡ ਦੀ ਸਮਾਪਤੀ 'ਤੇ ਅਡੈਡੋ ਰਿਵਰਫਰੰਟ ਪਾਰਕ 300 N. Grand Ave., Lansing MI 48933 (Downtown Lansing) 'ਚ ਸੰਗਤਾਂ ਲਈ ਲੰਗਰ ਦਾ ਖਾਸ ਪ੍ਰਬੰਧ ਹੋਵੇਗਾ।



*ਹਰਮੇਲ ਸਿੰਘ ਖੁਸ਼ਦਿਲ ਦਾ ਢਾਡੀ ਜਥਾ*



**ਨਗਰ ਕੀਰਤਨ ਤੋਂ ਬਾਅਦ ਇਕ ਸਭਿਆਚਾਰਕ ਪ੍ਰੋਗਰਾਮ ਵੀ ਪੇਸ਼ ਕੀਤਾ ਜਾਏਗਾ, ਜਿਸ ਵਿਚ ਪੰਜਾਬ ਤੋਂ ਨਾਮੀ ਕਲਾਕਾਰ ਅਤੇ ਗਿੱਧੇ-ਭੰਗੜੇ ਦੀਆਂ ਟੀਮਾਂ ਦਰਸ਼ਕਾਂ ਦਾ ਮਨੋਰੰਜਨ ਕਰਨਗੇ**

*ਤਾਜ਼ਾ ਜਲੇਬੀਆਂ,ਮਿਠਾਈਆਂ, ਚਾਹ ਅਤੇ ਕੌਫੀ ਦੀ ਸੇਵਾ ਫਲਿੰਟ ਦੀ ਸੰਗਤ ਵਲੋਂ ਅਤੇ ਲੰਗਰ ਦੀ ਸੇਵਾ 'ਗਰਿਲ ਆਫ ਇੰਡੀਆ, ਫਲਿੰਟ' ਵਲੋਂ ਹੋਵੇਗੀ
*ਗਰਮਾ ਗਰਮ ਪਕੌੜਿਆਂ ਦਾ ਵਿਸ਼ੇਸ਼ ਪ੍ਰਬੰਧ
*ਧਾਰਮਿਕ ਤਸਵੀਰਾਂ ਤੇ ਪੇਂਟਿੰਗ ਦਾ ਸਟਾਲ ਲੱਗੇਗਾ

**Contacts:**
Gurudwara Sahib (517) 272-0231
Ladi Multani (517) 204-4171
S. Balbir Singh (517) 402-1811
S. Kuldip Singh (President)
Ph: 517-402-4910
S. Balbir Singh Habibwal 517-944-0947

## ਬੇਨਤੀ ਕਰਤਾ: ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਸਮੂਹ ਸਾਧ ਸੰਗਤ

# ਸ੍ਰੀ ਅਕਾਲ ਤਖਤ 'ਤੇ ਗੈਰ ਸਿੱਖ ਵੀ ਕਰਵਾ ਸਕਣਗੇ ਅਰਦਾਸ

**ਅੰਮ੍ਰਿਤਸਰ:** ਸ੍ਰੀ ਅਕਾਲ ਤਖਤ ਦੇ ਬਾਹਰ ਇਕ ਨਵਾਂ ਬੋਰਡ ਲਾਇਆ ਗਿਆ ਹੈ, ਜਿਸ ਮੁਤਾਬਕ ਇਥੇ ਪਤਿਤ ਅਤੇ ਤਨਖਾਹੀਆ ਸਿੱਖਾਂ ਤੋਂ ਇਲਾਵਾ ਹਰ ਇਕ ਪ੍ਰਾਣੀ ਮਾਤਰ, ਸਿੱਖ ਅਤੇ ਗੈਰ ਸਿੱਖ ਦੀ ਵੀ ਅਰਦਾਸ ਹੋ ਸਕਦੀ ਹੈ। ਇਸ ਬੋਰਡ ਮੁਤਾਬਕ ਹੁਣ ਸ੍ਰੀ ਦਰਬਾਰ ਸਾਹਿਬ ਤੋਂ ਇਲਾਵਾ ਸ੍ਰੀ ਅਕਾਲ ਤਖਤ 'ਤੇ ਕੋਈ ਵੀ ਗੈਰ ਸਿੱਖ ਅਰਦਾਸ ਕਰਵਾ ਸਕੇਗਾ। ਇਹ ਨਵਾਂ ਬੋਰਡ ਸਿੱਖ ਰਹਿਤ ਮਰਿਆਦਾ ਅਨੁਸਾਰ ਲਾਇਆ ਗਿਆ ਹੈ।


ਸਿੱਖ ਰਹਿਤ ਮਰਿਆਦਾ ਦੇ ਪੰਨਾ ਨੰਬਰ 15 'ਤੇ ਇਸ ਬਾਰੇ ਅੰਕਿਤ ਕੀਤਾ ਹੋਇਆ ਹੈ। ਜਿਸ ਵਿਚ ਦਰਜ ਹੈ ਕਿ ਤਖਤਾਂ ਦੇ ਖਾਸ ਅਸਥਾਨ ਉਤੇ ਰਹਿਤਵਾਨ ਅੰਮ੍ਰਿਤਧਾਰੀ ਸਿੰਘ ਹੀ ਚੜ੍ਹ ਸਕਦੇ ਹਨ। ਪਰ ਤਖਤਾਂ ਉਤੇ ਪਤਿਤ ਤੇ ਤਨਖਾਹੀਏ ਸਿੱਖਾਂ ਤੋਂ ਬਿਨਾਂ ਹਰੇਕ ਪ੍ਰਾਣੀ ਦੀ ਅਰਦਾਸ ਹੋ ਸਕਦੀ ਹੈ। ਇਸ ਤੋਂ ਪਹਿਲਾਂ ਇਹ ਧਾਰਨਾ ਬਣੀ ਹੋਈ ਸੀ ਕਿ ਸ੍ਰੀ ਅਕਾਲ ਤਖਤ ਵਿਖੇ ਸਿਰਫ ਸਿੱਖਾਂ ਦੀ ਹੀ ਅਰਦਾਸ ਹੁੰਦੀ ਹੈ। ਸ੍ਰੀ ਅਕਾਲ ਤਖਤ ਵਿਖੇ ਇਹ ਨਵਾਂ ਬੋਰਡ ਕੁਝ ਦਿਨ ਪਹਿਲਾਂ ਹੀ ਸਥਾਪਤ ਕੀਤਾ ਗਿਆ ਹੈ। ਇਸ ਤੋਂ ਇਲਾਵਾ ਇਥੇ ਹਰ ਹਫਤੇ ਅੰਮ੍ਰਿਤ ਸੰਚਾਰ ਹੋਣ ਬਾਰੇ ਅਤੇ ਸ਼ਸਤਰ ਦਿਖਾਉਣ ਬਾਰੇ ਵੀ ਦੋ ਵੱਖ-ਵੱਖ ਬੋਰਡ ਲਾਏ ਗਏ ਹਨ। ਇਹ ਵੀ ਪਤਾ ਲੱਗਾ ਹੈ ਕਿ ਅਜਿਹਾ ਬੋਰਡ ਤਖਤ ਸ੍ਰੀ ਕੇਸਗੜ੍ਹ ਸਾਹਿਬ ਅਤੇ ਤਖਤ ਸ੍ਰੀ ਦਮਦਮਾ ਸਾਹਿਬ ਵਿਖੇ ਵੀ ਸਥਾਪਤ ਕੀਤਾ ਗਿਆ ਹੈ। ਇਹ ਬੋਰਡ ਹੁਣ ਕਿਉਂ ਲਾਏ ਗਏ ਹਨ, ਫਿਲਹਾਲ ਇਹ ਮਾਮਲਾ ਇਕ ਭੇਤ ਬਣਿਆ ਹੋਇਆ ਹੈ। ਇਸ ਸਬੰਧ ਵਿਚ ਸ੍ਰੀ ਹਰਿਮੰਦਰ ਸਾਹਿਬ ਦੇ ਮੈਨੇਜਰ ਜਸਵਿੰਦਰ ਸਿੰਘ ਦੀਨਪੁਰ, ਜਿਨ੍ਹਾਂ ਦੇ ਪ੍ਰਬੰਧ ਹੇਠ ਸ੍ਰੀ ਹਰਿਮੰਦਰ ਸਾਹਿਬ ਸਮੂਹ ਦੇ ਕੰਮ ਚਲਦੇ ਹਨ, ਨੇ ਆਖਿਆ ਕਿ ਅਜਿਹਾ ਬੋਰਡ ਪਹਿਲਾਂ ਵੀ ਲੱਗਾ ਹੁੰਦਾ ਸੀ, ਸ਼ਾਇਦ ਖਰਾਬ ਹੋਣ ਕਰਕੇ ਉਤਰ ਗਿਆ ਹੋਵੇਗਾ। ਉਸ ਦੀ ਥਾਂ 'ਤੇ ਹੁਣ ਨਵਾਂ ਬੋਰਡ ਸਥਾਪਤ ਕੀਤਾ ਗਿਆ ਹੈ। ਉਨ੍ਹਾਂ ਆਖਿਆ ਕਿ ਰਹਿਤ ਮਰਿਆਦਾ ਮੁਤਾਬਕ ਕੋਈ ਵੀ ਗੈਰ ਸਿੱਖ ਇਥੇ ਅਰਦਾਸ ਕਰਵਾ ਸਕਦਾ ਹੈ। ਸ੍ਰੀ ਅਕਾਲ ਤਖਤ ਦੇ ਸਾਬਕਾ ਜਥੇਦਾਰ ਗਿਆਨੀ ਗੁਰਬਚਨ ਸਿੰਘ ਨੇ ਆਖਿਆ ਕਿ ਰਹਿਤ ਮਰਿਆਦਾ ਵਿਚ ਗੈਰ ਸਿੱਖ ਨੂੰ ਸ੍ਰੀ ਅਕਾਲ ਤਖਤ 'ਤੇ ਅਰਦਾਸ ਕਰਾਉਣ ਦੀ ਕੋਈ ਮਨਾਹੀ ਨਹੀਂ ਹੈ।



ਸ੍ਰੀ ਅਕਾਲ ਤਖਤ ਤੇ ਪਤਿਤ ਅਤੇ ਤਨਖਾਹੀਆ ਸਿੱਖ ਦੀ ਕੜਾਹ ਪ੍ਰਸਾਦਿ ਦੀ ਦੇਗ ਪ੍ਰਵਾਨ ਨਹੀਂ ਕੀਤੀ ਜਾਂਦੀ ਹੈ। ਉਨ੍ਹਾਂ ਦੱਸਿਆ ਕਿ ਪਹਿਲਾਂ ਵਧੇਰੇ ਗੈਰ ਸਿੱਖ ਸ੍ਰੀ ਅਕਾਲ ਤਖਤ ਦੇ ਸਨਮੁਖ ਹੇਠਾਂ ਹੀ ਅਰਦਾਸ ਕਰਦੇ ਰਹੇ ਹਨ। ਇਸ ਸਬੰਧੀ ਇਥੇ ਬੋਰਡ ਹੋਣ ਜਾਂ ਨਾ ਹੋਣ ਬਾਰੇ ਉਨ੍ਹਾਂ ਨੂੰ ਕੋਈ ਜਾਣਕਾਰੀ ਨਹੀਂ ਹੈ। ਸ੍ਰੀ ਅਕਾਲ ਤਖਤ ਦੇ ਸਾਬਕਾ ਪੰਜ ਪਿਆਰਿਆਂ ਵਿਚ ਸ਼ਾਮਲ ਭਾਈ ਸਤਨਾਮ ਸਿੰਘ ਖੰਡਾ ਨੇ ਆਖਿਆ ਕਿ ਪਹਿਲਾਂ ਸ੍ਰੀ ਅਕਾਲ ਤਖਤ ਦੇ ਅੰਦਰ ਥੰਮ੍ਹ 'ਤੇ ਇਸ ਸਬੰਧੀ ਬੋਰਡ ਲੱਗਾ ਹੁੰਦਾ ਸੀ। ਉਨ੍ਹਾਂ ਆਖਿਆ ਕਿ ਪਿਛਲੇ ਸਮਿਆਂ ਵਿਚ ਸ੍ਰੀ ਅਕਾਲ ਤਖਤ 'ਤੇ ਵਧੇਰੇ ਗੁਰਸਿੱਖ ਅਤੇ ਅੰਮ੍ਰਿਤਧਾਰੀ ਹੀ ਆਉਂਦੇ ਹੁੰਦੇ ਸਨ। ਪਰ ਹੁਣ ਸ੍ਰੀ ਹਰਿਮੰਦਰ ਸਾਹਿਬ ਵਿਖੇ ਸ਼ਰਧਾਲੂਆਂ ਦੀ ਭਾਰੀ ਆਮਦ ਸ਼ੁਰੂ ਹੋਣ ਨਾਲ ਸ੍ਰੀ ਅਕਾਲ ਤਖਤ 'ਤੇ ਵੀ ਸਿੱਖ ਅਤੇ ਗੈਰ ਸਿੱਖ ਸ਼ਰਧਾਲੂਆਂ ਦੀ ਆਮਦ ਵਿਚ ਭਾਰੀ ਵਾਧਾ ਹੋਇਆ ਹੈ। ਮਿਲੇ ਵੇਰਵਿਆਂ ਮੁਤਾਬਕ ਸ੍ਰੀ ਅਕਾਲ ਤਖਤ ਵਿਖੇ ਅਜਿਹਾ ਬੋਰਡ ਸਾਕਾ ਨੀਲਾ ਤਾਰਾ ਫੌਜੀ ਹਮਲੇ ਤੋਂ ਪਹਿਲਾਂ ਹੁੰਦਾ ਸੀ ਪਰ ਫੌਜੀ ਹਮਲੇ ਦੌਰਾਨ ਸ੍ਰੀ ਅਕਾਲ ਤਖਤ ਦੀ ਇਮਾਰਤ ਨੂੰ ਪੁੱਜੇ ਨੁਕਸਾਨ ਤੋਂ ਬਾਅਦ ਜਦੋਂ ਇਸ ਦੀ ਇਮਾਰਤ ਦੀ ਉਸਾਰੀ ਕੀਤੀ ਗਈ ਤਾਂ ਉਸ ਤੋਂ ਬਾਅਦ ਅਜਿਹਾ ਬੋਰਡ ਨਹੀਂ ਲਾਇਆ ਗਿਆ ਸੀ।

## ਸਾਕਾ ਨੀਲਾ ਤਾਰਾ ਤੋਂ ਪਹਿਲਾਂ ਵੀ ਲੱਗਾ ਸੀ ਅਰਦਾਸ ਵਾਲਾ ਬੋਰਡ

**ਅੰਮ੍ਰਿਤਸਰ:** ਤਕਰੀਬਨ 35 ਸਾਲ ਪਹਿਲਾਂ ਅਕਾਲ ਤਖਤ ਵਿਚ ਨੜੀਮਾਰ, ਕੁੜੀਮਾਰ, ਦਾੜ੍ਹੀ ਰੰਗਣ ਵਾਲੇ ਅਤੇ ਨਸ਼ਾ ਕਰਨ ਵਾਲਿਆਂ ਦੀ ਅਰਦਾਸ ਨਾ ਕਰਨ ਬਾਰੇ ਬੋਰਡ ਲੱਗਾ ਹੁੰਦਾ ਸੀ। ਇਸ 'ਤੇ ਇਹ ਵੀ ਦਰਜ ਹੁੰਦਾ ਸੀ ਕਿ ਇਹ ਸ਼ਰਤ ਕਿਸੇ ਗੈਰ-ਸਿੱਖ 'ਤੇ ਲਾਗੂ ਨਹੀਂ ਹੁੰਦੀ।



ਇਸ ਸਬੰਧੀ ਮਿਲੇ ਵੇਰਵਿਆਂ ਮੁਤਾਬਕ ਜੂਨ 1984 ਵਿਚ ਸਾਕਾ ਨੀਲਾ ਤਾਰਾ ਫੌਜੀ ਹਮਲੇ ਸਮੇਂ ਅਕਾਲ ਤਖਤ ਦੀ ਇਮਾਰਤ ਨੂੰ ਨੁਕਸਾਨ ਪੁੱਜਾ ਸੀ। ਉਸ ਵੇਲੇ ਦੀ ਕਾਂਗਰਸ ਹਕੂਮਤ ਵੱਲੋਂ ਅਕਾਲ ਤਖਤ ਦੀ ਢਹਿ-ਢੇਰੀ ਹੋਈ ਇਮਾਰਤ ਦੀ ਥਾਂ 'ਤੇ ਨਵ ਉਸਾਰੀ ਕਰਵਾਈ ਗਈ ਸੀ, ਜਿਸ ਨੂੰ ਸਿੱਖ ਸੰਗਤ ਨੇ ਰੱਦ ਕਰ ਦਿੱਤਾ ਸੀ ਅਤੇ ਮੁੜ ਸ਼੍ਰੋਮਣੀ ਕਮੇਟੀ ਵੱਲੋਂ ਇਥੇ ਉਸਾਰੀ ਕਰਵਾਈ ਗਈ ਸੀ। ਸ਼ਾਇਦ ਉਸ ਵੇਲੇ ਹੀ ਅਕਾਲ ਤਖਤ ਵਿਚ ਲੱਗਾ ਇਹ ਬੋਰਡ ਵੀ ਨੁਕਸਾਨਿਆ ਗਿਆ ਸੀ ਅਤੇ ਉਸ ਤੋਂ ਬਾਅਦ ਸ਼੍ਰੋਮਣੀ ਕਮੇਟੀ ਵਲੋਂ ਕਦੇ ਇਹ ਬੋਰਡ ਦੁਬਾਰਾ ਨਹੀਂ ਲਾਇਆ ਗਿਆ। ਸਿੱਖ ਵਿਦਵਾਨ ਗੁਰਚਰਨਜੀਤ ਸਿੰਘ ਲਾਂਬਾ ਨੇ ਆਖਿਆ ਕਿ ਸਿੱਖ ਰਹਿਤ ਮਰਿਆਦਾ ਦੇ ਪੰਨਾ ਨੰਬਰ-15 'ਤੇ ਇਹ ਅੰਕਿਤ ਕੀਤਾ ਹੋਇਆ ਹੈ ਕਿ ਅਕਾਲ ਤਖਤ ਵਿਚ ਗੈਰ-ਸਿੱਖ ਸ਼ਰਧਾਲੂਆਂ ਵੱਲੋਂ ਵੀ ਅਰਦਾਸ ਕਰਾਈ ਜਾ ਸਕਦੀ ਹੈ। ਪਤਿਤ ਤੇ ਤਨਖਾਹੀਏ ਸਿੱਖਾਂ ਤੋਂ ਬਿਨਾਂ ਕੋਈ ਵੀ ਸਿੱਖ ਜਾਂ ਗੈਰ-ਸਿੱਖ ਸ਼ਰਧਾਲੂ ਇਥੇ ਆਪਣੀ ਅਰਦਾਸ ਕਰਵਾ ਸਕਦਾ ਹੈ। ਉਨ੍ਹਾਂ ਕਿਹਾ ਕਿ 35 ਸਾਲ ਮਗਰੋਂ ਮਰਿਆਦਾ ਸਬੰਧੀ ਇਹ ਬੋਰਡ ਇਥੇ ਮੁੜ ਸਥਾਪਤ ਕੀਤਾ ਗਿਆ ਹੈ।

## ਸ਼੍ਰੋਮਣੀ ਕਮੇਟੀ ਦੇ ਸਹਿਯੋਗ ਨਾਲ ਬਣੇਗਾ ਗੁਰਦੁਆਰਾ ਬਾਉਲੀ ਸਾਹਿਬ

**ਅੰਮ੍ਰਿਤਸਰ:** ਜਗਨਨਾਥ ਪੁਰੀ ਮੰਦਰ ਦੇ ਮੁੱਖ ਪ੍ਰਬੰਧਕ ਪ੍ਰਦੀਪਤ ਮਹਾਪਾਤਰਾ ਨੇ ਆਖਿਆ ਹੈ ਕਿ ਜਗਨਨਾਥ ਪੁਰੀ ਸਥਿਤ ਗੁਰੂ ਨਾਨਕ ਦੇਵ ਦੀ ਆਮਦ ਨਾਲ ਸਬੰਧਤ ਇਤਿਹਾਸਕ ਗੁਰਦੁਆਰੇ ਬਾਉਲੀ ਮੱਠ ਸਾਹਿਬ ਦਾ ਵਿਕਾਸ ਸ਼੍ਰੋਮਣੀ ਕਮੇਟੀ ਦੇ ਸਹਿਯੋਗ ਨਾਲ ਜਲਦੀ ਹੀ ਸ਼ੁਰੂ ਕੀਤਾ ਜਾਵੇਗਾ। ਉਹ ਇਥੇ ਦਰਬਾਰ ਸਾਹਿਬ ਨਤਮਸਤਕ ਹੋਣ ਲਈ ਪੁੱਜੇ ਹਨ। ਆਈ.ਏ.ਐਸ. ਅਧਿਕਾਰੀ ਮਹਾਪਾਤਰਾ ਨੇ ਕਿਹਾ ਕਿ ਜਗਨਨਾਥ ਪੁਰੀ ਉਹ ਅਸਥਾਨ ਹੈ, ਜਿਥੇ ਗੁਰੂ ਨਾਨਕ ਦੇਵ ਨੇ ਆਪਣੀ ਉਦਾਸੀ ਦੌਰਾਨ ਦੌਰਾ ਕੀਤਾ ਸੀ। ਉਨ੍ਹਾਂ ਦੀ ਯਾਦ ਵਿਚ ਉਥੇ ਸਥਾਪਤ ਗੁਰਦੁਆਰਾ ਸਾਹਿਬ ਦੀ ਸੇਵਾ ਸੰਭਾਲ ਲਈ ਸ਼੍ਰੋਮਣੀ ਕਮੇਟੀ ਦੀ ਸਲਾਹ ਨਾਲ ਹੀ ਕੰਮ ਕੀਤਾ ਜਾਵੇਗਾ। ਉਨ੍ਹਾਂ ਨਾਲ ਜਗਨਨਾਥ ਪੁਰੀ ਮੰਦਿਰ ਦੇ ਮੈਂਬਰ ਬੀਕੇ ਸਾਹੂ, ਸਤਪਾਲ ਸਿੰਘ ਪਾਲ ਹੱਟਸ ਉੜੀਸਾ ਅਤੇ ਪਰਿਵਾਰਕ ਮੈਂਬਰ ਵੀ ਮੌਜੂਦ ਸਨ।

ਇਸ ਦੌਰਾਨ ਸ੍ਰੀ ਮਹਾਪਾਤਰਾ ਨੇ ਦਰਬਾਰ ਸਾਹਿਬ ਦੇ ਪ੍ਰਬੰਧਾਂ ਬਾਰੇ ਵੀ ਜਾਣਕਾਰੀ ਹਾਸਲ ਕੀਤੀ। ਉਨ੍ਹਾਂ ਕਿਹਾ ਕਿ ਦਰਬਾਰ ਸਾਹਿਬ ਦੇ ਦਰਸ਼ਨ ਕਰਕੇ ਉਨ੍ਹਾਂ ਨੂੰ ਬੇਹੱਦ ਖੁਸ਼ੀ ਹੋਈ ਹੈ। ਇਥੇ ਦਾ ਪ੍ਰਬੰਧ ਬਹੁਤ ਵਧੀਆ ਹੈ ਅਤੇ ਸਫਾਈ ਵਿਵਸਥਾ ਵੀ ਸ਼ਲਾਘਾਯੋਗ ਹੈ। ਦੱਸਣਯੋਗ ਹੈ ਕਿ ਸ਼੍ਰੋਮਣੀ ਕਮੇਟੀ ਪ੍ਰਧਾਨ ਗੋਬਿੰਦ ਸਿੰਘ ਲੌਂਗੋਵਾਲ ਇਸੇ ਸਾਲ ਜਨਵਰੀ ਮਹੀਨੇ ਵਿਚ ਜਦੋਂ ਉੜੀਸਾ ਗਏ ਸਨ ਤਾਂ ਉਨ੍ਹਾਂ ਗੁਰਦੁਆਰਾ ਬਾਉਲੀ ਮੱਠ ਸਾਹਿਬ ਦੇ ਵਿਕਾਸ ਸਬੰਧੀ ਜਗਨਨਾਥ ਪੁਰੀ ਮੰਦਰ ਦੇ ਪ੍ਰਬੰਧਕਾਂ ਤੇ ਉੜੀਸਾ ਸਰਕਾਰ ਨਾਲ ਵੀ ਗੱਲਬਾਤ ਕੀਤੀ ਸੀ। ਇਸ ਤੋਂ ਇਲਾਵਾ ਸ਼੍ਰੋਮਣੀ ਕਮੇਟੀ ਤੇ ਸਥਾਨਕ ਸਿੱਖ ਆਗੂਆਂ ਵੱਲੋਂ ਪਹਿਲਾਂ ਵੀ ਇਸ ਬਾਰੇ ਯਤਨ ਕੀਤੇ ਗਏ ਹਨ।

## ਪ੍ਰਕਾਸ਼ ਪੁਰਬ ਮੌਕੇ ਸਿੱਖ ਧਰਮ ਦੀਆਂ ਪੁਸਤਕਾਂ ਹੋਰ ਭਾਸ਼ਾਵਾਂ 'ਚ ਵੀ ਹੋਣਗੀਆਂ ਪ੍ਰਕਾਸ਼ਿਤ

**ਸੰਗਰੂਰ:** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਧਰਮ ਪ੍ਰਚਾਰ ਕਮੇਟੀ ਦੀ ਇਥੇ ਗੁਰਦੁਆਰਾ ਸ੍ਰੀ ਨਾਨਕਿਆਣਾ ਸਾਹਿਬ ਵਿਖੇ ਗੋਬਿੰਦ ਸਿੰਘ ਲੌਂਗੋਵਾਲ ਦੀ ਪ੍ਰਧਾਨਗੀ ਹੇਠ ਹੋਈ ਇਕੱਤਰਤਾ ਦੌਰਾਨ ਸ੍ਰੀ ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਪੁਰਬ ਦੇ ਮੱਦੇਨਜ਼ਰ ਸ਼੍ਰੋਮਣੀ ਕਮੇਟੀ ਦੀਆਂ ਚੋਣਵੀਆਂ ਪੁਸਤਕਾਂ ਨੂੰ ਵੱਖ-ਵੱਖ ਭਾਰਤੀ ਭਾਸ਼ਾਵਾਂ 'ਚ ਛਾਪਣ ਦਾ ਫੈਸਲਾ ਕੀਤਾ ਗਿਆ ਹੈ।

ਇਸ ਤੋਂ ਇਲਾਵਾ ਆਸਾਮ 'ਚ ਸਿੱਖਾਂ ਦੇ ਪਿੰਡ ਚਾਪਰਮੁਖ 'ਚ ਸਥਿਤ ਗੁਰਦੁਆਰਾ ਸਾਹਿਬ ਲਈ 10 ਲੱਖ ਰੁਪਏ ਦੀ ਸਹਾਇਤਾ ਦੇਣ ਦਾ ਫੈਸਲਾ ਕੀਤਾ ਗਿਆ ਹੈ। ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਲੌਂਗੋਵਾਲ ਨੇ ਦੱਸਿਆ ਕਿ ਉਪਰੋਕਤ ਫੈਸਲਿਆਂ ਤੋਂ ਇਲਾਵਾ ਦਿੱਲੀ ਦੀਆਂ ਸੰਗਤਾਂ ਨੂੰ ਸ਼੍ਰੋਮਣੀ ਕਮੇਟੀ ਵੱਲੋਂ ਛਾਪਿਆ ਧਾਰਮਿਕ ਸਾਹਿਤ ਮੁਹੱਈਆ ਕਰਵਾਉਣ ਲਈ ਗੁਰਦੁਆਰਾ ਰਕਾਬ ਗੰਜ ਸਾਹਿਬ ਵਿਖੇ ਲਿਟਰੇਚਰ ਹਾਊਸ ਸਥਾਪਤ ਹੋਵੇਗਾ।

## ਕੇਜਰੀਵਾਲ ਦੀ ਗੁਰੂ ਗੋਬਿੰਦ ਸਿੰਘ ਨਾਲ ਤੁਲਨਾ ਦਾ ਮਾਮਲਾ ਅਕਾਲ ਤਖਤ ਪੁੱਜਿਆ

**ਅੰਮ੍ਰਿਤਸਰ:** ਖਡੂਰ ਸਾਹਿਬ ਸੰਸਦੀ ਹਲਕੇ ਤੋਂ 'ਆਪ' ਦੇ ਉਮੀਦਵਾਰ ਮਨਜਿੰਦਰ ਸਿੰਘ ਸਿੱਧੂ ਵੱਲੋਂ ਪਾਰਟੀ ਕਨਵੀਨਰ ਅਰਵਿੰਦ ਕੇਜਰੀਵਾਲ ਦੀ ਤੁਲਨਾ ਗੁਰੂ ਗੋਬਿੰਦ ਸਿੰਘ ਨਾਲ ਕੀਤੇ ਜਾਣ ਦਾ ਮਾਮਲਾ ਸ੍ਰੀ ਅਕਾਲ ਤਖਤ 'ਤੇ ਪੁੱਜਾ ਗਿਆ ਹੈ। ਜਿਸ ਬਾਰੇ ਕਾਰਜਕਾਰੀ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਕਿਹਾ ਕਿ ਗੁਰੂ ਸਾਹਿਬਾਨ ਦੀ ਤੁਲਨਾ ਕਿਸੇ ਵੀ ਵਿਅਕਤੀ ਨਾਲ ਨਹੀਂ ਕੀਤੀ ਜਾ ਸਕਦੀ।



ਇਸ ਦੌਰਾਨ ਸਿੱਖ ਵਿਦਵਾਨ ਸਰੂਪ ਸਿੰਘ ਅਲੱਗ ਦੀ ਇਕ ਪੁਸਤਕ 'ਸਿੱਖਾਂ ਦੀ ਵਚਿੱਤਰ ਗਾਥਾ' ਵੀ ਜਾਰੀ ਕੀਤੀ ਗਈ ਹੈ। ਉਨ੍ਹਾਂ ਖੁਲਾਸਾ ਕੀਤਾ ਕਿ ਸ੍ਰੀ ਅਕਾਲ ਤਖਤ ਤੋਂ ਇਕ ਤਾਲਮੇਲ ਕਮੇਟੀ ਦਾ ਗਠਨ ਕੀਤਾ ਗਿਆ ਹੈ, ਜੋ ਸਿੱਖ ਜਥੇਬੰਦੀਆਂ ਅਤੇ ਅਕਾਲ ਤਖਤ ਵਿਚਾਲੇ ਤਾਲਮੇਲ ਦਾ ਕੰਮ ਕਰੇਗੀ। ਇਸ ਵਿਚ ਫਿਲਹਾਲ 12 ਜਥੇਬੰਦੀਆਂ ਸ਼ਾਮਲ ਕੀਤੀਆਂ ਗਈਆਂ ਹਨ। ਉਨ੍ਹਾਂ ਦੱਸਿਆ ਕਿ ਇਨ੍ਹਾਂ ਜਥੇਬੰਦੀਆਂ ਨੂੰ ਆਖਿਆ ਕਿ ਉਹ ਸ੍ਰੀ ਗੁਰੂ ਨਾਨਕ ਦੇਵ ਜੀ ਦੇ 550 ਸਾਲਾ ਪ੍ਰਕਾਸ਼ ਪੁਰਬ ਨੂੰ ਸਮਰਪਤ ਸਤੰਬਰ-ਅਕਤੂਬਰ ਮਹੀਨੇ ਵਿਚ ਯੂਥ ਸਿੱਖ ਕਾਨਫਰੰਸ ਦਾ ਆਯੋਜਨ ਕਰਨ ਪਰ ਇਸ ਤੋਂ ਪਹਿਲਾਂ ਕਾਨਫਰੰਸ ਦਾ ਏਜੰਡਾ ਤਿਆਰ ਕੀਤਾ ਜਾਵੇ। ਉਨ੍ਹਾਂ ਇਹ ਵੀ ਦੱਸਿਆ ਕਿ ਅਕਾਲ ਤਖਤ ਤੋਂ ਇਕ ਅਜਿਹਾ ਸੈੱਲ ਸਥਾਪਤ ਕਰਨ ਦੀ ਯੋਜਨਾ ਹੈ, ਜੋ ਵਿਸ਼ਵ ਭਰ ਦੀਆਂ ਸਿੱਖ ਜਥੇਬੰਦੀਆਂ ਨਾਲ ਤਾਲਮੇਲ ਰੱਖੇਗਾ। ਚੋਣਾਂ ਦੌਰਾਨ ਧਰਮ ਦੀ ਦੁਰਵਰਤੋਂ ਸਬੰਧੀ ਸਵਾਲ ਦੇ ਜਵਾਬ ਵਿਚ ਉਨ੍ਹਾਂ ਆਖਿਆ ਕਿ ਧਰਮ ਦੀ ਗਲਤ ਵਰਤੋਂ ਨਹੀਂ ਹੋਣੀ ਚਾਹੀਦੀ ਸਗੋਂ ਧਰਮ ਅਧਾਰਤ ਸੱਚੀ ਸੁੱਚੀ ਰਾਜਨੀਤੀ ਕਰਨੀ ਚਾਹੀਦੀ ਹੈ।

## ਕੇਂਦਰੀ ਸਿੱਖ ਅਜਾਇਬਘਰ 'ਚ ਦੋ ਸਿੱਖ ਸ਼ਖਸੀਅਤਾਂ ਦੀਆਂ ਤਸਵੀਰਾਂ ਲਾਈਆਂ

**ਅੰਮ੍ਰਿਤਸਰ:** ਦਰਬਾਰ ਸਾਹਿਬ ਦੇ ਕੇਂਦਰੀ ਸਿੱਖ ਅਜਾਇਬ ਘਰ 'ਚ ਦੋ ਪ੍ਰਮੁੱਖ ਸਿੱਖ ਸ਼ਖਸੀਅਤਾਂ ਸੰਤ ਗਿਆਨੀ ਵਰਿਆਮ ਸਿੰਘ ਧੂਰਕੋਟ ਅਤੇ ਕਵੀਸ਼ਰ ਗਿਆਨੀ ਜੋਗਾ ਸਿੰਘ ਵਰਿਆਮ ਸਿੰਘ ਧੂਰਕੋਟ ਤੇ ਗਿਆਨੀ ਜੋਗਾ ਸਿੰਘ ਜੋਗੀ ਦੀ ਪੰਥਕ ਦੇਣ ਨੂੰ ਆਉਣ ਵਾਲੀਆਂ ਪੀੜ੍ਹੀਆਂ ਲਈ ਪ੍ਰੇਰਨਾ ਸਰੋਤ ਦੱਸਿਆ। ਉਨ੍ਹਾਂ ਆਖਿਆ ਕਿ ਸੰਤ ਗਿਆਨੀ ਵਰਿਆਮ ਸਿੰਘ



ਜੋਗੀ ਦੀਆਂ ਤਸਵੀਰਾਂ ਸਥਾਪਤ ਕੀਤੀਆਂ ਗਈਆਂ। ਤਸਵੀਰਾਂ ਤੋਂ ਪਰਦਾ ਹਟਾਉਣ ਦੀ ਰਸਮ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਗੋਬਿੰਦ ਸਿੰਘ ਲੌਂਗੋਵਾਲ, ਦਰਬਾਰ ਸਾਹਿਬ ਦੇ ਗ੍ਰੰਥੀ ਗਿਆਨੀ ਮਾਨ ਸਿੰਘ, ਗਿਆਨੀ ਗੁਰਮਿੰਦਰ ਸਿੰਘ ਸਣੇ ਹੋਰ ਪ੍ਰਮੁੱਖ ਸ਼ਖਸੀਅਤਾਂ ਨੇ ਨਿਭਾਈ। ਇਸ ਤੋਂ ਪਹਿਲਾਂ ਹਜ਼ੂਰੀ ਰਾਗੀ ਜਥਿਆਂ ਨੇ ਕੀਰਤਨ ਕੀਤਾ।

ਇਸ ਮੌਕੇ ਸੰਬੋਧਨ ਕਰਦਿਆਂ ਸ਼੍ਰੋਮਣੀ ਕਮੇਟੀ ਪ੍ਰਧਾਨ ਲੌਂਗੋਵਾਲ ਨੇ ਸੰਤ ਗਿਆਨੀ ਧੂਰਕੋਟ ਨੇ 55 ਸਾਲ ਗੁਰਮਤਿ ਵਿਦਿਆਲੇ ਵਿਚ ਸੇਵਾ ਨਿਭਾਉਂਦਿਆਂ ਸੈਂਕੜੇ ਨੌਜਵਾਨਾਂ ਨੂੰ ਸਿੱਖੀ ਪ੍ਰਚਾਰ ਪ੍ਰਸਾਰ ਲਈ ਤਿਆਰ ਕੀਤਾ। ਇਸੇ ਤਰ੍ਹਾਂ ਕਵੀਸ਼ਰ ਗਿਆਨੀ ਜੋਗਾ ਸਿੰਘ ਜੋਗੀ ਨੇ 20 ਦੇ ਕਰੀਬ ਕਿਤਾਬਾਂ ਅਤੇ ਸੈਂਕੜੇ ਰਿਕਾਰਡਾਂ ਰਾਹੀਂ ਕਵੀਸ਼ਰੀ ਕਲਾ ਨੂੰ ਅੱਗੇ ਵਧਾਇਆ। ਇਸ ਦੌਰਾਨ ਦੋਵਾਂ ਸ਼ਖਸੀਅਤਾਂ ਦੇ ਪਰਿਵਾਰਕ ਮੈਂਬਰਾਂ ਤੇ ਹੋਰ ਪ੍ਰਮੁੱਖ ਸ਼ਖਸੀਅਤਾਂ ਨੂੰ ਸਿਰੋਪਾਓ ਦੇ ਕੇ ਸਨਮਾਨਿਆ ਗਿਆ।

## 550ਵੇਂ ਪ੍ਰਕਾਸ਼ ਪੁਰਬ ਮੌਕੇ ਲਾਹੌਰ 'ਚ ਖੁੱਲ੍ਹੇਗਾ ਗੁਰਮੁਖੀ ਸਕੂਲ

**ਇਸਲਾਮਾਬਾਦ:** ਪਾਕਿਸਤਾਨ 'ਚ ਨਵੰਬਰ ਮਹੀਨੇ ਮਨਾਏ ਜਾ ਰਹੇ ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਪੁਰਬ ਮੌਕੇ ਲਾਹੌਰ 'ਚ ਸਿੱਖ ਬੱਚਿਆਂ ਲਈ ਪਹਿਲਾਂ ਗੁਰਮੁਖੀ ਸਕੂਲ ਖੋਲ੍ਹਿਆ ਜਾਵੇਗਾ। ਇਹ ਐਲਾਨ ਲਾਹੌਰ ਦੀ ਦਿਆਲ ਸਿੰਘ ਰਿਸਰਚ ਐਂਡ ਕਲਚਰਲ ਫੋਰਮ ਵੱਲੋਂ ਕਰਾਏ ਗਏ 'ਵਿਸਾਖੀ ਸੈਲੀਬਰੇਸ਼ਨ 2019' ਕੌਮਾਂਤਰੀ ਸੈਮੀਨਾਰ ਦੌਰਾਨ ਲਹਿੰਦੇ ਪੰਜਾਬ ਦੇ ਸਿੱਖਿਆ ਮੰਤਰੀ ਡਾ. ਮੁਰਾਦ ਰਾਸ ਨੇ ਕੀਤਾ। ਉਨ੍ਹਾਂ ਆਪਣੇ ਸੰਬੋਧਨ 'ਚ ਇਹ ਵੀ ਭਰੋਸਾ ਦਿੱਤਾ ਕਿ ਜਲਦੀ ਗੁਰੂ ਨਾਨਕ ਦੇਵ ਜੀ ਦੀ ਜਨਮ ਭੂਮੀ ਜ਼ਿਲ੍ਹਾ ਸ੍ਰੀ ਨਨਕਾਣਾ ਸਾਹਿਬ 'ਚ ਗੁਰੂ ਨਾਨਕ ਦੇਵ ਇੰਟਰਨੈਸ਼ਨਲ ਯੂਨੀਵਰਸਿਟੀ ਦੀ ਸਥਾਪਨਾ ਕੀਤੀ ਜਾਵੇਗੀ।

ਇਸ ਮੌਕੇ ਪਾਕਿਸਤਾਨ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਾਬਕਾ ਪ੍ਰਧਾਨ ਬਿਸ਼ਨ ਸਿੰਘ ਨੇ ਕਿਹਾ ਕਿ ਪਾਕਿਸਤਾਨ ਦੇ ਜ਼ਿਲ੍ਹਾ ਪਿਸ਼ਾਵਰ 'ਚ ਭਾਈ ਜੋਗਾ ਸਿੰਘ ਖਾਲਸਾ ਧਾਰਮਿਕ ਸਕੂਲ ਤੇ ਗੁਰੂ ਅੰਗਦ ਦੇਵ ਜੀ ਖਾਲਸਾ ਧਾਰਮਿਕ ਸਕੂਲ ਸਮੇਤ ਸ੍ਰੀ ਨਨਕਾਣਾ ਸਾਹਿਬ ਦੇ ਗੁਰੂ ਨਾਨਕ ਜੀ ਪਬਲਿਕ ਸਕੂਲ 'ਚ ਸਿੱਖ ਵਿਦਿਆਰਥੀਆਂ ਨੂੰ ਪਹਿਲਾਂ ਤੋਂ ਗੁਰਮੁਖੀ ਦੀ ਸਿੱਖਿਆ ਦਿੱਤੀ ਜਾ ਰਹੀ ਹੈ, ਪਰ ਸੂਬਾ ਸਰਕਾਰ ਪਾਸੋਂ ਸਿੱਖ ਭਾਈਚਾਰਾ ਲੰਬੇ ਸਮੇਂ ਤੋਂ ਲਾਹੌਰ 'ਚ ਗੁਰਮੁਖੀ ਸਕੂਲ ਖੋਲ੍ਹਣ ਦੀ ਮੰਗ ਕਰ ਰਿਹਾ ਸੀ, ਜਿਸ ਨੂੰ ਸਵੀਕਾਰ ਕਰਕੇ ਸਰਕਾਰ ਨੇ ਸਿੱਖ ਭਾਈਚਾਰੇ ਨੂੰ ਵੱਡੀ ਰਾਹਤ ਦਿੱਤੀ ਹੈ।

## ਆਰਥਿਕ ਤੰਗੀ ਕਾਰਨ ਪੰਜ ਧੀਆਂ ਦੇ ਪਿਤਾ ਵੱਲੋਂ ਖੁਦਕੁਸ਼ੀ

**ਮਾਨਸਾ:** ਜ਼ਿਲ੍ਹੇ ਦੇ ਪਿੰਡ ਅਤਲਾ ਕਲਾਂ 'ਚ ਇਕ ਕਾਰੀਗਰ ਜੋ ਕਿ ਪੰਜ ਧੀਆਂ ਦਾ ਬਾਪ ਸੀ, ਨੇ ਕਰਜੇ ਤੋਂ ਦੁਖੀ ਹੋ ਕੇ ਖੁਦਕੁਸ਼ੀ ਕਰ ਲਈ। ਬਲਵੀਰ ਸਿੰਘ (47) ਆਰਥਿਕ ਤੰਗੀ ਕਾਰਨ ਪਰੇਸ਼ਾਨ ਸੀ ਤੇ ਉਸ ਨੇ ਬੀਤੀ ਰਾਤ ਪੱਖੇ ਨਾਲ ਫਾਹਾ ਲੈ ਲਿਆ। ਮ੍ਰਿਤਕ ਆਪਣੇ ਪਿੱਛੇ ਪੰਜ ਧੀਆਂ, ਛੇ ਸਾਲ ਦਾ ਬੇਟਾ ਤੇ ਪਤਨੀ ਛੱਡ ਗਿਆ ਹੈ। ਪਿੰਡ ਵਾਸੀਆਂ ਨੇ ਸਰਕਾਰ ਕੋਲੋਂ ਪਰਿਵਾਰ ਦੀ ਮਾਲੀ ਮਦਦ ਦੀ ਮੰਗ ਕੀਤੀ ਹੈ।

# ਬਰਗਾੜੀ ਮੋਰਚੇ ਦੀਆਂ ਸਰਗਰਮੀਆਂ ਨੇ ਡਰਾਏ ਅਕਾਲੀ ਤੇ ਕਾਂਗਰਸੀ

**ਚੰਡੀਗੜ੍ਹ:** ਸ਼੍ਰੋਮਣੀ ਅਕਾਲੀ ਦਲ ਤੇ ਕਾਂਗਰਸ ਲਈ ਚੋਣਾਂ ਦੀ ਪਹਿਲਾਂ ਨਵੀਂ ਸਿਰਦਰਦੀ ਖੜੀ ਹੋ ਗਈ ਹੈ। ਸਿੱਖ ਜਥੇਬੰਦੀਆਂ ਨੇ ਬਰਗਾੜੀ ਇਨਸਾਫ ਮੋਰਚੇ ਨੂੰ ਹੋਰ ਤਿੱਖਾ ਰੂਪ ਦੇਣ ਦਾ ਫੈਸਲਾ ਕਰ ਲਿਆ ਹੈ। ਚੋਣਾਂ ਦੇ ਮਾਹੌਲ ਵਿਚ ਬੇਅਦਬੀ ਤੇ ਗੋਲੀ ਕਾਂਡ ਵਿਚ ਉਲਝੇ ਸ਼੍ਰੋਮਣੀ ਅਕਾਲੀ ਦਲ ਤੇ ਸੱਤਾ ਧਿਰ ਕਾਂਗਰਸ ਲਈ ਮੁਸੀਬਤ ਵਧ ਸਕਦੀ ਹੈ। ਉਜ, ਬਰਗਾੜੀ ਮੋਰਚਾ ਚਲਾਉਣ ਵਾਲੇ ਪਹਿਲੇ ਪ੍ਰਮੁੱਖ ਸੰਚਾਲਕਾਂ ਵਿਚ ਮਤਭੇਦ ਅੜਿੱਕਾ ਬਣ ਸਕਦੇ ਹਨ।

ਦਰਅਸਲ ਸ੍ਰੀ ਅਕਾਲ ਤਖਤ ਸਾਹਿਬ ਦੇ ਮੁਤਵਾਜ਼ੀ ਜਥੇਦਾਰ ਜਗਤਾਰ ਸਿੰਘ ਹਵਾਰਾ ਦੇ ਦਿਸ਼ਾ-ਨਿਰਦੇਸ਼ਾਂ ਹੇਠ ਬਣੀ 21 ਮੈਂਬਰੀ ਕਮੇਟੀ ਨੇ ਪਿੰਡ ਬਹਿਬਲ ਕਲਾਂ ਦੇ ਗੁਰਦੁਆਰੇ ਵਿਚ ਸੰਗਤ ਦੇ ਇਕੱਠ ਦੌਰਾਨ ਬਰਗਾੜੀ ਇਨਸਾਫ ਮੋਰਚੇ ਦਾ ਦੂਜਾ ਪੜਾਅ ਸ਼ੁਰੂ ਕਰਨ ਦਾ ਐਲਾਨ ਕਰ ਦਿੱਤਾ ਹੈ। ਇਨ੍ਹਾਂ ਲੀਡਰਾਂ ਨੇ ਕੈਪਟਨ ਸਰਕਾਰ ਦੀ ਨੁਕਤਾਚੀਨੀ ਕਰਦਿਆਂ ਆਖਿਆ ਕਿ ਬੇਅਦਬੀ ਮਾਮਲਿਆਂ 'ਚ ਬਾਦਲਾਂ ਦਾ ਹੱਥ ਹੋਣ ਦੇ ਬਾਵਜੂਦ ਹਕੂਮਤ ਉਨ੍ਹਾਂ ਨੂੰ ਹੱਥ ਨਹੀਂ ਪਾ ਰਹੀ। ਆਈ.ਜੀ. ਕੁੰਵਰ ਵਿਜੈ ਪ੍ਰਤਾਪ ਸਿੰਘ ਨੂੰ ਸਿੱਟ ਦੇ ਕੰਮਕਾਜ ਤੋਂ ਲਾਂਭੇ ਕਰਨ ਲਈ ਬਾਦਲਾਂ ਦੀ ਆਲੋਚਨਾ ਕਰਦਿਆਂ ਕਿਹਾ ਗਿਆ ਕਿ ਅਕਾਲੀ ਦਲ ਦੇ ਆਗੂਆਂ ਦਾ ਘਟਨਾਵਾਂ 'ਚ ਨਾਂ ਆਉਣ ਕਾਰਨ ਜਾਂਚ ਨੂੰ ਪ੍ਰਭਾਵਿਤ ਕਰਨ ਲਈ ਇਹ ਸਾਜ਼ਿਸ਼ ਰਚੀ ਗਈ ਹੈ। ਚੋਣ ਕਮਿਸ਼ਨ ਤੋਂ ਮੰਗ ਕੀਤੀ ਗਈ ਕਿ ਕੁੰਵਰ ਵਿਜੈ ਪ੍ਰਤਾਪ ਨੂੰ ਆਪਣਾ ਕੰਮ ਪਹਿਲਾਂ ਵਾਂਗ ਪਾਰਦਰਸ਼ੀ ਢੰਗ ਨਾਲ ਕਰਨ ਦੀ ਆਗਿਆ ਦਿੱਤੀ ਜਾਵੇ।

ਦੱਸ ਦਈਏ ਕਿ ਬਰਗਾੜੀ ਬੇਅਦਬੀ ਅਤੇ ਕੋਟਕਪੂਰਾ ਤੇ ਬਹਿਬਲ ਕਲਾਂ ਗੋਲੀ ਕਾਂਡ ਲੋਕ ਸਭਾ ਚੋਣਾਂ ਦੌਰਾਨ ਸ਼੍ਰੋਮਣੀ ਅਕਾਲੀ ਦਲ ਲਈ ਸਭ ਤੋਂ ਵੱਡੀ ਚੁਣੌਤੀ ਬਣਿਆ ਹੋਇਆ ਹੈ। ਬੀਤੇ ਦਿਨੀਂ ਪਿੰਡ ਕੋਟ ਸੁਖੀਆ ਵਿਚ ਲੋਕਾਂ ਨੇ ਜਿਸ ਤਰ੍ਹਾਂ ਅਕਾਲੀ ਉਮੀਦਵਾਰ ਨੂੰ ਕਾਲੀਆਂ ਝੰਡੀਆਂ ਦਿਖਾ ਕੇ ਆਪਣੇ ਰੋਹ ਦਾ ਪ੍ਰਗਟਾਵਾ ਕੀਤਾ ਹੈ, ਉਸ ਤੋਂ ਸਪੱਸ਼ਟ ਹੈ ਕਿ ਆਗਾਮੀ ਦਿਨਾਂ ਵਿਚ ਅਕਾਲੀ ਉਮੀਦਵਾਰ ਲਈ ਇਹ ਮੁੱਦਾ ਵੱਡੀ ਚੁਣੌਤੀ ਵਜੋਂ ਉਭਰ ਸਕਦਾ ਹੈ। ਅਕਾਲੀ ਦਲ ਨੂੰ ਇਸ ਮੁੱਦੇ ਨਾਲ ਜੁੜੇ 'ਸਿੱਟ' ਮੈਂਬਰ ਦੇ ਤਬਾਦਲੇ ਕਾਰਨ ਵੀ ਦੂਸਰੀਆਂ ਸਿਆਸੀ ਪਾਰਟੀਆਂ ਅਤੇ ਆਮ ਲੋਕਾਂ ਦਾ ਵਿਰੋਧ ਸਹਿਣਾ ਪੈ ਰਿਹਾ ਹੈ, ਕਿਉਂਕਿ ਜਾਂਚ ਟੀਮ ਦੇ ਮੈਂਬਰ ਆਈ.ਜੀ. ਕੁੰਵਰ ਵਿਜੈ ਪ੍ਰਤਾਪ ਸਿੰਘ ਦਾ ਤਬਾਦਲਾ ਲੋਕਾਂ ਨੂੰ ਬਰਦਾਸ਼ਤ ਨਹੀਂ ਹੋ ਰਿਹਾ।

ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦਾ ਮਾਮਲਾ ਲੋਕਾਂ ਦੀਆਂ ਭਾਵਨਾਵਾਂ ਨਾਲ ਜੁੜਿਆ ਹੋਣ ਕਰਕੇ ਅਕਾਲੀ ਉਮੀਦਵਾਰ ਨੂੰ ਫਰੀਦਕੋਟ ਹਲਕੇ ਵਿਚ ਤਾਂ ਇਸ ਦੀ ਸਖਤ ਚੁਣੌਤੀ ਮਿਲਣ ਦੇ ਆਸਾਰ ਹਨ। ਬੇਅਦਬੀ ਤੇ ਪੁਲਿਸ ਗੋਲੀ ਕਾਂਡ ਦਾ ਸ਼ਿਕਾਰ ਹੋਣ ਵਾਲਿਆਂ ਨੂੰ ਇਨਸਾਫ ਦਿਵਾਉਣ ਲਈ ਲਗਾਤਾਰ ਛੇ ਮਹੀਨੇ ਚੱਲੇ ਬਰਗਾੜੀ ਮੋਰਚੇ ਨੇ ਮਾਲਵਾ ਵਿਚ ਅਕਾਲੀ ਦਲ ਨੂੰ ਹਾਸ਼ੀਏ 'ਤੇ ਲਿਆ ਖੜ੍ਹਾ ਕੀਤਾ ਹੈ। ਜੇ ਸਿਆਸੀ ਦਰਸ਼ਕਾਂ ਦੀ ਮੰਨੀਏ ਤਾਂ ਅਕਾਲੀ ਦਲ ਨੇ ਇਸ ਮਾਮਲੇ ਤੋਂ ਬਚਣ ਲਈ ਬਾਹਰੋਂ ਉਮੀਦਵਾਰ ਲਿਆ ਕੇ ਚੋਣ ਮੈਦਾਨ ਵਿਚ ਉਤਾਰਿਆ ਹੈ ਪਰ ਅਕਾਲੀ ਦਲ ਦਾ ਬਚਾਅ ਹੁੰਦਾ ਨਜ਼ਰ ਨਹੀਂ ਆ ਰਿਹਾ, ਕਿਉਂਕਿ ਲੋਕਾਂ 'ਚ ਪਾਰਟੀ ਪ੍ਰਤੀ ਹਾਲੇ ਵੀ ਗੁੱਸਾ ਹੈ। ਆਗਾਮੀ ਦਿਨਾਂ ਵਿਚ ਇਹ ਲੋਕ ਹੋਰ ਵੀ ਵੱਧ ਸਕਦਾ ਹੈ।

## ਪੰਜਾਬ 'ਚ ਘਰ-ਘਰ ਵੰਡਿਆ ਜਾ ਰਿਹੈ ਬੇਅਦਬੀ ਬਾਰੇ ਛਪਿਆ ਕਿਤਾਬਚਾ

**ਪਟਿਆਲਾ:** ਲੋਕ ਸਭਾ ਚੋਣਾਂ ਦੇ ਮੱਦੇਨਜ਼ਰ ਇਸ ਵਾਰ ਪੰਜਾਬ ਵਿਚ ਪਿਛਲੇ ਸਮੇਂ ਵਾਪਰੀਆਂ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੀਆਂ ਘਟਨਾਵਾਂ ਸਬੰਧੀ ਪ੍ਰਕਾਸ਼ਿਤ ਇਕ ਕਿਤਾਬਚਾ ਵੰਡਿਆ ਜਾ ਰਿਹਾ ਹੈ। 'ਬੇਅਦਬੀ ਦਾ ਕੱਚਾ ਚਿੱਠਾ' ਨਾਮੀ ਇਹ ਕਿਤਾਬਚਾ ਪੰਥਕ ਅਸੈਂਬਲੀ ਸ੍ਰੀ ਅੰਮ੍ਰਿਤਸਰ ਵੱਲੋਂ ਪ੍ਰਕਾਸ਼ਿਤ ਕੀਤਾ ਗਿਆ ਹੈ, ਜਿਸ ਨੂੰ ਵੱਖ-ਵੱਖ ਜ਼ਿਲ੍ਹਿਆਂ ਵਿਚ ਕੁਝ ਲੋਕ ਆਪਣੇ ਤੌਰ 'ਤੇ ਛਪਵਾ ਹੁਣ ਲੋਕਾਂ 'ਚ ਵੰਡ ਰਹੇ ਹਨ। ਕੁੱਲ 60 ਸਫਿਆਂ ਦਾ ਇਹ ਕਿਤਾਬਚਾ ਪਟਿਆਲਾ ਵਿਚ ਗੁਰਮੇਹਰ ਪਬਲੀਕੇਸ਼ਨ ਵੱਲੋਂ ਪ੍ਰਕਾਸ਼ਿਤ ਕੀਤਾ ਗਿਆ ਹੈ, ਜਿਸ ਦਾ ਖਰਚਾ ਬਲਵਿੰਦਰ ਸਿੰਘ ਜਾਤੀਵਾਲ ਸਾਬਕਾ ਜੀ.ਐਮ. ਵੇਰਕਾ ਅਤੇ ਹੋਰ ਕਈ ਸਿੱਖਾਂ ਵੱਲੋਂ ਸਾਂਝੇ ਤੌਰ 'ਤੇ ਕੀਤਾ ਗਿਆ ਹੈ। ਇਸ ਵਿਚ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਨਾਲ ਸਬੰਧਤ ਘਟਨਾਵਾਂ ਦਾ ਜ਼ਿਕਰ ਕੀਤਾ ਗਿਆ ਹੈ। ਇਸ ਵਿਚ ਪਹਿਲੀ ਜੂਨ 2015 ਦੌਰਾਨ ਬੁਰਜ ਜਵਾਹਰ ਸਿੰਘ ਵਾਲਾ ਤੋਂ ਗੁਰੂ ਗ੍ਰੰਥ ਸਾਹਿਬ ਦਾ ਸਰੂਪ ਚੋਰੀ ਹੋਣ, ਬਰਗਾੜੀ ਵਿਚ 12 ਅਕਤੂਬਰ 2015 ਨੂੰ ਪਾਵਨ ਸਰੂਪ ਦੇ ਅੰਗ ਖਿਲਰੇ ਮਿਲਣ, ਗੁਰੂਸਰ, ਮੱਲ ਕੇ, ਕੋਟਕਪੂਰਾ ਤੇ ਬਹਿਬਲ ਕਲਾਂ ਗੋਲੀ ਕਾਂਡ ਸਮੇਤ ਹੋਰ ਕਈ ਘਟਨਾਵਾਂ ਦਾ ਸਬੂਤਾਂ ਸਮੇਤ ਵਰਣਨ ਹੈ। ਇਸ ਕਿਤਾਬਚੇ ਵਿਚ ਡੇਰਾ ਮੁਖੀ ਨਾਲ ਜੁੜੀਆਂ ਘਟਨਾਵਾਂ ਬਾਰੇ ਵੀ ਦੱਸਿਆ ਗਿਆ ਹੈ।

## ਵੋਟ ਨਹੀਂ ਪਾਉਣੀ, ਨਾ ਪਾਓ, ਕਾਲੀਆਂ ਝੰਡੀਆਂ ਦਿਖਾਉਣ ਦਾ ਕੀ ਮਤਲਬ: ਬਾਦਲ

**ਲੰਬੀ:** ਫਰੀਦਕੋਟ ਲੋਕ ਸਭਾ ਖੇਤਰ ਦੇ ਪਿੰਡ ਕੋਟ ਸੁਖੀਆ ਵਿਚ ਅਕਾਲੀ-ਭਾਜਪਾ ਉਮੀਦਵਾਰ ਗੁਲਜ਼ਾਰ ਰਣੀਕੇ ਨੂੰ ਕਾਲੀਆਂ ਝੰਡੀਆਂ ਵਿਖਾਉਣ ਤੋਂ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਕਾਫੀ ਖਫਾ ਹਨ। ਉਨ੍ਹਾਂ ਦਾ ਕਹਿਣਾ ਹੈ ''ਜੇਕਰ ਕਿਸੇ ਨੇ ਵੋਟ ਨਹੀਂ ਪਾਉਣੀ ਤਾਂ ਨਾ ਪਾਓ ਪਰ ਕਾਲੀਆਂ ਝੰਡੀਆਂ ਦਿਖਾਉਣ ਦਾ ਕੀ ਮਤਲਬ ਹੈ।'' ਸ੍ਰੀ ਬਾਦਲ ਨੇ ਇਸ ਵਿਰੋਧ ਨੂੰ ਕਾਂਗਰਸ ਦਾ ਘੜਿਆ ਝੂਠਾ ਅਤੇ ਬੇਬੁਨਿਆਦ ਪਰਚਾ ਦੱਸਿਆ ਹੈ। ਬੇਅਦਬੀਆਂ ਬਾਰੇ ਅਕਾਲੀਆਂ ਦਾ ਵਿਰੋਧ ਹੋਣ ਬਾਰੇ ਪੁੱਛਣ 'ਤੇ ਉਨ੍ਹਾਂ ਆਖਿਆ ਕਿ ਕਾਂਗਰਸੀ ਲੋਕ ਆਪਣੀ ਪੀੜ੍ਹੀ ਹੇਠਾਂ ਸੋਟੀ ਕਿਉਂ ਨਹੀਂ ਫੇਰਦੇ।

# ਨਕੋਦਰ ਬੇਅਦਬੀ ਕਾਂਡ ਮਾਮਲੇ 'ਚ ਘਿਰੇ ਅਟਵਾਲ

**ਜਲੰਧਰ:** ਕਾਂਗਰਸ ਤੇ ਆਮ ਆਦਮੀ ਪਾਰਟੀ ਦੇ ਉਮੀਦਵਾਰਾਂ ਵੱਲੋਂ ਨਕੋਦਰ ਬੇਅਦਬੀ ਕਾਂਡ ਦੇ ਮੁੱਦੇ ਨੂੰ ਉਭਾਰਨ ਕਰ ਕੇ ਸ਼੍ਰੋਮਣੀ ਅਕਾਲੀ ਦਲ ਦੇ ਉਮੀਦਵਾਰ ਚਰਨਜੀਤ ਸਿੰਘ ਅਟਵਾਲ ਘਿਰਦੇ ਨਜ਼ਰ ਆ ਰਹੇ ਹਨ। ਪੰਥਕ ਮੁੱਦਿਆਂ ਤੋਂ ਮੂੰਹ ਮੋੜਨ ਨਾਲ ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਪਹਿਲਾਂ ਹੀ ਵਿਰੋਧੀਆਂ ਦੇ ਨਿਸ਼ਾਨੇ 'ਤੇ ਹਨ। ਸ਼੍ਰੋਮਣੀ ਅਕਾਲੀ ਦਲ ਲੋਕ ਸਭਾ ਚੋਣਾਂ ਦੌਰਾਨ ਸਾਕਾ ਨੀਲਾ ਤਾਰਾ ਦੇ ਮੁੱਦੇ ਨੂੰ ਉਭਾਰਨ ਕੋਸ਼ਿਸ਼ ਵਿਚ ਹੈ। ਪਰ ਉਨ੍ਹਾਂ ਸਾਹਮਣੇ ਬਰਗਾੜੀ ਤੋਂ ਬਾਅਦ ਨਕੋਦਰ ਬੇਅਦਬੀ ਕਾਂਡ ਵੀ ਉਸੇ ਤਰ੍ਹਾਂ ਚੁਣੌਤੀ ਬਣਿਆ ਹੋਇਆ ਹੈ। 1986 ਵਿਚ ਵਾਪਰੇ ਨਕੋਦਰ ਬੇਅਦਬੀ ਕਾਂਡ ਵਿਚ ਗੁਰੂ ਗ੍ਰੰਥ ਸਾਹਿਬ ਦੇ ਪੰਜ ਸਰੂਪ ਸੜ ਗਏ ਸਨ ਅਤੇ ਚਾਰ ਸਿੱਖ ਨੌਜਵਾਨ ਪੁਲਿਸ ਦੀਆਂ ਗੋਲੀਆਂ ਨਾਲ ਸ਼ਹੀਦ ਹੋ ਗਏ ਸਨ। ਇਸ ਕਾਂਡ ਦੌਰਾਨ 1986 ਵਿਚ ਦਰਬਾਰਾ ਸਿੰਘ ਗੁਰੂ ਜਲੰਧਰ ਦੇ ਵਧੀਕ ਡਿਪਟੀ ਕਮਿਸ਼ਨਰ ਸਨ ਅਤੇ ਹੁਣ ਉਹ ਸ਼੍ਰੋਮਣੀ ਅਕਾਲੀ ਦਲ ਵੱਲੋਂ ਫਤਿਹਗੜ੍ਹ ਸਾਹਿਬ ਲੋਕ ਸਭਾ ਹਲਕੇ ਤੋਂ ਚੋਣ ਲੜ ਰਹੇ ਹਨ।

ਕਾਂਗਰਸ ਦੇ ਉਮੀਦਵਾਰ ਚੌਧਰੀ ਸੰਤੋਖ ਸਿੰਘ ਆਪਣੀ ਚੋਣ ਮੁਹਿੰਮ ਦੌਰਾਨ ਨਕੋਦਰ ਬੇਅਦਬੀ ਕਾਂਡ ਨੂੰ ਪ੍ਰਮੁੱਖਤਾ ਨਾਲ ਉਭਾਰ ਰਹੇ



ਹਨ। ਖਾਸ ਕਰ ਕੇ ਪੇਂਡੂ ਹਲਕਿਆਂ ਵਿਚ ਹੋਣ ਵਾਲੀਆਂ ਚੋਣ ਮੀਟਿੰਗਾਂ ਵਿਚ ਉਹ ਸਿੱਧਾ ਸਵਾਲ ਆਪਣੇ ਵਿਰੋਧੀ ਉਮੀਦਵਾਰ ਚਰਨਜੀਤ ਸਿੰਘ ਅਟਵਾਲ ਨੂੰ ਕਰਕੇ ਚੁਣੌਤੀ ਦੇ ਰਹੇ ਹਨ। ਨਕੋਦਰ ਬੇਅਦਬੀ ਕਾਂਡ ਦੀ ਜਾਂਚ ਰਿਪੋਰਟ 2001 ਵਿਚ ਵਿਧਾਨ ਸਭਾ ਵਿਚ ਉਦੋਂ ਪੇਸ਼ ਹੋਈ ਸੀ ਜਦੋਂ ਚਰਨਜੀਤ ਸਿੰਘ ਅਟਵਾਲ ਸਪੀਕਰ ਸਨ।

'ਆਪ' ਉਮੀਦਵਾਰ ਜਸਟਿਸ ਜ਼ੋਰਾ ਸਿੰਘ ਨੇ ਬੇਅਦਬੀ ਕਾਂਡ 'ਚ ਮਾਰੇ ਗਏ ਲਿੱਤਰਾਂ ਪਿੰਡ ਦੇ ਰਵਿੰਦਰ ਸਿੰਘ ਦੇ ਪਿਤਾ ਬਲਦੇਵ ਸਿੰਘ ਨਾਲ ਮੁਲਾਕਾਤ ਕਰਕੇ ਉਨ੍ਹਾਂ ਦਾ ਦਰਦ ਜਾਣਿਆ ਸੀ, ਹੁਣ ਉਹ ਆਪਣੀਆਂ ਚੋਣ ਮੀਟਿੰਗਾਂ 'ਚ ਇਸ ਨੂੰ ਪ੍ਰਮੁੱਖਤਾ ਨਾਲ ਉਠਾ ਰਹੇ ਹਨ। ਸ੍ਰੀ ਅਟਵਾਲ ਆਪਣੇ ਚੋਣ ਪ੍ਰਚਾਰ ਦੌਰਾਨ ਇਹ ਸਪੱਸ਼ਟੀਕਰਨ ਵਾਰ-ਵਾਰ ਦੇ ਰਹੇ ਹਨ ਕਿ ਸਪੀਕਰ ਦਾ ਕੰਮ ਮਤਾ ਲਿਆਉਣ ਨਹੀਂ ਹੁੰਦਾ, ਉਸ ਨੇ ਤਾਂ ਇਸ ਨੂੰ ਸਿਰਫ ਟੇਬਲ ਕਰਨਾ ਹੁੰਦਾ ਹੈ ਤੇ ਇਸ 'ਤੇ ਬਣਦੀ ਕਾਰਵਾਈ ਸਰਕਾਰ ਨੇ ਕਰਨੀ ਹੁੰਦੀ ਹੈ। ਪਾਰਟੀ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਦੀ ਹਾਜ਼ਰੀ ਵਿਚ ਵੀ ਚਰਨਜੀਤ ਸਿੰਘ ਅਟਵਾਲ ਨੇ ਇਸ ਮੁੱਦੇ 'ਤੇ ਆਪਣੀ ਸਥਿਤੀ ਸਪੱਸ਼ਟ ਕੀਤੀ ਸੀ। ਹਾਲਾਂਕਿ ਚਰਨਜੀਤ ਸਿੰਘ ਅਟਵਾਲ ਨੇ ਇਹ ਕਹਿਣਾ ਵੀ ਸ਼ੁਰੂ ਕਰ ਦਿੱਤਾ ਹੈ ਕਿ ਉਨ੍ਹਾਂ ਦੀ ਹਮਦਰਦੀ ਪੀੜਤ ਪਰਿਵਾਰਾਂ ਨਾਲ ਹੈ।

# ਕੁੰਵਰ ਵਿਜੈ ਪ੍ਰਤਾਪ ਦੇ ਤਬਾਦਲੇ ਖਿਲਾਫ ਸੰਘਰਸ਼ ਹੋਇਆ ਤਿੱਖਾ

**ਚੰਡੀਗੜ੍ਹ:** ਅਕਾਲ ਤਖਤ ਸਾਹਿਬ ਦੇ ਮੁਤਵਾਜ਼ੀ ਜਥੇਦਾਰ ਧਿਆਨ ਸਿੰਘ ਮੰਡ ਅਤੇ ਅਕਾਲੀ ਦਲ (ਅੰਮ੍ਰਿਤਸਰ) ਦੇ ਪ੍ਰਧਾਨ ਸਿਮਰਨਜੀਤ ਸਿੰਘ ਮਾਨ ਦੀ ਅਗਵਾਈ ਹੇਠ ਪੁਲਿਸ ਅਧਿਕਾਰੀ ਕੁੰਵਰ ਵਿਜੈ ਪ੍ਰਤਾਪ ਸਿੰਘ ਦੇ ਤਬਾਦਲੇ ਖਿਲਾਫ ਰਾਜ ਦੇ ਮੁੱਖ ਚੋਣ ਅਧਿਕਾਰੀ ਦੇ ਦਫਤਰ ਤੱਕ ਮਾਰਚ ਕੱਢਿਆ ਗਿਆ। ਪੰਥਕ ਜਥੇਬੰਦੀਆਂ ਦੇ ਆਗੂਆਂ ਦਾ ਇਕ ਇਕੱਠ ਸੈਕਟਰ 17 ਵਿਚ ਹੋਇਆ। ਮਾਰਚ ਕਰਨ ਤੋਂ ਪਹਿਲਾਂ ਪੰਥਕ ਜਥੇਬੰਦੀਆਂ ਦੇ ਆਗੂਆਂ ਨੇ ਧਰਨਾ ਦਿੱਤਾ ਤੇ ਧਰਨੇ ਨੂੰ ਸੰਬੋਧਨ ਕਰਦਿਆਂ ਵੱਖ ਵੱਖ ਆਗੂਆਂ ਨੇ ਚੋਣ ਕਮਿਸ਼ਨ ਦੇ ਫੈਸਲੇ ਦੀ ਨਿੰਦਾ ਕੀਤੀ। ਇਨ੍ਹਾਂ ਆਗੂਆਂ ਨੇ ਕਿਹਾ ਕਿ ਕੈਪਟਨ ਅਮਰਿੰਦਰ ਸਿੰਘ ਦੀ ਸਰਕਾਰ ਵੱਲੋਂ ਪੰਜਾਬ ਵਿਧਾਨ ਸਭਾ ਵਿਚ ਪਾਸ ਕੀਤੇ ਮਤੇ ਮੁਤਾਬਕ ਪੰਜਾਬ ਪੁਲਿਸ ਦੀ ਵਿਸ਼ੇਸ਼ ਜਾਂਚ ਟੀਮ ਦਾ ਗਠਨ ਕੀਤਾ ਗਿਆ ਸੀ।

ਆਗੂਆਂ ਨੇ ਕਿਹਾ ਕਿ ਇਸ ਜਾਂਚ ਟੀਮ ਵੱਲੋਂ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਅਤੇ ਪੁਲਿਸ ਗੋਲੀ ਕਾਂਡ ਦੀ ਜਾਂਚ ਨਿਰਪੱਖ ਤਰੀਕੇ ਨਾਲ ਕੀਤੀ ਜਾ ਰਹੀ ਸੀ। ਉਨ੍ਹਾਂ ਕਿਹਾ ਕਿ ਹੁਣ ਜਦੋਂ ਜਾਂਚ ਦਾ ਸੇਕ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ, ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਅਤੇ ਸਾਬਕਾ ਡੀ.ਜੀ.ਪੀ. ਸੁਮੇਧ ਸਿੰਘ ਸੈਣੀ ਤੱਕ ਪਹੁੰਚਣ ਲੱਗਾ ਸੀ ਤਾਂ ਸ਼੍ਰੋਮਣੀ ਅਕਾਲੀ ਦਲ ਅਤੇ ਭਾਜਪਾ ਨੇ ਸਾਜ਼ਿਸ਼ ਤਹਿਤ ਜਾਂਚ ਟੀਮ ਦੇ ਅਧਿਕਾਰੀ ਕੁੰਵਰ ਵਿਜੈ ਪ੍ਰਤਾਪ ਸਿੰਘ ਦਾ ਤਬਾਦਲਾ ਕਰਵਾ ਦਿੱਤਾ। ਆਗੂਆਂ ਨੇ ਕਿਹਾ ਕਿ ਚੋਣ ਕਮਿਸ਼ਨ ਦੇ ਇਸ ਫੈਸਲੇ ਨਾਲ ਸਮੁੱਚੇ ਸਿੱਖ ਜਗਤ ਦੀਆਂ ਭਾਵਨਾਵਾਂ ਨੂੰ ਠੇਸ ਪਹੁੰਚੀ ਹੈ ਕਿਉਂਕਿ ਜਾਂਚ ਦੇ ਤਣ-ਪੱਤਣ ਲੱਗਣ ਦੇ ਆਸਾਰ ਬਣ ਗਏ ਸਨ।

ਜਥੇਦਾਰ ਧਿਆਨ ਸਿੰਘ ਮੰਡ ਅਤੇ ਹੋਰਨਾਂ ਪੰਥਕ ਧਿਰਾਂ ਦੇ ਆਗੂਆਂ ਨੇ ਕਿਹਾ ਕਿ ਚੋਣ ਕਮਿਸ਼ਨ ਨੂੰ ਇਸ ਮਾਮਲੇ 'ਤੇ ਅਕਾਲੀ-ਭਾਜਪਾ ਆਗੂਆਂ ਵੱਲੋਂ ਗੁਮਰਾਹ ਕੀਤਾ ਗਿਆ ਹੈ। ਉਨ੍ਹਾਂ ਕਿਹਾ ਕਿ ਜਿਹੜੀ ਜਾਂਚ ਕਮੇਟੀ ਦੀ ਨਿਗਰਾਨੀ ਪੰਜਾਬ ਤੇ ਹਰਿਆਣਾ ਹਾਈ ਕੋਰਟ ਵੱਲੋਂ ਕੀਤੀ ਜਾ ਰਹੀ ਹੈ ਉਸ ਦਾ ਚੋਣਾਂ ਨਾਲ ਕੋਈ ਸਬੰਧ ਨਹੀਂ ਤੇ ਕਿਸੇ ਨਾਲ ਧੱਕਾ ਹੋਣ ਦੀ ਵੀ ਕੋਈ ਗੁੰਜਾਇਸ਼ ਨਹੀਂ ਹੈ।

ਪੰਥਕ ਧਿਰਾਂ ਦੇ ਨੁਮਾਇੰਦਿਆਂ ਨੇ ਕਿਹਾ ਕਿ ਚੋਣ ਕਮਿਸ਼ਨ ਨੂੰ ਸਮੀਖਿਆ ਕਰਨੀ ਚਾਹੀਦੀ ਹੈ ਕਿ ਅਕਾਲੀਆਂ ਵੱਲੋਂ ਡੇਰਾ ਸਿਰਸਾ ਦੀ ਸਿਆਸੀ ਮੰਤਵਾਂ ਲਈ ਵਰਤੋਂ ਕੀਤੀ ਜਾਂਦੀ ਹੈ। 'ਸਿਟ' ਵੱਲੋਂ ਡੇਰਾ ਸਿਰਸਾ ਦਾ ਮੁਖੀ ਜੋ ਕਿ ਇਸ ਸਮੇਂ ਜੇਲ੍ਹ ਵਿਚ ਬੰਦ ਹੈ ਨੂੰ ਵੀ ਤਫਤੀਸ਼ ਵਿਚ ਸ਼ਾਮਲ ਕੀਤਾ ਜਾਣਾ ਸੀ।

ਉਨ੍ਹਾਂ ਕਿਹਾ ਕਿ ਅਕਾਲੀ ਨੇਤਾਵਾਂ ਦੀ ਕਿਉਂਕਿ ਡੇਰਾ ਸਿਰਸਾ ਨਾਲ ਗੰਢਤੁੱਪ ਜੱਗ ਜ਼ਾਹਿਰ ਹੋ ਜਾਣੀ ਸੀ। ਇਸ ਲਈ ਸਾਜ਼ਿਸ਼ ਅਧੀਨ ਪੁਲੀਸ ਅਧਿਕਾਰੀ ਨੂੰ ਜਾਂਚ ਤੋਂ ਲਾਂਭੇ ਕਰ ਦਿੱਤਾ। ਪੰਥਕ ਜਥੇਬੰਦੀਆਂ ਦੇ ਨੁਮਾਇੰਦਿਆਂ ਨੇ 17 ਸੈਕਟਰ 'ਚ ਮਾਰਚ ਕਰਕੇ ਰਾਜ ਦੇ ਮੁੱਖ ਚੋਣ ਅਧਿਕਾਰੀ ਡਾ. ਐਸ. ਕਰੁਣਾ ਰਾਜੂ ਨੂੰ ਮੰਗ ਪੱਤਰ ਵੀ ਦਿੱਤਾ। ਉਨ੍ਹਾਂ ਆਈ.ਜੀ. ਨੂੰ 'ਸਿਟ' ਦੇ ਮੈਂਬਰ ਵਜੋਂ ਤੁਰੰਤ ਬਹਾਲ ਕਰਨ ਦੀ ਮੰਗ ਕੀਤੀ।

# ਬੀਬੀ ਪਰਮਜੀਤ ਕੌਰ ਖਾਲੜਾ ਦੀ ਚੋਣ ਮੁਹਿੰਮ ਤੇ ਗੁਰੂ ਗ੍ਰੰਥ ਸਾਹਿਬ ਦੀ ਵਿਚਾਰਧਾਰਾ

**ਤਰਨਤਾਰਨ (ਬਿਊਰੋ):** ਖਾਲੜਾ ਮਿਸ਼ਨ ਆਰਗੇਨਾਈਜੇਸ਼ਨ ਨੇ ਅਕਾਲੀ ਦਲ (ਬਾਦਲ) ਦੇ ਮੁਖ ਬੁਲਾਰੇ ਪ੍ਰੋ. ਵਿਰਸਾ ਸਿੰਘ ਵਲਟੋਹਾ ਅਤੇ ਹਲਕਾ ਖਡੂਰ ਸਾਹਿਬ ਤੋਂ ਕਾਂਗਰਸ ਪਾਰਟੀ ਦੇ ਉਮੀਦਵਾਰ ਜਸਬੀਰ ਸਿੰਘ ਡਿੰਪਾ ਵਲੋਂ ਅਕਾਲ ਤਖਤ ਸਾਹਿਬ ਦੇ ਜਥੇਦਾਰ ਤੋਂ ਮੰਗ ਕੀਤੇ ਜਾਣ ਕਿ ਗੁਰੂ ਗ੍ਰੰਥ ਸਾਹਿਬ ਦੀ ਵਿਚਾਰਧਾਰਾ ਨੂੰ ਆਪਣਾ ਚੋਣ ਮੈਨੀਫੈਸਟੋ ਕਹਿਣ ਦੇ ਦੋਸ਼ ਵਿਚ ਬੀਬੀ ਪਰਮਜੀਤ ਕੌਰ ਖਾਲੜਾ ਨੂੰ ਅਕਾਲ ਤਖਤ ਸਾਹਿਬ 'ਤੇ ਤਲਬ ਕਰਨ ਅਤੇ ਸਜ਼ਾ ਲਾਉਣ ਦੇ ਬਿਆਨ ਦਾ ਗੰਭੀਰ ਨੋਟਿਸ ਲੈਂਦਿਆਂ ਕਿਹਾ ਹੈ ਕਿ ਜਥੇਦਾਰ ਨੂੰ ਤਲਬ ਜ਼ਰੂਰ ਕਰਨਾ ਚਾਹੀਦਾ ਹੈ, ਪਰ ਉਨ੍ਹਾਂ ਨੂੰ, ਜਿਨ੍ਹਾਂ ਨੇ ਅਕਾਲ ਤਖਤ ਸਾਹਿਬ ਢਾਹਿਆ ਤੇ ਢੁਹਾਇਆ; ਦਰਬਾਰ ਸਾਹਿਬ ਉਤੇ ਫੌਜੀ ਹਮਲਾ ਕੀਤਾ ਅਤੇ ਕਰਵਾਇਆ; ਗੁਰੂ ਅਰਜਨ ਦੇਵ ਜੀ ਦੇ ਸ਼ਹੀਦੀ ਦਿਹਾੜੇ ਉਤੇ ਮੱਥਾ ਟੇਕਣ ਆਈ ਸੰਗਤ ਦਾ ਕਤਲੇਆਮ ਕੀਤਾ ਤੇ ਕਰਵਾਇਆ; 25 ਹਜ਼ਾਰ ਸਿੱਖ ਨੌਜਵਾਨਾਂ ਦੀਆਂ ਲਾਵਾਰਿਸ ਲਾਸ਼ਾਂ ਕਰਾਰ ਦੇ ਕੇ ਸਸਕਾਰੀਆਂ ਤੇ ਜਿਨ੍ਹਾਂ ਨੇ ਇਸ ਕੰਮ ਵਿਚ ਉਨ੍ਹਾਂ ਦੀ ਮਦਦ ਕੀਤੀ।

ਖਾਲੜਾ ਮਿਸ਼ਨ ਆਰਗੇਨਾਈਜੇਸ਼ਨ ਨੇ ਬਿਆਨ ਵਿਚ ਕਿਹਾ ਹੈ ਕਿ ਉਨ੍ਹਾਂ ਨੂੰ ਸ੍ਰੀ ਅਕਾਲ ਤਖਤ ਸਾਹਿਬ ਉਤੇ ਜ਼ਰੂਰ ਤਲਬ ਕੀਤਾ ਜਾਣਾ ਚਾਹੀਦਾ ਹੈ, ਜਿਨ੍ਹਾਂ ਨੇ ਭਾਈ ਜਸਵੰਤ ਸਿੰਘ ਖਾਲੜਾ ਨੂੰ ਘਰੋਂ ਚੁੱਕ ਕੇ ਸ਼ਹੀਦ ਕੀਤਾ ਤੇ ਕਰਵਾਇਆ; ਪੰਜਾਬ ਦੇ ਨੌਜਵਾਨਾਂ ਨੂੰ ਨਸ਼ਿਆਂ ਦੀ ਲਤ ਲਾਈ ਤੇ ਲੁਆਈ। ਉਨ੍ਹਾਂ ਨੂੰ ਅਕਾਲ ਤਖਤ ਸਾਹਿਬ ਉਤੇ ਤਲਬ ਜ਼ਰੂਰ ਕੀਤਾ ਜਾਣਾ ਚਾਹੀਦਾ ਹੈ, ਜਿਨ੍ਹਾਂ ਨੇ ਪੰਜਾਬ ਦੇ ਲੋਕਾਂ ਦੀ ਲੁੱਟ-ਕੁੱਟ ਕੀਤੀ ਤੇ ਕਰਵਾਈ ਅਤੇ ਹੁਣ ਅਰਬਾਂ ਖਰਬਾਂ ਦੇ ਮਾਲਕ ਬਣ ਕੇ ਲੋਕਾਂ ਨੂੰ ਗੁੰਮਰਾਹ ਕਰ ਰਹੇ ਹਨ, ਜਦੋਂ ਕਿ ਪੰਜਾਬ ਦੀ ਜਵਾਨੀ ਤੇ ਕਿਸਾਨੀ ਗਰੀਬੀ ਤੇ ਬੇਰੁਜ਼ਗਾਰੀ ਦਾ ਸਰਾਪ ਸਹਿੰਦੀ ਹੋਈ ਖੁਦਕੁਸ਼ੀਆਂ ਕਰ ਰਹੀ ਹੈ ਜਾਂ ਪਰਦੇਸਾਂ ਵਿਚ ਜਾ ਕੇ ਰੁਲਣ ਲਈ ਮਜਬੂਰ ਹੈ। ਇਹੀ ਲੋਕ ਸਨ, ਜਿਨ੍ਹਾਂ ਨੇ ਸਿੱਖ ਨੌਜਵਾਨਾਂ ਨੂੰ ਹਥਿਆਰ ਚੁੱਕਣ ਲਈ ਪ੍ਰੇਰਿਆ ਤੇ ਹੁਣ ਆਪਣੀ ਆਤਮਾ ਵੇਚ ਕੇ ਰਾਜਸੱਤਾ ਦਾ ਸੁੱਖ ਮਾਣ ਰਹੇ ਹਨ।

ਖਾਲੜਾ ਮਿਸ਼ਨ ਆਰਗੇਨਾਈਜੇਸ਼ਨ ਨੇ ਕਿਹਾ ਹੈ ਕਿ ਦਰਅਸਲ ਇਹੀ ਨਿਖੇੜਾ ਹੈ, ਜੋ ਬੀਬੀ ਪਰਮਜੀਤ ਕੌਰ ਖਾਲੜਾ ਪੰਜਾਬ ਦੀ ਰਾਜਨੀਤੀ ਵਿਚ ਕਰਨਾ ਚਾਹੁੰਦੇ ਹਨ। ਇਸ ਵੇਲੇ ਪੰਜਾਬ ਦੀ ਰਾਜਨੀਤੀ ਵਿਚ ਨੈਤਿਕਤਾ ਜਾਂ ਸਦਾਚਾਰ ਨਾਂ ਦੀ ਕੋਈ ਚੀਜ਼ ਨਹੀਂ ਬਚੀ। ਹਰ ਹੀਲੇ-ਵਸੀਲੇ ਚੋਣ ਜਿੱਤਣ ਲਈ ਹਰ ਕਿਸਮ ਦੀ ਠੱਗੀ ਤੇ ਝੂਠ-ਫਰੇਬ-ਪਖੰਡ ਕੀਤੇ ਜਾ ਰਹੇ ਹਨ। ਜਿਸ ਮਾਇਆ ਬਾਰੇ ਗੁਰੂ ਸਾਹਿਬ ਨੇ ਕਿਹਾ ਹੈ, 'ਪਾਪਾ ਬਾਝਹੁ ਹੋਵੈ ਨਾਹੀ ਮੁਇਆ ਸਾਥਿ ਨ ਜਾਈ', ਲੋਕਾਂ ਦੀ ਲੁੱਟ ਤੇ ਕੁੱਟ ਨਾਲ ਇਕੱਠੀ ਕੀਤੀ ਉਸ ਮਾਇਆ ਦੀ ਅੰਨ੍ਹੀ ਵਰਤੋਂ ਕਰਕੇ ਤੇ ਮੀਡੀਏ ਦੇ ਵੱਡੇ ਹਿੱਸੇ ਨੂੰ ਖਰੀਦ ਕੇ ਹਲਕਾ ਖਡੂਰ ਸਾਹਿਬ ਦੇ ਲੋਕਾਂ ਨੂੰ ਭਰਮਾਉਣ ਤੇ ਗੁੰਮਰਾਹ ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ।

ਜਥੇਬੰਦੀ ਨੇ ਕਿਹਾ ਹੈ ਕਿ ਬੀਬੀ ਪਰਮਜੀਤ ਕੌਰ ਖਾਲੜਾ ਪੰਜਾਬ ਦੀ ਰਾਜਨੀਤੀ ਵਿਚੋਂ ਇਸ ਠੱਗੀ ਤੇ ਝੂਠ-ਫਰੇਬ ਨੂੰ ਖਤਮ ਕਰਨ ਲਈ ਨੈਤਿਕਤਾ ਤੇ ਸਦਾਚਾਰ ਦਾ ਬੋਲਬਾਲਾ ਕਰਨਾ ਚਾਹੁੰਦੇ ਹਨ, ਜਿਸ ਦਾ ਸੋਮਾ ਗੁਰੂ ਗ੍ਰੰਥ ਸਾਹਿਬ ਦੀ ਵਿਚਾਰਧਾਰਾ ਹੈ ਅਤੇ ਇਹ ਗੱਲ ਬੀਬੀ ਪਰਮਜੀਤ ਕੌਰ ਖਾਲੜਾ ਨੇ ਪਹਿਲੀ ਵਾਰ ਨਹੀਂ ਕਹੀ। ਇਹੀ ਐਲਾਨ ਬਹੁਜਨ ਸਮਾਜ ਪਾਰਟੀ ਦੇ ਬਾਨੀ ਪ੍ਰਧਾਨ ਬਾਬੂ ਕਾਂਸ਼ੀ ਰਾਮ ਨੇ ਪਾਰਲੀਮੈਂਟ ਵਿਚ ਬੋਲਦਿਆਂ ਆਪਣੀ ਪਹਿਲੀ ਤਕਰੀਰ ਵਿਚ ਕੀਤਾ ਸੀ। ਪਹਿਲੀ ਵਾਰ ਉਨ੍ਹਾਂ ਨੇ ਪਾਰਲੀਮੈਂਟ ਵਿਚ ਕਿਹਾ ਸੀ ਕਿ ਮੈਂ ਗੁਰੂ ਗ੍ਰੰਥ ਸਾਹਿਬ ਦੀ ਵਿਚਾਰਧਾਰਾ ਨੂੰ ਕਸ਼ਮੀਰ ਤੋਂ ਕੰਨਿਆਕੁਮਾਰੀ ਤਕ ਫੈਲਾਉਣਾ ਚਾਹੁੰਦਾ ਹਾਂ।

ਇਹੀ ਗੱਲ ਅਮਰ ਸ਼ਹੀਦ ਭਾਈ ਜਸਵੰਤ ਸਿੰਘ ਖਾਲੜਾ ਨੇ ਕੈਨੇਡਾ ਵਿਖੇ ਸੰਗਤ ਨੂੰ ਸੰਬੋਧਨ ਕਰਦਿਆਂ ਆਪਣੀ ਆਖਰੀ ਤਕਰੀਰ ਵਿਚ ਕਹੀ ਸੀ। ਉਨ੍ਹਾਂ ਨੇ ਕਿਹਾ ਸੀ ਕਿ ਇਕੀਵੀਂ ਸਦੀ ਸਿਰਜਣ ਵਾਲੇ ਫਿਲਾਸਫਰ ਅਜਿਹੇ ਸਿਧਾਂਤ ਲਿਆ ਰਹੇ ਹਨ, ਜਿਸ ਨੂੰ ਉਹ ਨੈਤਿਕਤਾ ਆਧਾਰਤ ਰਾਜਨੀਤੀ ਕਹਿੰਦੇ ਹਨ। ਇਹੀ ਸਾਡੇ ਸਤਿਗੁਰ ਦੀ ਬਖਸ਼ੀ ਧਰਮ ਆਧਾਰਤ ਰਾਜਨੀਤੀ ਹੈ, ਜੋ ਮੰਨਦੀ ਹੈ ਕਿ ਜਦੋਂ ਰਾਜਾ ਧਰਮ ਤੋਂ ਦੂਰ ਹੋ ਜਾਏ ਤਾਂ ਉਹ ਸ਼ੀਹ ਬਣ ਜਾਂਦਾ ਹੈ ਤੇ ਅਹਿਲਕਾਰ ਕੁੱਤੇ ਬਣ ਜਾਂਦੇ ਨੇ, ਤੇ ਜੇ ਚੰਗਾ ਰਾਜ ਤੇ ਚੰਗਾ ਸਮਾਜ ਸਿਰਜਣਾ ਚਾਹੁੰਦੇ ਹੋ ਤਾਂ ਧਰਮ ਦਾ ਕੁੰਡਾ ਰਾਜ ਦੇ ਉਪਰ ਹੋਣਾ ਚਾਹੀਦਾ ਹੈ। ਇਹ ਫਿਲਾਸਫੀ ਸਿਰਫ ਸਿੱਖਾਂ ਨੂੰ ਨਹੀਂ ਸਗੋਂ ਸਮੁੱਚੀ ਮਾਨਵਤਾ ਨੂੰ ਸਾਡੇ ਸਤਿਗੁਰਾਂ ਨੇ ਦਿਤੀ ਸੀ। ਪਰਿਵਾਰਕ, ਸਮਾਜਕ ਤੇ ਰਾਜਨੀਤਕ ਬੀਮਾਰੀਆਂ ਤੋਂ ਛੁਟਕਾਰਾ ਪਾਉਣ ਲਈ ਅਜਿਹੀ ਰਾਜਨੀਤੀ ਹੀ ਕੰਮ ਆ ਸਕਦੀ ਹੈ। ਇਸੇ ਧਾਰਨਾ ਦੀ ਵਿਆਖਿਆ ਬੀਬੀ ਪਰਮਜੀਤ ਕੌਰ ਖਾਲੜਾ ਕਰ ਰਹੀ ਹੈ।


## ਪ੍ਰੋਫੈਸ਼ਨਲ ਤੰਦੂਰੀਏ ਦੀ ਲੋੜ ਹੈ

ਆਇਓਵਾ ਸਟੇਟ ਵਿਚ ਇੰਡੀਅਨ ਰੈਸਟੋਰੈਂਟ ਲਈ ਪ੍ਰੋਫੈਸ਼ਨਲ ਤੰਦੂਰੀਏ ਦੀ ਲੋੜ ਹੈ ਜੋ ਤੰਦੂਰ ਦਾ ਸਾਰਾ ਕੰਮ ਜਾਣਦਾ ਹੋਵੇ।

ਚੰਗੀ ਤਨਖਾਹ; ਖਾਣਾ ਤੇ ਰਿਹਾਇਸ਼ ਮੁਫਤ

*ਸੰਪਰਕ ਕਰੋ: ਮਿ. ਸਿੰਘ*

ਫੋਨ: 515-291-1961

17-18

**Punjab Times**

**Established in 2000**
**20th Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018
**Ph:847-359-0746**
**Fax:847-705-9388**
Email:punjabtimes1@gmail.com
www.punjabtimesusa.com

**Editor:**
Amolak Singh Jammu
**Astt. Editors:**
Jaspreet Kaur
Kuljeet Singh

**Photographer**
Kamaljit Singh Virdi
Ph. 847-502-2703

**Our Columnists**
Gurbakhsh Singh Bhandal
Baljit Basi
Ashok Bhaura
Tarlochan Singh Dupalpur
Major Kular
**Corrspondents**
**Detroit, MI**
Rajinder Syan
734-261-0936
**New York**
Iqbal S. Jabowalia
917-375-6395

Postmaster: Please send address changes to Punjab Times, 20451 N. Plum Grove Rd., Palatine, IL 60074

**Distributed in:**
California, Illinois, Indiana, Ohio, Michigan, Wisconsin, Mississippi, Iowa, Arkansas, Massachusetts, Texas, Virginia, Nevada, Washington, Oregon, Arizona, Georgia, Florida, New York, New Jersey, Connecticut, Oklahoma, Pennsylvania, Missouri, Kentucky, Kansas.

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 100 ਡਾਲਰ**
**ਪੰਜ ਸਾਲ ਲਈ: 450 ਡਾਲਰ**

**ਨੋਟ:** ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ ਜਾਣਕਾਰੀ ਹਿੱਤ ਛਾਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵਿਆਂ ਦੀ ਪੁਸ਼ਟੀ ਆਪ ਕਰ ਲੈਣ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claims made in the advertisements published in Punjab Times.

**All disputes subject to Chicago jurisdiction.**

# ਭਾਜਪਾ ਨੇ ਗੁਰਦਾਸਪੁਰ ਤੋਂ ਸਨੀ ਦਿਓਲ ਨੂੰ ਦਿੱਤੀ ਟਿਕਟ

**ਚੰਡੀਗੜ੍ਹ:** ਲੋਕ ਸਭਾ ਚੋਣਾਂ ਲਈ ਭਾਜਪਾ ਨੇ ਆਪਣੇ ਉਮੀਦਵਾਰਾਂ ਦੀ 26ਵੀਂ ਲਿਸਟ ਜਾਰੀ ਕਰ ਦਿੱਤੀ ਹੈ। ਇਸ ਦੇ ਤਹਿਤ ਗੁਰਦਾਸਪੁਰ ਤੋਂ ਬਾਲੀਵੁੱਡ ਅਦਾਕਾਰ ਸਨੀ ਦਿਓਲ ਨੂੰ ਲੋਕ ਸਭਾ ਉਮੀਦਵਾਰ ਐਲਾਨਿਆ ਗਿਆ ਹੈ। ਉਨ੍ਹਾਂ ਦਾ ਮੁਕਾਬਲਾ ਕਾਂਗਰਸ ਦੇ ਉਮੀਦਵਾਰ ਤੇ ਸੂਬਾ ਪ੍ਰਧਾਨ ਸੁਨੀਲ ਜਾਖੜ ਨਾਲ ਹੋਏਗਾ। ਉਧਰ ਹੁਸ਼ਿਆਰਪੁਰ ਲੋਕ ਸਭਾ ਸੀਟ ਤੋਂ ਕੇਂਦਰੀ ਰਾਜ ਮੰਤਰੀ ਵਿਜੇ ਸਾਂਪਲਾ ਦੀ ਟਿਕਟ ਕੱਟੀ ਗਈ ਹੈ। ਉਨ੍ਹਾਂ ਦੀ ਥਾਂ ਬੀ.ਜੇ.ਪੀ. ਨੇ ਸੇਵਾ ਮੁਕਤ ਆਈ.ਏ.ਐਸ. ਅਫਸਰ ਸੋਮ ਪ੍ਰਕਾਸ਼ ਨੂੰ ਉਮੀਦਵਾਰ ਐਲਾਨਿਆ ਹੈ। ਹਾਲਾਂਕਿ ਪਿਛਲੀਆਂ 2014 ਲੋਕ ਸਭਾ ਚੋਣਾਂ ਵਿਚ ਵਿਜੇ ਸਾਂਪਲਾ ਨੇ ਜਿੱਤ ਹਾਸਲ ਕੀਤੀ ਸੀ ਪਰ ਪਾਰਟੀ ਨੇ ਉਨ੍ਹਾਂ ਦੀ ਥਾਂ ਫਗਵਾੜਾ ਤੋਂ ਮੌਜੂਦਾ ਵਿਧਾਇਕ 'ਤੇ ਭਰੋਸਾ ਜਤਾਇਆ ਹੈ। ਹੁਸ਼ਿਆਰਪੁਰ ਤੋਂ ਕਾਂਗਰਸ ਵੱਲੋਂ ਡਾ. ਰਾਜ ਕੁਮਾਰ ਚੱਬੇਵਾਲ ਚੋਣ ਮੈਦਾਨ 'ਚ ਹਨ।

ਇਸ ਤੋਂ ਇਲਾਵਾ 26ਵੀਂ ਲਿਸਟ ਵਿਚ ਪਾਰਟੀ ਨੇ ਚੰਡੀਗੜ੍ਹ ਸੀਟ ਤੋਂ ਮੌਜੂਦਾ ਸੰਸਦ ਮੈਂਬਰ ਕਿਰਨ ਖੇਰ 'ਤੇ ਮੁੜ ਭਰੋਸਾ ਕੀਤਾ ਹੈ। ਕਾਂਗਰਸ ਨੇ ਚੰਡੀਗੜ੍ਹ ਸੀਟ ਤੋਂ ਪਵਨ ਕੁਮਾਰ ਬਾਂਸਲ ਨੂੰ ਲੋਕ ਸਭ ਉਮੀਦਵਾਰ ਐਲਾਨਿਆ ਹੈ। ਇਸ ਦੇ ਨਾਲ ਹੀ ਬੀ.ਜੇ.ਪੀ. ਨੇ ਪੰਜਾਬ ਵਿਚ ਆਪਣੇ ਹਿੱਸੇ ਦੀਆਂ ਤਿੰਨੇ ਸੀਟਾਂ ਤੋਂ ਉਮੀਦਵਾਰਾਂ ਦਾ ਐਲਾਨ ਕਰ ਦਿੱਤਾ ਹੈ। ਪਾਰਟੀ ਨੇ ਅੰਮ੍ਰਿਤਸਰ ਸੀਟ ਤੋਂ ਕੇਂਦਰੀ ਮੰਤਰੀ ਹਰਦੀਪ ਸਿੰਘ ਪੁਰੀ ਨੂੰ ਉਮੀਦਵਾਰ ਐਲਾਨਿਆ ਹੈ।

## ਦਿੱਲੀ ਤੋਂ ਹੰਸਰਾਜ ਹੰਸ ਨੂੰ ਮੈਦਾਨ ਵਿਚ ਉਤਾਰਿਆ

**ਨਵੀਂ ਦਿੱਲੀ:** ਭਾਜਪਾ ਨੇ ਦਿੱਲੀ ਵਿਚ ਆਪਣਾ ਆਖਰੀ ਉਮੀਦਵਾਰ ਚੋਣ ਮੈਦਾਨ 'ਚ ਉਤਾਰ ਦਿੱਤਾ ਹੈ। ਭਾਜਪਾ ਨੇ ਉੱਤਰ-ਪੱਛਮੀ ਦਿੱਲੀ ਤੋਂ ਗਾਇਕ ਹੰਸਰਾਜ ਹੰਸ ਨੂੰ ਟਿਕਟ ਦੇ ਦਿੱਤੀ ਹੈ। ਹੰਸਰਾਜ ਹੰਸ ਨੂੰ ਬੀ.ਜੇ.ਪੀ. ਦੇ ਮੌਜੂਦਾ ਸੰਸਦ ਮੈਂਬਰ ਉਦਿਤ ਰਾਜ ਦੀ ਥਾਂ ਟਿਕਟ ਦਿੱਤਾ ਗਿਆ ਹੈ। ਉੱਤਰੀ ਪੱਛਮੀ ਦਿੱਲੀ ਰਾਖਵੀਂ ਸੀਟ ਹੈ। ਦੱਸ ਦਈਏ ਕਿ ਦਿੱਲੀ ਦੀਆਂ ਸੱਤ ਸੀਟਾਂ ਉਤੇ ਭਾਜਪਾ ਨੇ 6 ਉਮੀਦਵਾਰ ਪਹਿਲਾਂ ਹੀ ਐਲਾਨ ਦਿੱਤੇ ਸਨ, ਬੱਸ ਇਕ ਸੀਟ ਉਤੇ ਫੈਸਲਾ ਬਾਕੀ ਸੀ। ਭਾਜਪਾ ਦੇ ਇਸ ਫੈਸਲੇ ਪਿਛੋਂ ਉਦਿਤ ਰਾਜ ਭੜਕ ਗਏ ਤੇ ਪ੍ਰਧਾਨ ਮੰਤਰੀ ਮੋਦੀ ਤੇ ਭਾਜਪਾ ਪ੍ਰਧਾਨ ਅਮਿਤ ਸ਼ਾਹ 'ਤੇ ਨਿਸ਼ਾਨਾ ਸਾਧਿਆ।

## ਨਾਬਾਲਗ ਧੀ ਨਾਲ ਜਬਰ ਜਨਾਹ ਕਰਨ ਵਾਲੇ ਨੂੰ ਉਮਰ ਕੈਦ

**ਗੁਰਦਾਸਪੁਰ:** ਨਾਬਾਲਗ ਧੀ ਨਾਲ ਜਬਰ ਜਨਾਹ ਕਰਨ ਵਾਲੇ ਇਕ ਕਲਯੁਗੀ ਪਿਤਾ ਨੂੰ ਅਦਾਲਤ ਵਲੋਂ ਉਮਰ ਕੈਦ ਅਤੇ 50 ਹਜ਼ਾਰ ਰੁਪਏ ਜੁਰਮਾਨੇ ਦੀ ਸਜਾ ਸੁਣਾਈ ਗਈ। ਰਜਨੀ ਬਾਲਾ ਪਤਨੀ ਸੰਦੀਪ ਸ਼ਰਮਾ ਵਾਸੀ ਕਾਦੀਆਂ ਵਲੋਂ 9 ਜੁਲਾਈ 2018 ਨੂੰ ਪੁਲਿਸ ਥਾਣਾ ਸੇਖਵਾਂ ਵਿਖੇ ਇਸ ਸਬੰਧੀ ਸ਼ਿਕਾਇਤ ਦਰਜ ਕਰਵਾਈ ਗਈ ਸੀ।

ਪੁਲਿਸ ਨੂੰ ਦਿੱਤੀ ਗਈ ਸ਼ਿਕਾਇਤ ਮੁਤਾਬਿਕ ਰਜਨੀ ਬਾਲਾ ਨੇ ਦੱਸਿਆ ਕਿ ਉਨ੍ਹਾਂ ਨੂੰ ਜ਼ਿਲ੍ਹਾ ਬਾਲ ਸੁਰੱਖਿਆ ਦੇ ਯੂਨਿਟ 'ਚ ਖ਼ੁਫ਼ੀਆ ਰਿਪੋਰਟ ਮਿਲੀ ਸੀ ਕਿ ਇਕ ਪਿਤਾ ਆਪਣੀ 13 ਸਾਲਾਂ ਦੀ ਨਾਬਾਲਗ ਲੜਕੀ ਨਾਲ ਪਿਛਲੇ ਇਕ ਸਾਲ ਤੋਂ ਜਬਰ ਜਨਾਹ ਕਰ ਰਿਹਾ ਹੈ ਅਤੇ ਇਹ ਨਾਬਾਲਗ ਬੱਚੀ ਮਾਂ ਬਣਨ ਵਾਲੀ ਹੈ, ਜਿਸ ਤੋਂ ਬਾਅਦ ਰਜਨੀ ਬਾਲਾ ਵਲੋਂ ਇਹ ਸਾਰਾ ਮਾਮਲਾ ਥਾਣਾ ਸੇਖਵਾਂ ਦੀ ਪੁਲਿਸ ਦੇ ਧਿਆਨ 'ਚ ਲਿਆਂਦਾ ਗਿਆ। ਮਾਮਲੇ ਦੀ ਤਫ਼ਤੀਸ਼ ਕਰਦੇ ਹੋਏ ਪੁਲਿਸ ਵਲੋਂ ਕਲਯੁਗੀ ਪਿਤਾ 'ਤੇ ਜਬਰ ਜਨਾਹ ਦੀਆਂ ਵੱਖ-ਵੱਖ ਧਰਾਵਾਂ ਤਹਿਤ ਮਾਮਲਾ ਦਰਜ ਕੀਤਾ। ਇਸ ਮਾਮਲੇ ਦੀ ਗਹਿਰਾਈ ਪੜਤਾਲ ਕਰਦੇ ਹੋਏ ਵਧੀਕ ਸੈਸ਼ਨ ਜੱਜ ਪ੍ਰੇਮ ਕੁਮਾਰ ਦੀ ਅਦਾਲਤ ਵਲੋਂ ਪਿਤਾ ਨੂੰ ਦੋਸ਼ੀ ਕਰਾਰ ਦਿੰਦੇ ਹੋਏ ਉਮਰ ਕੈਦ ਅਤੇ 50 ਹਜ਼ਾਰ ਰੁਪਏ ਜੁਰਮਾਨੇ ਦੀ ਸਜਾ ਸੁਣਾਈ ਗਈ।

# ਝੂਠੇ ਪੁਲਿਸ ਮੁਕਾਬਲੇ ਮਾਮਲੇ ਵਿਚ ਉਮਰਾਨੰਗਲ ਨੂੰ ਪਵੇਗਾ ਘੇਰਾ

**ਚੰਡੀਗੜ੍ਹ:** ਬੇਅਦਬੀ ਤੇ ਗੋਲੀ ਕਾਂਡ ਵਿਚ ਘਿਰੇ ਆਈ.ਜੀ ਪਰਮਰਾਜ ਉਮਰਾਨੰਗਲ ਦੀਆਂ ਮੁਸ਼ਕਲਾਂ ਵਧ ਸਕਦੀਆਂ ਹਨ। ਝੂਠੇ ਪੁਲਿਸ ਮੁਕਾਬਲੇ ਮਾਮਲੇ ਦੀ ਹੁਣ 3 ਮੈਂਬਰੀ ਐਸ.ਆਈ.ਟੀ ਜਾਂਚ ਕਰੇਗੀ। ਇਹ ਐਸ.ਆਈ.ਟੀ ਹਾਈਕੋਰਟ ਦੇ ਹੁਕਮਾਂ ਉਤੇ ਬਣਾਈ ਗਈ ਹੈ। ਇਹ ਸਿੱਟ ਡੀ.ਜੀ.ਪੀ. ਸਿਧਾਰਥ ਚਟੋਪਧਿਆਏ ਦੀ ਅਗਵਾਈ ਵਿਚ ਬਣੀ ਹੈ।

ਦੱਸ ਦਈਏ ਕਿ ਇਹ ਮਾਮਲਾ 1994 ਵਿਚ ਸੁਖਪਾਲ ਸਿੰਘ ਦੇ ਝੂਠੇ ਮੁਕਾਬਲੇ ਦਾ ਹੈ। ਸਾਲ 1994 ਦੌਰਾਨ ਜਦੋਂ ਪਰਮਰਾਜ ਸਿੰਘ ਉਮਰਾਨੰਗਲ ਰੋਪੜ ਵਿਚ ਡੀ.ਐਸ.ਪੀ. ਅਹੁਦੇ 'ਤੇ ਤਾਇਨਾਤ ਸੀ, ਤਾਂ ਉਸ ਵੇਲੇ ਉਨ੍ਹਾਂ ਨੇ ਗੁਰਨਾਮ ਸਿੰਘ ਬੰਦਾਲਾ ਨਾਮ ਦੇ ਇਕ ਅਜਿਹੇ ਨੌਜਵਾਨ ਨੂੰ ਪੁਲਿਸ ਮੁਕਾਬਲੇ 'ਚ ਮਾਰ ਦੇਣ ਦਾ ਦਾਅਵਾ ਕੀਤਾ ਸੀ, ਜਿਸ ਦੇ ਸਿਰ 'ਤੇ ਹਜ਼ਾਰਾਂ ਰੁਪਏ ਦਾ ਇਨਾਮ ਸੀ। ਮੁਕਾਬਲੇ ਤੋਂ ਬਾਅਦ ਉਮਰਾਨੰਗਲ ਨੂੰ ਇਨਾਮ ਵੀ ਮਿਲਿਆ ਤੇ ਸ਼ਾਬਾਸ਼ੀ ਵੀ, ਪਰ ਕੁਝ ਚਿਰ ਬਾਅਦ ਜਿਸ ਗੁਰਨਾਮ ਸਿੰਘ ਬੰਦਾਲਾ ਨੂੰ ਮਾਰਨ ਦਾ ਉਮਰਾਨੰਗਲ ਨੇ ਦਾਅਵਾ ਕੀਤਾ ਸੀ, ਉਹ ਬੰਦਾਲਾ ਆਪ ਖ਼ੁਦ ਸਾਹਮਣੇ ਆ ਗਿਆ ਤੇ ਉਸ ਨੇ ਉਮਰਾਨੰਗਲ ਵੱਲੋਂ ਕੀਤੇ ਪੁਲਿਸ ਮੁਕਾਬਲੇ ਦੇ ਦਾਅਵਿਆਂ ਦੀਆਂ ਧੱਜੀਆਂ ਉਡਾ ਦਿੱਤੀਆਂ। ਫਿਰ ਸਵਾਲ ਇਹ ਉਠਿਆ ਕਿ ਉਹ ਸ਼ਖ਼ਸ ਕੌਣ ਸੀ ਜਿਸ ਨੂੰ ਉਮਰਾਨੰਗਲ ਨੇ ਪੁਲਿਸ ਮੁਕਾਬਲੇ ਦੌਰਾਨ ਮਾਰਨ ਦਾ ਦਾਅਵਾ ਕੀਤਾ ਸੀ?

ਇਸੇ ਦੌਰਾਨ ਕਾਲਾ ਅਫਗਾਨਾਂ ਇਲਾਕਾ ਵਾਸੀ ਇਕ ਵਿਅਕਤੀ ਸੁਖਪਾਲ ਸਿੰਘ ਦੀ ਪਤਨੀ ਦਲਬੀਰ ਕੌਰ ਨੇ ਪੰਜਾਬ ਅਤੇ ਹਰਿਆਣਾ ਹਾਈ ਕੋਰਟ 'ਚ ਅਰਜ਼ੀ ਪਾ ਕੇ ਦੋਸ਼ ਲਾਏ ਕਿ ਜਿਸ ਵੇਲੇ ਉਮਰਾਨੰਗਲ ਰੋਪੜ ਦੇ ਡੀ.ਐਸ.ਪੀ. ਵਜੋਂ ਤਾਇਨਾਤ ਸੀ ਤਾਂ ਉਨ੍ਹਾਂ ਨੇ ਗੁਰਨਾਮ ਸਿੰਘ ਬੰਦਾਲਾ ਨੂੰ ਨਹੀਂ, ਉਸ ਦੇ ਪਤੀ ਸੁਖਪਾਲ ਸਿੰਘ ਨੂੰ ਬੰਦਾਲਾ ਦੀ ਥਾਂ ਮਾਰ ਦਿੱਤਾ ਸੀ। ਮਾਮਲਾ ਭਖਿਆ ਤਾਂ ਉਸ ਵੇਲੇ ਗਿਆਰਾਂ ਸਾਲ ਬਾਅਦ ਇਸ ਮਾਮਲੇ ਦੀ ਐਫ.ਆਈ.ਆਰ. ਦਰਜ ਕੀਤੀ ਗਈ ਸੀ ਤੇ ਸੁਖਪਾਲ ਸਿੰਘ ਦੇ ਪਰਿਵਾਰ ਦੀ ਹੁਣ ਹਾਈ ਕੋਰਟ ਤੋਂ ਇਹ ਮੰਗ ਸੀ ਕਿ ਇਸ ਮਾਮਲੇ ਦੀ ਜਾਂਚ ਸੀ.ਬੀ.ਆਈ. ਤੋਂ ਕਰਵਾਈ ਜਾਵੇ, ਪਰ ਹਾਈ ਕੋਰਟ ਨੇ ਇਹ ਕਹਿੰਦਿਆਂ ਸੀ.ਬੀ.ਆਈ. ਨੂੰ ਇਸ ਮਾਮਲੇ ਦੀ ਜਾਂਚ ਦੇਣ ਤੋਂ ਇਨਕਾਰ ਕਰ ਦਿੱਤਾ ਕਿ ਸੀ.ਬੀ.ਆਈ. ਕੋਲ ਪਹਿਲਾਂ ਹੀ ਬਹੁਤ ਜ਼ਿਆਦਾ ਕੰਮ ਹੈ ਸੋ ਹੁਣ ਜਾਂਚ ਐਸ.ਆਈ.ਟੀ ਨੂੰ ਸੌਂਪ ਦਿੱਤੀ ਗਈ।

## ਵਿਦੇਸ਼ਾਂ 'ਚ ਪੜ੍ਹਨ ਜਾਣ ਵਾਲਿਆਂ 'ਤੇ ਆਰਥਿਕ ਮਾਰ

**ਚੰਡੀਗੜ੍ਹ:** ਭਾਰਤ ਦੀ ਵੱਡੀ ਉਡਾਣ ਕੰਪਨੀ ਜੈੱਟ ਏਅਰਵੇਜ਼ ਬੰਦ ਹੋਣ ਕਾਰਨ ਆਉਂਦੇ ਹਫਤਿਆਂ ਵਿਚ ਵਿਦੇਸ਼ ਜਾਣ ਵਾਲਿਆਂ ਨੂੰ ਵੱਡਾ ਝਟਕਾ ਸਹਿਣਾ ਪੈ ਸਕਦਾ ਹੈ। ਦਰਅਸਲ, ਜੈੱਟ ਏਅਰਵੇਜ਼ ਦੀਆਂ ਉਡਾਣਾਂ ਬੰਦ ਹੋਣ ਕਾਰਨ ਕੌਮਾਂਤਰੀ ਤੇ ਘਰੇਲੂ ਉਡਾਣਾਂ ਦੇ ਕਿਰਾਏ ਵਿਚ 100 ਤੋਂ 150 ਫੀਸਦੀ ਦਾ ਵਾਧਾ ਹੋ ਗਿਆ ਹੈ। ਮਿਸਾਲ ਵਜੋਂ ਲੰਡਨ ਜਾਣ ਲਈ ਪਹਿਲਾਂ ਜੋ ਟਿਕਟ 30 ਤੋਂ 40 ਹਜ਼ਾਰ ਰੁਪਏ ਦੀ ਸੀ, ਹੁਣ ਇਕ ਲੱਖ ਤੋਂ ਟੱਪ ਗਈ ਹੈ।

# ਨਵਜੋਤ ਕੌਰ ਸਿੱਧੂ ਮਹਾਤਮਾ ਗਾਂਧੀ ਲੀਡਰਸ਼ਿਪ ਐਵਾਰਡ ਲਈ ਨਾਮਜ਼ਦ

**ਅੰਮ੍ਰਿਤਸਰ:** ਐਨ.ਆਰ.ਆਈ. ਵੈੱਲਫੇਅਰ ਸੁਸਾਇਟੀ ਆਫ ਇੰਡੀਆ ਜਥੇਬੰਦੀ ਵੱਲੋਂ ਸਾਬਕਾ ਸੰਸਦੀ ਸਕੱਤਰ ਡਾ. ਨਵਜੋਤ ਕੌਰ ਸਿੱਧੂ ਨੂੰ ਯੂਕੇ ਵਿਚ ਮਹਾਤਮਾ ਗਾਂਧੀ ਲੀਡਰਸ਼ਿਪ ਐਵਾਰਡ-2019 ਨਾਲ ਸਨਮਾਨਤ ਕਰਨ ਲਈ ਨਾਮਜ਼ਦ ਕੀਤਾ ਹੈ।

ਜਥੇਬੰਦੀ ਦੇ ਕਨਵੀਨਰ ਦੀਪਕ ਸਿੰਘ ਨੇ ਇਸ ਸਬੰਧੀ ਡਾ. ਨਵਜੋਤ ਕੌਰ ਸਿੱਧੂ ਨੂੰ ਪੱਤਰ ਭੇਜ ਕੇ ਇਸ ਐਵਾਰਡ ਲਈ ਨਾਮਜ਼ਦ ਹੋਣ 'ਤੇ ਵਧਾਈ ਦਿੱਤੀ ਹੈ। ਉਨ੍ਹਾਂ ਪੱਤਰ ਵਿਚ ਲਿਖਿਆ ਹੈ ਕਿ ਜਥੇਬੰਦੀ ਵੱਲੋਂ ਵਰਲਡ ਐਨ.ਆਰ.ਆਈ. ਕਾਂਗਰਸ ਸੰਮੇਲਨ ਕੀਤਾ ਜਾ ਰਿਹਾ ਹੈ, ਜੋ ਮਹਾਤਮਾ ਗਾਂਧੀ ਦੇ 150ਵੇਂ ਜਨਮ ਦਿਨ ਨੂੰ ਸਮਰਪਤ ਕੀਤਾ ਗਿਆ ਹੈ।

ਇਹ ਸਮਾਗਮ 19 ਤੋਂ 21 ਮਈ ਤੱਕ ਹਾਊਸ ਆਫ ਕਾਮਨਜ਼ ਲੰਡਨ ਵਿਚ ਹੋਵੇਗਾ। ਉਨ੍ਹਾਂ ਦੱਸਿਆ ਕਿ ਜਥੇਬੰਦੀ ਦੇ ਸਲਾਹਕਾਰ ਬੋਰਡ ਵੱਲੋਂ ਮਹਾਤਮਾ ਗਾਂਧੀ ਲੀਡਰਸ਼ਿਪ ਐਵਾਰਡ-2019 ਲਈ ਡਾ. ਨਵਜੋਤ ਕੌਰ ਸਿੱਧੂ ਦਾ ਨਾਂ ਚੁਣਿਆ ਗਿਆ ਹੈ। ਉਨ੍ਹਾਂ ਨੂੰ ਇਹ ਐਵਾਰਡ ਪ੍ਰਾਪਤ ਕਰਨ ਲਈ 20 ਮਈ ਨੂੰ ਲੰਡਨ ਆਉਣ ਦਾ ਸੱਦਾ ਦਿੱਤਾ ਗਿਆ ਹੈ।

# ਸਾਊਦੀ ਅਰਬ 'ਚ ਦੋ ਪੰਜਾਬੀਆਂ ਦੇ ਸਿਰ ਕਲਮ

*(ਸਫਾ ਇਕ ਦੀ ਬਾਕੀ)*

ਵਿਦੇਸ਼ ਮੰਤਰੀ ਸੁਸ਼ਮਾ ਸਵਰਾਜ ਨੇ ਵਿਦੇਸ਼ਾਂ ਵਿਚ ਮੁਸ਼ਕਲਾਂ ਵਿਚ ਫਸੇ ਭਾਰਤੀ ਨੌਜਵਾਨਾਂ ਬਾਰੇ ਵੈਬਸਾਈਟ ਸ਼ੁਰੂ ਕੀਤੀ ਹੋਈ ਹੈ ਅਤੇ ਦਾਅਵਾ ਕੀਤਾ ਜਾਂਦਾ ਹੈ ਕਿ ਕੋਈ ਵੀ ਆਪਣੀ ਸਮੱਸਿਆ ਦੱਸੇ, ਉਸ ਦਾ ਤੁਰੰਤ ਹੱਲ ਕੀਤਾ ਜਾਂਦਾ ਹੈ ਪਰ ਇਨ੍ਹਾਂ ਨੌਜਵਾਨਾਂ ਦੀ ਹੋਣੀ ਬਾਰੇ ਵਿਦੇਸ਼ ਮੰਤਰਾਲੇ ਨੂੰ ਪਤਾ ਸੀ ਅਤੇ ਇਨ੍ਹਾਂ ਨੂੰ ਬਚਾਉਣ ਲਈ ਕੋਈ ਯਤਨ ਨਾ ਕੀਤਾ ਗਿਆ।

ਚੇਤੇ ਰਹੇ ਕਿ ਹੁਸ਼ਿਆਰਪੁਰ ਦੇ ਸਤਵਿੰਦਰ ਸਿੰਘ ਤੇ ਲੁਧਿਆਣਾ ਦੇ ਹਰਜੀਤ ਸਿੰਘ 'ਤੇ ਆਪਣੇ ਸਾਥੀ ਆਰਿਫ ਇਮਾਮੂਦੀਨ ਦੀ ਹੱਤਿਆ ਦਾ ਦੋਸ਼ ਸੀ। ਇਨ੍ਹਾਂ ਦੋਵਾਂ ਨੂੰ 9 ਦਸੰਬਰ 2015 ਨੂੰ ਗ੍ਰਿਫਤਾਰ ਕਰ ਕੇ ਰਿਆਧ ਦੀ ਜੇਲ੍ਹ 'ਚ ਬੰਦ ਕਰ ਦਿੱਤਾ ਗਿਆ ਸੀ। ਸਤਵਿੰਦਰ ਸਿੰਘ, ਹਰਜੀਤ ਸਿੰਘ ਅਤੇ ਆਰਿਫ ਇਮਾਮੂਦੀਨ ਤਿੰਨੇ ਦੋਸਤ ਸਨ ਜੋ ਮਿਲ ਕੇ ਲੁੱਟ-ਖੋਹ ਕਰਦੇ ਸਨ। ਇਨ੍ਹਾਂ ਦਾ ਲੁੱਟ ਦੇ ਰਕਮ ਦੀ ਵੰਡ ਨੂੰ ਲੈ ਕੇ ਝਗੜਾ ਹੋ ਗਿਆ ਜਿਸ ਦੌਰਾਨ ਇਮਾਮੂਦੀਨ ਮਾਰਿਆ ਗਿਆ। ਇਸ ਤੋਂ ਬਾਅਦ ਹਰਜੀਤ ਤੇ ਸਤਵਿੰਦਰ ਸ਼ਰਾਬ ਪੀ ਕੇ ਖੱਪ ਕਰਨ ਦੌਰਾਨ ਫੜੇ ਗਏ ਅਤੇ ਉਨ੍ਹਾਂ ਨੂੰ ਭਾਰਤ ਵਾਪਸ ਭੇਜਣ ਦੀ ਤਿਆਰੀ ਹੋ ਰਹੀ ਸੀ ਪਰ ਇਸ ਦੌਰਾਨ ਪਤਾ ਲੱਗਾ ਕਿ ਇਹ ਦੋਵੇਂ ਹੱਤਿਆ ਦੇ ਮਾਮਲੇ 'ਚ ਸ਼ਾਮਲ ਹਨ। ਪੁੱਛਗਿੱਛ ਦੌਰਾਨ ਇਨ੍ਹਾਂ ਦੋਵਾਂ ਨੇ ਇਮਾਮੂਦੀਨ ਦੀ ਹੱਤਿਆ ਦਾ ਦੋਸ਼ ਮੰਨ ਲਿਆ। ਵਿਦੇਸ਼ ਮੰਤਰਾਲੇ ਅਨੁਸਾਰ 31 ਮਈ 2017 ਨੂੰ ਹੋਈ ਸੁਣਵਾਈ ਦੌਰਾਨ ਭਾਰਤੀ ਦੂਤਾਵਾਸ ਦੇ ਅਧਿਕਾਰੀ ਅਦਾਲਤ 'ਚ ਮੌਜੂਦ ਸਨ ਅਤੇ ਉਨ੍ਹਾਂ ਦਾ ਮਾਮਲਾ ਅਪੀਲ ਕੋਰਟ 'ਚ ਭੇਜ ਦਿੱਤਾ ਗਿਆ ਸੀ। ਇਸ ਦੌਰਾਨ ਉਨ੍ਹਾਂ 'ਤੇ ਹਾਈਵੇ ਉਤੇ ਲੁੱਟ-ਖੋਹ ਕਰਨ ਦੇ ਦੋਸ਼ ਜੋੜੇ ਗਏ ਜਿਸ ਲਈ ਸਖਤ ਸਜ਼ਾ ਦਾ ਕਾਨੂੰਨ ਹੈ। ਸੂਤਰਾਂ ਅਨੁਸਾਰ ਇਨ੍ਹਾਂ ਦੋਵਾਂ ਨੂੰ ਮੌਤ ਦੀ ਸਜ਼ਾ ਹੋਣ ਦੀ ਪੁਸ਼ਟੀ ਉਦੋਂ ਹੋਈ ਜਦ ਸਤਵਿੰਦਰ ਦੀ ਪਤਨੀ ਸੀਮਾ ਨੇ ਵਿਦੇਸ਼ ਮੰਤਰਾਲੇ ਨਾਲ ਸੰਪਰਕ ਕੀਤਾ ਅਤੇ ਸੀਮਾ ਨੂੰ ਮਿਲੇ ਪੱਤਰ 'ਚ ਦੱਸਿਆ ਗਿਆ ਕਿ ਸਤਵਿੰਦਰ ਤੇ ਹਰਜੀਤ ਨੂੰ ਮੌਤ ਦੀ ਸਜ਼ਾ ਦਿੱਤੀ ਜਾ ਚੁੱਕੀ ਹੈ। ਵਿਦੇਸ਼ ਮੰਤਰਾਲੇ ਅਨੁਸਾਰ ਭਾਰਤੀ ਦੂਤਾਵਾਸ ਦੇ ਅਧਿਕਾਰੀ ਇਨ੍ਹਾਂ ਦੋਵਾਂ ਦੀ ਅਦਾਲਤ 'ਚ ਪੇਸ਼ੀ ਦੌਰਾਨ ਮੌਜੂਦ ਰਹੇ ਪਰ ਸਾਊਦੀ ਅਰਬ ਨੇ ਇਨ੍ਹਾਂ ਨੂੰ ਮੌਤ ਦੀ ਸਜ਼ਾ ਦੇਣ ਬਾਰੇ ਦੂਤਾਵਾਸ ਨੂੰ ਕੋਈ ਜਾਣਕਾਰੀ ਨਹੀਂ ਦਿੱਤੀ। ਇਥੋਂ ਤੱਕ ਕਿ ਇਨ੍ਹਾਂ ਦੋਵਾਂ ਦੇ ਮ੍ਰਿਤਕ ਸਰੀਰ ਭਾਰਤ ਦੇ ਹਵਾਲੇ ਕਰਨ ਤੋਂ ਵੀ ਇਨਕਾਰ ਕਰ ਦਿੱਤਾ, ਕਿਉਂਕਿ ਇਹ ਦੋਵੇਂ ਸਾਊਦੀ ਅਰਬ ਦੇ ਕਾਨੂੰਨ ਅਨੁਸਾਰ ਘੋਰ ਅਪਰਾਧ 'ਚ ਸ਼ਾਮਲ ਸਨ। ਮੰਤਰਾਲੇ ਅਨੁਸਾਰ ਹਰਜੀਤ ਤੇ ਸਤਵਿੰਦਰ ਦੋਵੇਂ 2013 ਵਿਚ ਵਰਕ ਪਰਮਿਟ 'ਤੇ ਸਾਊਦੀ ਅਰਬ ਗਏ ਸਨ ਤੇ ਇਸ ਦੌਰਾਨ ਉਨ੍ਹਾਂ ਦੀ ਮੁਲਾਕਾਤ ਇਮਾਮੂਦੀਨ ਨਾਲ ਹੋਈ ਸੀ।

# ਭਾਜਪਾ ਨਿਰੋਲ ਫਿਰਕੂ ਏਜੰਡੇ 'ਤੇ ਉਤਰੀ

*(ਸਫਾ ਇਕ ਦੀ ਬਾਕੀ)*

ਦੇ ਸੁਨੀਲ ਜੋਸ਼ੀ ਨਾਲ ਸਬੰਧਤ ਕੇਸ ਵਿਚ ਅਦਾਲਤ ਨੇ ਸਾਰੇ ਮੁਲਜ਼ਮਾਂ ਨੂੰ ਬਰੀ ਕਰ ਦਿੱਤਾ ਜਦੋਂਕਿ ਅਜਮੇਰ ਸ਼ਰੀਫ (2007) ਵਿਚ ਹੋਏ ਧਮਾਕੇ ਦੇ ਕੇਸ ਵਿਚ ਆਰ.ਐਸ.ਐਸ. ਪ੍ਰਚਾਰਕ ਦਵਿੰਦਰ ਗੁਪਤਾ ਤੇ ਭਵੇਸ਼ ਪਟੇਲ ਨੂੰ ਸਜ਼ਾ ਹੋਈ ਜਦੋਂਕਿ ਬਾਕੀਆਂ ਨੂੰ ਬਰੀ ਕਰ ਦਿੱਤਾ ਗਿਆ। ਮਾਲੇਗਾਉ (2008) ਦੇ ਧਮਾਕਿਆਂ ਨਾਲ ਸਬੰਧਤ ਕੇਸ ਵਿਚ ਮਹਾਰਾਸ਼ਟਰ ਦੇ ਐਂਟੀ ਟੈਰਰਿਸਟ ਸਕੁਐਡ (ਏ.ਟੀ.ਐਸ.) ਨੇ 14 ਲੋਕਾਂ 'ਤੇ ਦੋਸ਼ ਆਇਦ ਕੀਤੇ ਸਨ; ਬਾਅਦ ਵਿਚ ਨੈਸ਼ਨਲ ਇਨਵੈਸਟੀਗੇਸ਼ਨ ਏਜੰਸੀ ਨੇ ਕਿਹਾ ਕਿ ਪ੍ਰੱਗਿਆ ਠਾਕੁਰ ਵਿਰੁਧ ਦੋਸ਼ ਸਾਬਤ ਨਹੀਂ ਹੋ ਸਕੇ ਪਰ ਅਦਾਲਤ ਨੇ ਇਹ ਮੰਨਣ ਤੋਂ ਇਨਕਾਰ ਕਰ ਦਿੱਤਾ ਅਤੇ ਅਦਾਲਤ ਦੇ ਆਦੇਸ਼ਾਂ 'ਤੇ ਪ੍ਰੱਗਿਆ ਠਾਕੁਰ ਅਤੇ ਛੇ ਹੋਰਨਾਂ ਦੇ ਵਿਰੁਧ ਦੋਸ਼ ਆਇਦ ਕੀਤੇ ਗਏ।

ਭਾਜਪਾ ਇਸ ਸਬੰਧੀ ਦਲੀਲ ਦਿੰਦੀ ਰਹੀ ਹੈ ਕਿ ਪਿਛਲੀਆਂ ਸਰਕਾਰਾਂ ਨੇ ਸਾਧਵੀ ਪ੍ਰੱਗਿਆ ਦੇ ਵਿਰੁੱਧ ਗਲਤ ਕੇਸ ਬਣਾਏ ਅਤੇ ਪ੍ਰੱਗਿਆ, ਸਵਾਮੀ ਅਸੀਮਾਨੰਦ, ਕਰਨਲ ਪੁਰੋਹਿਤ ਅਤੇ ਹੋਰਨਾਂ ਨੂੰ ਬਦਨਾਮ ਕਰਨ ਲਈ ਸਾਜ਼ਿਸ਼ ਰਚੀ ਪਰ ਜਿਸ ਤਰ੍ਹਾਂ ਸਾਧਵੀ ਨੇ ਖੁੱਲ੍ਹੀ ਛੁੱਟੀ ਮਿਲਦਿਆਂ ਹੀ ਆਪਣੇ ਫਿਰਕੂ ਰੰਗ ਦਿਖਾਉਣੇ ਸ਼ੁਰੂ ਕੀਤੇ ਹਨ, ਉਸ ਤੋਂ ਲੱਗ ਰਿਹਾ ਹੈ ਕਿ ਭਾਜਪਾ ਆਪਣੇ ਫਿਰਕੂ ਏਜੰਡੇ ਨੂੰ ਹੋਰ ਹਵਾ ਦੇਣ ਵਿਚ ਜੁਟੀ ਹੋਈ ਹੈ।

## ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ

| | | | |
|---|---|---|---|
| (ਡਾ.) ਨਵਦੀਪ ਕੌਰ | ਡਾ. ਗੁਰਦਿਆਲ ਸਿੰਘ ਬਸਰਾਨ | ਡਾ. ਹਰਗੁਰਮੁਖਪਾਲ ਸਿੰਘ | ਰਾਜਿੰਦਰ ਸਿੰਘ ਬੈਂਸ |
| ਬਲਵਿੰਦਰ (ਨਿੱਕੀ) ਕੌਰ ਸੇਖੋਂ | ਬਲਵਿੰਦਰ ਸਿੰਘ ਸੰਧੂ | ਅਯੁਧਿਆ ਸਲਵਾਨ | ਮਨਦੀਪ ਸਿੰਘ ਭੂਰਾ |
| ਸਵਰਨਜੀਤ ਸਿੰਘ ਢਿਲੋਂ | ਹਰਜੀਤ ਸਿੰਘ ਸਾਹੀ | ਡਾ. ਤੇਜਿੰਦਰ ਸਿੰਘ ਮੰਡੇਰ | ਗੁਲਜ਼ਾਰ ਸਿੰਘ ਮੁਲਤਾਨੀ |
| ਅਮੋਲਕ ਸਿੰਘ ਗਾਖਲ | ਸਰਵਣ ਸਿੰਘ ਟਿਵਾਣਾ | ਜਗਦੀਸ਼ਰ ਸਿੰਘ ਕਲੇਰ | ਅਵਤਾਰ ਸਿੰਘ ਸਪਰਿੰਗਫੀਲਡ |
| ਦਰਸ਼ਨ ਸਿੰਘ ਗਰੇਵਾਲ | ਜੈਦੇਵ ਸਿੰਘ ਭੱਠਲ | ਰਘਬੀਰ ਸਿੰਘ ਘੁੰਨ | ਗੁਰਵੀਰ ਸਿੰਘ ਗਿੱਲ |
| ਹਰਦਿਆਲ ਸਿੰਘ ਦਿਓਲ | ਜਸਵਿੰਦਰ ਸਿੰਘ (ਜੱਸੀ) ਗਿੱਲ | ਦਰਸ਼ਨ ਸਿੰਘ ਦਰੜ | |

# ਸ੍ਰੀਲੰਕਾ ‘ਚ ਲੜੀਵਾਰ ਧਮਾਕੇ; 290 ਹਲਾਕ

**ਕੋਲੰਬੋ:** ਸ੍ਰੀਲੰਕਾ ਵਿਚ ਈਸਟਰ ਮੌਕੇ ਫਿਦਾਈਨ ਹਮਲਿਆਂ ਸਮੇਤ ਲੜੀਵਾਰ ਅੱਠ ਬੰਬ ਧਮਾਕੇ ਹੋਏ, ਜਿਨ੍ਹਾਂ ਵਿਚ 290 ਲੋਕ ਮਾਰੇ ਗਏ ਅਤੇ 500 ਦੇ ਕਰੀਬ ਜਖਮੀ ਹੋ ਗਏ। ਇਹ ਧਮਾਕੇ ਤਿੰਨ ਗਿਰਜਾ ਘਰਾਂ ਅਤੇ ਤਿੰਨ ਹੋਟਲਾਂ ਵਿਚ ਹੋਏ। ਇਨ੍ਹਾਂ ਧਮਾਕਿਆਂ ਨੇ ਲਿਟੇ ਨਾਲ ਘਰੇਲੂ ਜੰਗ ਦੇ ਖਾਤਮੇ ਬਾਅਦ ਇਕ ਦਹਾਕੇ ਤੋਂ ਚੱਲੀ ਆ ਰਹੀ ਸ਼ਾਂਤੀ ਭੰਗ ਕਰ ਦਿੱਤੀ ਹੈ। ਇਨ੍ਹਾਂ ਧਮਾਕਿਆਂ ਨੂੰ ਖਿੱਤੇ ਦੇ ਇਤਿਹਾਸ ਦਾ ਸਭ ਤੋਂ ਖਤਰਨਾਕ ਹਮਲਾ ਗਰਦਾਨਿਆ ਗਿਆ ਹੈ।

ਇਹ ਧਮਾਕੇ ਕੋਲੰਬੋ ਸਥਿਤ ਸੇਂਟ ਐਂਥਨੀਜ਼ ਚਰਚ, ਨਿਗੋਂਬੋ ਦੇ ਪੱਛਮੀ ਤੱਟੀ ਸ਼ਹਿਰ ਦੀ ਸੇਂਟ ਸੇਬੈਸਟੀਅਨਜ਼ ਚਰਚ ਅਤੇ ਬੱਟੀਕਲੋਆ ਦੇ ਪੂਰਬੀ ਸ਼ਹਿਰ ਵਿਚਲੇ ਚਰਚ ਵਿਚ ਉਦੋਂ ਹੋਏ ਜਦੋਂ ਈਸਟਰ ਸਭਾ ਚੱਲ ਰਹੀ ਸੀ। ਧਮਾਕਿਆਂ ਦੀ ਕਿਸੇ ਵੀ ਧੜੇ ਨੇ ਜ਼ਿੰਮੇਵਾਰੀ ਨਹੀਂ ਲਈ ਹੈ। ਸਿਨੇਮਨ ਗਰੈਂਡ ਹੋਟਲ ਦੇ ਰੈਸਤਰਾਂ ਵਿਚ ਇਕ ਫਿਦਾਈਨ ਹਮਲਾਵਰ ਨੇ ਆਪਣੇ ਆਪ ਨੂੰ ਉਡਾ ਲਿਆ। ਸ਼ੱਕ ਦੇ ਅਧਾਰ ‘ਤੇ ਅੱਠ ਵਿਅਕਤੀਆਂ ਨੂੰ ਗ੍ਰਿਫਤਾਰ ਕੀਤਾ ਗਿਆ ਹੈ। ਵਿਦੇਸ਼ ਸਕੱਤਰ ਰਵੀਨਾਥ ਅਰੀਆਸਿੰਘੇ ਨੇ ਦੱਸਿਆ ਕਿ ਧਮਾਕਿਆਂ ਵਿਚ 27 ਵਿਦੇਸ਼ੀ ਮਾਰੇ ਗਏ ਹਨ। ਪੁਲਿਸ ਅਨੁਸਾਰ ਧਮਾਕਿਆਂ ਵਿਚ 500 ਵਿਅਕਤੀ ਜਖਮੀ ਹੋਏ ਹਨ। ਨੈਸ਼ਨਲ ਹਸਪਤਾਲ ਦੇ ਡਾਇਰੈਕਟਰ ਡਾ. ਅਨਿਲ ਜੈਸਿੰਘ ਨੇ ਕਿਹਾ ਕਿ ਮਾਰੇ ਗਏ 27 ਵਿਦੇਸ਼ੀ ਨਾਗਰਿਕਾਂ ਵੱਲੋਂ 11 ਦੀ ਸ਼ਨਾਖਤ ਕਰ ਲਈ ਗਈ ਹੈ। ਇਨ੍ਹਾਂ ਵਿਚ ਛੇ ਭਾਰਤੀ, ਦੋ ਚੀਨੀ ਅਤੇ ਇਕ ਇਕ ਪੋਲੈਂਡ, ਡੈਨਮਾਰਕ, ਜਾਪਾਨ, ਪਾਕਿਸਤਾਨ, ਅਮਰੀਕਾ, ਮੋਰਾਕੋ ਅਤੇ ਬੰਗਲਾਦੇਸ਼ੀ ਨਾਗਰਿਕ ਸ਼ਾਮਲ ਹਨ।

ਮਰਨ ਵਾਲੇ ਭਾਰਤੀਆਂ ਦੀ ਪਛਾਣ ਲਕਸ਼ਮੀ, ਨਾਰਾਇਣ ਚੰਦਰ ਸ਼ੇਖਰ ਅਤੇ ਰਮੇਸ਼ ਵਜੋਂ ਹੋਈ ਹੈ। ਸਥਾਨਕ ਮੀਡੀਆ ਰਿਪੋਰਟਾਂ ਅਨੁਸਾਰ ਭਾਰਤ, ਪਾਕਿਸਤਾਨ, ਅਮਰੀਕਾ, ਮੋਰਾਕੋ ਅਤੇ ਬੰਗਲਾਦੇਸ਼ ਦੇ ਸੈਲਾਨੀ ਧਮਾਕਿਆਂ ਵਿਚ ਜ਼ਖ਼ਮੀ ਹੋਏ ਹਨ। ਉਨ੍ਹਾਂ ਦੱਸਿਆ ਕਿ ਬਾਅਦ ਦੁਪਹਿਰ ਕੋਲੰਬੋ ਚਿੜੀਆਘਰ ਨੇੜੇ ਸ਼ਕਤੀਸ਼ਾਲੀ ਧਮਾਕਾ ਹੋਇਆ ਜਿਸ ਵਿਚ ਦੋ ਲੋਕ ਮਾਰੇ ਗਏ। ਜਦੋਂ ਪੁਲਿਸ ਦੀ ਟੀਮ ਇਕ ਘਰ ਦੀ ਤਲਾਸ਼ੀ ਲਈ ਦਾਖਲ ਹੋਈ ਤਾਂ ਇਕ ਫਿਦਾਈਨ ਨੇ ਆਪਣੇ ਆਪ ਨੂੰ ਉਡਾ ਲਿਆ। ਇਸ ਨਾਲ ਦੋ ਮੰਜ਼ਿਲਾ ਇਮਾਰਤ ਢਹਿ ਗਈ ਜਿਸ ਕਾਰਨ ਤਿੰਨ ਪੁਲਿਸ ਮੁਲਾਜ਼ਮਾਂ ਦੀ ਮੌਤ ਹੋ ਗਈ। ਇਹ ਅੱਠਵਾਂ ਬੰਬ ਧਮਾਕਾ ਸੀ। ਸਰਕਾਰ ਨੇ ਕਰਫਿਊ ਲਗਾ ਦਿੱਤਾ ਹੈ। ਪੁਲਿਸ ਮੁਲਾਜ਼ਮਾਂ ਦੀਆਂ ਛੁੱਟੀਆਂ ਰੱਦ ਕਰ ਦਿੱਤੀਆਂ ਗਈਆਂ ਹਨ। ਛੁੱਟੀ ‘ਤੇ ਚੱਲ ਰਹੇ ਡਾਕਟਰਾਂ, ਨਰਸਾਂ ਅਤੇ ਸਿਹਤ ਅਧਿਕਾਰੀਆਂ ਨੂੰ ਕੰਮ ਉਤੇ ਪਰਤਣ ਲਈ ਕਿਹਾ ਗਿਆ ਹੈ।

ਰਾਸ਼ਟਰਪਤੀ ਮੈਤਰੀਪਾਲ ਸਿਰੀਸੇਨਾ ਨੇ ਲੋਕਾਂ ਨੂੰ ਸ਼ਾਂਤ ਰਹਿਣ ਦੀ ਅਪੀਲ ਕੀਤੀ ਹੈ। ਪ੍ਰਧਾਨ ਮੰਤਰੀ ਰਨਿਲ ਵਿਕਰਮਸਿੰਘੇ ਨੇ ਟਵੀਟ ਕਰਕੇ ਇਨ੍ਹਾਂ ਧਮਾਕਿਆਂ ਨੂੰ ‘ਕਾਇਰਾਨਾ ਹਮਲੇ’ ਕਰਾਰ ਦਿੱਤਾ। ਉਨ੍ਹਾਂ ਕਿਹਾ ਕਿ ਸਰਕਾਰ ਹਾਲਾਤ ਕਾਬੂ ਵਿਚ ਰੱਖਣ ਦਾ ਕੰਮ ਕਰ ਰਹੀ ਹੈ। ਉਨ੍ਹਾਂ ਸ੍ਰੀਲੰਕਾ ਵਾਸੀਆਂ ਨੂੰ ਅਜਿਹੇ ਸਮੇਂ ਵਿਚ ਇਕੱਠੇ ਅਤੇ ਮਜ਼ਬੂਤ ਰਹਿਣ ਦਾ ਸੱਦਾ ਦਿੱਤਾ। ਧਾਰਮਿਕ ਥਾਵਾਂ ਨੇੜੇ ਸੁਰੱਖਿਆ ਵਧਾ ਦਿੱਤੀ ਗਈ ਹੈ। ਸਰਕਾਰ ਨੇ ਆਰਜ਼ੀ ਤੌਰ ’ਤੇ ਸੋਸ਼ਲ ਮੀਡੀਆ ਪਲੇਟਫਾਰਮ ਬੰਦ ਕਰ ਦਿੱਤੇ ਹਨ।


## ਵੇਟਰ ਦੀ ਲੋੜ ਹੈ

ਮੈਡੀਸਨ, ਵਿਸਕਾਨਸਿਨ ਵਿਚ ਭਾਰਤੀ ਰੈਸਟੋਰੈਂਟ
‘ਢਾਬਾ’ ਲਈ ਵੇਟਰ ਦੀ ਲੋੜ ਹੈ।
ਮੁਫਤ ਖਾਣਾ ਤੇ ਹੋਰ ਸਹੂਲਤਾਂ
*ਸੰਪਰਕ ਕਰੋ: ਮਿਸਟਰ ਸਿੰਘ*
**ਫੋਨ: 608-886-2500**
17-20

## SUPER TRAVEL

847-676-9090, 773-465-5566
*E-mail: supertravel2003@live.com*
**Lowest Fares With Excellent Service**

*United Airlines*
*British Airways*



*Etihad, Air India, KLM, Lufthansa, Delta, Qatar Airlines.*

**For Emergency Call anytime at 847-673-3825**
*EARLY BIRD SALE!!!!*
**Domestic fares available**

## Desi Bazar

*916 E. Main Street #118, Greenwood, IN, 46143*
***Tel: 317-888-2040, Fax: 317-887-6116***

*We specialize in all kind of Indian Groceries and Sweets*

- FRESH VEGETABLES EVERY THURSDAY
- FRESH GOAT MEAT

*10% off on all Gurudwara supplies and Religious programs!!*

We Are Open 7 Days a Week

ਖੁਲ੍ਹਾ ਤੇ ਸਾਫ ਸੁਥਰਾ ਸਟੋਰ, ਪੰਜਾਬੀਆਂ ਦਾ ਮਾਣ ਦੇਸੀ ਬਾਜ਼ਾਰ


## ਪੰਥ ‘ਚੋਂ ਛੇਕਿਆ ਲੰਗਾਹ ਵੀ ਚੋਣ ਪ੍ਰਚਾਰ ਵਿਚ ਸਰਗਰਮ

**ਬਟਾਲਾ:** ਅਕਾਲ ਤਖਤ ਵੱਲੋਂ ਪੰਥ ਤੋਂ ਛੇਕੇ ਸ਼੍ਰੋਮਣੀ ਅਕਾਲੀ ਦਲ ਦੇ ਸਾਬਕਾ ਮੰਤਰੀ ਸੁੱਚਾ ਸਿੰਘ ਲੰਗਾਹ ਵੱਲੋਂ ਹਲਕਾ ਡੇਰਾ ਬਾਬਾ ਨਾਨਕ ਦੇ ਵੱਖ-ਵੱਖ ਪਿੰਡਾਂ ਵਿਚ ਲੋਕ ਸਭਾ ਹਲਕਾ ਗੁਰਦਾਸਪੁਰ ਤੋਂ ਅਕਾਲੀ ਭਾਜਪਾ ਦੇ ਸੰਭਾਵੀ ਉਮੀਦਵਾਰ ਦੇ ਹੱਕ ਵਿਚ ਜਨਤਕ ਮੀਟਿੰਗਾਂ ਕੀਤੀਆਂ ਜਾ ਰਹੀਆਂ ਹਨ। ਉਨ੍ਹਾਂ ਨੇ ਪਿੰਡ ਪੱਬਾਂਰਾਲੀ ‘ਚ ਜਨਤਕ ਮੀਟਿੰਗ ਕਰਕੇ ਹਾਜ਼ਰ ਲੋਕਾਂ ਨੂੰ ਕਾਂਗਰਸ ਉਮੀਦਵਾਰ ਨੂੰ ਹਰਾਉਣ ਦਾ ਸੱਦਾ ਦਿੱਤਾ।

ਕੈਬਨਿਟ ਮੰਤਰੀ ਸੁਖਜਿੰਦਰ ਸਿੰਘ ਰੰਧਾਵਾ ਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਮੈਂਬਰ ਜਥੇਦਾਰ ਅਮਰੀਕ ਸਿੰਘ ਸ਼ਾਹਪੁਰ ਨੇ ਕਿਹਾ ਕਿ ਪੰਥ ਤੋਂ ਛੇਕਿਆਂ ਆਦਮੀ ਜਨਤਕ ਮੀਟਿੰਗਾਂ ਕਰਕੇ ਅਕਾਲ ਤਖਤ ਨੂੰ ਸਿੱਧੀ ਚੁਣੌਤੀ ਦੇ ਰਿਹਾ ਹੈ। ਉਨ੍ਹਾਂ ਜਥੇਦਾਰ ਅਕਾਲ ਤਖਤ ਨੂੰ ਕਿਹਾ ਕਿ ਅਜਿਹੀ ਪਿਰਤ ਦਾ ਭਵਿੱਖ ‘ਚ ਕੌਮ ਨੂੰ ਭਾਰੀ ਨੁਕਸਾਨ ਵੀ ਉਠਾਉਣਾ ਪੈ ਸਕਦਾ ਹੈ। ਸੇਵਾ ਸਿੰਘ ਸੇਖਵਾਂ ਨੇ ਇਸ ਨੂੰ ਮੰਦਭਾਗਾ ਕਰਾਰ ਦਿੱਤਾ।


## Matrimonials

### ਲੜਕੀ ਦੀ ਲੋੜ ਹੈ

Jatt Sikh 28, 5'-8", only boy, B.Com, own business & properties in Jalandhar City. Like to settle in California. Family is looking for girl with moral values. Contact, Ph: 805-889-4848 17-20

Looking for Punjabi Jatt (Girl), Bachelor in 3-D animation from Canada, did one year advance program of sketching in London (UK). Working in (Hollywood Movie studio, The Mill) Canada. Contact, Ph: 216-471-0305 16-

Looking for Punjabi Jatt (Girl) for smart, handsome boy, Age 22. Graduate in Hotel Management from Kolata. Living in Colorado, USA. On work visa. Contact, Ph: 440-901-8806 16-

Jatt Sikh Sangha parents seeking match for their US citizen son, 25 years, 6’-2’’, non drinker, working as Software Engineer in Boeing. Contact, Ph: 636-577-5615 or E-mail: sangha@charter.net 11-18

### ਲੜਕੀ ਦੀ ਲੋੜ ਹੈ

ਸੈਣੀ ਸਿੱਖ ਉਮਰ 32 ਸਾਲ, ਕੱਦ 5’-8” ਗੈਸ ਸਟੇਸ਼ਨ ‘ਤੇ ਮੈਨੇਜਰ ਵਜੋਂ ਕੰਮ ਕਰਦੇ, ਨਸ਼ਾ ਰਹਿਤ ਲੜਕੇ ਲਈ ਸੋਹਣੀ-ਸੁਨੱਖੀ ਅਮਰੀਕਨ ਸਿਟੀਜ਼ਨ ਜਾਂ ਗਰੀਨ ਕਾਰਡ ਹੋਲਡਰ ਪਰਿਵਾਰਕ ਲੜਕੀ ਦੀ ਲੋੜ ਹੈ। ਤਲਾਕਸ਼ੁਦਾ ‘ਤੇ ਵੀ ਵਿਚਾਰ ਹੋ ਸਕਦੀ ਹੈ। ਜਾਤ-ਪਾਤ ਦਾ ਬੰਧਨ ਨਹੀਂ। ਸੰਪਰਕ ਕਰੋ, ਫੋਨ: 319-670-8892 14-17

Wanted suitable girl for my Doctor US born son final year residency Int-Med, 5'-5" wheatish, teetotaler and vegetarian NYC, visa candidates can be considered. Non Jatt elegant Gujjar family from Punjab. Call after 4 pm eastern or text any time. Contact: (321) 888-5109 or E-mail: billsinghtech@gmail.com 14-

Wanted US citizen Suitable girl for Dental specialist Arora Sikh boy, 30, 5’-10", practicing and teaching endodontic. Mother senior professor, father retired Deputy Director, Department of animal husbandry, well settled. Caste no bar. Contact: 91-94174-05453 {Punjab} 13-16


## ਭਾਰਤ ਸਿਆਣਪ ਵਰਤੇ ਤਾਂ ਪ੍ਰਦੂਸ਼ਣ ਤੋਂ ਬਚ ਸਕਦੀਆਂ ਨੇ ਲੱਖਾਂ ਜਾਨਾਂ

**ਨਵੀਂ ਦਿੱਲੀ:** ਆਈ.ਆਈ.ਟੀ. ਦਿੱਲੀ ਦੇ ਖੋਜਕਾਰਾਂ ਦੇ ਅਧਿਐਨ ਮੁਤਾਬਕ ਘਰਾਂ ‘ਚ ਲੱਕੜ, ਕੋਲਾ, ਮਿੱਟੀ ਦਾ ਤੇਲ, ਪਾਥੀਆਂ ਅਤੇ ਹੋਰ ਬਾਲਣ ਜਿਹੀਆਂ ਵਸਤਾਂ ਤੋਂ ਪੈਦਾ ਹੋਣ ਵਾਲੀਆਂ ਗੈਸਾਂ ਨੂੰ ਰੋਕ ਕੇ ਭਾਰਤ ਹਵਾ ਪ੍ਰਦੂਸ਼ਣ ‘ਚ ਵੱਡੀ ਕਮੀ ਲਿਆ ਸਕਦਾ ਹੈ। ਅਧਿਐਨ ‘ਚ ਕਿਹਾ ਗਿਆ ਹੈ ਕਿ ਜੇਕਰ ਉਪਰਾਲੇ ਕੀਤੇ ਜਾਣ ਤਾਂ ਸਾਲ ‘ਚ ਕਰੀਬ 2 ਲੱਖ 70 ਹਜ਼ਾਰ ਵਿਅਕਤੀਆਂ ਦੀ ਜਾਨ ਬਚਾਈ ਜਾ ਸਕਦੀ ਹੈ।

‘ਪ੍ਰੋਸੀਡਿੰਗਜ਼ ਆਫ਼ ਦਿ ਨੈਸ਼ਨਲ ਅਕੈਡਮੀ ਆਫ ਸਾਇੰਸ’ ਰਸਾਲੇ ’ਚ ਪ੍ਰਕਾਸ਼ਿਤ ਅਧਿਐਨ ’ਚ ਦੱਸਿਆ ਗਿਆ ਹੈ ਕਿ ਸਨਅਤਾਂ ਜਾਂ ਵਾਹਨਾਂ ਤੋਂ ਨਿਕਲਣ ਵਾਲੇ ਧੂੰਏਂ ’ਚ ਕੋਈ ਬਦਲਾਅ ਕੀਤੇ ਬਿਨਾਂ ਉਕਤ ਸਰੋਤਾਂ ਤੋਂ ਹੋਣ ਵਾਲੇ ਪ੍ਰਦੂਸ਼ਣ ’ਤੇ ਨੱਥ ਪਾ ਕੇ ਮੁਲਕ ਦੀ ਹਵਾ ਗੁਣਵੱਤਾ ਦੇ ਪੱਧਰ ’ਚ ਸੁਧਾਰ ਲਿਆਇਆ ਜਾ ਸਕਦਾ ਹੈ।

ਇੰਡੀਅਨ ਇੰਸਟੀਚਿਊਟ ਆਫ਼ ਟੈਕਨਾਲੋਜੀ ਦਿੱਲੀ ਦੇ ਸਾਗਨਿਕ ਡੇਅ ਸਮੇਤ ਹੋਰ ਖੋਜਕਾਰਾਂ ਨੇ ਕਿਹਾ ਕਿ ਘਰਾਂ ’ਚ ਬਾਲਣ ਦੇ ਅਜਿਹੇ ਸਰੋਤਾਂ ਦੀ ਵਰਤੋਂ ਘੱਟ ਕਰਕੇ ਹਵਾ ਪ੍ਰਦੂਸ਼ਣ ਨਾਲ ਜੁੜੀਆਂ ਮੌਤਾਂ ਦੇ ਮਾਮਲਿਆਂ ’ਚ ਵੀ ਕਰੀਬ 13 ਫੀਸਦੀ ਤਕ ਕਮੀ ਲਿਆਈ ਜਾ ਸਕਦੀ ਹੈ। ਅਮਰੀਕਾ ਦੀ ਯੂਨੀਵਰਸਿਟੀ ਆਫ ਕੈਲੀਫੋਰਨੀਆ, ਬਰਕਲੇਅ ਦੇ ਪ੍ਰੋਫੈਸਰ ਕਿਰਕ ਆਰ ਸਮਿਥ ਮੁਤਾਬਕ ਭਾਰਤ ’ਚ ਘਰਾਂ ਅੰਦਰ ਬਾਲਣ ਹਵਾ ਪ੍ਰਦੂਸ਼ਣ ਦਾ ਸਭ ਤੋਂ ਵੱਡਾ ਕਾਰਨ ਹੈ।


## ਖੁੱਲ੍ਹ ਗਿਆ ਹੈ ! ਖੁੱਲ੍ਹ ਗਿਆ ਹੈ ! !




**916 East Main Street # 120**
**Greenwood, Indiana 46143**
***(Next to Desi Bazaar)***



**Ph: 317-886-7176**
**Fax: 317-886-7180** 6-9

## ਤੰਦੂਰੀਏ ਤੇ ਹਲਵਾਈ ਦੀ ਲੋੜ ਹੈ

ਹਿਊਸਟਨ (ਟੈਕਸਸ) ਵਿਚ ਇਕ ਭਾਰਤੀ ਰੈਸਟੋਰੈਂਟ ਲਈ ਮਿਠਾਈਆਂ
ਬਣਾਉਣ ਵਾਲੇ ਕਾਰੀਗਰ ਅਤੇ ਤੰਦੂਰੀਏ ਦੀ ਲੋੜ ਹੈ
ਚੰਗੀ ਤਨਖਾਹ ਅਤੇ ਇਕੱਲੇ ਬੰਦੇ ਲਈ ਰਿਹਾਇਸ਼ ਦਾ ਪ੍ਰਬੰਧ
*ਸੰਪਰਕ ਕਰੋ*
ਮੁਖਤਿਆਰ ਸਿੰਘ, ਫੋਨ: 713-884-9547
ਸੁਖਦੇਵ ਸਿੰਘ, ਫੋਨ: 832-724-1635
4-

# ਲੋਕ ਸਭਾ ਚੋਣਾਂ ਅਤੇ ਭਾਜਪਾ ਦੀ ਫਿਰਕੂ ਪਹੁੰਚ

**ਨਰਿੰਦਰ ਸਿੰਘ ਢਿੱਲੋਂ**
ਫੋਨ: 403-616-4032

ਮਨੁੱਖ ਨੇ ਪ੍ਰਾਚੀਨ ਕਾਲ ਤੋਂ ਹੀ ਧਰਤੀ ਉਤੇ ਆਜ਼ਾਦੀ ਨਾਲ ਰਹਿਣ ਦੀ ਇੱਛਾ ਰੱਖੀ ਹੈ। ਆਪਣੀ ਆਜ਼ਾਦੀ ਦੇ ਰਾਹ ਵਿਚ ਆਉਂਦੀਆਂ ਰੁਕਾਵਟਾਂ ਵਿਰੁਧ ਉਸ ਨੇ ਸੰਘਰਸ਼ ਕਰਦਿਆਂ ਮਨੁੱਖ ਨੂੰ ਮੌਜੂਦਾ ਦੌਰ ਤਕ ਪਹੁੰਚਾਇਆ ਹੈ। ਦੁਨੀਆਂ ਦੇ ਅਜੋਕੇ ਦੌਰ ਵਿਚ ਮਨੁੱਖ ਨੂੰ ਜਿਥੇ ਰੋਟੀ, ਕੱਪੜੇ ਅਤੇ ਮਕਾਨ ਦੀ ਲੋੜ ਹੈ, ਉਥੇ ਆਜ਼ਾਦੀ ਨਾਲ ਬੋਲਣ, ਫਿਰਨ, ਤੁਰਨ ਅਤੇ ਸੁਰੱਖਿਆ ਦੀ ਵੀ ਲੋੜ ਹੈ। ਵਿਕਾਸ ਦਾ ਲੰਮਾ ਸਫਰ ਤੈਅ ਕਰਕੇ ਅੱਜ ਜਿਸ ਸਥਾਨ 'ਤੇ ਮਨੁੱਖ ਪੁੱਜਾ ਹੈ, ਉਸ ਨੇ ਸਮਾਜਕ, ਧਾਰਮਿਕ ਅਤੇ ਸਿਆਸੀ ਖੇਤਰ ਵਿਚ ਕਈ ਕੁਰੀਤੀਆਂ ਨੂੰ ਵੀ ਜਨਮ ਦਿੱਤਾ ਹੈ। ਇਹ ਕੁਰੀਤੀਆਂ ਕੁਝ ਲੋਕਾਂ ਲਈ ਤਾਂ ਵਰਦਾਨ ਹੋ ਸਕਦੀਆਂ ਹਨ, ਪਰ ਸਮੁੱਚੇ ਸਮਾਜ ਲਈ ਮਾਰੂ ਹੀ ਸਾਬਤ ਹੁੰਦੀਆਂ ਹਨ। ਇਸ ਕਰਕੇ ਸਮਾਜ ਦੇ ਸੁਹਿਰਦ ਵਰਗ ਨੂੰ ਇਨ੍ਹਾਂ ਵਿਰੁਧ ਸੰਘਰਸ਼ ਦੀ ਲੋੜ ਹੁੰਦੀ ਹੈ। ਅੱਜ ਦੇ ਸਮਾਜਕ, ਰਾਜਨੀਤਕ ਅਤੇ ਧਾਰਮਿਕ ਢਾਂਚੇ ਅੰਦਰ ਜਿੰਨਾ ਨਿਘਾਰ ਆ ਚੁਕਾ ਹੈ ਅਤੇ ਸਮਾਜ ਦੇ ਮਿਹਨਤਕਸ਼ ਵਰਗ ਨੂੰ ਜਿਵੇਂ ਰੋਲਿਆ ਅਤੇ ਅਣਗੌਲਿਆ ਕੀਤਾ ਜਾ ਰਿਹਾ ਹੈ, ਉਸ ਵਿਰੁਧ ਸੰਘਰਸ਼ ਦੀ ਲੋੜ ਹੈ ਅਤੇ ਇਹ ਤਾਂ ਹੀ ਹੋ ਸਕਦਾ ਹੈ, ਜੇ ਲੋਕਾਂ ਨੂੰ ਇਸ ਦੀ ਪੂਰਨ ਆਜ਼ਾਦੀ ਹੋਵੇ।

ਇਸ ਪਿਛੋਕੜ ਵਿਚ ਜੇ ਭਾਰਤ ਦੀ ਗੱਲ ਕਰੀਏ ਤਾਂ ਇਸ ਦੇਸ਼ ਵਿਚ ਕਿਸੇ ਨਾ ਕਿਸੇ ਰੂਪ ਵਿਚ ਜਮਹੂਰੀਅਤ ਉਤੇ ਹਮਲੇ ਹੁੰਦੇ ਆਏ ਹਨ। ਸਭ ਤੋਂ ਵੱਡਾ ਹਮਲਾ ਸੰਨ 1975 ਵਿਚ ਉਦੋਂ ਹੋਇਆ ਸੀ, ਜਦ ਉਸ ਵੇਲੇ ਦੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਨੇ ਐਮਰਜੈਂਸੀ ਲਾ ਕੇ ਲੋਕਾਂ ਦੇ ਜਮਹੂਰੀ ਹੱਕ ਖੋਹ ਲਏ। ਲੋਕਾਂ ਦੇ ਬੋਲਣ ਤੱਕ ਉਤੇ ਪਾਬੰਦੀ ਲਾ ਦਿੱਤੀ। ਪ੍ਰੈਸ ਉਤੇ ਸੈਂਸਰਸ਼ਿਪ ਲਾ ਦਿੱਤੀ ਅਤੇ ਡਿਫੈਂਸ ਆਫ ਇੰਡੀਆ ਰੂਲਜ਼ (ਡੀ.ਆਈ.ਆਰ.) ਵਰਗੇ ਕਾਲੇ ਕਾਨੂੰਨਾਂ ਤਹਿਤ ਬਹੁਤ ਸਾਰੇ ਸਿਆਸੀ ਅਤੇ ਮੁਲਾਜ਼ਮ-ਮਜ਼ਦੂਰ ਨੇਤਾਵਾਂ ਨੂੰ ਜੇਲ੍ਹਾਂ ਵਿਚ ਬੰਦ ਕਰ ਦਿੱਤਾ।

ਇਸ ਤੋਂ ਬਾਅਦ ਵੀ ਜਮਹੂਰੀਅਤ ਅਤੇ ਲੋਕਾਂ ਦੀ ਭਾਈਚਾਰਕ ਏਕਤਾ 'ਤੇ ਹਮਲੇ ਹੁੰਦੇ ਰਹੇ, ਪਰ 2014 ਵਿਚ ਜਦ ਤੋਂ ਭਾਜਪਾ ਦੀ ਅਗਵਾਈ ਵਾਲੀ ਸਰਕਾਰ ਕੇਂਦਰ ਵਿਚ ਆਈ ਹੈ, ਇਸ ਨੇ ਦੇਸ਼ ਦੇ ਸੰਵਿਧਾਨਕ ਢਾਂਚੇ 'ਤੇ ਹੀ ਹਮਲੇ ਕਰਨੇ ਸ਼ੁਰੂ ਕਰ ਦਿੱਤੇ ਹਨ।

ਅਕਸਰ ਕਿਹਾ ਜਾਂਦਾ ਹੈ ਕਿ ਵਿਧਾਨਪਾਲਿਕਾ, ਕਾਰਜਪਾਲਿਕਾ, ਨਿਆਂਪਾਲਿਕਾ ਅਤੇ ਮੀਡੀਆ ਭਾਰਤੀ ਲੋਕਤੰਤਰ ਦੇ ਚਾਰ ਥੰਮ੍ਹ ਹਨ। ਪਿਛਲਾ ਸਮਾਂ ਸਪਸ਼ਟ ਕਰ ਚੁਕਾ ਹੈ ਕਿ ਮੋਦੀ ਸਰਕਾਰ ਨੇ ਜਮਹੂਰੀਅਤ ਦੇ ਇਹ ਚਾਰੇ ਥੰਮ ਡੇਗਣ ਦੀ ਹੀ ਕੋਸ਼ਿਸ਼ ਨਹੀਂ ਕੀਤੀ ਸਗੋਂ ਲੋਕਾਂ ਦੀ ਭਾਈਚਾਰਕ ਏਕਤਾ 'ਤੇ ਵੀ ਸੱਟਾਂ ਮਾਰੀਆਂ ਹਨ। ਗਊ ਨੂੰ ਮਾਤਾ ਕਹਿਣ ਵਾਲੀ ਪਾਰਟੀ ਭਾਜਪਾ ਦੀਆਂ ਭੀੜਾਂ ਨੇ ਕਈ ਥਾਂਈਂ ਗੁੰਡਾਗਰਦੀ ਕੀਤੀ ਅਤੇ ਗਊ ਰੱਖਿਆ ਦੇ ਨਾਂ 'ਤੇ ਕਈਆਂ ਨੂੰ ਕੁਟਿਆ-ਮਾਰਿਆ। ਭੀੜ ਤੰਤਰ ਦੀਆਂ ਇਹ ਖਬਰਾਂ ਅਖਬਾਰਾਂ ਦੀਆਂ ਸੁਰਖੀਆਂ ਬਣਦੀਆਂ ਰਹੀਆਂ। ਭਾਜਪਾ ਦੇ ਕਈ ਨੇਤਾ ਘੱਟ ਗਿਣਤੀਆਂ 'ਤੇ ਵੀ ਸ਼ਬਦੀ ਹਮਲੇ ਕਰਦੇ ਰਹੇ। ਜੇ ਕਿਸੇ ਪੱਤਰਕਾਰ, ਕਲਾਕਾਰ ਜਾਂ ਕਿਸੇ ਨੇਤਾ ਨੇ ਇਸ ਦਾ ਵਿਰੋਧ ਕੀਤਾ ਤਾਂ ਉਸ 'ਤੇ ਦੇਸ਼ਧ੍ਰੋਹੀ ਹੋਣ ਦਾ ਠੱਪਾ ਲਾ ਕੇ ਧਮਕੀਆਂ ਦਿੰਦੇ ਰਹੇ ਅਤੇ ਪਾਕਿਸਤਾਨ ਜਾਣ ਲਈ ਕਹਿੰਦੇ ਰਹੇ। ਇਸ ਦੇ ਬਾਵਜੂਦ ਅਖਬਾਰਾਂ ਅਤੇ ਟੀ. ਵੀ. ਚੈਨਲਾਂ ਦੇ ਇਕ ਵੱਡੇ ਹਿੱਸੇ ਵਲੋਂ ਮੋਦੀ ਸਰਕਾਰ ਦਾ ਗੁਣਗਾਨ ਕੀਤਾ ਜਾ ਰਿਹਾ ਹੈ। ਚਰਚਾ ਹੈ ਕਿ ਇਨ੍ਹਾਂ ਵਿਚੋਂ ਕੁਝ ਚੈਨਲ ਸਰਕਾਰ ਨੇ ਖਰੀਦੇ ਹੋਏ ਹਨ ਅਤੇ ਕੁਝ ਡਰਾਏ ਧਮਕਾਏ ਹੋਏ ਹਨ। ਕੁਝ ਪੱਤਰਕਾਰਾਂ ਨੇ ਇਹ ਖੁਲਾਸਾ ਵੀ ਕੀਤਾ ਹੈ ਕਿ ਉਨ੍ਹਾਂ ਨੂੰ ਕਿਵੇਂ ਧਮਕੀਆਂ ਮਿਲ ਰਹੀਆਂ ਹਨ।

ਭਾਰਤ ਵਿਚ ਨਿਆਂਪਾਲਿਕਾ ਦਾ ਆਪਣਾ ਵਿਸ਼ੇਸ਼ ਪੱਧਰ ਹੈ, ਜਿਸ ਨਾਲ ਅਜੇ ਤਕ ਕਿਸੇ ਸਰਕਾਰ ਨੇ ਛੇੜਛਾੜ ਨਹੀਂ ਸੀ ਕੀਤੀ। ਮੋਦੀ ਸਰਕਾਰ ਨੇ ਅਦਾਲਤਾਂ 'ਤੇ ਵੀ ਭਾਜਪਾ ਰੰਗ ਚਾੜ੍ਹਨ ਦੀ ਕੋਸ਼ਿਸ਼ ਕੀਤੀ। ਸੁਪਰੀਮ ਕੋਰਟ ਦਾ ਕਾਲਜੀਅਮ, ਜੋ ਉਚ ਅਦਾਲਤਾਂ ਲਈ ਜੱਜਾਂ ਦੀ ਨਿਯੁਕਤੀ ਕਰਦਾ ਹੈ, ਉਤੇ ਵੀ ਸਰਕਾਰ ਨੇ ਦਬਾਅ ਪਾ ਕੇ ਮਰਜ਼ੀ ਦੇ ਜੱਜ ਨਿਯੁਕਤ ਕਰਵਾਉਣ ਦੀ ਕੋਸ਼ਿਸ਼ ਕੀਤੀ ਤਾਂ ਜੋ ਮਰਜ਼ੀ ਦੇ ਫੈਸਲੇ ਕਰਵਾਏ ਜਾ ਸਕਣ। ਕਾਲਜੀਅਮ ਦੇ ਮੈਂਬਰਾਂ ਦੇ ਸਖਤ ਸਟੈਂਡ ਕਾਰਨ ਸਰਕਾਰ ਨੂੰ ਇਸ ਵਿਚ ਸਫਲਤਾ ਨਹੀਂ ਮਿਲੀ।

ਕਾਰਜਪਾਲਿਕਾ ਦਾ ਵੀ ਇਕ ਹਿੱਸਾ ਦਹਿਸ਼ਤ ਦੇ ਮਾਹੌਲ ਵਿਚ ਹੋਣ ਦੇ ਚਰਚੇ ਆਮ ਹਨ। ਘੁਟਾਲਿਆਂ ਦੇ ਪੱਖ ਤੋਂ ਵੀ ਮੋਦੀ ਸਰਕਾਰ ਯੂ.ਪੀ.ਏ. ਸਰਕਾਰ ਨੂੰ ਪਛਾੜ ਗਈ ਹੈ। ਵਿਜੈ ਮਾਲਿਆ ਅਤੇ ਨੀਰਵ ਮੋਦੀ ਵਰਗੇ ਧਨਾਢ ਹਜ਼ਾਰਾਂ ਕਰੋੜ ਰੁਪਏ ਦਾ ਚੂਨਾ ਲਾ ਕੇ ਵਿਦੇਸ਼ ਦੌੜ ਗਏ। ਚਰਚਾ ਹੈ ਕਿ ਇਨ੍ਹਾਂ ਨੂੰ ਭਜਾਉਣ ਪਿਛੇ ਵੀ ਕੁਝ ਅਧਿਕਾਰੀਆਂ ਅਤੇ ਨੇਤਾਵਾਂ ਦਾ ਹੱਥ ਹੈ।

ਬਹੁਸੰਮਤੀ ਦਾ ਨਾਜਾਇਜ਼ ਲਾਭ ਲੈਂਦਿਆਂ ਵਿਰੋਧੀ ਪਾਰਟੀਆਂ ਦੀ ਸਹਿਮਤੀ ਤੋਂ ਬਗੈਰ ਕਈ ਵਿਧਾਨਕ ਪੁਜ਼ੀਸ਼ਨਾਂ 'ਤੇ ਵਿਵਾਦ ਵਾਲੀਆਂ ਸ਼ਖਸੀਅਤਾਂ ਨੂੰ ਤਾਇਨਾਤ ਕੀਤਾ। ਇਨ੍ਹਾਂ ਸ਼ਖਸੀਅਤਾਂ ਨੇ ਭਾਜਪਾ ਵਲੋਂ ਪੈਦਾ ਕੀਤੇ ਜਾ ਰਹੇ ਫਿਰਕੂ ਤਣਾਉ ਵਿਰੁਧ ਕਦੇ ਵੀ ਜ਼ਬਾਨ ਨਹੀਂ ਖੋਲ੍ਹੀ। ਕੁਝ ਸਮਾਂ ਪਹਿਲਾਂ ਧਾਰਮਿਕ ਜਾਗਰਣ ਮੰਚ ਦੇ ਨੇਤਾ ਰਾਜੇਸ਼ਵਰ ਸਿੰਘ ਨੇ ਬਿਆਨ ਦਿਤਾ ਕਿ 31 ਦਸੰਬਰ 2021 ਤੱਕ ਭਾਰਤ ਵਿਚੋਂ ਇਸਲਾਮ ਅਤੇ ਇਸਾਈਅਤ ਨੂੰ ਖਤਮ ਕਰ ਦਿਤਾ ਜਾਵੇਗਾ, ਭਾਰਤ ਦੇ ਸਾਰੇ ਲੋਕਾਂ ਨੂੰ ਹਿੰਦੂ ਬਣਾ ਦਿੱਤਾ ਜਾਵੇਗਾ। ਇਸ ਬਿਆਨ 'ਤੇ ਜਦੋਂ ਹੰਗਾਮਾ ਹੋਇਆ ਅਤੇ ਵਿਰੋਧੀ ਪਾਰਟੀਆਂ ਨੇ ਪ੍ਰਧਾਨ ਮੰਤਰੀ ਮੋਦੀ ਤੋਂ ਜਵਾਬ ਮੰਗਿਆ ਤਾਂ ਉਨ੍ਹਾਂ ਇਸ ਦਾ ਖੰਡਨ ਨਹੀਂ ਕੀਤਾ। ਪਹਿਲਾਂ ਵੀ ਭਾਜਪਾ ਅਤੇ ਆਰ.ਐਸ.ਐਸ. ਦੇ ਨੇਤਾ ਵਿਵਾਦ ਵਾਲੇ ਬਿਆਨ ਜਾਰੀ ਕਰਦੇ ਰਹੇ ਹਨ ਪਰ ਭਾਜਪਾ ਦੀ ਲੀਡਰਸ਼ਿਪ ਨੇ ਕਦੇ ਵੀ ਉਨ੍ਹਾਂ ਨੂੰ ਐਸੀ ਬਿਆਨਬਾਜ਼ੀ ਕਰਨ ਤੋਂ ਨਹੀਂ ਰੋਕਿਆ। ਸਪਸ਼ਟ ਹੈ ਕਿ ਸਭ ਕੁਝ ਆਰ.ਐਸ.ਐਸ. ਦੇ ਇਸ਼ਾਰੇ 'ਤੇ ਹੋ ਰਿਹਾ ਹੈ। ਇਹ ਬਿਆਨਬਾਜ਼ੀਆਂ ਜਿਥੇ ਦੇਸ਼ ਵਿਚ ਘੱਟਗਿਣਤੀ ਲੋਕਾਂ ਲਈ ਖਤਰਾ ਬਣ ਰਹੀਆਂ ਹਨ, ਉਥੇ ਦੇਸ਼ ਦੇ ਟੋਟੇ ਕਰਨ ਦਾ ਰਾਹ ਪੱਧਰਾ ਕਰ ਰਹੀਆਂ ਅਤੇ ਦੇਸ਼ ਵਿਚ ਆਉਣ ਵਾਲੇ ਸਮੇਂ ਵਿਚ ਕਤਲੋਗਾਰਤ ਵੱਲ ਇਸ਼ਾਰਾ ਕਰ ਰਹੀਆਂ ਹਨ।



ਭਾਜਪਾ ਹੁਣ ਲੋਕ ਸਭਾ ਚੋਣਾਂ ਹਿੰਦੂ ਪੱਤਾ ਖੇਡ ਕੇ ਜਿੱਤਣਾ ਚਾਹੁੰਦੀ ਹੈ। ਲੋਕਾਂ ਸਾਹਮਣੇ ਜੋ ਅਸਲ ਮੁੱਦੇ ਹਨ, ਮੋਦੀ ਬੜੇ ਸ਼ਾਤਰਾਨਾ ਢੰਗ ਨਾਲ ਧਿਆਨ ਉਨ੍ਹਾਂ ਤੋਂ ਹਟਾ ਕੇ ਪਾਕਿਸਤਾਨ ਵਿਰੁਧ ਕੇਂਦਰਤ ਕਰ ਰਿਹਾ ਹੈ। ਉਹ ਭਾਰਤੀ ਫੌਜ ਅਤੇ ਹਵਾਈ ਸੈਨਾ ਦੀ ਕਾਰਕਰਦਗੀ ਦਾ ਸਿਹਰਾ ਖੁਦ ਲੈਣ ਤੋਂ ਗੁਰੇਜ਼ ਕਰਨ ਦੀ ਥਾਂ ਇਨ੍ਹਾਂ ਸੈਨਾਵਾਂ ਦਾ ਸਿਆਸੀਕਰਨ ਕਰਨ ਦੀ ਖਤਰਨਾਕ ਖੇਡ ਖੇਡ ਰਿਹਾ ਹੈ। 'ਮੋਦੀ ਮੋਦੀ' ਦਾ ਜਾਪ ਕਰਨ ਵਾਲੇ ਟੀ. ਵੀ. ਚੈਨਲ ਵੀ ਪਾਕਿਸਤਾਨ ਵਿਰੁਧ ਬੇਲੋੜਾ ਜ਼ਹਿਰ ਉਗਲ ਰਹੇ ਹਨ। ਮਹਿੰਗਾਈ, ਬੇਰੁਜ਼ਗਾਰੀ, ਰਿਸ਼ਵਤਖੋਰੀ, ਨਸ਼ਾ ਤਸਕਰੀ, ਵੱਖ-ਵੱਖ ਤਰ੍ਹਾਂ ਦਾ ਮਾਫੀਆ, ਬਲੈਕ ਮਾਰਕੀਟਿੰਗ, ਫਿਰਕੂ ਤਣਾਅ, ਗੈਰ ਕਾਨੂੰਨੀ ਕਾਰਜਵਿਧੀ, ਸਰਕਾਰੀ ਸੰਸਥਾਵਾਂ ਵਿਚ ਵਧ ਰਿਹਾ ਸਿਆਸੀ ਦਖਲ, ਖਰਾਬ ਹੋ ਰਹੀ ਅਰਥ ਵਿਵਸਥਾ, ਭਾਰਤ ਦੀ ਵਿਦੇਸ਼ ਨੀਤੀ ਆਦਿ ਮੁੱਦਿਆਂ ਬਾਰੇ ਵਿਚਾਰ ਚਰਚਾ ਵਿਰਲੀ-ਟਾਵੀਂ ਹੀ ਹੋ ਰਹੀ ਹੈ; ਬਹਿਸ ਇਕ ਦੂਜੇ ਉਤੇ ਨਿੱਜੀ ਹਮਲਿਆਂ ਤਕ ਸੀਮਤ ਹੈ।

ਜੇ ਭਾਜਪਾ ਦੇ ਨੇਤਾ ਕਿਸੇ 'ਪਸ਼ੂ' ਨੂੰ ਮਾਤਾ ਕਹਿੰਦੇ ਹਨ ਤਾਂ ਕਹੀ ਜਾਣ, ਕਿਸੇ ਨੂੰ ਕੀ ਇਤਰਾਜ਼ ਹੋ ਸਕਦਾ ਹੈ, ਪਰ ਇਸ ਗੱਲ ਨੂੰ ਦੂਜਿਆਂ 'ਤੇ ਥੋਪਣ ਦਾ ਉਨ੍ਹਾਂ ਨੂੰ ਕੋਈ ਹੱਕ ਨਹੀਂ। ਕਦੇ ਇਹ ਆਵਾਜ਼ ਆਉਂਦੀ ਹੈ ਕਿ ਜੋ 'ਵੰਦੇ ਮਾਤ੍ਰਮ' ਨਹੀਂ ਕਹੇਗਾ, ਉਹ ਦੇਸ਼ਧ੍ਰੋਹੀ ਹੈ। ਕਦੇ 'ਭਾਰਤ ਮਾਤਾ ਕੀ ਜੈ' ਨਾ ਕਹਿਣ ਵਾਲੇ ਨੂੰ ਦੇਸ਼ਧ੍ਰੋਹੀ ਕਿਹਾ ਜਾ ਰਿਹਾ ਹੈ। ਭਾਜਪਾ ਨੂੰ ਇਹ ਹੱਕ ਕਿਸ ਨੇ ਦਿੱਤਾ ਹੈ? ਭਾਜਪਾ ਨੇਤਾਵਾਂ ਨੂੰ ਦੱਸਣਾ ਚਾਹੀਦਾ ਹੈ ਕਿ ਆਰ.ਐਸ.ਐਸ. ਨੇ ਦੇਸ਼ ਦੀ ਆਜ਼ਾਦੀ ਲਈ ਅੰਗਰੇਜ਼ਾਂ ਵਿਰੁਧ ਸੰਘਰਸ਼ ਕੀਤਾ ਜਾਂ ਉਨ੍ਹਾਂ ਦੀ ਪਿੱਠ ਪੂਰੀ। ਦੇਸ਼ ਆਜ਼ਾਦ ਹੋਣ ਪਿਛੋਂ ਲੋਕਾਂ ਦੀ ਰਾਖੀ ਲਈ ਉਨ੍ਹਾਂ ਦਾ ਰੋਲ ਕੀ ਰਿਹਾ?

ਕੁਝ ਥਾਂਈਂ ਇਹ ਮਿਸਾਲਾਂ ਵੀ ਸਾਹਮਣੇ ਆਈਆਂ ਜਦੋਂ ਭਾਜਪਾ ਨੇਤਾ ਵਿਰੋਧੀਆਂ ਨੂੰ 'ਉਪਦੇਸ਼' ਦਿੰਦੇ ਹਨ ਕਿ 'ਭਾਰਤ ਮਾਤਾ ਦੀ ਜੈ' ਤੋਂ ਬਾਅਦ 'ਪਾਕਿਸਤਾਨ ਮੁਰਦਾਬਾਦ' ਵੀ ਕਹੋ। ਪਾਕਿਸਤਾਨ ਨਾਲ ਸਾਡੇ ਨਿਸ਼ਚਿਤ ਤੌਰ 'ਤੇ ਡੂੰਘੇ ਮਤਭੇਦ ਹਨ, ਵਿਸ਼ੇਸ਼ ਤੌਰ 'ਤੇ ਅਤਿਵਾਦ ਦੇ ਮਸਲੇ ਉਪਰ। ਪਾਕਿਸਤਾਨ ਨੂੰ ਭਾਰਤ ਵਿਰੁਧ ਲੁਕਵੀਆਂ ਸਾਜ਼ਿਸ਼ਾਂ ਬੰਦ ਕਰਨੀਆਂ ਚਾਹੀਦੀਆਂ ਹਨ ਪਰ ਇਹ ਉਹੀ ਪਾਕਿਸਤਾਨ ਹੈ, ਜਿਸ ਦੇ ਪ੍ਰਧਾਨ ਮੰਤਰੀ ਨਵਾਜ਼ ਸ਼ਰੀਫ ਨੂੰ ਨਰਿੰਦਰ ਮੋਦੀ ਨੇ ਆਪਣੇ ਸਹੁੰ ਚੁੱਕ ਸਮਾਗਮ ਵਿਚ ਸੱਦਿਆ ਸੀ ਅਤੇ ਇਹ ਉਹੀ ਪਾਕਿਸਤਾਨ ਹੈ, ਜਿਸ ਦੇ ਘਰ ਬਿਨਾ ਸੱਦੇ ਹੀ ਨਰਿੰਦਰ ਮੋਦੀ ਗਏ ਸਨ। ਪਾਕਿਸਤਾਨ ਦੀਆਂ ਨੀਤੀਆਂ ਵਿਰੁਧ ਸਮੁੱਚਾ ਦੇਸ਼ ਇਕਜੁਟ ਹੈ, ਪਰ ਭਾਜਪਾ ਦੀ ਬੇਲੋੜੀ ਭੜਕਾਹਟ ਭਾਰਤ ਦੇ ਹੱਕ ਵਿਚ ਨਹੀਂ ਸਗੋਂ ਪਾਕਿਸਤਾਨ ਦੇ ਹਿਤ ਵਿਚ ਹੈ। ਭਾਜਪਾ ਨੂੰ ਆਪਣੀ ਪੀੜ੍ਹੀ ਹੇਠ ਸੋਟਾ ਫੇਰਨ ਦੀ ਲੋੜ ਹੈ।

ਭਾਜਪਾ, ਜੋ ਰਾਸ਼ਟਰੀ ਸਵੈਮਸੇਵਕ ਸੰਘ (ਆਰ.ਐਸ.ਐਸ.) ਦੇ ਦਿਸ਼ਾ-ਨਿਰਦੇਸ਼ਾਂ 'ਤੇ ਚਲਦੀ ਹੈ, ਦੇ ਖਤਰਨਾਕ ਮਨਸੂਬੇ ਹੌਲੀ ਹੌਲੀ ਸਾਹਮਣੇ ਆ ਰਹੇ ਹਨ। ਇਹ ਮਨਸੂਬੇ ਅਮਲੀ ਤੌਰ 'ਤੇ ਹਿੰਦੂਆਂ ਦੇ ਵੀ ਹੱਕ ਵਿਚ ਨਹੀਂ ਭੁਗਤਣਗੇ ਅਤੇ ਦੇਸ਼ ਵਿਰੋਧੀ ਵੀ ਸਾਬਤ ਹੋ ਰਹੇ ਹਨ। ਜੇ ਕੋਈ ਇਹ ਕਹੇ ਕਿ ਭਾਰਤ ਕੇਵਲ ਹਿੰਦੂਆਂ ਦਾ ਦੇਸ਼ ਹੈ, ਮੁਸਲਮਾਨਾਂ ਨੂੰ ਇਥੋਂ ਚਲੇ ਜਾਣਾ ਚਾਹੀਦਾ ਹੈ, ਇਸਾਈਆਂ ਨੂੰ ਹਿੰਦੂ ਬਣਾ ਦਿੱਤਾ ਜਾਵੇਗਾ, ਸਿੱਖ ਵੀ ਹਿੰਦੂ ਧਰਮ ਦਾ ਹਿੱਸਾ ਹਨ, ਤਿਰੰਗੇ ਝੰਡੇ ਦੀ ਥਾਂ ਭਗਵਾਂ ਝੰਡਾ ਚਾਹੀਦਾ ਹੈ, ਭਾਰਤ ਦਾ ਸੰਵਿਧਾਨ ਵੀ ਠੀਕ ਨਹੀਂ ਹੈ, ਨੱਥੂ ਰਾਮ ਗੋਡਸੇ ਮਹਾਨ ਸੀ, ਦੇਸ਼ 'ਤੇ ਰਾਜ ਕਰਨ ਦਾ ਹੱਕ ਕੇਵਲ ਬ੍ਰਾਹਮਣਾਂ ਨੂੰ ਹੀ ਹੈ ਆਦਿ ਆਦਿ, ਤਾਂ ਸਮਝੋ ਉਹ ਸ਼ਖਸ ਭਾਰਤ ਦਾ ਦੁਸ਼ਮਣ ਹੈ, ਮਿੱਤਰ ਨਹੀਂ।

ਇਹ ਲਿਖਤ ਅਧੂਰੀ ਹੋਵੇਗੀ ਜੇ ਭਾਜਪਾ ਅਤੇ ਅਕਾਲੀ ਦਲ ਦੇ ਰਿਸ਼ਤਿਆਂ ਬਾਰੇ ਗੱਲ ਨਾ ਕੀਤੀ ਜਾਵੇ। 2014 ਦੀਆਂ ਚੋਣਾਂ ਸਮੇਂ ਅਕਾਲੀ ਦਲ ਦੇ ਸਰਪ੍ਰਸਤ ਪ੍ਰਕਾਸ਼ ਸਿੰਘ ਬਾਦਲ ਨੇ ਲੋਕਾਂ ਨੂੰ ਅਪੀਲ ਕੀਤੀ ਸੀ ਕਿ ਲੋਕੋ, ਨਰਿੰਦਰ ਮੋਦੀ ਨੂੰ ਜਿਤਾ ਦਿਉ, ਨੋਟਾਂ ਦੇ ਟਰੱਕ ਭਰ-ਭਰ ਕੇ ਪੰਜਾਬ ਵਾਸਤੇ ਲਿਆਵਾਂਗੇ। ਮੋਦੀ ਜਿੱਤ ਤਾਂ ਗਿਆ ਪਰ ਬਾਦਲਾਂ ਦੇ ਲੇਲੜੀਆਂ ਕੱਢਣ ਦੇ ਬਾਵਜੂਦ ਮੋਦੀ ਨੇ ਨੋਟਾਂ ਦਾ ਟਰੰਕ ਵੀ ਨਹੀਂ ਦਿੱਤਾ।

ਭਾਜਪਾ ਅਤੇ ਕੈਪਟਨ ਅਮਰਿੰਦਰ ਸਿੰਘ ਨੇ ਪਾਕਿਸਤਾਨ ਵਿਰੁਧ ਭੜਕਾਹਟ ਪੈਦਾ ਕਰਕੇ ਜੰਗ ਵਾਲਾ ਮਾਹੌਲ ਬਣਾਉਣ ਦਾ ਯਤਨ ਕੀਤਾ। ਇਸ ਦਾ ਸਭ ਤੋਂ ਵਧ ਨੁਕਸਾਨ ਪੰਜਾਬ ਨੂੰ ਹੋਣਾ ਸੀ, ਪਰ ਇਸ ਮਸਲੇ 'ਤੇ ਪ੍ਰਕਾਸ਼ ਸਿੰਘ ਬਾਦਲ ਖਾਮੋਸ਼ ਰਿਹਾ। ਸਭ ਨੇ ਇਸ ਮਸਲੇ 'ਤੇ ਸਿਆਸਤ ਖੇਡੀ। ਪੰਜਾਬ ਦੀ ਕਿਸਾਨੀ ਬਰਬਾਦ ਹੋਣ ਨਾਲ ਪੰਜਾਬ ਬਰਬਾਦੀ ਦੇ ਕੰਢੇ 'ਤੇ ਹੈ ਅਤੇ ਕੇਂਦਰ ਸਰਕਾਰ ਨੇ ਪੰਜਾਬ ਦੀ ਕੋਈ ਮਦਦ ਨਹੀਂ ਕੀਤੀ। ਗਲਤ ਢੰਗ ਨਾਲ ਕੀਤੀ ਨੋਟਬੰਦੀ ਨੇ ਲੋਕ ਬਰਬਾਦ ਕਰ ਦਿੱਤੇ, ਬਾਦਲ ਚੁੱਪ ਰਿਹਾ। ਇਸੇ ਤਰ੍ਹਾਂ ਗੁਜਰਾਤ ਵਿਚ ਪੰਜਾਬੀ ਕਿਸਾਨਾਂ ਨੂੰ ਭਾਜਪਾ ਉਜਾੜਨ 'ਤੇ ਤੁਲੀ ਹੋਈ ਹੈ, ਬਾਦਲ ਚੁੱਪ ਹੈ। ਅਕਾਲੀ-ਭਾਜਪਾ ਸਰਕਾਰ ਵੇਲੇ ਪੰਜਾਬ ਵਿਚ ਅਖੌਤੀ ਗਊ ਰੱਖਿਅਕਾਂ ਨੇ ਗੁੰਡਾਗਰਦੀ ਕੀਤੀ, ਬਾਦਲ ਉਦੋਂ ਵੀ ਖਾਮੋਸ਼ ਰਿਹਾ। ਆਖਰ ਇਹ ਚੁੱਪ ਕਿਉਂ ਹੈ? ਇਸ ਕਰਕੇ ਕਿ ਪੰਜਾਬ 'ਚ ਅਕਾਲੀ ਦਲ ਨੂੰ ਭਾਜਪਾ ਦੀ ਮਦਦ ਨਾਲ ਹੀ ਕੁਰਸੀ ਮਿਲਦੀ ਹੈ; ਦੂਜਾ ਇਹ ਕਿ ਇਹ ਦੋਵੇਂ ਪਾਰਟੀਆਂ ਲੋਕਾਂ ਨੂੰ ਫਿਰਕਾਪ੍ਰਸਤੀ ਦੀ ਭੱਠੀ ਵਿਚ ਝੋਕ ਕੇ ਸਿਆਸੀ ਖੀਰ ਬਣਾਉਂਦੀਆਂ ਹਨ।

ਲੋਕ ਸਭਾ ਚੋਣਾਂ ਵਿਚ ਲੋਕਾਂ ਅੰਦਰ ਫਿਰਕੂ ਜ਼ਹਿਰ ਘੋਲਣ ਵਾਲੀਆਂ ਪਾਰਟੀਆਂ ਨੂੰ ਮੂੰਹ ਨਹੀਂ ਲਾਉਣਾ ਚਾਹੀਦਾ। ਉਂਜ, ਅਫਸੋਸ ਹੈ ਕਿ ਲੋਕ ਚੋਣਾਂ ਨੂੰ ਸਿਆਸੀ ਅਤੇ ਮੁੱਦਿਆਂ ਦੇ ਨਜ਼ਰੀਏ ਤੋਂ ਨਹੀਂ ਦੇਖਦੇ। ਲੋਕ ਅਜੇ ਵੀ ਧੜੇਬੰਦੀਆਂ ਵਿਚ ਬੱਝੇ ਹੋਏ ਹਨ, ਰਾਜਨੀਤਕ ਅਤੇ ਜਮਾਤੀ ਤੌਰ 'ਤੇ ਜਾਗਰੂਕ ਨਹੀਂ ਹਨ। ਜੇ ਇਨ੍ਹਾਂ ਚੋਣਾਂ ਵਿਚ ਭਾਜਪਾ ਦੀ ਅਗਵਾਈ ਹੇਠ ਇਕ ਵਾਰ ਫਿਰ ਸਰਕਾਰ ਬਣਦੀ ਹੈ ਤਾਂ ਦੇਸ਼ ਲਈ ਸ਼ੁਭ ਸ਼ਗਨ ਨਹੀਂ ਹੋਵੇਗਾ। ਲੋਕਾਂ ਨੂੰ ਹੋਰ ਮਾੜੇ ਦਿਨ ਦੇਖਣੇ ਪੈ ਸਕਦੇ ਹਨ। ਲੋਕਾਂ ਦੀ ਬੋਲਣ, ਲਿਖਣ, ਧਾਰਮਿਕ ਅਕੀਦੇ ਦੀ ਆਜ਼ਾਦੀ ਅਤੇ ਸੁਰੱਖਿਆ ਲਈ ਖਤਰਾ ਪੈਦਾ ਹੋਵੇਗਾ। ਫਿਰਕੂ ਗੁੰਡਾਗਰਦੀ ਵਧੇਗੀ, ਘੱਟਗਿਣਤੀ, ਦਲਿਤ ਅਤੇ ਵੱਖ-ਵੱਖ ਜਾਤਾਂ ਦੇ ਲੋਕਾਂ 'ਤੇ ਹਮਲੇ ਹੋਣਗੇ ਅਤੇ ਦੇਸ਼ ਵਿਚ ਫਿਰਕੂ ਇਕਸੁਰਤਾ ਨੂੰ ਖਤਰਾ ਬਣੇਗਾ ਜਿਸ ਨਾਲ ਦੇਸ਼ ਦੀ ਏਕਤਾ ਅਤੇ ਅਖੰਡਤਾ ਲਈ ਖਤਰੇ ਪੈਦਾ ਹੋਣ ਦੀਆਂ ਸੰਭਾਵਨਾਵਾਂ ਵਧ ਜਾਣਗੀਆਂ।

# ਲੋਕ ਸਭਾ ਚੋਣਾਂ ਬਨਾਮ ਦੇਸ਼ ਦੀ ਅਨੇਕਤਾ ਵਿਚ ਏਕਤਾ

## ਨਿੱਕ ਸੁੱਕ



**ਗੁਲਜ਼ਾਰ ਸਿੰਘ ਸੰਧੂ**
Sandhugulzar@yahoo.com

ਸਾਡੇ ਦੇਸ਼ ਦੀ ਰਾਜਨੀਤੀ ਅਤੇ ਸਾਡਾ ਸਭਿਆਚਾਰ ਅਨੇਕਤਾ ਵਿਚ ਏਕਤਾ ਲਈ ਜਾਣੇ ਜਾਂਦੇ ਹਨ। ਇਥੋਂ ਦੀ ਬਹੁਭਾਸ਼ੀ, ਬਹੁਪੱਖੀ ਤੇ ਬਹੁਪਾਰਟੀ ਮਰਿਆਦਾ ਜਗਤ ਪ੍ਰਸਿਧ ਰਹੀ ਹੈ। ਮੇਰਾ ਨਾਨਕਾ ਪਿੰਡ ਸਾਰੇ ਦਾ ਸਾਰਾ ਕੋਈ ਵੀ ਸ਼ੁਭ ਕੰਮ ਅਰੰਭਣ ਤੋਂ ਪਹਿਲਾਂ ਸ਼ਿਵਦਵਾਲੇ ਮੱਥਾ ਟੇਕਦਾ ਸੀ। ਮੁਸਲਮਾਨ ਸ਼ਾਇਰ ਹਿੰਦੂ, ਸਿੱਖ ਦੇਵੀ-ਦੇਵਤਿਆਂ ਦਾ ਗੁਣ ਗਾਇਨ ਕਰਦੇ ਰਹੇ ਹਨ। ਬਾਲਾ, ਮਰਦਾਨਾ ਤੇ ਗੁਰੂ ਨਾਨਕ ਦੇਵ ਸੰਧੂ, ਮਰਾਸੀ ਤੇ ਖੱਤਰੀ ਹੁੰਦਿਆਂ ਇਕੱਠੇ ਵਿਚਰਦੇ ਰਹੇ। ਦਸਵੇਂ ਪਾਤਸ਼ਾਹ ਦਾ ਬਚਨ 'ਦੇਹ ਸ਼ਿਵਾ ਬਰ ਮੋਹਿ ਇਹ ਸ਼ੁਭ ਕਰਮਨ ਤੋਂ ਕਬਹੂੰ ਨਾ ਟਰੋਂ' ਅੱਜ ਦੇ ਪੂਰੇ ਸੰਸਾਰ ਵਿਚ ਮੰਨਿਆ ਜਾਂਦਾ ਹੈ। ਮੁਹੰਮਦ ਇਕਬਾਲ ਦਾ ਗੁਰੂ ਨਾਨਕ ਦੇਵ ਬਾਰੇ ਲਿਖਿਆ ਇਹ ਸ਼ਿਅਰ ਵੀ, "ਫਿਰ ਉਠੀ ਆਖਿਰ ਸਦਾ ਤੌਹੀਦ ਕੀ ਪੰਜਾਬ ਸੇ, ਹਿੰਦ ਕੋ ਇਕ ਮਰਦ-ਏ-ਕਾਮਿਲ ਨੇ ਜਗਾਇਆ ਖ੍ਵਾਬ ਸੇ।"

ਭਾਰਤ ਦਾ ਜੰਮਪਲ ਏ. ਪੀ. ਜੇ. ਅਬਦੁਲ ਕਲਾਮ ਦੇਸ਼ ਦਾ ਮਿਜ਼ਾਈਲ ਮੈਨ ਮੰਨਿਆ ਜਾਂਦਾ ਹੈ ਤੇ ਅਬਦੁਲ ਹਮੀਦ ਨਾਂ ਦਾ ਫੌਜੀ ਦੇਸ਼ ਵਲੋਂ ਪਰਮ ਵੀਰ ਚੱਕਰ ਨਾਲ ਸਨਮਾਨਿਆ ਗਿਆ ਹੈ।

ਪਿਛਲੇ 70 ਸਾਲ ਦੇ ਇਤਿਹਾਸ ਵਿਚ ਪਹਿਲੀ ਵਾਰ ਹੈ ਕਿ ਉਤਰ ਪ੍ਰਦੇਸ਼ ਦਾ ਮੁੱਖ ਮੰਤਰੀ ਅਦਿਤਿਆ ਨਾਥ ਯੋਗੀ, ਅਲੀ ਦੇ ਸਨਮੁਖ ਬਜਰੰਗ ਬਲੀ ਨੂੰ ਖੜਾ ਕਰ ਰਿਹਾ ਹੈ ਤੇ ਰਾਮ-ਰਹੀਮ 'ਚ ਪਾੜਾ ਪਾ ਰਿਹਾ ਹੈ। ਸ਼ਹਿਰਾਂ, ਕਸਬਿਆਂ, ਭਵਨਾਂ, ਸੰਸਥਾਵਾਂ, ਜਿਲਿਆਂ ਤੇ ਸਟੇਸ਼ਨਾਂ ਦੇ ਨਾਂ ਬਦਲੇ ਜਾ ਰਹੇ ਹਨ। ਭਗਵੇਂਕਰਨ ਦਾ ਇਹ ਏਜੰਡਾ ਹੋਰਨਾਂ ਸਿਆਸੀ ਪਾਰਟੀਆਂ ਨੂੰ ਵੀ ਧਰਮ ਤੇ ਜਾਤ ਦੀਆਂ ਵੰਡੀਆਂ ਪਾਉਣ ਲਈ ਮਜਬੂਰ ਕਰ ਰਿਹਾ ਹੈ। ਸਮਾਜਵਾਦੀ ਪਾਰਟੀ ਦਾ ਆਜ਼ਮ ਖਾਨ ਭਾਜਪਾ ਦੀ ਜਯਪ੍ਰਦਾ 'ਤੇ ਚਿੱਕੜ ਸੁਟ ਰਿਹਾ ਹੈ। ਮਾਯਾਵਤੀ ਮੁਸਲਮਾਨਾਂ ਤੋਂ ਵੋਟ ਮੰਗਦੀ ਇਹ ਕਹਿਣੋਂ ਨਹੀਂ ਸ਼ਰਮਾਉਂਦੀ ਕਿ ਸੱਤਾ ਵਿਚ ਆਉਂਦੇ ਸਾਰ ਉਨ੍ਹਾਂ ਦੇ ਵਾਰੇ ਨਿਆਰੇ ਕਰ ਦੇਵੇਗੀ। ਅਖਿਲੇਸ਼ ਯਾਦਵ ਆਪਣੇ ਗੋਤ ਦੇ ਨਾਂ 'ਤੇ ਫੌਜੀ ਰੈਜੀਮੈਂਟ ਸਿਰਜਣ ਦੇ ਸੁਪਨੇ ਦਿਖਾ ਰਿਹਾ ਹੈ।

ਲੋਕ ਸਭਾ ਚੋਣਾਂ ਤੋਂ ਪਹਿਲਾਂ ਕੇਂਦਰ ਸਰਕਾਰ ਨੇ ਇੱਕ ਹੋਰ ਪੈਂਤੜਾ ਵਰਤਣਾ ਸ਼ੁਰੂ ਕੀਤਾ ਹੈ। ਰਾਜ ਸਰਕਾਰਾਂ ਵਲੋਂ ਰਚਾਏ ਸਮਾਗਮ ਨੂੰ ਲੋੜੀਂਦੇ ਫੰਡ ਦੇਣ ਦੀ ਥਾਂ ਮੁਤਵਾਜ਼ੀ ਤੇ ਵੱਡੇ ਸਮਾਗਮ ਰਚਾ ਕੇ ਲੋਕਾਂ ਨੂੰ ਲੁਭਾਇਆ ਜਾ ਰਿਹਾ ਹੈ। ਡੇਰਾ ਬਾਬਾ ਨਾਨਕ ਤੇ ਕਰਤਾਰਪੁਰ ਵਿਚਾਲੇ ਲਾਂਘੇ ਨੂੰ ਅਪਨਾਉਣ ਵਿਚ ਕੇਂਦਰ ਦੀ ਮੁਢਲੀ ਆਨਾ-ਕਾਨੀ ਨਵੇਂ ਪੈਂਤੜੇ ਦਾ ਹਿੱਸਾ ਸੀ। ਜਲ੍ਹਿਆਂ ਵਾਲਾ ਬਾਗ ਦੇ ਸਾਕੇ ਦੇ ਪ੍ਰਸੰਗ ਵਿਚ ਰਾਜ ਸਰਕਾਰ ਦੇ ਸਮਾਗਮ ਤੋਂ ਵੱਡਾ ਤੇ ਕੀਮਤੀ ਸਮਾਗਮ ਰਚਾ ਕੇ ਕੇਂਦਰ ਵਲੋਂ ਆਪਣੇ ਨੰਬਰ ਬਣਾਉਣਾ ਤਾਂ ਕੱਲ੍ਹ ਦੀ ਗੱਲ ਹੈ। ਖੂਬੀ ਇਹ ਕਿ ਦੇਸ਼ ਦਾ ਪ੍ਰਧਾਨ ਮੰਤਰੀ ਪੰਜਾਬ ਦੇ ਮੁੱਖ ਮੰਤਰੀ ਦੀ ਕੇਂਦਰ ਵਾਲੇ ਸਮਾਗਮ ਵਿਚ ਗੈਰ ਹਾਜ਼ਰੀ ਨੂੰ ਵਡਾ ਦੋਸ਼ ਬਣਾ ਕੇ ਉਭਾਰ ਰਿਹਾ ਹੈ। ਇਸ ਦੇ ਉਲਟ ਆਪਣੀ ਭਾਈਵਾਲ ਅਕਾਲੀ ਪਾਰਟੀ ਦੀ ਗੈਰਹਾਜ਼ਰੀ ਬਾਰੇ ਅੱਖਾਂ ਮੀਚਣ ਦਾ ਸਵਾਂਗ ਰਚਾਉਂਦਾ ਉਕਾ ਨਹੀਂ ਝਿਜਕਦਾ। ਕੇਂਦਰ ਵਿਚ ਅਕਾਲੀ ਪਾਰਟੀ ਦੀ ਪ੍ਰਤੀਨਿਧਤਾ ਕਰ ਰਹੀ ਸ੍ਰੀਮਤੀ ਹਰਸਿਮਰਤ ਕੌਰ ਬਾਦਲ ਦੀ ਗੈਰ ਹਾਜ਼ਰੀ ਸਮੇਤ।

ਇਕ ਭਾਜਪਾ ਨੇਤਾ ਨੇ ਤਾਂ ਇਥੋਂ ਤੱਕ ਕਹਿ ਦਿੱਤਾ ਹੈ ਕਿ 2019 ਤੋਂ ਪਿਛੋਂ ਚੋਣਾਂ ਦੀ ਲੋੜ ਹੀ ਨਹੀਂ ਰਹਿਣੀ। ਉਸ ਦਾ ਇਸ਼ਾਰਾ ਇਕ ਧਰਮੀ (ਭਾਵ ਭਗਵੇਂ) ਰਾਜ ਦੀ ਪੁਖਤਾ ਸਥਾਪਤੀ ਵੱਲ ਹੈ। ਲੋਕ ਭਲਾਈ ਨੀਤੀਆਂ ਦੀ ਥਾਂ ਅਜਿਹਾ ਏਜੰਡਾ ਅਪਨਾਉਣਾ ਦੇਸ਼ ਦੀ ਜਨਤਾ ਨੂੰ ਗੁੰਮਰਾਹ ਕਰਨਾ ਨਹੀਂ ਤਾਂ ਹੋਰ ਕੀ ਹੈ? ਸੁਤੰਤਰ ਭਾਰਤ ਦੇ ਪਿਛਲੇ 70 ਸਾਲਾਂ ਦੇ ਇਤਿਹਾਸ ਵਿਚ ਇਸ ਤਰ੍ਹਾਂ ਦੀਆਂ ਨੀਤੀਆਂ ਤੇ ਬਿਆਨਾਂ ਦਾ ਉਭਰਨਾ ਲੋਕਤੰਤਰ ਲਈ ਵੱਡੇ ਖਤਰੇ ਦੀ ਘੰਟੀ ਹੈ।


**ਟ੍ਰਿਬਿਊਨ ਪ੍ਰਕਾਸ਼ਨ ਸਮੂਹ, ਮੈਂ ਤੇ ਮੇਰੇ ਜਾਣੂ:** 'ਪੰਜਾਬੀ ਟ੍ਰਿਬਿਊਨ' ਵਿਚ ਅਰਵਿੰਦਰ ਜੌਹਲ ਤੇ 'ਦੀ ਟ੍ਰਿਬਿਊਨ' ਵਿਚ ਨਾਨਕੀ ਹਾਂਸ ਦੀ ਉਨਤੀ ਨੇ ਮੈਨੂੰ ਟ੍ਰਿਬਿਊਨ ਪ੍ਰਕਾਸ਼ਨ ਸਮੂਹ ਨਾਲ ਆਪਣੀ ਅੱਧੀ ਸਦੀ ਦੀ ਸਾਂਝ ਚੇਤੇ ਕਰਵਾ ਦਿੱਤੀ ਹੈ। ਟ੍ਰਿਬਿਊਨ ਟਰੱਸਟ ਨੇ ਮਹਿਲਾ ਦਿਵਸ ਮੌਕੇ ਅਰਵਿੰਦਰ ਨੂੰ ਨਿਊਜ਼ ਐਡੀਟਰ ਤੇ ਨਾਨਕੀ ਨੂੰ ਚੀਫ ਨਿਊਜ਼ ਐਡੀਟਰ ਵਜੋਂ ਤਰੱਕੀ ਦਿੱਤੀ ਹੈ। ਮੈਂ ਪੰਜਾਬੀ ਟ੍ਰਿਬਿਊਨ ਦਾ 1984 ਤੋਂ 1987 ਤੱਕ ਸੰਪਾਦਕ ਰਿਹਾ ਹਾਂ ਭਾਵੇਂ ਪੰਜਾਬੀ ਟ੍ਰਿਬਿਊਨ ਨੂੰ ਮੁਢਲੀ ਸੇਧ ਦੇਣ ਵਾਲਾ ਮੇਰਾ ਮਿੱਤਰ ਬਰਜਿੰਦਰ ਸਿੰਘ ਹਮਦਰਦ ਸੀ। ਉਸ ਨੂੰ ਮੁਢਲੀ ਸਿਖਿਆ ਆਪਣੇ ਪਿਤਾ ਸਾਧੂ ਸਿੰਘ ਹਮਦਰਦ ਤੋਂ ਮਿਲੀ ਸੀ, ਤੇ ਮੈਨੂੰ ਸੇਧ ਪ੍ਰੇਮ ਭਾਟੀਆ ਤੋਂ। ਪੰਜਾਬੀ ਟ੍ਰਿਬਿਊਨ ਦੀ ਸੰਪਾਦਕੀ ਨਾਲ ਜੁੜੇ ਹਰਭਜਨ ਹਲਵਾਰਵੀ, ਸ਼ੰਗਾਰਾ ਸਿੰਘ ਭੁੱਲਰ, ਸਿੱਧੂ ਦਮਦਮੀ ਤੇ ਸੁਰਿੰਦਰ ਤੇਜ ਹੀ ਨਹੀਂ, ਮੌਜੂਦਾ ਸੰਪਾਦਕ ਸਵਰਾਜ ਬੀਰ ਵੀ ਮੇਰੇ ਮਿੱਤਰਾਂ ਦੇ ਘੇਰੇ ਵਿਚ ਆਉਂਦੇ ਹਨ। ਸੱਜਰੀ ਤਰੱਕੀ ਦਾ ਵਿਸ਼ੇਸ਼ ਰਾਜ ਇਹ ਹੈ ਕਿ ਅਰਵਿੰਦਰ ਤੇ ਨਾਨਕੀ ਆਪੋ ਆਪਣੇ ਕੰਮ ਦੀ ਕਮਾਂਡ ਸੰਭਾਲਣ ਵਾਲੀਆਂ ਪਹਿਲੀਆਂ ਮਹਿਲਾਵਾਂ ਹਨ। ਇਸ ਤੋਂ ਪਹਿਲਾਂ ਕੋਈ ਮਹਿਲਾ ਇਨ੍ਹਾਂ ਪਦਵੀਆਂ ਦੀ ਭਾਗੀ ਨਹੀਂ ਹੋਈ। 'ਦੀ ਟ੍ਰਿਬਿਊਨ' (ਅੰਗਰੇਜ਼ੀ) ਦੇ ਸਵਾ ਸੌ ਸਾਲ ਦੇ ਇਤਿਹਾਸ ਵਿਚ ਵੀ ਨਹੀਂ। ਨਾਨਕੀ ਨੂੰ ਮੁਢਲੀ ਸੇਧ ਦੇਣਾ ਵਾਲਾ ਵੀ ਮੇਰਾ ਗੁਰੂ ਪ੍ਰੇਮ ਭਾਟੀਆ ਹੀ ਸੀ। ਤਰੱਕੀ ਦੇਣ ਵਾਲੇ ਤੇ ਤਰੱਕੀ ਪਾਉਣ ਵਾਲੇ ਵਧਾਈਆਂ ਦੇ ਹੱਕਦਾਰ ਹਨ।

**ਅੰਤਿਕਾ: ਸ਼ਕੀਲ ਬਦਾਯੂੰਨੀ**

ਜਾਨੇ ਵਾਲੇ ਕਭੀ ਨਹੀਂ ਆਤੇ
ਜਾਨੇ ਵਾਲੋਂ ਕੀ ਯਾਦ ਆਤੀ ਹੈ।
ਸਾਦਗੀ ਲਾਜਵਾਬ ਹੈ ਜਿਨ ਕੀ
ਉਨ ਸਵਾਲੋਂ ਕੀ ਯਾਦ ਆਤੀ ਹੈ।
ਵਜਦ-ਏ-ਲੁਤਫ-ਏ-ਸੁਖਨ ਮੁਬਾਰਕ ਹੋ
ਬਾਕਮਾਲੋਂ ਕੀ ਯਾਦ ਆਤੀ ਹੈ।

# ਲੋਕਤੰਤਰੀ ਪ੍ਰਕ੍ਰਿਆ ਦੇ ਹਾਲਾਤ ਦਾ ਵਹਿਣ ਸੁਲੱਖਣਾ ਨਹੀਂ ਜਾਪਦਾ

## ਸਿਆਸਤ ਦਾ ਪਿੜ



■ ਜਤਿੰਦਰ ਪਨੂੰ
ਫੋਨ: 91-98140-68455

ਬਿਨਾ ਸ਼ੱਕ ਬਹੁਤ ਸਾਰੇ ਵਿਸ਼ਲੇਸ਼ਕ ਇਹ ਗੱਲ ਲਿਖਣ ਤੱਕ ਚਲੇ ਜਾਂਦੇ ਹਨ ਕਿ ਇਸ ਵਾਰ ਕੇਂਦਰ ਦੀ ਸੱਤਾ ਮੁੜ ਕੇ ਸੰਭਾਲਣ ਦਾ ਨਰਿੰਦਰ ਮੋਦੀ ਦਾ ਸੁਫਨਾ ਪੂਰਾ ਨਹੀਂ ਹੋ ਸਕਣਾ, ਅਸੀਂ ਇਹ ਸਮਝਦੇ ਹਾਂ ਕਿ ਅਜੇ ਏਦਾਂ ਦੀ ਗੱਲ ਕਹਿਣ ਦਾ ਸਮਾਂ ਨਹੀਂ ਆਇਆ। ਫਿਰ ਵੀ ਇਹ ਜ਼ਰੂਰ ਹੈ ਕਿ ਏਦਾਂ ਦੇ ਅੰਦਾਜ਼ੇ ਲੱਗਣ ਦੇ ਹਾਲਾਤ ਬਣਨ ਦੀ ਸ਼ੁਰੂਆਤ ਹੋ ਗਈ ਹੈ, ਜਿੱਥੇ ਲੋਕ ਨਰਿੰਦਰ ਮੋਦੀ ਦੀ ਅਗਵਾਈ ਵਿਚ ਭਾਜਪਾ ਦੀ ਲਗਾਤਾਰ ਦੂਜੀ ਜਿੱਤ ਪੱਕੀ ਹੋਣ ਦੇ ਦਾਅਵੇ ਕਰਨ ਤੋਂ ਪਹਿਲਾਂ ਸੋਚਣ ਲੱਗ ਜਾਂਦੇ ਹਨ। ਇੱਕ ਵੱਡੀ ਗੱਲ ਨੋਟ ਕਰਨ ਵਾਲੀ ਇਹ ਹੈ ਕਿ ਇਸ ਦੇ ਬਾਵਜੂਦ ਬਹੁਤ ਸਾਰੇ ਲੋਕ ਆਪਣੇ ਮਨ ਦੀ ਗੱਲ ਕਹਿਣ ਵੇਲੇ ਅੱਗਾ-ਪਿੱਛਾ ਵੇਖ ਕੇ ਬੋਲਦੇ ਹਨ ਅਤੇ ਭਾਰਤ ਵਿਚ ਏਦਾਂ ਦਾ ਮਾਹੌਲ ਮਹਿਸੂਸ ਕੀਤਾ ਜਾਣ ਲੱਗ ਪਿਆ ਹੈ, ਜਿਸ ਬਾਰੇ ਮੁਹਾਵਰਾ ਪ੍ਰਚਲਿਤ ਹੈ, 'ਕੰਧਾਂ ਵੀ ਸੁਣਦੀਆਂ ਹਨ, ਇਸ ਲਈ ਜ਼ਰਾ ਸੋਚ ਕੇ ਬੋਲਣਾ ਚਾਹੀਦਾ ਹੈ।'

ਦੇਸ਼ ਦੇ ਬਹੁ-ਗਿਣਤੀ ਭਾਈਚਾਰੇ ਦੇ ਪੱਖ ਦੀਆਂ ਕੱਟੜਪੰਥੀ ਤਾਕਤਾਂ ਏਡੀ ਖੁੱਲ੍ਹੀ ਅਤੇ ਏਨੀ ਅਣਸੁਖਾਵੀਂ ਭਾਸ਼ਾ ਵਿਚ ਆਪਣੀ ਗੱਲ ਕਹਿਣ ਲੱਗ ਪਈਆਂ ਹਨ ਕਿ ਉਨ੍ਹਾਂ ਦੀ ਕਾਟ ਕਰਨ ਵਾਲੇ ਲੋਕਾਂ ਨੂੰ ਡਰ ਲੱਗਦਾ ਹੈ ਕਿ ਇਹ ਮੂੰਹ-ਫਟੇ ਲੋਕ ਸਾਨੂੰ ਵੀ 'ਦੇਸ਼ ਧਰੋਹੀ' ਕਹਿ ਕੇ ਮਗਰ ਨਾ ਪੈ ਜਾਣ। ਪੰਜਾਬੀ ਦੇ ਅਖਾਣ ਕਿ 'ਲੱਜ ਰਖੰਦਾ ਅੰਦਰ ਵੜੇ ਤੇ ਮੂਰਖ ਆਖੇ ਮੈਥੋਂ ਡਰੇ' ਵਾਲੀ ਹਾਲਤ ਜਿਸ ਤਰ੍ਹਾਂ ਬਣਦੀ ਜਾਂਦੀ ਹੈ, ਉਸ ਦੀ ਇੱਕ ਝਲਕ ਇਸ ਹਫਤੇ ਮੱਧ ਪ੍ਰਦੇਸ਼ ਦੀ ਰਾਜਧਾਨੀ ਭੋਪਾਲ ਵਿਚ ਸਾਧਵੀ ਪ੍ਰਗਿਆ ਦੀ ਪ੍ਰੈਸ ਕਾਨਫਰੰਸ ਤੋਂ ਮਿਲ ਗਈ ਹੈ।

ਕੇਸ ਅਦਾਲਤ ਵਿਚ ਹੋਣ ਕਾਰਨ ਅਸੀਂ ਇਹ ਨਹੀਂ ਕਹਿ ਰਹੇ ਕਿ ਸਾਧਵੀ ਪ੍ਰਗਿਆ ਸਿੰਘ ਠਾਕੁਰ ਉਸ ਕੇਸ ਵਿਚ ਦੋਸ਼ੀ ਸੀ ਜਾਂ ਨਹੀਂ, ਪਰ ਜਿਹੜੇ ਕੇਸ ਵਿਚ ਉਹ ਦਸ ਸਾਲ ਜੇਲ੍ਹ ਵਿਚ ਰਹਿ ਕੇ ਆਈ ਹੈ, ਉਹ ਅਜੇ ਸਿਰੇ ਨਹੀਂ ਲੱਗ ਸਕਿਆ। ਉਹ ਜ਼ਮਾਨਤ 'ਤੇ ਬਾਹਰ ਆਈ ਤਾਂ ਉਸ ਨੂੰ ਭਾਜਪਾ ਨੇ ਭੋਪਾਲ ਤੋਂ ਪਾਰਲੀਮੈਂਟ ਚੋਣ ਲਈ ਉਮੀਦਵਾਰ ਬਣਾ ਦਿੱਤਾ ਹੈ। ਬੀਬੀ ਨੇ ਪਹਿਲੀ ਪ੍ਰੈਸ ਕਾਨਫਰੰਸ ਦੌਰਾਨ ਹੀ ਆਪਣੇ ਅਸਲੀ ਰੰਗ ਦਿਖਾ ਦਿੱਤੇ ਹਨ। ਪਹਿਲ ਉਸ ਨੇ ਆਪਣੇ ਕੇਸ ਦੇ ਹਵਾਲੇ ਨਾਲ ਕੀਤੀ ਅਤੇ ਉਸ ਕੇਸ ਦੇ ਤਫਤੀਸ਼ੀ ਅਫਸਰ ਹੇਮੰਤ ਕਰਕਰੇ ਦੇ ਖਿਲਾਫ ਏਦਾਂ ਦੀ ਭੜਾਸ ਕੱਢੀ ਕਿ ਉਸ ਸਾਧਵੀ ਨੂੰ ਟਿਕਟ ਦੇਣ ਵਾਲੇ ਵੀ ਦੰਦਾਂ ਨਾਲ ਉਂਗਲਾਂ ਟੁੱਕਣ ਲੱਗੇ ਸਨ।



ਸਾਧਵੀ ਪ੍ਰਗਿਆ ਸਿੰਘ ਠਾਕੁਰ

ਹੇਮੰਤ ਕਰਕਰੇ ਇਸ ਦੇਸ਼ ਦੇ ਲੋਕਾਂ ਦੀ ਨਜ਼ਰ ਵਿਚ ਹੀਰੋ ਹੈ, ਦੇਸ਼ ਲਈ ਆਪਣੀ ਜਾਨ ਵਾਰਨ ਵਾਲਾ ਸ਼ਹੀਦ ਹੈ ਤੇ ਉਸ ਨੂੰ ਸਾਧਵੀ ਪ੍ਰਗਿਆ ਸਿੰਘ ਨੇ 'ਦੇਸ਼ ਧਰੋਹੀ' ਕਹਿ ਕੇ ਦਹਿਸ਼ਤਗਰਦਾਂ ਦੀ ਗੋਲੀ ਦੀ ਥਾਂ ਆਪਣੇ ਦਿੱਤੇ ਹੋਏ ਸਰਾਪ ਦੇ ਸੂਤਕ ਨਾਲ ਮਰਿਆ ਕਿਹਾ ਤੇ ਇਸ ਦੇ ਹਾਸੋਹੀਣੇ ਵੇਰਵੇ ਸੁਣਾਏ ਹਨ। ਬੀਬੀ ਕਹਿੰਦੀ ਹੈ, ਉਸ ਨੇ ਮੈਨੂੰ ਜੇਲ੍ਹ ਭੇਜਿਆ ਤਾਂ ਮੈਂ ਉਦੋਂ ਕਿਹਾ ਸੀ ਕਿ 'ਤੇਰਾ ਸਰਬ ਨਾਸ ਹੋਵੇਗਾ' ਤੇ ਮੈਂ ਜੋ ਸਰਾਪ ਦਿੱਤਾ ਸੀ, ਉਸ ਦਾ ਸੂਤਕ ਸਵਾ ਮਹੀਨਾ ਚੱਲਦਾ ਹੈ, ਮੇਰੇ ਜੇਲ੍ਹ ਜਾਣ ਪਿੱਛੋਂ ਜਿਸ ਦਿਨ ਸਵਾ ਮਹੀਨਾ ਪੂਰਾ ਹੋਇਆ, ਉਸ ਦੀ ਮੌਤ ਹੋ ਗਈ।

ਭਾਰਤ ਦੇਸ਼ ਇਹ ਸਮਝਦਾ ਸੀ ਕਿ ਮੁੰਬਈ ਵਿਚ ਹੋਏ ਬੜੇ ਵੱਡੇ ਹਮਲੇ ਵੇਲੇ ਅਤਿਵਾਦੀਆਂ ਨਾਲ ਲੜਦਾ ਹੇਮੰਤ ਕਰਕਰੇ ਉਨ੍ਹਾਂ ਦੀ ਗੋਲੀ ਨਾਲ ਸ਼ਹੀਦ ਹੋਇਆ ਸੀ, ਸਾਧਵੀ ਪ੍ਰਗਿਆ ਕਹਿ ਰਹੀ ਹੈ ਕਿ ਉਸ ਨੂੰ ਮੈਂ ਸਰਾਪ ਦੇ ਸੂਤਕ ਨਾਲ ਮਾਰਿਆ ਹੈ। ਭਾਰਤ ਦੇਸ਼ ਦਾ ਸਭ ਤੋਂ ਵੱਡਾ ਬਹਾਦਰੀ ਐਵਾਰਡ ਜੰਗ ਦੌਰਾਨ ਪਰਮਵੀਰ ਚੱਕਰ ਹੁੰਦਾ ਹੈ ਅਤੇ ਜਦੋਂ ਕੋਈ ਜੰਗ ਨਾ ਲੱਗੀ ਹੋਵੇ, ਆਪਣੇ ਦੇਸ਼ ਦੀ ਰਾਖੀ ਲਈ ਅਪਰਾਧੀਆਂ ਅਤੇ ਅਤਿਵਾਦੀਆਂ ਨਾਲ ਮੁਕਾਬਲੇ ਦੌਰਾਨ ਬਹਾਦਰੀ ਵਿਖਾਉਣ ਵਾਲੇ ਨੂੰ ਅਸ਼ੋਕ ਚੱਕਰ ਦਿੱਤਾ ਜਾਂਦਾ ਹੈ। ਹੇਮੰਤ ਕਰਕਰੇ ਨੂੰ ਮਰਨ ਪਿਛੋਂ ਅਸ਼ੋਕ ਚੱਕਰ ਦਿੱਤਾ ਗਿਆ ਸੀ। ਸਾਧਵੀ ਪ੍ਰਗਿਆ ਦੇ ਇਨ੍ਹਾਂ ਸ਼ਬਦਾਂ ਕਾਰਨ ਇਸ ਐਵਾਰਡ ਦੀ ਸ਼ਾਨ ਵੀ ਘਟ ਗਈ, ਹੇਮੰਤ ਕਰਕਰੇ ਦੀ ਸ਼ਹੀਦੀ ਨੂੰ ਦਾਗ ਵੀ ਲੱਗ ਗਿਆ ਤੇ ਭਾਜਪਾ ਲੀਡਰ ਏਨੀ ਗੱਲ ਨਾਲ ਹਰ ਜ਼ਿੰਮੇਵਾਰੀ ਨੂੰ ਤਿਲਕਾ ਗਏ ਕਿ ਇਹ ਸਾਧਵੀ ਦੇ ਨਿੱਜੀ ਵਿਚਾਰ ਹਨ। ਕਮਾਲ ਦੀ ਪਾਰਟੀ ਹੈ!

ਅਸਲ ਵਿਚ ਕਮਾਲ ਦੀ ਪਾਰਟੀ ਨਹੀਂ, ਕਮਾਲ ਦੀ ਵਿਚਾਰਧਾਰਾ ਵਾਲੀ ਰਾਜਨੀਤੀ ਹੈ, ਜਿਸ ਵਿਚ ਇੱਕ ਆਗੂ ਕੁਝ ਕਹਿੰਦਾ ਨਹੀਂ, ਉਸ ਤੋਂ ਕਹਾਇਆ ਜਾਂਦਾ ਹੈ ਤੇ ਪਾਰਟੀ ਉਸ ਨੂੰ ਉਸ ਦੇ ਨਿੱਜੀ ਵਿਚਾਰ ਕਹਿ ਕੇ ਕੁਝ ਚਿਰ ਪਿੱਛੋਂ ਕਿਸੇ ਹੋਰ ਆਗੂ ਤੋਂ ਉਸ ਨਾਲੋਂ ਵੀ ਅਗਲੀ ਗੱਲ ਅਖਵਾ ਦਿੰਦੀ ਹੈ। ਇਸ ਤਰ੍ਹਾਂ ਉਹ ਲੋਕ ਹੌਲੀ-ਹੌਲੀ ਦੇਸ਼ ਦੇ ਲੋਕਾਂ ਨੂੰ ਮਾਨਸਿਕ ਤੌਰ 'ਤੇ ਤਿਆਰ ਕਰਦੇ ਤੇ ਕਦਮ-ਕਦਮ ਅੱਗੇ ਵਧੀ ਜਾਂਦੇ ਹਨ।

ਪੰਜ ਸਾਲ ਪਹਿਲਾਂ ਜਦੋਂ ਵਿਸ਼ਵ ਹਿੰਦੂ ਪ੍ਰੀਸ਼ਦ ਦੇ ਇੱਕ ਆਗੂ ਨੇ ਕਿਹਾ ਸੀ ਕਿ ਨਰਿੰਦਰ ਮੋਦੀ ਦੀ ਅਗਵਾਈ ਵਾਲੀ ਸਰਕਾਰ ਬਣਨ ਨਾਲ ਅੱਠ ਸੌ ਸਾਲਾਂ ਪਿੱਛੋਂ ਹਿੰਦੂ ਰਾਜ ਪਰਤਿਆ ਹੈ ਤਾਂ ਵਿਰੋਧ ਹੋਣ 'ਤੇ ਭਾਜਪਾ ਲੀਡਰਸ਼ਿਪ ਨੇ ਇਸ ਨੂੰ ਉਸ ਦਾ ਨਿੱਜੀ ਵਿਚਾਰ ਕਿਹਾ ਸੀ। ਫਿਰ ਕੁਝ ਚਿਰ ਲੰਘਾ ਕੇ ਇਹੋ ਗੱਲ ਹੋਰ ਆਗੂ ਵੀ ਆਪਣੇ ਭਾਸ਼ਣਾਂ ਵਿਚ ਇਸ ਤਰ੍ਹਾਂ ਜੋੜ ਕੇ ਬੋਲਣ ਲੱਗ ਪਏ ਕਿ ਭਾਰਤ ਦੇ ਹਿੰਦੂਆਂ ਨੇ ਅੱਠ ਸੌ ਸਾਲ ਜ਼ਿਆਦਤੀਆਂ ਝੱਲੀਆਂ ਹਨ, ਨਰਿੰਦਰ ਮੋਦੀ ਦੇ ਆਏ ਤੋਂ ਜ਼ਿਆਦਤੀਆਂ ਰੁਕੀਆਂ ਹਨ। ਇਸ ਦਾ ਭਾਵ ਇਹ ਸੀ ਕਿ ਅੱਠ ਸੌ ਸਾਲਾਂ ਬਾਅਦ ਏਦਾਂ ਦਾ ਰਾਜ ਆਇਆ ਹੈ, ਜਿਸ ਨੂੰ ਹਿੰਦੂ ਆਪਣਾ ਰਾਜ ਮੰਨ ਸਕਦੇ ਹਨ, ਪਰ ਇਹ ਗੱਲ ਸਿੱਧੀ ਨਹੀਂ ਸੀ ਕਹੀ ਜਾਂਦੀ, ਭਾਸ਼ਣਾਂ ਵਿਚ ਲੱਛੇਦਾਰ ਢੰਗ ਨਾਲ ਵਲਾਵਾਂ ਪਾ ਕੇ ਕਹੀ ਜਾਂਦੀ ਸੀ।

ਅੱਜ ਕੱਲ੍ਹ ਸ਼ਬਦਾਵਲੀ ਕਿਹੋ ਜਿਹੀ ਵਰਤੀ ਜਾਂਦੀ ਹੈ, ਉੱਤਰ ਪ੍ਰਦੇਸ਼ ਦੇ ਮੁੱਖ ਮੰਤਰੀ ਯੋਗੀ ਆਦਿਤਿਆ ਨਾਥ ਨੇ ਉਸ ਦੀ ਇੱਕ ਮਿਸਾਲ ਲੋਕਾਂ ਸਾਹਮਣੇ ਰੱਖ ਦਿੱਤੀ ਹੈ। ਯੋਗੀ ਦੀ ਬੇਹੂਦਾ ਸ਼ਬਦਾਵਲੀ ਦਾ ਮਾਮਲਾ ਜਦੋਂ ਸੁਪਰੀਮ ਕੋਰਟ ਗਿਆ ਤਾਂ ਉਥੋਂ ਪਈ ਝਾੜ ਪਿੱਛੋਂ ਚੋਣ ਕਮਿਸ਼ਨ ਨੇ ਯੋਗੀ ਸਮੇਤ ਚਾਰ ਲੀਡਰਾਂ 'ਤੇ ਕੁਝ ਸਮਾਂ ਚੋਣ ਪ੍ਰਚਾਰ ਕਰਨ ਉਤੇ ਰੋਕ ਲਾ ਦਿੱਤੀ ਸੀ। ਤਿੰਨ ਦਿਨਾਂ ਦੀ ਪਾਬੰਦੀ ਮੁੱਕਦੇ ਸਾਰ ਯੋਗੀ ਫਿਰ ਆਪਣੇ ਰੰਗ ਵਿਚ ਆ ਗਿਆ। ਉਸ ਨੇ ਇੱਕ ਹਲਕੇ ਵਿਚ ਵਿਰੋਧੀ ਧਿਰ ਦੇ ਮੁਸਲਮਾਨ ਉਮੀਦਵਾਰ ਬਾਰੇ ਕਿਹਾ ਕਿ ਜਦੋਂ ਮੈਂ ਪਾਰਲੀਮੈਂਟ ਮੈਂਬਰ ਸਾਂ, ਇਹ ਆਗੂ ਵੀ ਪਾਰਲੀਮੈਂਟ ਮੈਂਬਰ ਸੀ ਤੇ ਇਸ ਨੇ ਮੈਨੂੰ ਆਪ ਇਹ ਗੱਲ ਕਹੀ ਸੀ ਕਿ ਅਸੀਂ ਬਾਬਰ ਨੂੰ ਵਡੇਰਾ ਮੰਨਦੇ ਹਾਂ। ਇਹ ਕਹਿਣ ਤੋਂ ਬਾਅਦ ਯੋਗੀ ਨੇ ਅਗਲੀ ਗੱਲ ਇਹ ਕਹਿ ਦਿੱਤੀ ਕਿ ਭਾਰਤ ਦੇ ਲੋਕਾਂ ਦੀ ਜ਼ਿੰਮੇਵਾਰੀ ਹੈ ਕਿ ਬਾਬਰ ਦੀ ਔਲਾਦ ਇਸ ਦੇਸ਼ ਦੀ ਰਾਜ ਸੱਤਾ ਤੋਂ ਦੂਰ-ਦੂਰ ਰੱਖੀ ਜਾਵੇ।

ਉਸ ਆਗੂ ਨੇ ਆਪਣੇ ਆਪ ਨੂੰ 'ਬਾਬਰ ਦੀ ਔਲਾਦ' ਕਿਹਾ ਜਾਂ ਯੋਗੀ ਨੇ ਸਾਧਵੀ ਪ੍ਰਗਿਆ ਵਾਂਗ ਆਪਣੇ ਮਨ ਦੀ ਭਾਵਨਾ ਮੁਤਾਬਕ ਕਿੱਸਾ ਘੜ ਕੇ ਸਾਹਮਣੇ ਬੈਠੇ ਲੋਕਾਂ ਨੂੰ ਭੜਕਾਉਣ ਲਈ ਦਾਅ ਖੇਡਿਆ, ਇਹ ਤਾਂ ਪਤਾ ਨਹੀਂ, ਪਰ ਇਸ ਨਾਲ ਉਹੀ ਰਾਜਨੀਤੀ ਖੇਡੀ ਗਈ ਹੈ, ਜਿਸ ਕਾਰਨ ਅੱਜ ਕੱਲ੍ਹ ਇਸ ਤਰ੍ਹਾਂ ਦੀ ਦਹਿਸ਼ਤ ਮਹਿਸੂਸ ਕੀਤੀ ਜਾਣ ਲੱਗ ਪਈ ਹੈ ਕਿ ਪੰਜਾਬੀ ਦੇ ਅਖਾਣ ਮੁਤਾਬਕ ਕੰਧਾਂ ਸੁਣਦੀਆਂ ਹੋਣ ਦਾ ਖਤਰਾ ਸਮਝਣ ਵਾਲੇ ਲੋਕ ਵਾਹਵਾ ਸੋਚ ਕੇ ਅਤੇ ਆਸਾ-ਪਾਸਾ ਵੇਖ ਕੇ ਬੋਲਣ ਵਿਚ ਗਨੀਮਤ ਸਮਝਣ ਲੱਗੇ ਹਨ।

ਸਾਡੀ ਇਹ ਲਿਖਤ ਉਸ ਵਕਤ ਦੇ ਹਾਲਾਤ ਪੇਸ਼ ਕਰਨ ਦਾ ਯਤਨ ਹੈ, ਜਦੋਂ ਪਾਰਲੀਮੈਂਟ ਚੋਣਾਂ ਦੇ ਦੋ ਗੇੜਾਂ ਵਿਚ ਸਿਰਫ 186 ਸੀਟਾਂ ਲਈ ਵੋਟਿੰਗ ਹੋਈ ਹੈ ਤੇ 357 ਸੀਟਾਂ ਦੀ ਅਜੇ ਹੋਣੀ ਹੈ। ਅਗਲੇ ਪੰਜਾਂ ਦੌਰਾਂ ਦੌਰਾਨ ਕੀ ਹੋਵੇਗਾ, ਇਸ ਤੋਂ ਕੁਝ-ਕੁਝ ਅੰਦਾਜ਼ਾ ਲੱਗ ਸਕਦਾ ਹੈ। ਹਾਲਾਤ ਇਸ ਵਾਰੀ ਇਸ ਦੇਸ਼ ਦੀ ਲੋਕਤੰਤਰੀ ਪ੍ਰਕ੍ਰਿਆ ਲਈ ਸੁਖਾਵੇਂ ਨਹੀਂ ਜਾਪਦੇ। ਕੱਲ੍ਹ ਨੂੰ ਕੀ ਹੋਵੇਗਾ, ਸਿਰਫ ਸੁੱਖ ਹੀ ਮੰਗੀ ਜਾ ਸਕਦੀ ਹੈ।



ਯੋਗੀ ਆਦਿਤਿਆ ਨਾਥ

## ਲਿਖਤੁਮ



ਤਰਲੋਚਨ ਸਿੰਘ ਦੁਪਾਲਪੁਰ
ਫੋਨ: 408-915-1268

# ਵੋਟਾਂ ਦੀ ਦੁਹਾਈ, ਕੜਾਹੀ ਦੀ ਸਫਾਈ!

ਅਜੋਕੇ ਚੋਣ ਪ੍ਰਚਾਰ ਦੇ ਭਖੇ ਮਾਹੌਲ ਵਿਚ ਸਿਆਸੀ ਪਾਰਟੀਆਂ ਦੀ 'ਦਲ ਦਲ' ਵਾਲੀ ਸਥਿਤੀ ਤਾਂ ਭਾਵੇਂ ਸਾਰੇ ਦੇਸ਼ ਵਿਚ ਹੀ ਬਣੀ ਹੋਈ ਹੈ, ਪਰ ਇਸ ਵਾਰ ਪੰਜਾਬ ਦਾ ਸਿਆਸੀ ਪਿੜ ਬਾਹਲਾ ਹੀ 'ਜਲੇਬੀਨੁਮਾ' ਵਿੰਗ-ਵਲੇਵਿਆਂ ਵਾਲਾ ਬਣਿਆ ਹੋਇਆ ਹੈ। ਜਿਵੇਂ ਵਿਧਾਨ ਸਭਾ ਵਿਚ ਮੁੱਖ ਵਿਰੋਧੀ ਪਾਰਟੀ 'ਆਪ' ਦਾ ਹਾਲ ਦੇਖ ਲਉ। ਕੋਈ ਪਤਾ ਨਹੀਂ ਕਿ ਇਸ ਪਾਰਟੀ ਦੇ ਕਿੰਨੇ ਵਿਧਾਇਕ ਕਿਹਦੇ ਹਮਾਇਤੀ ਹਨ! ਫਿਲਹਾਲ ਇਸ ਪਾਰਟੀ ਬਾਰੇ ਇਹ ਵੀ ਨਹੀਂ ਕਿਹਾ ਜਾ ਸਕਦਾ ਕਿ ਇਹ ਕਾਂਗਰਸ ਵਿਰੋਧੀ ਰਹੇਗੀ, ਜਾਂ ਉਸ ਨਾਲ ਚੋਣ-ਗਠਜੋੜ ਕਰ ਲਵੇਗੀ।

'ਤੀਨ ਬੁਲਾਏ ਤੇਰਾਂ ਆਏ, ਦੇਹ ਦਾਲ ਮੇ ਪਾਣੀ' ਦੇ ਮੁਹਾਵਰੇ ਵਾਂਗ ਸਿਰਫ ਤੇਰਾਂ ਸੀਟਾਂ ਲਈ ਕਾਂਗਰਸ, ਅਕਾਲੀ ਦਲ (ਬ), ਅਕਾਲੀ ਦਲ (ਅ), ਅਕਾਲੀ ਦਲ (ਟਕਸਾਲੀ), ਅਕਾਲੀ ਦਲ (1920), 'ਆਪ', ਭਾਜਪਾ, ਪੰਜਾਬ ਏਕਤਾ ਪਾਰਟੀ, ਲੋਕ ਇਨਸਾਫ ਮੋਰਚਾ ਵਗੈਰਾ ਵਗੈਰਾ ਦਲਾਂ ਦੇ ਦਰਜਨਾਂ ਉਮੀਦਵਾਰਾਂ ਨੇ ਘੜਮੱਸ ਪਾਇਆ ਹੋਇਆ ਹੈ। ਇਹ ਆਪਾ-ਧਾਪੀ ਦੇਖ ਕੇ ਕਿਹਾ ਜਾ ਸਕਦਾ ਹੈ, ਇਹ ਲੋਕ ਸਭਾ ਚੋਣਾਂ ਪੰਜਾਬ ਵਾਸੀਆਂ ਲਈ ਬਹੁਤ ਔਖਾ ਪਰਚਾ ਲੈ ਕੇ ਆਈਆਂ ਹਨ। ਪੰਜਾਬ ਦੇ ਵੋਟਰਾਂ ਲਈ ਕੋਈ ਇਕ ਫੈਸਲਾ ਲੈਣਾ ਬਹੁਤ ਔਖਾ ਹੋ ਜਾਣਾ ਹੈ।

ਪੰਜਾਬ ਦੇ ਇਸ ਸਿਆਸੀ ਰੌਲ-ਘਚੋਲੇ ਵਾਲੇ ਸਮੁੱਚੇ ਵਰਤਾਰੇ ਦੀ ਵਿਅੰਗਮਈ ਵਿਆਖਿਆ ਹਿਤ ਇੱਥੇ ਮੈਂ ਦੋ 'ਕਹਾਣੀਆਂ' ਪੇਸ਼ ਕਰਾਂਗਾ। ਇਨ੍ਹਾਂ 'ਚੋਂ ਇਕ ਤਾਂ ਮੈਂ ਬਜ਼ੁਰਗਾਂ ਦੀ ਸੱਥ ਵਿਚੋਂ ਸੁਣੀ ਹੋਈ ਹੈ, ਤੇ ਦੂਜੀ ਹੈ ਮੇਰੀ ਅੱਖੀਂ ਦੇਖੀ ਵਾਰਤਾ। ਪਹਿਲਾਂ ਇਕ ਸਿੱਖ ਵਿਦਵਾਨ ਮੂੰਹੋਂ ਸੁਣਿਆਂ ਹੋਇਆ ਲਤੀਫਾ! ਸ੍ਰੀ ਮਾਨ ਜੀ ਨੇ ਇਕ ਵੇਲੇ ਪੰਜਾਬ ਦੀ ਸਿੱਖ ਸਿਆਸਤ ਬਾਰੇ ਲੇਖ ਅਖਬਾਰ ਨੂੰ ਭੇਜਿਆ। ਚਾਰ ਪੰਜ ਦਿਨਾਂ ਬਾਅਦ ਅਖਬਾਰ ਦੇ ਦਫਤਰੋਂ ਫੋਨ ਆ ਗਿਆ ਕਿ ਤੁਹਾਡੇ ਲੇਖ ਵਿਚ ਕੁੱਲ ਛੇ ਅਕਾਲੀ ਦਲਾਂ ਦਾ ਜ਼ਿਕਰ ਹੈ। ਕ੍ਰਿਪਾ ਕਰਕੇ ਅਕਾਲੀ ਦਲਾਂ ਦੀ ਗਿਣਤੀ 'ਕਨਫਰਮ' ਕਰਕੇ ਸਾਨੂੰ ਸੂਚਿਤ ਕਰੋ ਕਿ 'ਹੁਣ ਤੱਕ' ਇਹ ਗਿਣਤੀ ਵਧ ਘਟ ਤਾਂ ਨਹੀਂ ਗਈ?

ਹੁਣ ਪਹਿਲੀ ਕਹਾਣੀ, ਕਹਿੰਦੇ ਪੁਰਾਣੇ ਵੇਲਿਆਂ ਵਿਚ ਕਿਸੇ ਪਿੰਡ 'ਚ ਇਕ ਪੰਡਿਤ ਰਹਿੰਦਾ ਸੀ। ਸੀ ਤਾਂ ਵਿਚਾਰਾ ਉਹ ਚਿੱਟਾ ਅਨਪੜ੍ਹ, ਪਰ ਬਹੁਤੇ ਅਨਪੜ੍ਹਾਂ ਵਾਲੇ ਪਿੰਡ ਵਿਚ 'ਸਵਾ ਲੱਖ' ਪੰਡਿਤ ਹੋਣ ਸਦਕਾ ਉਹ ਸਾਰੇ ਪਿੰਡ ਵਾਸੀਆਂ ਨੂੰ ਲੋੜ ਪੈਣ 'ਤੇ ਥਿੱਤ-ਵਾਰ ਜਾਂ ਦਿਨ-ਦਿਹਾਰ ਦੱਸਣ ਦੀ ਸੇਵਾ ਕਰਕੇ ਦਾਨ-ਦੱਖਣਾ ਲੈ ਛੱਡਦਾ। ਜਦ ਵੀ ਕਿਸੇ ਮਾਈ ਭਾਈ ਨੇ ਥਿੱਤ ਤਰੀਕ ਪੁੱਛਣ ਆਉਣਾ ਤਾਂ ਪੰਡਿਤ ਜੀ ਨੇ ਜਜਮਾਨ ਨੂੰ ਬਾਹਰ ਹੀ ਡੱਠੇ ਮੰਜੇ 'ਤੇ ਬਿਠਾ ਕੇ ਆਪ ਅੰਦਰ ਵੜ ਜਾਣਾ। ਜਜਮਾਨਾਂ ਸੋਚਣਾ ਕਿ ਪੰਡਿਤ ਜੀ ਅੰਦਰ ਪੋਥੀ ਫੋਲਣ ਗਏ ਹੋਣਗੇ, ਪਰ ਥਿੱਤ ਦੇਖਣ ਦਾ ਉਹਦਾ 'ਆਪਣਾ ਹੀ' ਹਿਸਾਬ ਕਿਤਾਬ ਸੀ! ਪੰਜ ਦਸ ਮਿੰਟ ਬਾਅਦ ਉਸ ਨੇ ਗੁਣ-ਗੁਣ ਮਿਣ-ਮਿਣ ਕਰਦਿਆਂ ਬਾਹਰ ਆ ਕੇ ਦੱਸ ਦੇਣਾ ਕਿ ਅੱਜ ਏਨੀ ਤਰੀਕ ਹੋ ਗਈ ਹੈ।

ਦਰਅਸਲ ਮੂੰਹ ਵਿਚ 'ਮੰਤਰ ਪੜ੍ਹਨ' ਦਾ ਤਾਂ ਉਹ ਨਾਟਕ ਹੀ ਕਰਦਾ ਸੀ, ਤਾਂ ਕਿ ਪਿੰਡ ਵਾਲੇ ਉਸ ਨੂੰ ਵਿਦਵਾਨ ਸਮਝਣ। ਪਰ ਅੰਦਰ ਉਸ ਨੇ ਇਕ ਘੜਾ ਰੱਖਿਆ ਹੋਇਆ ਸੀ, ਜਿਸ ਵਿਚ ਉਹ ਸੰਗਰਾਂਦ ਵਾਲੇ ਦਿਨ ਤੋਂ ਸ਼ੁਰੂ ਕਰਕੇ ਆਪਣੀ ਬੱਕਰੀ ਦੀ ਇੱਕ ਮੀਂਗਣ ਰੋਜ਼ ਪਾ ਦਿੰਦਾ। ਜਦ ਵੀ ਕੋਈ ਤਰੀਕ ਪ੍ਰਵਿਸ਼ਟਾ ਪੁੱਛਣ ਆਉਂਦਾ ਤਾਂ ਉਹ ਘੜੇ ਵਿਚਲੀਆਂ ਮੀਂਗਣਾ ਗਿਣ ਕੇ ਦੱਸ ਦਿੰਦਾ ਕਿ ਕਿੰਨੇ ਦਿਨ ਮਹੀਨਾ ਚਲਾ ਗਿਆ ਹੈ।

ਕਿਸੇ ਦਿਨ ਉਨ੍ਹਾਂ ਦੀ ਇਕ ਗਵਾਂਢਣ ਮਾਈ ਤਰੀਕ ਪੁੱਛਣ ਆਈ। ਜਦ ਪੰਡਿਤ ਜੀ ਨੇ ਅੰਦਰ ਜਾ ਕੇ ਘੜੇ 'ਚ ਹੱਥ ਪਾਇਆ ਤਾਂ ਉਹ ਅੱਧਾ ਮੀਂਗਣਾ ਨਾਲ ਭਰਿਆ ਪਿਆ! ਅਸਲ 'ਚ ਹੋਇਆ ਇਹ ਸੀ ਕਿ ਪੰਡਿਤ ਦੇ ਕਿਸੇ ਬਾਲ-ਅੰਞਾਣੇ ਨੇ ਆਪਣੇ ਭਾਪੇ ਨੂੰ ਘੜੇ ਵਿਚ ਮੀਂਗਣਾਂ ਸੁੱਟਦਾ ਦੇਖ ਲਿਆ ਸੀ। ਉਹ ਭੋਲਾ ਕਈ ਦਿਨ ਬੱਕਰੀ ਦੀਆਂ ਸਾਰੀਆਂ ਹੀ ਮੀਂਗਣਾ ਘੜੇ 'ਚ ਸੁੱਟਦਾ ਰਿਹਾ! ਵਿਚਾਰੇ ਪੰਡਿਤ ਜੀ ਇਹ 'ਭਾਣਾ ਵਰਤਿਆ' ਦੇਖ ਕੇ ਸ਼ਸ਼ੋਪੰਜ 'ਚ ਪੈ ਗਏ ਕਿ ਹੁਣ ਮੈਂ ਬਾਹਰ ਜਾ ਕੇ ਕਿੰਨੀ ਤਰੀਕ ਦੱਸਾਂ?

ਆਖਰ ਉਨ੍ਹਾਂ ਬਾਹਰ ਆ ਕੇ ਮਾਈ ਨੂੰ ਕਿਹਾ ਕਿ ਅੱਜ ਚਾਲੀ ਤਰੀਕ ਹੋ ਗਈ ਆ! ਇਹ ਨਿਵੇਕਲੀ ਜਿਹੀ ਤਰੀਕ ਸੁਣ ਕੇ ਮਾਈ ਸਿਰ ਖੁਰਕਦੀ ਕਹਿੰਦੀ, "ਪੰਡਿਤ ਜੀ, ਤਰੀਕ ਤਾਂ ਵੱਧ ਤੋਂ ਵੱਧ ਇੱਕ ਵੀਹੀ ਨਾਲ ਇੱਕ ਦਾਹਾ ਤੇ ਇੱਕ-ਅੱਧ ਦਿਨ ਉਪਰ ਤੱਕ ਹੀ ਸੁਣਦੇ ਆਏ ਹਾਂ ਹੁਣ ਤੱਕ। ਆਹ ਦੋ ਵੀਹੀਆਂ ਵਾਲੀ ਤਰੀਕ ਪਹਿਲੀ ਵਾਰ ਸੁਣੀ ਐ!"

ਝੁੰਜਲਾਏ ਹੋਏ ਪੰਡਿਤ ਜੀ ਖਿਝ ਕੇ ਬੋਲੇ, "ਬੀਬੀ, ਗਵਾਂਢਣ ਹੋਣ ਕਰਕੇ ਮੈਂ ਤੇਰੇ ਨਾਲ ਲਿਹਾਜ ਕਰਦਿਆਂ ਚਾਲੀ ਤਰੀਕ ਹੀ ਦੱਸੀ ਐ, ਪਰ ਅੰਦਰ ਤਾਂ ਤਰੀਕ ਕਈ ਸੈਂਕੜਿਆਂ ਤੋਂ ਵੀ ਉਪਰ ਟੱਪੀ ਹੋਈ ਹੈ!"

ਹੁਣ ਮੇਰੀ ਅੱਖੀਂ ਦੇਖੀ ਵਾਰਤਾ। ਬੱਸ ਅੱਡੇ ਉਤੇ ਸੜਕ ਕੰਢੇ ਬਣੇ ਇਕ ਹੋਟਲ ਵਾਲੇ ਮੇਰੇ ਮਿੱਤਰ ਸਨ, ਜਿੱਥੇ ਮੈਂ ਅਕਸਰ ਸਕੂਟਰ ਖੜ੍ਹਾ ਕਰਕੇ ਕਿਤੇ ਜਲੰਧਰ-ਅੰਮ੍ਰਿਤਸਰ, ਚੰਡੀਗੜ੍ਹ ਜਾਂ ਕਿਧਰੇ ਹੋਰ ਦੂਰ-ਦੁਰੇਡੇ ਜਾਣ ਲਈ ਬੱਸੇ ਬਹਿੰਦਾ ਹੁੰਦਾ ਸਾਂ। ਸਾਈਕਲ-ਸਕੂਟਰ ਤਾਂ ਹੋਰ ਲੋਕ ਵੀ ਉਨ੍ਹਾਂ ਦੇ ਹੋਟਲ ਬਾਹਰ ਖੜ੍ਹੇ ਕਰ ਜਾਂਦੇ, ਪਰ ਜਾਣੂ ਹੋਣ ਕਰਕੇ ਮੇਰੇ ਸਕੂਟਰ ਦੀ ਰਾਖੀ ਰੱਖਣੀ ਉਹ ਆਪਣੀ ਜ਼ਿੰਮੇਵਾਰੀ ਸਮਝਦੇ ਸਨ।

ਇਕ ਵਾਰ ਮੈਂ ਸੁਵਖਤੇ ਹੀ ਉਥੇ ਜਾ ਪਹੁੰਚਾ। ਨੌਕਰ ਸਾਫ-ਸਫਾਈਆਂ ਕਰ ਹਟੇ ਸਨ ਤੇ ਮਾਲਕ ਧੂਫ-ਬੱਤੀ ਕਰਕੇ ਆਪਣੇ ਲਈ ਚਾਹ ਬਣਾ ਰਿਹਾ ਸੀ। ਮੈਨੂੰ ਦੇਖ ਕੇ ਉਸ ਨੇ ਚਾਹ ਪੀਣ ਲਈ ਅੰਦਰ ਬੁਲਾ ਲਿਆ। ਧੂੰਏਂ ਨਾਲ ਕਾਲੇ-ਪੀਲੇ ਹੋਏ ਜਿਸ ਕਮਰੇ ਵਿਚ ਉਹ ਭੱਠੀ ਉਤੇ ਸਮਾਨ ਬਣਾਉਂਦੇ ਸਨ, ਮੈਂ ਉਥੇ ਮਾਲਕ ਹਲਵਾਈ ਕੋਲ ਜਾ ਬੈਠਾ। ਇਕ ਪਾਸੇ ਵੱਡੇ ਥਾਲ ਵਿਚ ਬਰਫੀ ਤੇ ਲੱਡੂ-ਵੇਸਣ ਵਗੈਰਾ ਬਣੇ ਪਏ ਸਨ, ਜਿਵੇਂ ਇਹ ਸਮਾਨ ਰਾਤ ਦਾ ਤਿਆਰ ਕੀਤਾ ਪਿਆ ਹੋਵੇ। ਬਾਕੀ ਕੜਾਹੀਆਂ ਖੁਰਚਣੇ ਤੇ ਝਰਨੇ-ਝਰਨੀਆਂ ਧੋ ਸਵਾਰ ਕੇ ਰੱਖੇ ਹੋਏ ਸਨ, ਪਰ ਇਕ ਕੜਾਹੀ ਵਿਚ ਕੁਝ ਅਜਿਹਾ ਪਦਾਰਥ ਪਿਆ ਸੀ, ਜੋ ਦੂਰ ਪੱਖੋਂ ਇਉਂ ਭਾਅ ਮਾਰਦਾ ਸੀ ਜਿਵੇਂ ਖੋਆ ਹੋਵੇ। ਸਹਿਵਨ ਹੀ ਜਦ ਮੈਂ ਜਰਾ ਗਹੁ ਨਾਲ ਦੇਖਿਆ ਤਾਂ ਉਸ ਪਦਾਰਥ ਵਿਚ ਮਟਰੀ-ਸਮੋਸਿਆਂ ਦਾ ਭੁਰ-ਚੂਰ, ਜਲੇਬੀਆਂ ਦੇ ਟੁਕੜੇ ਜਿਹੇ ਤੇ ਵਿਚੇ ਹੀ ਕੀੜੇ-ਮਕੌੜੇ ਤੇ ਪਤੰਗੇ ਮਰੇ ਪਏ ਦਿਸੇ!

"ਯਾਰ ਆਹ ਕੀ ਗੰਦ-ਮੰਦ ਜਿਹਾ ਪਿਆ ਐ ਕੜਾਹੀ ਵਿਚ?"

ਉਹ ਸ਼ਰਾਰਤੀ ਜਿਹੀ ਹਾਸੀ ਹੱਸਦਾ ਕਹਿੰਦਾ, "ਤੂੰ ਆਪੇ ਈ ਦੇਖ ਲਈਂ ਹੁਣੇ ਕਿ ਇਹ 'ਗੰਦ-ਮੰਦ' ਕੀ ਆ!"

ਇਹ ਕਹਿ ਕੇ ਉਸ ਨੇ ਇਕ ਨੌਕਰ ਨੂੰ 'ਵਾਜ ਮਾਰ ਕੇ ਕਿਹਾ ਕਿ ਚੰਡੀਗੜ੍ਹੋਂ ਆਉਣ ਵਾਲੀ ਬੱਸ ਦਾ 'ਟੈਮ' ਹੋਣ ਵਾਲਾ ਈ ਐ, ਕਰ ਲਉ ਤਿਆਰੀ ਫਟਾ ਫਟ! ਲਉ ਜੀ, ਮੇਰੇ ਚਾਹ ਪੀਂਦਿਆਂ ਪੀਂਦਿਆਂ ਨੌਕਰ ਨੇ ਮਘਦੀ ਭੱਠੀ ਉਤੇ ਉਹੀ ਕੜਾਹੀ ਰੱਖ ਦਿੱਤੀ। ਕੜਾਹੀ ਵਿਚਲਾ ਪਦਾਰਥ ਪਿਘਲ ਗਿਆ ਤੇ 'ਛਲ ਛਲ' ਦੀ ਆਵਾਜ਼ ਆਉਣ ਲੱਗੀ। ਹਲਵਾਈ ਨੇ ਬਰੀਕ ਸੁਰਾਖਾਂ ਵਾਲਾ ਝਰਨਾ ਫੜਿਆ ਤੇ ਉਸ ਤਰਲ ਪਦਾਰਥ ਵਿਚ ਤੈਰਦਾ ਸਾਰਾ ਈ ਗੰਦ-ਮੰਦ ਚੁੱਕ ਕੇ ਕੂੜੇ ਵਾਲੇ ਪੀਪੇ ਵਿਚ ਸੁੱਟ ਮਾਰਿਆ। ਹਲਵਾਈ ਨੇ ਭੱਠੀ ਦੇ ਲਾਗੇ ਹੀ ਪਏ ਸੇਕ ਨਾਲ ਪਿਘਲੇ ਹੋਏ ਰਿਫਾਈਂਡ ਘਿਓ ਦੇ ਦੋ ਡੋਹਰੇ ਕੜਾਹੀ ਵਿਚ ਹੋਰ ਪਲਟ ਦਿੱਤੇ।

ਨੌਕਰ ਰਾਤ ਦੇ ਭਰ ਕੇ ਰੱਖੇ ਕੱਚੇ ਸਮੋਸਿਆਂ ਦਾ ਥਾਲ ਚੁੱਕ ਲਿਆਇਆ। ਤਲ ਹੁੰਦੇ ਸਮੋਸੇ ਚਿੱਟਿਆਂ ਤੋਂ ਬਦਾਮੀ ਤੇ ਗੇਰੂਏ ਰੰਗੇ ਹੋਣ ਲੱਗੇ। ਏਨੇ ਨੂੰ ਬਾਹਰ ਬੱਸ ਆ ਕੇ ਰੁਕ ਗਈ। ਉਂਗਲਾਂ ਚੱਟ ਚੱਟ ਸਮੋਸੇ ਖਾਂਦੀਆਂ ਸਵਾਰੀਆਂ ਵੱਲ ਦੇਖ ਕੇ ਮੈਂ ਮਿੰਨਾ ਮਿੰਨਾ ਹੱਸਦਾ ਹਲਵਾਈ ਵਲੋਂ ਕੀਤੀ ਕੜਾਹੀ ਵਿਚਲੇ ਗੰਦ-ਮੰਦ ਦੀ ਸਫਾਈ ਬਾਰੇ ਸੋਚ ਰਿਹਾ ਸਾਂ!

ਪੰਜਾਬ ਟਾਈਮਜ਼

*ਸਨਿਚਰਵਾਰ, 27 ਅਪਰੈਲ 2019*

# ਅਕਾਲੀ ਦਲ ਦਾ ਦਾਅ

ਸ਼੍ਰੋਮਣੀ ਅਕਾਲੀ ਦਲ ਨੇ ਲੋਕ ਸਭਾ ਦੇ ਦੋ ਅਹਿਮ ਹਲਕਿਆਂ ਤੋਂ ਆਖਰਕਾਰ ਆਪਣੇ ਉਮੀਦਵਾਰਾਂ ਦਾ ਐਲਾਨ ਕਰ ਦਿੱਤਾ ਹੈ। ਫਿਰੋਜ਼ਪੁਰ ਤੋਂ ਪਾਰਟੀ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਅਤੇ ਬਠਿੰਡਾ ਤੋਂ ਕੈਬਨਿਟ ਮੰਤਰੀ ਤੇ ਮੌਜੂਦਾ ਸੰਸਦ ਮੈਂਬਰ ਹਰਸਿਮਰਤ ਕੌਰ ਬਾਦਲ ਨੂੰ ਉਮੀਦਵਾਰ ਬਣਾਇਆ ਗਿਆ ਹੈ। ਹਰਸਿਮਰਤ ਕੌਰ ਬਾਦਲ ਨੂੰ ਉਮੀਦਵਾਰ ਬਣਾਉਣਾ ਤਾਂ ਪਹਿਲਾਂ ਹੀ ਤੈਅ ਸੀ, ਪਰ ਸਿਆਸੀ ਹਲਕਿਆਂ ਵਿਚ ਇਹ ਚਰਚਾ ਚੱਲ ਰਹੀ ਸੀ ਕਿ ਉਸ ਨੂੰ ਸ਼ਾਇਦ ਫਿਰੋਜ਼ਪੁਰ ਤੋਂ ਚੋਣ ਲੜਾਈ ਜਾ ਸਕਦੀ ਹੈ, ਜਿਥੋਂ ਮੌਜੂਦਾ ਸੰਸਦ ਮੈਂਬਰ ਸ਼ੇਰ ਸਿੰਘ ਘੁਬਾਇਆ, ਅਕਾਲੀ ਦਲ ਤੋਂ ਬਾਗੀ ਹੋ ਕੇ ਕਾਂਗਰਸ ਦੀ ਟਿਕਟ ਉਤੇ ਚੋਣ ਲੜ ਰਹੇ ਹਨ। ਇਸ ਹਲਕੇ ਦਾ ਦਿਲਚਸਪ ਪਹਿਲੂ ਇਹ ਹੈ ਕਿ ਸੁਖਬੀਰ ਸਿੰਘ ਬਾਦਲ ਦੀ ਟੱਕਰ ਹੁਣ ਉਸੇ ਸ਼ੇਰ ਸਿੰਘ ਘੁਬਾਇਆ ਨਾਲ ਹੋ ਰਹੀ ਹੈ, ਜਿਸ ਨੇ ਸੁਖਬੀਰ ਸਿੰਘ ਬਾਦਲ ਲਈ ਜਲਾਲਾਬਾਦ ਵਿਧਾਨ ਸਭਾ ਸੀਟ ਖੜ੍ਹੇ ਪੈਰ ਖਾਲੀ ਕੀਤੀ ਸੀ। ਉਂਜ, ਸੁਖਬੀਰ ਨੂੰ ਚੋਣ ਮੈਦਾਨ ਵਿਚ ਉਤਾਰ ਕੇ ਅਕਾਲੀ ਦਲ ਦੀ ਲੀਡਰਸ਼ਿਪ ਨੇ ਵੱਡਾ ਦਾਅ ਖੇਡਿਆ ਹੈ। ਬੇਅਦਬੀ ਅਤੇ ਇਸ ਨਾਲ ਜੁੜੇ ਹੋਰ ਮਸਲਿਆਂ ਕਾਰਨ ਅਕਾਲੀ ਦਲ ਨੂੰ ਡਾਢੀ ਸਿਆਸੀ ਮਾਰ ਪੈ ਰਹੀ ਹੈ। ਆਪਣੀ ਗੁਆਚੀ ਪੈਂਠ ਵਾਪਸ ਹਾਸਲ ਕਰਨ ਲਈ ਹੁਣ ਚੋਣਾਂ ਇਸ ਕੋਲ ਇਕ ਮੌਕਾ ਹਨ। ਮਾੜੇ ਹਾਲਾਤ ਕਾਰਨ ਵੱਡੇ ਲੀਡਰਾਂ ਨੂੰ ਮੈਦਾਨ ਵਿਚ ਉਤਾਰਨ ਵਾਲਾ ਦਾਅ ਕਾਂਗਰਸ ਨੇ ਵੀ ਪਿਛਲੀਆਂ, 2014 ਵਾਲੀਆਂ ਲੋਕ ਸਭਾ ਚੋਣਾਂ ਦੌਰਾਨ ਖੇਡਿਆ ਸੀ ਅਤੇ ਸੱਚਮੁੱਚ ਇਸ ਦਾ ਪਾਰਟੀ ਨੂੰ ਫਾਇਦਾ ਹੋਇਆ ਸੀ। ਅਕਾਲੀ ਦਲ ਨੂੰ ਇਸ ਦਾ ਫਾਇਦਾ ਕਿੰਨਾ ਕੁ ਹੋਵੇਗਾ, ਇਹ ਆਉਣ ਵਾਲਾ ਵਕਤ ਹੀ ਦੱਸੇਗਾ, ਕਿਉਂਕਿ ਅਕਾਲੀ ਲੀਡਰਸ਼ਿਪ ਨੇ ਪਿਛਲੇ ਸਮੇਂ ਦੌਰਾਨ ਜੋ ਖੁਨਾਮੀਆਂ ਕੀਤੀਆਂ ਹਨ ਜਾਂ ਪਾਰਟੀ ਤੇ ਪੰਜਾਬ ਨੂੰ ਜਿਸ ਮੁਕਾਮ ਉਤੇ ਪਹੁੰਚਾ ਦਿੱਤਾ ਹੈ, ਉਸ ਨੂੰ ਲੋਕ ਭੁਲਾ ਨਹੀਂ ਸਕੇ ਹਨ।

ਪਿਛਲੀਆਂ ਚੋਣਾਂ ਦੌਰਾਨ ਮਾੜੀ ਹਾਲਤ ਦੇ ਬਾਵਜੂਦ ਕਾਂਗਰਸ ਪਾਰਟੀ ਤਿੰਨ ਸੀਟਾਂ ਜਿੱਤਣ ਵਿਚ ਕਾਮਯਾਬ ਰਹੀ ਸੀ। ਸ਼੍ਰੋਮਣੀ ਅਕਾਲੀ ਦਲ ਨੂੰ ਚਾਰ ਅਤੇ ਆਮ ਆਦਮੀ ਪਾਰਟੀ ਨੂੰ ਵੀ ਚਾਰ ਸੀਟਾਂ ਉਤੇ ਜਿੱਤ ਮਿਲੀ ਸੀ। ਦੋ ਸੀਟਾਂ ਅਕਾਲੀ ਦਲ ਦੀ ਭਾਈਵਾਲ ਭਾਰਤੀ ਜਨਤਾ ਪਾਰਟੀ ਨੇ ਜਿੱਤੀਆਂ ਸਨ। ਉਸ ਤੋਂ ਪਹਿਲਾਂ, 2009 ਵਾਲੀਆਂ ਲੋਕ ਸਭਾ ਚੋਣਾਂ ਦੌਰਾਨ ਕਾਂਗਰਸ ਨੇ ਕੁੱਲ ਤੇਰਾਂ ਸੀਟਾਂ ਵਿਚੋਂ ਅੱਠ ਸੀਟਾਂ ਉਤੇ ਮੋਰਚਾ ਮਾਰ ਲਿਆ ਸੀ ਅਤੇ ਅਕਾਲੀ ਦਲ ਤੇ ਭਾਰਤੀ ਜਨਤਾ ਪਾਰਟੀ ਨੂੰ ਕ੍ਰਮਵਾਰ ਚਾਰ ਅਤੇ ਇਕ ਸੀਟਾਂ ਮਿਲੀਆਂ ਸਨ। ਇਸ ਵਾਰ ਦਾ ਨਕਸ਼ਾ ਪਿਛਲੀ ਵਾਰ ਵਾਲੀਆਂ ਦੋਹਾਂ ਚੋਣਾਂ ਤੋਂ ਵੱਖਰਾ ਹੈ। ਪਿਛਲੀ ਵਾਰ ਸੂਬੇ ਵਿਚ ਧੁੰਮਾਂ ਪਾਉਣ ਵਾਲੀਆਂ ਆਮ ਆਦਮੀ ਪਾਰਟੀ ਦੋਫਾੜ ਹੋ ਚੁਕੀ ਹੈ। ਪਾਰਟੀ ਦੇ ਜਥੇਬੰਦਕ ਢਾਂਚੇ ਦਾ ਠੁੱਕ ਬੰਨ੍ਹਣ ਵਿਚ ਇਸ ਦੀ ਲੀਡਰਸ਼ਿਪ ਨੇ ਸ਼ਾਇਦ ਕਦੀ ਸੋਚਿਆ ਵੀ ਨਹੀਂ ਅਤੇ ਅਗਾਂਹ ਇਸ ਪਾਸੇ ਵਧਣ ਦੇ ਕੋਈ ਆਸਾਰ ਵੀ ਨਹੀਂ ਦਿਸ ਰਹੇ। ਅਸਲ ਵਿਚ ਇਸ ਪਾਰਟੀ ਦੇ ਉਭਾਰ ਵਿਚ ਲੋਕਾਂ ਦੇ ਰਵਾਇਤੀ ਪਾਰਟੀਆਂ ਤੋਂ ਮੋਹ-ਭੰਗ ਦਾ ਵੱਡਾ ਯੋਗਦਾਨ ਸੀ। ਇਸ ਦਾ ਮੌਕੇ ਉਤੇ ਫਾਇਦਾ ਤਾਂ ਪਾਰਟੀ ਨੂੰ ਮਿਲਿਆ ਪਰ ਇਸ ਦਾ ਸਿਆਸੀ ਠੁੱਕ ਬੰਨ੍ਹਣ ਵਿਚ ਇਹ ਪਾਰਟੀ ਨਾਕਾਮ ਰਹੀ। ਅਕਾਲੀ ਦਲ ਦਾ ਤਾਂ ਕਹਿਣਾ ਹੀ ਕੀ ਹੈ! ਇਸ ਅੰਦਰ ਪਾਟੋਧਾੜ ਤਾਂ ਹੋਈ ਹੀ, ਪੰਜਾਬ ਤੇ ਪੰਥ ਦੇ ਮਾਮਲਿਆਂ ਵਿਚ ਬਾਦਲ ਪਰਿਵਾਰ ਜੋ ਇਸ ਪਾਰਟੀ ਨੂੰ ਲੀਡ ਕਰ ਰਿਹਾ ਹੈ, ਸਵਾਲਾਂ ਦੇ ਘੇਰੇ ਵਿਚ ਹੈ। ਅਕਾਲੀ ਦਲ ਤੋਂ ਵੱਖ ਹੋਇਆ ਟਕਸਾਲੀ ਧੜਾ ਆਪਣੀ ਸਿਆਸੀ ਪੈਂਠ ਬਣਾਉਣ ਵਿਚ ਕਾਇਮ ਹੋਵੇ ਜਾਂ ਨਾ, ਪਰ ਬਾਦਲਾਂ ਨੂੰ ਇਸ ਵਕਤ ਜ਼ਰੂਰ ਅਗਨੀ ਪ੍ਰੀਖਿਆ ਵਿਚੋਂ ਲੰਘਣਾ ਪੈ ਰਿਹਾ ਹੈ। ਪਾਰਟੀ ਦੇ ਸੀਨੀਅਰ ਆਗੂ ਸੁਖਦੇਵ ਸਿੰਘ ਢੀਂਡਸਾ ਖਾਮੋਸ਼ ਬੈਠੇ ਲੋਕ ਸਭਾ ਚੋਣਾਂ ਦਾ ਨਤੀਜਾ ਹੀ ਉਡੀਕ ਰਹੇ ਹਨ। ਇਸ ਲਈ ਅਕਾਲੀ ਦਲ ਦਾ ਬਹੁਤਾ ਦਾਰੋਮਦਾਰ ਹੁਣ ਇਨ੍ਹਾਂ ਚੋਣਾਂ ਉਤੇ ਹੀ ਹੈ। ਇਸੇ ਕਰਕੇ ਇਸ ਨੇ ਵੀ ਕਾਂਗਰਸ ਵਾਂਗ ਵੱਡੇ ਲੀਡਰਾਂ ਨੂੰ ਮੈਦਾਨ ਵਿਚ ਉਤਾਰਨ ਵਾਲਾ ਦਾਅ ਖੇਡਿਆ ਹੈ।

ਕਾਂਗਰਸ ਪਾਰਟੀ, ਖਾਸ ਕਰਕੇ ਕੈਪਟਨ ਅਮਰਿੰਦਰ ਸਿੰਘ ਹੁਣ ਤੱਕ ਇਸੇ ਆਸ ਮੁਤਾਬਕ ਚੱਲ ਰਹੇ ਹਨ ਕਿ ਆਮ ਆਦਮੀ ਪਾਰਟੀ ਅਤੇ ਅਕਾਲੀ ਦਲ ਨੂੰ ਜਿੰਨਾ ਵੀ ਨੁਕਸਾਨ ਹੋਣਾ ਹੈ, ਉਸ ਦਾ ਸਿੱਧਾ ਫਾਇਦਾ ਕਾਂਗਰਸ ਨੂੰ ਹੋਣਾ ਹੈ। ਇਸੇ ਕਰਕੇ ਆਮ ਆਦਮੀ ਪਾਰਟੀ ਨਾਲ ਕਿਸੇ ਵੀ ਪ੍ਰਕਾਰ ਦੇ ਤਾਲਮੇਲ ਤੋਂ ਕੈਪਟਨ ਅਮਰਿੰਦਰ ਸਿੰਘ ਨੇ ਕੋਰੀ ਨਾਂਹ ਕੀਤੀ ਹੈ। ਉਂਜ, ਕਾਂਗਰਸ ਦੀ ਇਹ ਗਿਣਤੀ-ਮਿਣਤੀ ਵੀ ਕੋਈ ਇੰਨੀ ਕਾਰਗਰ ਨਹੀਂ ਜਾਪਦੀ। ਉਮੀਦਵਾਰਾਂ ਦੇ ਐਲਾਨ ਨਾਲ ਹੁਣ ਜਾਪਣ ਲੱਗ ਪਿਆ ਹੈ ਕਿ ਕਾਂਗਰਸ ਲਈ ਇਹ ਲੜਾਈ ਇੰਨੀ ਵੀ ਆਸਾਨ ਨਹੀਂ, ਜਿੰਨੀ ਕੁਝ ਸਮਾਂ ਪਹਿਲਾਂ ਸਮਝੀ ਜਾ ਰਹੀ ਸੀ। ਇਕ ਤਾਂ ਕਈ ਸੀਟਾਂ ਉਤੇ ਫਸਵੇਂ ਮੁਕਾਬਲੇ ਵਾਲੇ ਆਸਾਰ ਬਣ ਗਏ ਹਨ; ਦੂਜੇ, ਪੰਜਾਬ ਵਿਚ ਕੈਪਟਨ ਸਰਕਾਰ ਦਾ ਦੋ ਸਾਲ ਦਾ ਸਮਾਂ ਲਾਰਿਆਂ ਵਿਚ ਹੀ ਲੰਘਿਆ ਹੈ। ਇਨ੍ਹਾਂ ਦੋ ਸਾਲਾਂ ਦੌਰਾਨ ਸਰਕਾਰ ਦੀ ਕਾਰਗੁਜ਼ਾਰੀ ਤਕਰੀਬਨ ਸਿਫਰ ਹੀ ਰਹੀ ਹੈ। ਇਸ ਸਰਕਾਰ ਦਾ ਜੇ ਕਿਧਰੇ ਤਿੱਖਾ ਵਿਰੋਧ ਜਾਹਰ ਨਹੀਂ ਹੋਇਆ ਤਾਂ ਇਸ ਦਾ ਕਾਰਨ ਇਹੀ ਹੈ ਕਿ ਵਿਰੋਧੀ ਧਿਰ ਵਿਚ ਜਾਨ ਹੀ ਨਹੀਂ ਸੀ। ਬੇਵੱਸ ਆਵਾਮ ਦੀ ਬਾਂਹ ਫੜਨ ਵਾਲਾ ਹੀ ਕੋਈ ਨਹੀਂ ਸੀ। ਪੰਜਾਬ ਦੇ ਇਤਿਹਾਸ ਵਿਚ ਅਜਿਹਾ ਸ਼ਾਇਦ ਪਹਿਲੀ ਵਾਰ ਹੋਵੇਗਾ ਕਿ ਸਿਫਰ ਕਾਰਗੁਜ਼ਾਰੀ ਵਾਲੀ ਸਰਕਾਰ ਦੇ ਮੁਖੀ ਨੂੰ ਚੋਣਾਂ ਜਿੱਤਣ ਬਾਰੇ ਇੰਨਾ ਭਰੋਸਾ ਹੋਵੇਗਾ। ਜਾਹਰ ਹੈ ਕਿ ਪੰਜਾਬ ਦੀਆਂ ਸਾਰੀਆਂ ਧਿਰਾਂ ਆਪੋ-ਆਪਣੇ ਫਰਜ਼ ਪਛਾਣਨ ਅਤੇ ਫਿਰ ਨਿਭਾਉਣ ਵਿਚ ਨਾਕਾਮ ਰਹੀਆਂ ਹਨ। ਸਰਕਾਰ ਨੇ ਕੋਈ ਕੰਮ ਨਹੀਂ ਕੀਤਾ ਅਤੇ ਵਿਰੋਧੀ ਧਿਰ ਸਰਕਾਰ ਦਾ ਦਮ ਨੱਕ ਵਿਚ ਲਿਆਉਣ ਵਿਚ ਨਾਕਾਮ ਰਹੀ ਹੈ। ਇਸ ਕਰਕੇ ਇਨ੍ਹਾਂ ਚੋਣਾਂ ਦੌਰਾਨ ਹੋ ਸਕਦਾ ਹੈ, ਇਨ੍ਹਾਂ ਸਿਆਸੀ ਧਿਰਾਂ ਨੂੰ ਕੋਈ ਸਿਆਸੀ ਫਾਇਦਾ ਹੋ ਜਾਵੇ ਪਰ ਆਵਾਮ ਲਈ ਚੋਣਾਂ ਤੋਂ ਬਆਦ ਵੀ ਹਾਲਾਤ ਬਦਲਦੇ ਨਜ਼ਰ ਨਹੀਂ ਆ ਰਹੇ।

## ਠਾਹ-ਸੋਟਾ

-ਚਾਚਾ ਬੇਲਿਹਾਜ਼

### *ਡੁੱਬਦੇ ਸੂਰਜ ਨੂੰ ਸਲਾਮ!*

ਲਾਲਚ ਅਤੇ ਮੱਕਾਰੀ ਨੇ ਦਿਨੇ ਪਾਈ, ਲੋਕ ਰਾਜ ਦੇ ਵਿਹੜੇ ਵਿਚ ਸ਼ਾਮ ਯਾਰੋ।
ਸਿਆਸਤ ਵਿਚ ਨਿਘਾਰ ਦਾ ਕਹਿਰ ਟੁੱਟਾ, ਦਾਅ ਵਰਤਦੇ ਸਾਮ ਤੇ ਦਾਮ ਯਾਰੋ।
ਕੀਤੇ ਕੌਲ ਪੁਗਾਉਂਦਾ ਸੀ ਪੰਜਾਬ, ਫੁਕਰਪੁਣੇ ਨੇ ਕਰਿਆ ਬਦਨਾਮ ਯਾਰੋ।
ਵਫਾਦਾਰੀਆਂ ਉਡੀਆਂ ਖੰਭ ਲਾ ਕੇ, ਹੋਈਆਂ ਬਾਂਦਰ ਟਪੂਸੀਆਂ ਆਮ ਯਾਰੋ।
ਲੜਦਾ ਆਇਆ ਜੋ ਕਈ ਦਹਾਕਿਆਂ ਤੋਂ, ਖੜ੍ਹ ਗਿਆ 'ਦੁਸ਼ਮਣ' ਦੇ ਧਾਮ ਯਾਰੋ।
ਚੜ੍ਹਦੇ ਸੂਰਜ ਦੀ ਥਾਂ 'ਤੇ ਡੁੱਬਦੇ ਨੂੰ, ਵਿਚ ਮਾਲਵੇ ਹੋਈ ਸਲਾਮ ਯਾਰੋ!

# ਪੰਜਾਬੀ ਦੀ ਜੜ੍ਹਾਂ ਵਿਚ ਫਿਰ ਤੇਲ

***ਸੈਂਟਰਲ ਬੋਰਡ ਆਫ ਸੈਕੰਡਰੀ ਐਜੂਕੇਸ਼ਨ (ਸੀ.ਬੀ.ਐਸ.ਈ.) ਨੇ ਪੰਜਾਬ ਵਿਚ ਚੱਲ ਰਹੇ ਕੇਂਦਰੀ ਵਿਦਿਆਲਿਆਂ ਵਿਚ ਪੰਜਾਬੀ ਮਾਧਿਅਮ ਵਾਲੇ ਕੁਝ ਵਿਸ਼ਿਆਂ ਨੂੰ ਪੰਜਾਬੀ ਵਿਚ ਨਾ ਪੜ੍ਹਾਉਣ ਦਾ ਹੁਕਮ ਸੁਣਾਇਆ ਹੈ। ਇਹ ਬੋਰਡ ਕਾਫੀ ਦੇਰ ਤੋਂ ਇਹੋ ਜਿਹੀਆਂ ਨੀਤੀਆਂ 'ਤੇ ਚੱਲ ਰਿਹਾ ਹੈ ਜਿਸ ਕਾਰਨ ਭਾਰਤ ਦੇ ਵੱਖ-ਵੱਖ ਖੇਤਰਾਂ ਦੀਆਂ ਬੋਲੀਆਂ ਨੂੰ ਹਾਸ਼ੀਏ 'ਤੇ ਧੱਕਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਭਾਸ਼ਾਵਾਂ ਬਾਰੇ ਇਹ ਰੁਝਾਨ ਭਾਰਤ ਦੇ ਸੰਘੀ ਢਾਂਚੇ ਦੀ ਭਾਵਨਾ ਦੇ ਵਿਰੁਧ ਹੈ। ਸਭ ਮਾਹਿਰ ਮੰਨਦੇ ਹਨ ਕਿ ਬੱਚਿਆਂ ਵਾਸਤੇ ਵਿਦਿਆ ਗ੍ਰਹਿਣ ਕਰਨ ਦਾ ਸਭ ਤੋਂ ਉਚਤਮ ਮਾਧਿਅਮ ਉਸ ਦੀ ਮਾਂ-ਬੋਲੀ ਹੀ ਹੁੰਦੀ ਹੈ। ਉਘੇ ਲੇਖਕ ਸਵਰਾਜਬੀਰ ਨੇ ਆਪਣੇ ਇਸ ਲੇਖ ਵਿਚ ਵੱਖ-ਵੱਖ ਪੱਖਾਂ ਬਾਰੇ ਚਰਚਾ ਕੀਤੀ ਹੈ। -ਸੰਪਾਦਕ***

ਕਿਸੇ ਵੀ ਭੂਗੋਲਿਕ ਖਿੱਤੇ ਦੇ ਲੋਕਾਂ ਦੀ ਆਪਸੀ ਸਾਂਝ ਅਤੇ ਪਛਾਣ ਦਾ ਸਮੂਹਿਕ ਆਧਾਰ ਉਸ ਖਿੱਤੇ ਦੀ ਬੋਲੀ/ਭਾਸ਼ਾ ਹੁੰਦੀ ਹੈ। ਦੁਨੀਆਂ ਦੇ ਸਾਰੇ ਵੱਡੇ ਚਿੰਤਕ ਇਸ ਦਲੀਲ ਬਾਰੇ ਤਕਰੀਬਨ ਸਹਿਮਤ ਹਨ ਕਿ ਕਿਸੇ ਖਿੱਤੇ ਦੀ ਬੋਲੀ/ਭਾਸ਼ਾ ਹੀ ਉਸ ਖਿੱਤੇ ਵਿਚ ਵਸਦੀ ਵਸੋਂ ਦੀ ਕੌਮੀਅਤ ਦਾ ਆਧਾਰ ਹੁੰਦੀ ਹੈ। ਬੋਲੀ/ਭਾਸ਼ਾ ਕੋਈ ਇਕ ਦਿਨ ਵਿਚ ਨਹੀਂ ਬਣ ਜਾਂਦੀ। ਇਹ ਕਿਸੇ ਖਿੱਤੇ ਵਿਚ ਵਸਦੇ ਲੋਕਾਂ ਦੀ ਸਦੀਆਂ ਦੀ ਸਮੂਹਿਕ ਮਾਨਸਿਕ ਸਾਧਨਾ ਰਾਹੀਂ ਹੋਂਦ ਵਿਚ ਆਉਂਦੀ ਹੈ ਅਤੇ ਉਨ੍ਹਾਂ ਦੀ ਰੋਜ਼ਮਰ੍ਹਾ ਦੀ ਜ਼ਿੰਦਗੀ ਵਿਚ ਨਾ ਸਿਰਫ ਗੱਲਬਾਤ ਕਰਨ ਦਾ ਹੀ ਸਾਧਨ ਬਣਦੀ ਹੈ ਸਗੋਂ ਲੋਕਗੀਤਾਂ, ਬਾਤਾਂ ਤੇ ਸਾਹਿਤਕ ਕਿਰਤਾਂ ਰਾਹੀਂ ਉਸ ਇਲਾਕੇ ਦੇ ਜਨਜੀਵਨ ਨੂੰ ਨਵੀਂ ਊਰਜਾ ਦਿੰਦੀ ਹੈ। ਸ਼ਬਦ ਅਰਸ਼ਾਂ ਤੋਂ ਨਹੀਂ ਉਤਰਦੇ ਸਗੋਂ ਕਿਰਤ ਕਰਦੇ ਔਰਤਾਂ ਤੇ ਮਰਦਾਂ ਵਿਚ ਆਪਸੀ ਸੰਚਾਰ ਦੀ ਲੋੜ 'ਚੋਂ ਪੈਦਾ ਹੁੰਦੇ ਹਨ। ਮਰਦ ਤੇ ਔਰਤ ਵਿਚਲੇ ਆਪਸੀ ਰਿਸ਼ਤੇ, ਬਿਰਹਾ ਤੇ ਮਿਲਣ ਦੀਆਂ ਘੜੀਆਂ, ਪਿਆਰਿਆਂ ਦੀਆਂ ਉਡੀਕਾਂ ਤੇ ਤਾਂਘਾਂ, ਭੈਣਾਂ-ਭਰਾਵਾਂ ਵਿਚਲਾ ਪਿਆਰ, ਮਾਵਾਂ ਤੇ ਧੀਆਂ-ਪੁੱਤਾਂ ਵਿਚਲਾ ਮੋਹ, ਦਾਦਿਆਂ/ਪਿਓਆਂ ਤੇ ਸੰਤਾਨ ਵਿਚਲੇ ਡੂੰਘੇ ਸਨੇਹ ਦੇ ਨਾਤੇ ਬੋਲੀ ਦੀ ਨੁਹਾਰ ਘੜਦੇ ਹਨ। ਕਿਰਤ ਕਰਦੇ ਮਰਦ ਤੇ ਔਰਤ ਬੋਲੀ/ਭਾਸ਼ਾ ਸਿਰਜਦੇ ਹਨ। ਗੱਲ ਕੀ, ਜ਼ਿੰਦਗੀ ਦਾ ਹਰ ਪਹਿਲੂ ਬੋਲੀ ਰਾਹੀਂ ਪਰਿਭਾਸ਼ਤ ਹੁੰਦਾ ਹੈ। ਜ਼ੁਲਮ ਵਿਰੁਧ ਲੜਦੇ ਲੋਕ, ਆਪਣੇ ਦੁੱਖ, ਸੰਘਰਸ਼ ਤੇ ਜਿੱਤਾਂ-ਹਾਰਾਂ ਦੀਆਂ ਵਾਰਾਂ ਲਿਖਦੇ ਹਨ। ਕਵੀ, ਢਾਡੀ, ਅਫਸਾਨਾਨਿਗਾਰ, ਨਾਵਲਕਾਰ, ਗ਼ਲਪ ਲੇਖਕ, ਨਾਟਕਕਾਰ, ਭਾਸ਼ਾ ਮਾਹਿਰ ਆਦਿ ਉਸ ਦੇ ਨੈਣ-ਨਕਸ਼ਾਂ ਨੂੰ ਤਿੱਖਾ ਕਰਦੇ ਹਨ।



ਸਵਰਾਜਬੀਰ

ਕਿਹਾ ਜਾਂਦਾ ਹੈ ਕਿ ਬੋਲੀ ਬਾਰ੍ਹਾਂ ਕੋਹਾਂ 'ਤੇ ਬਦਲ ਜਾਂਦੀ ਹੈ। ਮਨੁੱਖਾਂ ਵਿਚ ਆਪਸੀ ਸਾਂਝ ਅਤੇ ਇਕ ਦੂਸਰੇ 'ਤੇ ਨਿਰਭਰ ਹੋਣ ਦੀ ਜ਼ਰੂਰਤ ਕਾਰਨ ਬਾਰ੍ਹਾਂ ਕੋਹਾਂ 'ਤੇ ਬਦਲਣ ਵਾਲੀਆਂ ਬੋਲੀਆਂ ਵਿਚ ਸਾਂਝ ਪੈਦਾ ਹੁੰਦੀ ਹੈ ਅਤੇ ਬਹੁਤ ਸਾਰੀਆਂ ਉਪ-ਭਾਸ਼ਾਵਾਂ ਮਿਲ ਕੇ ਸਾਂਝੀ ਬੋਲੀ ਨੂੰ ਜਨਮ ਦਿੰਦੀਆਂ ਹਨ ਅਤੇ ਆਮ ਤੌਰ 'ਤੇ ਭੂਗੋਲਿਕ ਖਿੱਤਾ ਉਸ ਬੋਲੀ/ਭਾਸ਼ਾ ਤੋਂ ਹੀ ਆਪਣਾ ਨਾਂ ਗ੍ਰਹਿਣ ਕਰਦੇ ਹਨ ਜਾਂ ਇਸ ਤੋਂ ਉਲਟ ਭਾਸ਼ਾ ਦਾ ਨਾਂ ਉਸ ਇਲਾਕੇ ਦੇ ਰਵਾਇਤੀ ਨਾਮ 'ਤੇ ਪੈ ਜਾਂਦਾ ਹੈ। ਮੱਧਕਾਲੀਨ ਸਮੇਂ ਦੇ ਮਹਾਨ ਵਿਦਵਾਨ (ਤਾਰਾ ਵਿਗਿਆਨੀ, ਹਿਸਾਬਦਾਨ, ਸਿਹਤ ਵਿਗਿਆਨੀ, ਲੇਖਕ) ਅਲਬਰੂਨੀ ਨੇ 11ਵੀਂ ਸਦੀ ਦੇ ਸ਼ੁਰੂ ਵਿਚ ਆਪਣੀ ਯਾਤਰਾ ਦੌਰਾਨ ਉਸ ਸਮੇਂ ਦੇ ਪੰਜਾਬ ਵਿਚ ਬੋਲੀਆਂ ਜਾ ਰਹੀਆਂ ਭਾਸ਼ਾਵਾਂ ਨੂੰ ਮੁੱਖ ਸ਼ਹਿਰਾਂ ਦੇ ਨਾਂ ਉਤੇ ਲਾਹੌਰੀ ਤੇ ਮੁਲਤਾਨੀ ਆਖਿਆ ਤੇ ਤਿੰਨ ਲਿਪੀਆਂ - ਅਰਧ-ਨਾਗਰੀ, ਸਿੱਧ ਮਾਤ੍ਰਕਾ ਤੇ ਭੱਟ-ਅੱਛਰੀ ਦਾ ਜ਼ਿਕਰ ਕੀਤਾ।

ਡਾ. ਪਰਮਿੰਦਰ ਸਿੰਘ, ਕਿਰਪਾਲ ਸਿੰਘ ਕਸੇਲ ਤੇ ਡਾ. ਗੋਬਿੰਦ ਸਿੰਘ ਲਾਂਬਾ ਅਨੁਸਾਰ ਸਿੱਧ ਮਾਤ੍ਰਕਾ ਤੇ ਭੱਟ-ਅੱਛਰੀ ਗੁਰਮਖੀ ਤੋਂ ਪਹਿਲਾਂ ਦੀਆਂ ਲਿਪੀਆਂ ਹਨ ਅਤੇ ਕਈ ਵਿਦਵਾਨਾਂ ਅਨੁਸਾਰ ਸਿੱਧਮ ਜਾਂ ਸਿੱਧ ਮਾਤ੍ਰਕਾ ਗੁਰਮੁਖੀ ਦਾ ਪੁਰਾਣਾ ਨਾਂ ਹੈ ਜਿਸ ਨੂੰ ਗੁਰੂ ਅੰਗਦ ਦੇਵ ਨੇ ਸੋਧ ਕੇ ਵਰਤੋਂ ਵਿਚ ਲਿਆਂਦਾ। ਪੰਜਾਬੀ ਬੋਲੀ ਦੇ ਵਿਕਾਸ ਬਾਰੇ ਵੱਖ-ਵੱਖ ਵਿਦਵਾਨਾਂ ਦੇ ਵੱਖ-ਵੱਖ ਵਿਚਾਰ ਹਨ। ਪੁਰਾਣੇ ਸਮਿਆਂ ਵਿਚ ਬੋਲਚਾਲ ਦੀ ਭਾਸ਼ਾ ਨੂੰ ਪ੍ਰਾਕ੍ਰਿਤ ਕਿਹਾ ਜਾਂਦਾ ਸੀ ਅਤੇ ਜਦ ਆਮ ਲੋਕਾਂ ਦੁਆਰਾ ਬੋਲੀ ਜਾਂਦੀ ਬੋਲੀ ਵਿਚ ਸਾਹਿਤ ਦੀ ਰਚਨਾ ਹੋਣ ਲੱਗੀ ਤਾਂ ਉਸ ਵੇਲੇ ਵੱਖ-ਵੱਖ ਤਰ੍ਹਾਂ ਦੀਆਂ ਅਪਭ੍ਰੰਸ਼ਾਂ (ਸ਼ੌਰਸੇਨੀ, ਕੈਕਈ, ਪਿਸ਼ਾਚੀ ਅਤੇ ਵ੍ਰਾਚਡ ਆਦਿ) ਦਾ ਜ਼ਿਕਰ ਮਿਲਦਾ ਹੈ। ਸ਼ੇਖ ਫਰੀਦ ਭਾਵੇਂ ਟਕਸਾਲੀ ਪੰਜਾਬੀ ਵਿਚ ਸਲੋਕ ਕਹਿਣ ਵਾਲੇ ਪਹਿਲੇ ਸ਼ਾਇਰ ਮੰਨੇ ਜਾਂਦੇ ਹਨ ਪਰ ਉਨ੍ਹਾਂ ਤੋਂ ਪਹਿਲਾਂ ਪੁਛਿਆ, ਮਸੂਦ, ਮੁੱਲਾ ਦਾਊਦ, ਅਦਹਮਾਨ, ਗੋਰਖ ਨਾਥ, ਚਰਪਟ ਨਾਥ, ਚੌਰੰਗੀ ਨਾਥ ਤੇ ਹੋਰ ਨਾਥ-ਜੋਗੀਆਂ ਦਾ ਜ਼ਿਕਰ ਆਉਂਦਾ ਹੈ।

ਇਸ ਭੂਗੋਲਿਕ ਖਿੱਤੇ ਨੂੰ ਪੁਰਾਣਿਆਂ ਸਮਿਆਂ ਵਿਚ 'ਸਪਤ ਸਿੰਧੂ' ਤੇ 'ਪੰਚ ਨਦ' ਦੇ ਨਾਂ ਨਾਲ ਜਾਣਿਆ ਜਾਂਦਾ ਸੀ ਅਤੇ ਇਸ ਦੇ ਵੱਖ-ਵੱਖ ਇਲਾਕੇ ਸਿੰਧੂ, ਸੌਵੀਰ, ਮਦਰ ਦੇਸ, ਕੈਕਈ ਪ੍ਰਦੇਸ਼, ਉਸ਼ੀਨਰ, ਤ੍ਰਿਗਰਤ ਆਦਿ ਵਜੋਂ ਮਸ਼ਹੂਰ ਹੋਏ। ਲਿਖਤ ਸਾਹਿਤ ਵਿਚ ਇਸ ਭੂਗੋਲਿਕ ਖਿੱਤੇ ਲਈ ਪੰਜਾਬੀ ਸ਼ਬਦ ਪਹਿਲੀ ਵਾਰ ਅਮੀਰ ਖੁਸਰੋ ਨੇ ਵਰਤਿਆ ਅਤੇ ਬਾਅਦ ਵਿਚ ਭਾਈ ਗੁਰਦਾਸ ਨੇ। ਪਹਿਲਾਂ ਪਹਿਲਾਂ ਸਾਡੇ ਸ਼ਾਇਰ ਆਪਣੀ ਬੋਲੀ ਨੂੰ ਹਿੰਦੀ, ਹਿੰਦਕੀ ਜਾਂ ਹਿੰਦਵੀ ਕਹਿੰਦੇ ਸਨ। ਹਾਫਿਜ਼ ਬਰਖੁਰਦਾਰ ਪਹਿਲਾ ਕਿੱਸਾਕਾਰ ਹੈ ਜੋ ਆਪਣੀ ਬੋਲੀ ਨੂੰ ਪੰਜਾਬੀ ਬੋਲੀ ਕਹਿ ਕੇ ਪਛਾਣ ਕਰਾਉਂਦਾ ਹੈ। ਇਸ ਤੋਂ ਬਾਅਦ ਗੁਰੂ ਨਾਨਕ ਦੇਵ ਅਤੇ ਹੋਰ ਸਿੱਖ ਗੁਰੂਆਂ, ਵਾਰਿਸ ਸ਼ਾਹ, ਬੁੱਲ੍ਹੇ ਸ਼ਾਹ, ਸ਼ਾਹ ਹੁਸੈਨ, ਦਮੋਦਰ ਆਦਿ ਨੇ ਬੋਲੀ ਦੇ ਨੈਣ-ਨਕਸ਼ ਘੜੇ ਅਤੇ ਇਸ ਨੂੰ ਉਚ ਦਰਜੇ ਦੀ ਸਾਹਿਤਕ ਬੋਲੀ ਬਣਾ ਦਿੱਤਾ।

ਡਾ. ਹਰਕੀਰਤ ਸਿੰਘ ਦੁਆਰਾ ਹਾਫਿਜ਼ ਮਹਿਮੂਦ ਸ਼ੀਰਾਨੀ ਦੇ ਹਵਾਲੇ ਅਨੁਸਾਰ, ਮੁਗ਼ਲ ਰਾਜ ਦੌਰਾਨ ਸਤਾਰ੍ਹਵੀਂ ਸਦੀ ਦੇ ਅਖੀਰ ਵਿਚ ਬੱਚਿਆਂ ਲਈ ਪੰਜਾਬੀ ਭਾਸ਼ਾ ਵਿਚ ਪਾਠ-ਪੁਸਤਕਾਂ ਲਿਖਣੀਆਂ ਸ਼ੁਰੂ ਕੀਤੀਆਂ ਗਈਆਂ। ਇਸ ਦੀ ਪੁਸ਼ਟੀ ਮੌਲਾ ਬਖਸ਼ ਕੁਸ਼ਤਾ ਵੀ ਕਰਦੇ ਹਨ ਕਿਉਂਕਿ ਇਸ ਸਮੇਂ ਵਿਚ ਕਿਹਰ ਮੱਲ ਸੁਨਾਮੀ, ਉਮੀਦ, ਖੁਦਾ ਬਖਸ਼ ਅਤੇ ਗਣੇਸ਼ ਦਾਸ ਦੁਆਰਾ ਪੰਜਾਬੀ ਰਸਾਲੇ ਲਿਖੇ ਜਾਣ ਦਾ ਜ਼ਿਕਰ ਆਉਂਦਾ ਹੈ ਜਿਨ੍ਹਾਂ ਦਾ ਵਰਨਣ ਵਾਰਿਸ ਸ਼ਾਹ ਨੇ ਆਪਣੇ ਕਿੱਸੇ ਹੀਰ-ਰਾਂਝੇ ਵਿਚ ਵੀ ਕੀਤਾ ਹੈ। ਮਸ਼ਹੂਰ ਭਾਸ਼ਾ ਵਿਗਿਆਨੀ ਡਾ. ਸੁਨੀਤੀ ਕੁਮਾਰ ਚੈਟਰਜੀ ਨੇ ਪੰਜਾਬੀ ਭਾਸ਼ਾ ਦੀ ਪੁਰਾਤਨਤਾ ਬਾਰੇ ਲਿਖਦਿਆਂ ਕਿਹਾ ਹੈ, "ਕੁਝ ਗੱਲਾਂ ਵਿਚ ਹਿੰਦੀ ਪੰਜਾਬੀ ਤੋਂ ਪ੍ਰਭਾਵਿਤ ਹੈ। ਉਚਾਰਨ ਦੇ ਪੱਖ ਤੋਂ ਪੰਜਾਬੀ ਦੀ ਅਗਵਾਈ ਤੇ ਸ੍ਰੇਸ਼ਟਤਾ ਸੁਤੇ ਸਿੱਧ ਹੀ ਮੰਨੀ ਜਾਂਦੀ ਰਹੀ ਹੈ। ਇਸੇ ਲਈ ਹੀ ਪੰਜਾਬੀ ਢੰਗ ਦਾ ਉਚਾਰਨ ਸ਼ੋਭਨੀਕ ਸਮਝਿਆ ਜਾਂਦਾ ਰਿਹਾ ਹੈ ਅਤੇ ਭਾਵੇਂ ਕਈ ਲੋਕ ਇਹ ਗੱਲ ਮੰਨਣ ਨੂੰ ਤਿਆਰ ਨਹੀਂ ਹੋਣਗੇ ਪਰ ਪੰਜਾਬੀ ਉਚਾਰਨ ਅੱਜ ਵੀ ਸੁੰਦਰ ਹੀ ਗਿਣਿਆ ਜਾਂਦਾ ਹੈ।" ਇਸੇ ਤਰ੍ਹਾਂ ਖਵਾਜਾ ਅਹਿਮਦ ਅੱਬਾਸ ਨੇ ਲਿਖਿਆ ਹੈ, "ਇਹ ਗ਼ਲਤ ਹੈ ਕਿ ਪੰਜਾਬੀ ਨਵੀਂ ਜ਼ਬਾਨ ਹੈ। ਹਿੰਦੀ ਆਪਣੀ ਹੁਣ ਦੀ ਸ਼ਕਲ ਵਿਚ ਪੰਜ ਸੌ ਸਾਲ ਤੋਂ ਪੁਰਾਣੀ ਨਹੀਂ ਪਰ ਪੰਜਾਬੀ ਨਿਸ਼ਚੇ ਹੀ ਇਸ ਤੋਂ ਬਹੁਤ ਪੁਰਾਣੀ ਹੈ।" ਪੰਜਾਬੀ ਬਲਰਾਜ ਸਾਹਨੀ ਦੀ ਲਿਖੀ ਇਸ ਗੱਲ ਨੂੰ ਵੀ ਬੜਾ ਯਾਦ ਕਰਦੇ ਹਨ ਕਿ ਰਾਬਿੰਦਰ ਨਾਥ ਟੈਗੋਰ ਨੇ ਉਸ ਨੂੰ ਪੰਜਾਬੀ ਵਿਚ ਲਿਖਣ ਦੀ ਪ੍ਰੇਰਨਾ ਦਿੰਦੇ ਕਿਹਾ ਸੀ ਕਿ ਜਿਸ ਬੋਲੀ ਵਿਚ ਗੁਰੂ ਨਾਨਕ ਦੇਵ ਅਤੇ ਬੁੱਲ੍ਹੇ ਸ਼ਾਹ ਨੇ ਕਲਾਮ ਗਾਏ ਹੋਵੇ, ਉਹ ਬੋਲੀ ਪਛੜੀ ਹੋਈ ਬੋਲੀ ਕਿਵੇਂ ਹੋ ਸਕਦੀ ਹੈ।

ਇਹ ਸਾਰੀਆਂ ਗੱਲਾਂ ਅਤੇ ਟੂਕਾਂ, ਕਿਤਾਬਾਂ ਅਤੇ ਵਿਦਵਾਨਾਂ ਦੀਆਂ ਗੱਲਾਂ ਹਨ। ਪੰਜਾਬੀ ਭਾਸ਼ਾ ਦੇ ਸਬੰਧ ਵਿਚ ਅੱਜ ਅਸੀਂ ਕਿਥੇ ਖੜ੍ਹੇ ਹਾਂ? ਬਹੁਤੇ ਘਰਾਂ ਵਿਚ, ਖਾਸ ਕਰਕੇ ਸ਼ਹਿਰੀਆਂ ਦੇ ਘਰਾਂ ਵਿਚ ਮਾਂ-ਪਿਓ ਆਪਣੇ ਬੱਚਿਆਂ ਨਾਲ ਹਿੰਦੀ ਜਾਂ ਅੰਗਰੇਜ਼ੀ ਵਿਚ ਗੱਲ ਕਰਦੇ ਹਨ। ਪੰਜਾਬੀ ਵਿਚ ਗੱਲ ਕਰਨ ਨੂੰ ਹੀਣਤਾ ਦੀ ਨਿਸ਼ਾਨੀ ਸਮਝਿਆ ਜਾਂਦਾ ਹੈ। ਪੰਜਾਬੀ ਭਾਵੇਂ 1967 ਵਿਚ ਪੰਜਾਬ ਦੀ ਰਾਜ ਭਾਸ਼ਾ ਬਣ ਗਈ ਪਰ ਰਾਜ ਦੇ ਕਾਰਵਿਹਾਰ ਦੇ ਕੰਮ ਵਿਚ ਪੰਜਾਬੀ ਨੂੰ ਬਣਦਾ ਗੌਰਵ ਅਜੇ ਵੀ ਨਹੀਂ ਮਿਲਿਆ। ਇਸ ਦੇ ਨਾਲ-ਨਾਲ ਯੂਨੀਵਰਸਿਟੀਆਂ ਅਤੇ ਕਾਲਜਾਂ ਦੇ ਵਿਦਵਾਨਾਂ ਦੁਆਰਾ ਜਿਸ ਤਰ੍ਹਾਂ ਦੀ ਪੰਜਾਬੀ ਲਿਖੀ ਗਈ, ਉਸ ਨੇ ਵੀ ਲੋਕਾਂ ਤੇ ਪੰਜਾਬੀ ਭਾਸ਼ਾ ਵਿਚਕਾਰਲੀ ਦੂਰੀ ਨੂੰ ਵਧਾਇਆ ਹੈ। ਪੰਜਾਬੀਆਂ ਨੂੰ ਆਪਣੇ ਵਿਦਵਾਨਾਂ ਦੁਆਰਾ ਲਿਖੀ ਗਈ ਭਾਸ਼ਾ ਸਮਝ ਨਹੀਂ ਆਉਂਦੀ।

ਜਦ ਆਪਣੇ ਲੋਕ ਹੀ ਆਪਣੀ ਬੋਲੀ ਦੀ ਹੇਠੀ ਕਰਨ ਤਾਂ ਦੂਜਿਆਂ ਤੋਂ ਕੀ ਆਸ ਕੀਤੀ ਜਾ ਸਕਦੀ ਹੈ। ਹੁਣ ਸੈਂਟਰਲ ਬੋਰਡ ਆਫ ਸੈਕੰਡਰੀ ਐਜੂਕੇਸ਼ਨ (ਸੀ.ਬੀ.ਐਸ.ਈ.) ਨੇ ਪੰਜਾਬ ਵਿਚ ਚੱਲ ਰਹੇ ਕੇਂਦਰੀ ਵਿਦਿਆਲਿਆਂ ਵਿਚ ਕੁਝ ਵਿਸ਼ਿਆਂ ਨੂੰ ਪੰਜਾਬੀ ਅਤੇ ਹੋਰ ਭਾਸ਼ਾਵਾਂ ਵਿਚ ਨਾ ਪੜ੍ਹਾਉਣ ਦਾ ਫੈਸਲਾ ਕੀਤਾ ਹੈ। ਇਸੇ ਤਰ੍ਹਾਂ ਇਸ ਬੋਰਡ ਨੇ 2018 ਵਿਚ ਅਧਿਆਪਕਾਂ ਦੇ 'ਨੈਸ਼ਨਲ ਯੋਗਤਾ ਟੈਸਟ' ਨੂੰ ਅੰਗਰੇਜ਼ੀ, ਹਿੰਦੀ ਤੇ ਸੰਸਕ੍ਰਿਤ ਵਿਚ ਲੈਣ ਦਾ ਫੈਸਲਾ ਕੀਤਾ ਸੀ ਜਿਹੜਾ ਬਾਅਦ ਵਿਚ ਹੋਏ ਵਿਰੋਧ ਕਾਰਨ ਵਾਪਸ ਲੈਣਾ ਪੈ ਗਿਆ।

ਦੁਨੀਆਂ ਭਰ ਦੇ ਭਾਸ਼ਾ ਵਿਗਿਆਨੀ ਤੇ ਮਾਹਿਰ ਇਸ ਗੱਲ ਲਈ ਸਹਿਮਤ ਹਨ ਕਿ ਵਿਦਿਆਰਥੀਆਂ ਨੂੰ ਜ਼ਿਆਦਾ ਤੋਂ ਜ਼ਿਆਦਾ ਤਾਲੀਮ ਉਨ੍ਹਾਂ ਦੀ ਮਾਂ-ਬੋਲੀ ਵਿਚ ਦਿੱਤੀ ਜਾਣੀ ਚਾਹੀਦੀ ਹੈ। ਇਥੇ ਇਹ ਜ਼ਿਕਰ ਵੀ ਜ਼ਰੂਰੀ ਹੈ ਕਿ ਦੁਨੀਆਂ ਦੇ ਸਭ ਮਹਾਨ ਵਿਗਿਆਨੀਆਂ, ਖਾਸ ਕਰਕੇ ਨੋਬੇਲ ਇਨਾਮ ਜਿੱਤਣ ਵਾਲੇ ਖੋਜੀਆਂ ਨੇ, ਕੁਝ ਨੂੰ ਛੱਡ ਕੇ, ਤਾਲੀਮ ਆਪਣੀ ਮਾਂ-ਬੋਲੀ ਵਿਚ ਹਾਸਲ ਕੀਤੀ। ਮਾਂ-ਬੋਲੀ ਨੂੰ ਚੰਗੀ ਤਰ੍ਹਾਂ ਨਾਲ ਸਿੱਖਣ ਨਾਲ ਹੀ ਅਸੀਂ ਦੂਸਰੀਆਂ ਭਾਸ਼ਾਵਾਂ, ਹਿਸਾਬ (ਗਣਿਤ-ਵਿਗਿਆਨ), ਵਿਗਿਆਨ ਤੇ ਹੋਰ ਵਿਸ਼ਿਆਂ ਵਿਚ ਮੁਹਾਰਤ ਹਾਸਲ ਕਰ ਸਕਦੇ ਹਾਂ।

ਹਿੰਦੋਸਤਾਨੀ ਬਰੇ-ਸਗੀਰ (ਉਪ-ਮਹਾਂਦੀਪ) ਵਿਚ ਸਨਅਤੀ ਇਨਕਲਾਬ ਵਰਗੀ ਕੋਈ ਘਟਨਾ ਨਹੀਂ ਵਾਪਰੀ ਅਤੇ ਇਸ ਕਾਰਨ ਵਿਗਿਆਨਕ ਸ਼ਬਦਾਵਲੀ ਵਿਕਸਿਤ ਨਹੀਂ ਹੋ ਸਕੀ ਪਰ ਇਸ ਦਾ ਮਤਲਬ ਇਹ ਨਹੀ ਹੈ ਕਿ ਇਹ ਭਾਸ਼ਾਵਾਂ ਸਿਰਫ ਕਵਿਤਾਵਾਂ, ਕਹਾਣੀਆਂ, ਨਾਵਲ, ਕਿੱਸੇ ਆਦਿ ਲਿਖਣ ਵਾਲੀਆਂ ਭਾਸ਼ਾਵਾਂ ਬਣ ਕੇ ਰਹਿ ਜਾਣ ਅਤੇ ਵਿਚਾਰਾਂ ਅਤੇ ਵਿਗਿਆਨ ਦੀਆਂ ਭਾਸ਼ਾਵਾਂ ਨਾ ਬਣਨ। ਇਸ ਕੰਮ ਲਈ ਉਦਮ ਅਤੇ ਸਾਹਸ ਦੀ ਜ਼ਰੂਰਤ ਹੈ ਅਤੇ ਪੰਜਾਬੀ ਵਿਦਵਾਨਾਂ ਨੂੰ ਅਜਿਹਾ ਉਦਮ ਕਰਨਾ ਚਾਹੀਦਾ ਹੈ। ਇਸ ਵੇਲ਼ੇ ਦੀ ਫੌਰੀ ਮੰਗ ਸੀ.ਬੀ.ਐਸ.ਈ. ਵਲੋਂ ਕੀਤੇ ਗਏ ਇਸ ਫੈਸਲੇ ਨੂੰ ਵਾਪਸ ਕਰਵਾਉਣਾ ਹੈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਗੋਬਿੰਦ ਸਿੰਘ ਲੌਂਗੋਵਾਲ ਨੇ ਇਸ ਫੈਸਲੇ ਦੀ ਸਖਤ ਸ਼ਬਦਾਂ ਵਿਚ ਨਿੰਦਾ ਕੀਤੀ ਹੈ।

ਕੇਂਦਰੀ ਪੰਜਾਬੀ ਲੇਖਕ ਸਭਾ ਨੇ ਇਸ ਫੈਸਲੇ ਦੀ ਨਿਖੇਧੀ ਕਰਦਿਆਂ ਇਸ ਵਿਚਲੀ ਗ਼ੈਰ-ਵਿਗਿਆਨਕ ਪਹੁੰਚ ਦੀ ਆਲੋਚਨਾ ਕੀਤੀ ਹੈ ਪਰ ਇਨ੍ਹਾਂ ਸੰਸਥਾਵਾਂ ਦੇ ਵਿਰੋਧ ਨਾਲ ਹੀ ਕੰਮ ਨਹੀਂ ਬਣਨਾ। ਇਸ ਲਈ ਪੰਜਾਬੀਆਂ ਨੂੰ ਨਾ ਸਿਰਫ ਸਮੂਹਿਕ ਆਵਾਜ਼ ਉਠਾਉਣੀ ਪਵੇਗੀ ਸਗੋਂ ਆਪਣੇ ਅੰਦਰ ਝਾਤੀ ਵੀ ਮਾਰਨੀ ਪਵੇਗੀ ਕਿ ਜੇ ਅਸੀਂ ਆਪਣੀ ਜ਼ਬਾਨ ਨੂੰ ਬਚਾਉਣਾ ਹੈ ਤਾਂ ਅਸੀਂ ਇਸ ਨੂੰ ਸਹੀ ਅਰਥਾਂ ਵਿਚ ਅਪਣਾਈਏ; ਘਰਾਂ ਵਿਚ ਪੰਜਾਬੀ ਬੋਲੀਏ, ਬੱਚਿਆਂ ਨੂੰ ਸਿਖਾਈਏ ਤੇ ਇਸ ਨੂੰ ਇਸ ਦਾ ਬਣਦਾ ਮਾਣ-ਸਨਮਾਨ ਦੇਈਏ। ਜਦ ਅਸੀਂ ਆਪਣੇ ਬੱਚਿਆਂ ਨਾਲ ਪੰਜਾਬੀ ਨਹੀਂ ਬੋਲਦੇ ਤਾਂ ਅਸੀਂ ਨਹੀਂ ਜਾਣਦੇ ਕਿ ਅਸੀਂ ਉਨ੍ਹਾਂ ਨੂੰ ਆਪਣੇ ਵਿਰਸੇ ਨਾਲੋਂ ਤੋੜ ਰਹੇ ਹਾਂ, ਜਿਵੇਂ ਭਾਈ ਗੁਰਦਾਸ ਨੇ ਕਿਹਾ ਹੈ- ਆਪਣੀ ਜੜ੍ਹ ਆਪਣੇ ਹੱਥੀਂ ਪੁੱਟ ਰਹੇ ਹਾਂ। ਜਿਹੜਾ ਮਨੁੱਖ ਆਪਣੀ ਮਾਂ-ਬੋਲੀ ਤੋਂ ਟੁੱਟ ਜਾਂਦਾ ਹੈ, ਉਹ ਰੂਹਾਨੀ ਤੌਰ 'ਤੇ ਇੰਨਾ ਲਿੱਸਾ ਰਹਿ ਜਾਂਦਾ ਹੈ ਕਿ ਉਸ ਨੂੰ ਆਪਣੇ ਆਪੇ ਦੇ ਹੋਏ ਘਾਣ ਦਾ ਪਤਾ ਵੀ ਨਹੀਂ ਲੱਗਦਾ। ਉਹ ਜੜ੍ਹਹੀਣ ਹੋ ਜਾਂਦਾ ਹੈ। ਅਸੀਂ ਪੰਜਾਬੀ ਵੀ ਕੁਝ ਅਜਿਹੇ ਪਾਸੇ ਵੱਲ ਵੱਧ ਰਹੇ ਹਾਂ।

# ਭਗਵੀ ਅਤਿਵਾਦੀ ਸਾਧਵੀ ਪ੍ਰਗਿਆ ਅਤੇ ਭਾਰਤ ਦਾ 'ਲੋਕਤੰਤਰ'

ਬੂਟਾ ਸਿੰਘ
ਫੋਨ: +91-94634-74342



ਸੰਘ ਬ੍ਰਿਗੇਡ ਵਲੋਂ ਮਾਲੇਗਾਓਂ ਬੰਬ ਧਮਾਕੇ ਦੀ ਇਕ ਮੁੱਖ ਮੁਜਰਮ ਪ੍ਰਗਿਆ ਸਿੰਘ ਠਾਕੁਰ ਨੂੰ ਮੱਧ ਪ੍ਰਦੇਸ਼ ਦੇ ਭੋਪਾਲ ਲੋਕ ਸਭਾ ਹਲਕੇ ਤੋਂ ਆਪਣੀ ਉਮੀਦਵਾਰ ਬਣਾਏ ਜਾਣ ਨਾਲ ਉਨ੍ਹਾਂ ਹਿਸਿਆਂ ਨੂੰ ਵਾਹਵਾ ਠੇਸ ਪਹੁੰਚੀ ਜਾਪਦੀ ਹੈ ਜੋ ਮੁਲਕ ਦੇ ਰਾਜ ਪ੍ਰਬੰਧ ਨੂੰ ਧਰਮ ਨਿਰਪੱਖ ਲੋਕਤੰਤਰ ਮੰਨ ਕੇ ਪੂਜਦੇ ਹਨ। ਦੂਜੇ ਪਾਸੇ, ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਟੀ.ਵੀ. ਚੈਨਲ ਨਾਲ ਆਪਣੀ ਖਾਸ ਇੰਟਰਵਿਊ ਵਿਚ ਦਹਿਸ਼ਤੀ ਬੰਬ ਧਮਾਕਿਆਂ ਦੇ ਕੇਸ ਦਾ ਸਾਹਮਣਾ ਕਰ ਰਹੀ ਇਸ 'ਸਾਧਵੀ' ਨੂੰ ਟਿਕਟ ਦਿੱਤੇ ਜਾਣ ਨੂੰ ਜਾਇਜ਼ ਠਹਿਰਾਇਆ ਹੈ। ਰਾਸ਼ਟਰੀ ਸਵੈਮਸੇਵਕ ਸੰਘ (ਆਰ.ਐਸ.ਐਸ.) ਦੇ ਆਲੇ-ਦੁਆਲੇ ਉਸਰੀ ਹਿੰਦੂਤਵ ਸੰਸਕ੍ਰਿਤੀ ਦੇ ਮੱਦੇਨਜ਼ਰ ਇਹ ਬੇਹਯਾਈ ਹੈਰਾਨੀਜਨਕ ਨਹੀਂ। ਇਸ 'ਸੰਸਕ੍ਰਿਤੀ' ਵਿਚ ਅਡਵਾਨੀ, ਮੋਦੀ ਵਰਗੇ ਭੜਕਾਊ ਭਾਸ਼ਨਕਾਰ ਸਟਾਰ ਸਿਆਸਤਦਾਨ ਹਨ; ਗੋਡਸੇ ਮਹਾਤਮਾ ਹੈ, ਅਦਿਤਿਆਨਾਥ ਵਰਗੇ ਮੁਜਰਮ 'ਯੋਗੀ' ਹਨ; ਰਾਮਦੇਵ ਅਤੇ ਸ੍ਰੀ ਸ੍ਰੀ ਵਰਗੇ ਕਾਰੋਬਾਰੀ ਠੱਗ 'ਬਾਬੇ' ਹਨ; ਉਮਾ ਭਾਰਤੀ, ਪ੍ਰਗਿਆ ਸਿੰਘ ਵਰਗੀਆਂ ਜ਼ਹਿਰ ਉਗਲਦੀਆਂ ਜੀਭਾਂ 'ਸਾਧਵੀਆਂ' ਹਨ। ਇਹ ਸਾਰੇ ਹਿੰਦੂਤਵ ਦੇ ਅਸਲ ਚਿਹਰੇ ਹਨ।

ਪ੍ਰਗਿਆ ਸਿੰਘ ਠਾਕੁਰ ਮਾਲੇਗਾਓਂ ਬੰਬ ਕਾਂਡ ਦੇ ਮੁਲਜ਼ਮਾਂ ਵਿਚੋਂ ਇਕ ਹੈ। ਇਸ ਤਰ੍ਹਾਂ ਪੇਸ਼ ਕੀਤਾ ਜਾ ਰਿਹਾ ਹੈ, ਜਿਵੇਂ ਅਦਾਲਤ ਵਲੋਂ ਪ੍ਰਗਿਆ ਸਿੰਘ ਨੂੰ ਕਲੀਨ ਚਿਟ ਦੇ ਦਿੱਤੀ ਗਈ ਹੈ। ਹਕੀਕਤ ਇਹ ਹੈ ਕਿ ਉਸ ਦੇ ਖਿਲਾਫ ਮੁਕੱਦਮਾ ਅਜੇ ਚੱਲ ਰਿਹਾ ਹੈ ਅਤੇ ਉਸ ਨੂੰ 2017 ਵਿਚ ਸਿਰਫ ਮੈਡੀਕਲ ਆਧਾਰ 'ਤੇ ਜ਼ਮਾਨਤ ਦਿੱਤੀ ਗਈ ਸੀ। 2006-08 ਦੌਰਾਨ ਹੋਏ ਵੱਖ-ਵੱਖ ਛੇ ਬੰਬ ਕਾਂਡਾਂ ਨੇ ਸੈਂਕੜੇ ਲੋਕਾਂ ਦੀਆਂ ਜਾਨਾਂ ਲਈਆਂ। ਮਾਲੇਗਾਓਂ ਕਾਂਡ ਵਿਚ ਛੇ ਵਿਅਕਤੀ ਮਾਰੇ ਗਏ ਅਤੇ ਸੌ ਤੋਂ ਵਧੇਰੇ ਲੋਕ ਜ਼ਖਮੀ ਹੋਏ ਸਨ। ਇਸ ਕਾਂਡ ਪਿੱਛੇ ਵੀ ਇਸਲਾਮੀ ਦਹਿਸ਼ਤਗਰਦਾਂ ਦਾ ਹੱਥ ਦੀ ਘੜੀ-ਘੜਾਈ ਕਹਾਣੀ ਪ੍ਰਚਾਰ ਕੇ ਦਰਜਨਾਂ ਬੇਕਸੂਰ ਮੁਸਲਮਾਨਾਂ ਨੂੰ ਤਸੀਹੇ ਦਿੱਤੇ ਗਏ; ਲੇਕਿਨ ਮਹਾਂਰਾਸ਼ਟਰ ਦੇ ਏ.ਟੀ.ਐਸ. (ਐਂਟੀ ਟੈਰਰਿਸਟ ਸੁਕਐਡ) ਦੇ ਮੁਖੀ ਹੇਮੰਤ ਕਰਕਰੇ ਵਲੋਂ ਕੀਤੀ ਪੇਸ਼ੇਵਰ ਜਾਂਚ ਨੇ ਅਸਲ ਦਹਿਸ਼ਤਗਰਦ ਚਿਹਰੇ ਨੰਗੇ ਕਰ ਦਿੱਤੇ। ਜਿਹੜਾ ਸਕੂਟਰ ਖਤਰਨਾਕ ਵਿਸਫੋਟਕ ਫਿਟ ਕਰਕੇ ਬੰਬ ਧਮਾਕਾ ਕਰਨ ਲਈ ਇਸਤੇਮਾਲ ਕੀਤਾ ਗਿਆ ਸੀ, ਉਹ ਪ੍ਰਗਿਆ ਸਿੰਘ ਦਾ ਸੀ। ਜਦੋਂ ਇਨ੍ਹਾਂ ਭਗਵੇਂ ਕਾਰਕੁਨਾਂ ਨੂੰ ਹਿਰਾਸਤ ਵਿਚ ਲੈ ਕੇ ਤਫਤੀਸ਼ ਕੀਤੀ ਗਈ ਤਾਂ ਜਿਸ ਪੱਧਰ ਦੀ ਦਹਿਸ਼ਤਗਰਦ ਸਾਜ਼ਿਸ਼ ਸਾਹਮਣੇ ਆਈ, ਉਸ ਨੇ ਮਹਾਂਰਾਸ਼ਟਰ ਅਤੇ ਕੇਂਦਰੀ ਹੁਕਮਰਾਨਾਂ ਦੇ ਹੋਸ਼ ਉਡਾ ਦਿੱਤੇ।

ਸਬੂਤ ਐਨੇ ਪੁਖਤਾ ਸਨ ਕਿ ਸੰਘ ਪਰਿਵਾਰ ਵਲੋਂ ਮਾਮਲੇ ਨੂੰ ਦਬਾਉਣ ਲਈ ਹਰ ਹਰਬਾ ਵਰਤਣ ਦੇ ਬਾਵਜੂਦ ਬੰਬ ਧਮਾਕਿਆਂ ਦਾ ਮੁਕੱਦਮਾ ਦਰਜ ਕਰਨਾ ਪਿਆ ਅਤੇ ਇਸ ਅਖੌਤੀ ਸਾਧਵੀ ਉਪਰ ਦਹਿਸ਼ਤਵਾਦ ਵਿਰੋਧੀ ਕਾਨੂੰਨ ਦੀਆਂ ਧਾਰਾਵਾਂ ਲਗਾਈਆਂ ਗਈਆਂ। ਬਾਅਦ ਵਿਚ ਅਦਾਲਤ ਵਿਚ ਇਸ ਨੂੰ ਇਸ ਆਧਾਰ 'ਤੇ ਜ਼ਮਾਨਤ ਦੀ ਅਰਜ਼ੀ ਦਿੱਤੀ ਗਈ ਕਿ ਸਾਧਵੀ ਦੀ ਛਾਤੀ ਵਿਚ ਕੈਂਸਰ ਹੋਣ ਕਾਰਨ ਉਸ ਦੇ ਆਯੁਰਵੈਦਿਕ ਇਲਾਜ ਲਈ ਉਸ ਨੂੰ ਜ਼ਮਾਨਤ ਦੇਣਾ ਜ਼ਰੂਰੀ ਹੈ। ਇਉਂ ਮੋਦੀ ਰਾਜ ਦੌਰਾਨ ਉਸ ਦੀ ਜ਼ਮਾਨਤ ਮਨਜ਼ੂਰ ਹੋ ਗਈ।

'ਦੁਨੀਆ ਦਾ ਸਭ ਤੋਂ ਵੱਡੀ ਲੋਕਤੰਤਰ' ਵਿਚ ਦਹਿਸ਼ਤਗਰਦੀ ਦੇ ਸੰਗੀਨ ਮੁਜਰਮਾਂ ਨੂੰ ਟਿਕਟ ਦੇਣਾ ਜਿਥੇ ਇਸ ਪ੍ਰਬੰਧ ਉਪਰ ਬਹੁਤ ਵੱਡਾ ਵਿਅੰਗ ਹੈ, ਉਥੇ ਇਹ ਮੁਜਰਮਾਂ ਨੂੰ ਸਿਆਸੀ ਮੈਦਾਨ ਵਿਚ ਉਤਾਰਨ ਦੀ ਪਹਿਲੀ ਮਿਸਾਲ ਵੀ ਨਹੀਂ ਹੈ। ਹੋਰ ਬਥੇਰੀਆਂ ਮਿਸਾਲਾਂ ਹਨ ਲੇਕਿਨ ਅਦਾਲਤ ਵਿਚ ਦਹਿਸ਼ਤਗਰਦ ਸਾਜ਼ਿਸ਼ ਦੇ ਕੇਸ ਦਾ ਸਾਹਮਣਾ ਕਰ ਰਹੇ ਦਹਿਸ਼ਤਗਰਦ ਨੂੰ ਟਿਕਟ ਦੇਣ ਦੀ ਇਹ ਸ਼ਾਇਦ ਪਹਿਲੀ ਮਿਸਾਲ ਹੈ। ਜਿਥੋਂ ਤਕ ਭਗਵੇਂ ਕੈਂਪ ਦਾ ਸਵਾਲ ਹੈ, ਇਸ ਵਿਚ ਸਿਰੇ ਦੇ ਬਦਨਾਮ ਵਿਅਕਤੀਆਂ ਨੂੰ ਚੋਣਾਂ ਵਿਚ ਸਟਾਰ ਉਮੀਦਵਾਰ ਬਣਾਉਣਾ ਨਵੀਂ ਗੱਲ ਨਹੀਂ। ਖੁਦ ਨਰਿੰਦਰ ਮੋਦੀ ਇਸ ਦਾ ਸਾਖਿਆਤ ਨਮੂਨਾ ਹੈ ਜਿਸ ਨੇ 2002 ਵਿਚ ਗੋਧਰਾ ਕਾਂਡ ਤੋਂ ਬਾਅਦ 'ਹਿੰਦੂਆਂ ਨੂੰ ਗੁੱਸਾ ਕੱਢ ਲੈਣ ਦਿਓ' ਦੀ ਦਲੀਲ ਦੇ ਕੇ ਆਪਣੀ ਛਤਰ ਛਾਇਆ ਹੇਠ ਮੁਸਲਮਾਨਾਂ ਦਾ ਕਤਲੇਆਮ ਕਰਵਾਇਆ ਸੀ। ਭਾਜਪਾ ਦਾ ਮੌਜੂਦਾ ਪ੍ਰਧਾਨ ਅਮਿਤ ਸ਼ਾਹ ਤਾਂ ਫਰਜ਼ੀ ਪੁਲਿਸ ਮੁਕਾਬਲਿਆਂ ਵਿਚ ਹੱਤਿਆਵਾਂ ਕਰਾਉਣ ਦੇ ਮਾਮਲਿਆਂ ਵਿਚ ਜੇਲ੍ਹ ਵੀ ਜਾ ਚੁੱਕਾ ਹੈ।

ਜਿਸ ਪ੍ਰਧਾਨ ਮੰਤਰੀ ਨੇ ਪੂਰੇ ਪੰਜ ਸਾਲ ਆਪਣੀਆਂ ਨੀਤੀਆਂ ਬਾਬਤ ਤਿੱਖੇ ਸਵਾਲਾਂ ਤੋਂ ਬਚਣ ਲਈ ਇਕ ਵਾਰ ਵੀ ਮੀਡੀਆ ਦਾ ਸਾਹਮਣਾ ਕਰਨ ਦੀ ਹਿੰਮਤ ਨਹੀਂ ਕੀਤੀ, ਉਸ ਵਲੋਂ ਵਿਸ਼ੇਸ਼ ਪ੍ਰੈਸ ਮਿਲਣੀ ਕਰਕੇ ਪ੍ਰਗਿਆ ਸਿੰਘ ਨੂੰ 'ਪੀੜਤ' ਬਣਾ ਕੇ ਪੇਸ਼ ਕੀਤੇ ਜਾਣ ਤੋਂ ਸਪਸ਼ਟ ਹੋ ਗਿਆ ਕਿ ਇਹ ਆਰ.ਐਸ.ਐਸ. ਦਾ ਗਿਣਿਆ-ਮਿਥਿਆ ਚੋਣ ਪੈਂਤੜਾ ਹੈ। ਇਸ ਸਾਧਵੀ ਨੂੰ ਫਿਰਕੂ ਪਾਲਾਬੰਦੀ ਨੂੰ ਵਧਾ ਕੇ ਚੋਣ ਲਾਹਾ ਲੈਣ ਲਈ ਹਿੰਦੂ ਵੋਟਾਂ ਖਿੱਚਣ ਵਾਲੇ ਚਿਹਰੇ ਦੇ ਤੌਰ 'ਤੇ ਅੱਗੇ ਲਿਆਂਦਾ ਗਿਆ ਹੈ। ਉਸ ਦੇ ਦੋ ਚਿਹਰੇ ਪੇਸ਼ ਕੀਤੇ ਜਾ ਰਹੇ ਹਨ।

ਇਕ ਪਾਸੇ ਉਸ ਨੂੰ ਐਸੇ ਬੇਕਸੂਰ ਹਿੰਦੂਆਂ ਦੀ ਨੁਮਾਇੰਦਾ ਮਿਸਾਲ ਬਣਾਇਆ ਜਾ ਰਿਹਾ ਹੈ ਜਿਨ੍ਹਾਂ ਨੂੰ ਕਥਿਤ ਤੌਰ 'ਤੇ ਕਾਂਗਰਸ ਸਰਕਾਰ ਨੇ ਘੱਟਗਿਣਤੀ ਨੂੰ ਖੁਸ਼ ਕਰਨ ਲਈ ਅਤੇ ਹਿੰਦੂਆਂ ਨੂੰ ਬਦਨਾਮ ਕਰਨ ਦੀ ਸਾਜ਼ਿਸ਼ ਤਹਿਤ ਬੰਬ ਧਮਾਕਿਆਂ ਦੇ ਮਾਮਲਿਆਂ ਵਿਚ ਫਸਾਇਆ। ਇਹ ਹਮਦਰਦੀ ਬਟੋਰਨ ਵਾਲਾ ਚਿਹਰਾ ਹੈ। ਉਸ ਦਾ ਦੂਜਾ ਚਿਹਰਾ ਜ਼ਹਿਰ ਉਗਲਣ ਵਾਲੇ ਮੂੰਹਫਟ ਭਗਵੇਂ ਪ੍ਰਚਾਰਕ ਦਾ ਹੈ ਜਿਸ ਨੂੰ ਚੋਣਾਂ ਦੌਰਾਨ ਹਿੰਦੂਆਂ ਦੇ 'ਸਦੀਆਂ ਦੇ ਅਪਮਾਨ' ਦਾ ਬਦਲਾ ਲੈਣ ਵਾਲੇ ਦਲੇਰ ਚਿਹਰੇ ਵਜੋਂ ਪੇਸ਼ ਕਰਕੇ ਅਤੇ ਭੜਕਾਊ ਟਿਪਣੀਆਂ ਕਰਨ ਦੀ ਖੁੱਲ੍ਹ ਦੇ ਕੇ ਫਿਰਕੂ ਪਾਲਾਬੰਦੀ ਕਰਨ ਲਈ ਇਸਤੇਮਾਲ ਕੀਤਾ ਜਾ ਰਿਹਾ ਹੈ। ਉਸ ਦੇ ਹਾਲੀਆ ਵਿਵਾਦਪੂਰਨ ਬਿਆਨ ਇਸੇ ਚੋਣ ਰਣਨੀਤੀ ਦਾ ਹਿੱਸਾ ਹਨ।

ਉਂਜ, ਦਹਿਸ਼ਤਗਰਦ ਪ੍ਰਗਿਆ ਸਿੰਘ ਦੇ ਧਮਾਕੇਦਾਰ ਬਿਆਨ ਨਾਲ ਸੰਘ ਬ੍ਰਿਗੇਡ ਕਸੂਤੀ ਹਾਲਤ ਵਿਚ ਘਿਰ ਗਿਆ ਹੈ। ਪ੍ਰਗਿਆ ਸਿੰਘ ਨੇ ਦਾਅਵਾ ਕੀਤਾ ਕਿ ਉਸ ਨੂੰ ਤਸੀਹੇ ਦੇਣ ਵਾਲਾ ਪੁਲਿਸ ਅਧਿਕਾਰੀ ਹੇਮੰਤ ਕਰਕਰੇ ਉਸ ਵਲੋਂ ਦਿੱਤੇ ਸਰਾਪ ਕਾਰਨ ਮਰਿਆ। ਸਮੱਸਿਆ ਇਹ ਖੜ੍ਹੀ ਹੋ ਗਈ ਕਿ ਸੰਘ ਵਾਲੇ ਤਾਂ ਦਹਿਸ਼ਤਗਰਦਾਂ ਨਾਲ ਮੁਕਾਬਲਿਆਂ ਵਿਚ ਮਾਰੇ ਗਿਆਂ ਨੂੰ ਸ਼ਹੀਦ ਮੰਨਦੇ ਹਨ, ਉਹ ਪ੍ਰਗਿਆ ਸਿੰਘ ਦੇ ਬਿਆਨ ਦੇ ਹੱਕ ਵਿਚ ਕਿਵੇਂ ਖੜ੍ਹਨ? ਜੇ ਇਹੀ ਬਿਆਨ ਕਿਸੇ ਹੋਰ ਨੇ ਦਿੱਤਾ ਹੁੰਦਾ ਤਾਂ ਹਿੰਦੁਤਵੀ ਹਜੂਮਾਂ ਨੇ ਉਸ ਨੂੰ ਦੇਸ਼ਧ੍ਰੋਹੀ ਕਰਾਰ ਦੇ ਕੇ ਉਸ ਦਾ ਜਿਉਣਾ ਔਖਾ ਕਰ ਦੇਣਾ ਸੀ। ਭਾਜਪਾ ਹਾਈਕਮਾਨ ਨੇ ਇਹ ਕਹਿ ਕੇ ਪੱਲਾ ਝਾੜ ਲਿਆ ਕਿ ਇਹ ਪ੍ਰਗਿਆ ਸਿੰਘ ਦੇ ਨਿਜੀ ਵਿਚਾਰ ਹਨ ਜੋ ਹਿਰਾਸਤ ਵਿਚ ਉਸ ਵਲੋਂ ਝੱਲੇ ਮਾਨਸਿਕ ਅਤੇ ਜਿਸਮਾਨੀ ਸੰਤਾਪ ਦਾ ਇਜ਼ਹਾਰ ਹਨ।

ਜਿਥੋਂ ਤਕ ਮੋਦੀ ਵਲੋਂ ਪ੍ਰਗਿਆ ਸਿੰਘ ਨੂੰ ਉਮੀਦਵਾਰ ਬਣਾਉਣ ਦੇ ਹੱਕ ਦਿੱਤੀਆਂ ਦਲੀਲਾਂ ਦਾ ਸਵਾਲ ਹੈ, ਇਹ ਉਕਾ ਹੀ ਗ਼ਲਤ ਨਹੀਂ। ਉਹ ਰਾਜੀਵ ਗਾਂਧੀ ਵਲੋਂ ਇੰਦਰਾ ਗਾਂਧੀ ਦੀ ਹੱਤਿਆ ਤੋਂ ਬਾਅਦ 'ਜਦੋਂ ਵੱਡਾ ਰੁੱਖ ਡਿੱਗਦਾ ਹੈ...' ਦੇ ਹਵਾਲੇ ਨਾਲ ਕਾਂਗਰਸ ਉਪਰ ਹਮਲਾ ਕਰਦਾ ਹੋਇਆ ਕਹਿੰਦਾ ਹੈ ਕਿ ਜੇ ਪੰਜ ਹਜ਼ਾਰ ਤੋਂ ਵਧੇਰੇ ਸਿੱਖਾਂ ਦੇ ਯੋਜਨਾਬੱਧ ਕਤਲੇਆਮ ਨੂੰ ਜਾਇਜ਼ ਠਹਿਰਾਉਣ ਵਾਲਾ ਪ੍ਰਧਾਨ ਮੰਤਰੀ ਬਣ ਸਕਦਾ ਹੈ, ਕਤਲੇਆਮ ਵਿਚ ਮੋਹਰੀ ਭੂਮਿਕਾ ਨਿਭਾਉਣ ਵਾਲੇ ਐਚ.ਕੇ.ਐਲ.ਭਗਤ, ਸੱਜਣ ਕੁਮਾਰ ਵਰਗੇ ਕਾਂਗਰਸੀ ਆਗੂ ਕੇਂਦਰੀ ਮੰਤਰੀ ਮੰਡਲ ਵਿਚ ਅਤੇ ਹੋਰ ਉਚੇ ਅਹੁਦਿਆਂ ਉਪਰ ਰਹਿ ਸਕਦੇ ਹਨ, ਕਮਲਨਾਥ ਨੂੰ ਜ਼ੋਰਦਾਰ ਵਿਰੋਧ ਹੋਣ ਦੇ ਬਾਵਜੂਦ ਮੱਧ ਪ੍ਰਦੇਸ਼ ਦਾ ਮੁੱਖ ਮੰਤਰੀ ਥਾਪਿਆ ਜਾ ਸਕਦਾ ਹੈ ਤਾਂ ਇਕੱਲੀ ਪ੍ਰਗਿਆ ਸਿੰਘ ਉਪਰ ਸਵਾਲ ਕਿਉਂ ਉਠਾਏ ਜਾ ਰਹੇ ਹਨ? ਉਸ ਦੀ ਦਲੀਲ ਵਿਚ ਵਜ਼ਨ ਹੈ। ਕਾਂਗਰਸ ਦਾ ਇਹੀ ਘਿਨਾਉਣਾ ਇਤਿਹਾਸ ਹੈ ਲੇਕਿਨ ਵਿਡੰਬਨਾ ਇਹ ਹੈ ਕਿ ਜਿਹੜੇ ਬਹੁਤ ਸਾਰੇ 'ਧਰਮ ਨਿਰਪੱਖਤਾ' ਦੇ ਹਮਾਇਤੀ ਅੱਜ ਸਾਧਵੀ ਦੇ ਮਾਮਲੇ ਦੀ ਦੁਹਾਈ ਦੇ ਕੇ 'ਧਰਮ ਨਿਰਪੱਖ ਮੁੱਲਾਂ' ਨੂੰ ਬਚਾਉਣ ਲਈ ਤਹੂ ਹਨ, ਉਹ ਕਾਤਲ ਕਾਂਗਰਸੀਆਂ ਨੂੰ ਵਿਧਾਇਕ, ਵਜ਼ੀਰ ਬਣਾਏ ਜਾਣ ਸਮੇਂ ਖਾਮੋਸ਼ ਰਹੇ।

ਇਸ ਦੇ ਨਾਲ ਹੀ, ਮੋਦੀ ਦੀ ਇਹ ਦਲੀਲ ਕੋਰਾ ਝੂਠ ਹੈ ਕਿ ਪੰਜ ਹਜ਼ਾਰ ਪੁਰਾਣੀ ਸੰਸਕ੍ਰਿਤੀ ਵਾਲੇ ਹਿੰਦੂ ਕਦੇ ਦਹਿਸ਼ਤਗਰਦੀ ਵਿਚ ਸ਼ਾਮਲ ਨਹੀਂ ਰਹੇ। ਹਰ ਹਿੰਦੂ ਦਹਿਸ਼ਤਗਰਦ ਨਹੀਂ ਲੇਕਿਨ ਹਰ ਕੱਟੜ ਹਿੰਦੂਤਵਵਾਦੀ ਦੀ ਜ਼ਿਹਨੀਅਤ ਦਹਿਸ਼ਤਗਰਦ ਹੈ। ਸੰਘੀ ਦਹਿਸ਼ਤਗਰਦੀ ਨੂੰ ਘੱਟਗਿਣਤੀ ਧਾਰਮਿਕ ਫਿਰਕਿਆਂ ਨਾਲ ਜੋੜ ਕੇ ਇਤਿਹਾਸ ਨੂੰ ਜਿੰਨਾ ਮਰਜ਼ੀ ਤੋੜ-ਮਰੋੜ ਕੇ ਪੇਸ਼ ਕਰਦੇ ਰਹਿਣ, ਉਹ ਆਪਣੇ ਲਹੂ ਲਿਬੜੇ ਚਿਹਰੇ ਲੁਕੋ ਨਹੀਂ ਸਕਦੇ। ਬ੍ਰਾਹਮਣਵਾਦੀਆਂ ਵਲੋਂ ਬੋਧੀ ਫਿਰਕੇ ਦੀ ਨਸਲਕੁਸ਼ੀ ਅਤੇ ਦਲਿਤਾਂ ਉਪਰ ਸਦੀਆਂ ਤੋਂ ਕੀਤੇ ਜਾ ਰਹੇ ਜ਼ੁਲਮ, ਗਾਂਧੀ ਦੇ ਹਤਿਆਰੇ ਗੋਡਸੇ ਅਤੇ ਵੀ.ਡੀ. ਸਾਵਰਕਰ ਦਾ ਰਿਸ਼ਤਾ ਅਤੇ ਨਰਿੰਦਰ ਡਭੋਲਕਰ ਤੇ ਹੋਰ ਅਗਾਂਹਵਧੂ ਬੁਧੀਜੀਵੀਆਂ ਦੇ ਕਾਤਲਾਂ ਦੀ ਹਿੰਦੁਤਵ ਸ਼ਨਾਖਤ ਜੱਗ ਜ਼ਾਹਰ ਤੱਥ ਹਨ।

ਇਥੇ ਅਦਾਲਤੀ ਪ੍ਰਣਾਲੀ ਦੇ ਦੋਹਰੇ ਮਿਆਰਾਂ ਦਾ ਜ਼ਿਕਰ ਵੀ ਜ਼ਰੂਰੀ ਹੈ। ਪ੍ਰਗਿਆ ਸਿੰਘ ਦੀ ਹੀ ਮਿਸਾਲ ਹੈ। ਕਿਹਾ ਜਾਂਦਾ ਹੈ ਕਿ ਮੁਸਲਿਮ ਨੌਜਵਾਨ ਯਾਕੂਬ ਮੈਮਨ ਦਾ ਸਕੂਟਰ ਕਥਿਤ ਤੌਰ 'ਤੇ ਮੁੰਬਈ ਬੰਬ ਧਮਾਕਿਆਂ ਵਿਚ ਇਸਤੇਮਾਲ ਕੀਤਾ ਗਿਆ ਸੀ। ਇਸ ਆਧਾਰ 'ਤੇ ਉਸ ਨੂੰ ਬੰਬ ਧਮਾਕਿਆਂ ਦੀ ਸਾਜ਼ਿਸ਼ ਵਿਚ ਸ਼ਾਮਲ ਮੰਨ ਕੇ ਫਾਂਸੀ ਦੇ ਦਿੱਤੀ ਗਈ ਲੇਕਿਨ ਪ੍ਰਗਿਆ ਸਿੰਘ ਦਾ ਬਾਈਕ ਬੰਬ ਧਮਾਕੇ ਵਿਚ ਇਸਤੇਮਾਲ ਕੀਤੇ ਜਾਣ ਦੇ ਬਾਵਜੂਦ ਉਸ ਨੂੰ ਜ਼ਮਾਨਤ 'ਤੇ ਰਿਹਾਅ ਕਰ ਦਿੱਤਾ ਗਿਆ ਕਿਉਂਕਿ ਸੰਘ ਬ੍ਰਿਗੇਡ ਦੇ ਰਾਜ ਵਿਚ ਜਾਂਚ ਏਜੰਸੀਆਂ ਉਸ ਨੂੰ ਜ਼ਮਾਨਤ ਦੇਣ ਦਾ ਵਿਰੋਧ ਕਰਨ ਦੀ ਹਿੰਮਤ ਨਹੀਂ ਕਰਨਗੀਆਂ। ਇਹ ਹੈ, ਇਸ ਮੁਲਕ ਵਿਚ ਘੱਟਗਿਣਤੀ ਅਤੇ ਬਹੁਗਿਣਤੀ 'ਚੋਂ ਹੋਣ ਦੇ ਆਧਾਰ 'ਤੇ ਨਿਆਂ ਪ੍ਰਣਾਲੀ ਦਾ ਦੋਹਰਾ ਮਿਆਰ। ਇਹੀ ਨਹੀਂ, ਮੈਡੀਕਲ ਆਧਾਰ 'ਤੇ ਵਿਸ਼ੇਸ਼ ਅਦਾਲਤ ਹਿੰਦੂਤਵ ਦਹਿਸ਼ਤਗਰਦ ਪ੍ਰਗਿਆ ਸਿੰਘ ਨੂੰ ਜ਼ਮਾਨਤ ਦਿੰਦੀ ਹੈ ਲੇਕਿਨ ਇਹੀ ਨਿਆਂ ਪ੍ਰਣਾਲੀ 90 ਫੀਸਦੀ ਅਪਾਹਜ ਪ੍ਰੋਫੈਸਰ ਸਾਈਬਾਬਾ ਨੂੰ ਇਹ ਕਹਿ ਕੇ ਜ਼ਮਾਨਤ ਦੇਣ ਤੋਂ ਨਾਂਹ ਕਰ ਦਿੰਦੀ ਹੈ ਕਿਉਂਕਿ ਸਰਕਾਰੀ ਵਕੀਲ ਦੀ ਦਲੀਲ ਹੈ ਕਿ ਪ੍ਰੋਫੈਸਰ ਜ਼ਮਾਨਤ 'ਤੇ ਬਾਹਰ ਆ ਕੇ ਕੇਸ ਨੂੰ ਪ੍ਰਭਾਵਿਤ ਕਰ ਸਕਦਾ ਹੈ!

ਪ੍ਰਗਿਆ ਸਿੰਘ ਨੂੰ ਉਮੀਦਵਾਰ ਬਣਾਉਣਾ ਸਾਫ ਸੰਕੇਤ ਹੈ। ਜਿੱਤ ਜਾਣ ਦੀ ਸੂਰਤ ਵਿਚ ਉਸ ਨੂੰ ਉਮਾ ਭਾਰਤੀ, ਅਦਿਤਿਆਨਾਥ ਵਾਂਗ ਹੋਰ ਉਚਾ ਅਹੁਦਾ ਦੇ ਕੇ ਸਨਮਾਨਿਆ ਜਾਵੇਗਾ। ਇਸ ਤੋਂ ਇਹ ਵੀ ਸਪਸ਼ਟ ਹੈ ਕਿ ਜੇ ਇਸ ਵਾਰ ਸੰਘ ਬ੍ਰਿਗੇਡ ਦੁਬਾਰਾ ਸਰਕਾਰ ਬਣਾਉਣ ਵਿਚ ਕਾਮਯਾਬ ਹੋ ਜਾਂਦਾ ਹੈ ਤਾਂ ਅਗਲੇ ਸਾਲਾਂ ਵਿਚ ਬਹੁਗਿਣਤੀ ਦੀ ਦਹਿਸ਼ਤਗਰਦੀ ਘੱਟਗਿਣਤੀਆਂ ਅਤੇ ਹੋਰ ਦੱਬੇ-ਕੁਚਲੇ ਲੋਕਾਂ ਨਾਲ ਕਿੰਨਾ ਫਾਸ਼ੀਵਾਦੀ ਤਰੀਕੇ ਨਾਲ ਪੇਸ਼ ਆਵੇਗੀ। ਹੁਣ ਵੀ ਇਹ ਰਾਜ ਪ੍ਰਬੰਧ ਧਰਮ ਨਿਰਪੱਖਤਾ ਦੇ ਪਰਦੇ ਹੇਠ ਬਹੁਗਿਣਤੀਵਾਦੀ ਹਿੰਦੂ ਉਚਜਾਤੀ ਰਾਜ ਹੈ।

ਸੰਘ ਬ੍ਰਿਗੇਡ ਇਸ ਨੂੰ ਐਲਾਨੀਆ ਹਿੰਦੂ ਰਾਸ਼ਟਰ ਬਣਾਉਣ ਦਾ ਏਜੰਡਾ ਲੈ ਕੇ ਕੰਮ ਕਰ ਰਿਹਾ ਹੈ। ਜੇ 'ਧਰਮ ਨਿਰਪੱਖ' ਰਾਜ ਵਿਚ ਹਿੰਦੂਤਵ ਦਹਿਸ਼ਤਗਰਦਾਂ ਅਤੇ ਹਜੂਮੀ ਹਤਿਆਰਿਆਂ ਨੂੰ ਮਨਮਾਨੀਆਂ ਕਰਨ ਦੀ ਖੁੱਲ੍ਹੀ ਛੁੱਟੀ ਹੈ ਤਾਂ ਫਾਸ਼ੀਵਾਦੀ ਹਿੰਦੂ ਰਾਸ਼ਟਰ ਦੇ ਭਿਆਨਕ ਹਾਲਾਤ ਦੀ ਕਲਪਨਾ ਸਹਿਜੇ ਹੀ ਕੀਤੀ ਜਾ ਸਕਦੀ ਹੈ। ਚੋਣਾਂ ਦੇ ਨਤੀਜਿਆਂ ਨਾਲੋਂ ਇਸ ਖਤਰੇ ਪ੍ਰਤੀ ਸੁਚੇਤ ਹੋਣਾ ਜ਼ਿਆਦਾ ਜ਼ਰੂਰੀ ਹੈ।

# ਤਣਾਅ ਨਾਲ ਜੂਝਦੀ ਪੰਜਾਬ ਦੀ ਨੌਜਵਾਨੀ

ਮਨਪ੍ਰੀਤ ਮਹਿਨਾਜ਼



ਬਠਿੰਡਾ ਜ਼ਿਲ੍ਹੇ ਦੇ ਨੌਜਵਾਨ ਹਰਮਨਦੀਪ ਤਿਓਣਾ ਦੀ ਖੁਦਕੁਸ਼ੀ ਅਨੇਕ ਸਵਾਲ ਛੱਡ ਗਈ ਹੈ। ਉਹ ਤਲਵੰਡੀ ਸਾਬੋ ਦੇ ਇਕ ਕਾਲਜ ਤੋਂ ਐਮ.ਏ. (ਅੰਗਰੇਜ਼ੀ) ਕਰ ਰਿਹਾ ਸੀ। ਮੈਂ ਭਾਵੇਂ ਉਸ ਨੂੰ ਨਿਜੀ ਤੌਰ 'ਤੇ ਨਹੀਂ ਜਾਣਦੀ ਪਰ ਇਸ ਘਟਨਾ ਨੇ ਦੁਖੀ ਤੇ ਬੇਚੈਨ ਕਰ ਦਿੱਤਾ। ਔਰਤਾਂ ਦੀ ਆਜ਼ਾਦੀ ਨੂੰ ਇਕ ਵੱਖਰੇ ਜ਼ਾਵੀਏ ਤੋਂ ਪੇਸ਼ ਕਰਦੀ ਚਰਚਿਤ ਕਿਤਾਬ 'ਆਜ਼ਾਦੀ ਮੇਰਾ ਬਰਾਂਡ' ਦਾ ਪੰਜਾਬੀ ਅਨੁਵਾਦ ਤਲਵੰਡੀ ਦੇ ਗੁਰੂ ਕਾਸ਼ੀ ਕਾਲਜ ਦੇ ਐਮ.ਏ. ਅੰਗਰੇਜ਼ੀ ਦੇ ਕੁਝ ਵਿਦਿਆਰਥੀਆਂ ਨੇ ਆਪਣੇ ਅਧਿਆਪਕ ਕੁਮਾਰ ਸੁਸ਼ੀਲ ਦੀ ਅਗਵਾਈ ਹੇਠ ਰਲ ਕੇ ਕੀਤਾ ਹੈ। ਹਰਮਨਦੀਪ ਇਸ ਕਿਤਾਬ ਦਾ ਪੰਜਾਬੀ ਅਨੁਵਾਦ ਕਰਨ ਵਾਲੀ ਟੀਮ ਦਾ ਮੈਂਬਰ ਸੀ। ਪਿਛੇ ਜਿਹੇ ਹੋਈਆਂ ਪੰਚਾਇਤੀ ਚੋਣਾਂ ਵਿਚ ਉਹ ਆਪਣੇ ਪਿੰਡ ਤਿਓਣਾ ਦਾ ਪੰਚ ਚੁਣਿਆ ਗਿਆ ਸੀ। ਉਹ ਸੋਹਣੀ ਕਵਿਤਾ ਲਿਖਦਾ ਸੀ:

ਕਹਿਣ ਨੂੰ ਕਾਫੀ ਕੁਝ ਸੀ ਕਹਿਣਾ,
ਸਾਰਾ ਕੁਝ ਹੀ ਗਲੇ 'ਚ ਅੜਿਆ।
ਕੈਸੇ ਦਿਨ ਨੇ ਆ ਗਏ ਇਥੇ,
ਹਰ ਕੋਈ ਰਹਿੰਦਾ ਮੱਚਿਆ ਸੜਿਆ।
ਕੀ ਕਰਵਾਉਣਾ ਚਾਹੁੰਦਾ ਇਸ ਤੋਂ,
ਕਿਉਂ ਔਲ਼ਾ ਨੇ ਬੰਦਾ ਘੜਿਆ।
ਪੇੜਾ ਕੀਤਾ ਵੇਲਿਆ ਨਹੀਓਂ,
ਨਾ ਕੱਚਾ ਏ ਨਾ ਹੀ ਰੜ੍ਹਿਆ।
ਦਿਲ 'ਚੋਂ ਉਹਨੇ ਵਗ੍ਹਾ ਕੇ ਸੁੱਟਿਆ,
ਆਪਣਾ ਆਪ ਸੀ ਦਿਲ ਵਿਚ ਜੜਿਆ।
ਜ਼ਿੰਦਗੀ ਦੇ ਵਿਚ ਕੰਮ ਨਾ ਆਇਆ,
ਜੋ ਵੀ ਲਿਖਿਆ ਜੋ ਵੀ ਪੜ੍ਹਿਆ।

ਕਵਿਤਾ ਵਿਚ ਵਿਰੋਧ ਦੀ ਧਾਰ ਬਹੁਤ ਤਿੱਖੀ ਹੈ ਪਰ ਹਰਮਨਦੀਪ ਇਹੋ ਜਿਹਾ ਹੌਸਲਾ ਜ਼ਿੰਦਗੀ ਵਿਚ ਕਿਉਂ ਨਾ ਕਰ ਸਕਿਆ? ਇਹ ਨਿਡਰ ਨੌਜਵਾਨ ਨਿਡਰ ਕਿਉਂ ਨਾ ਬਣ ਸਕਿਆ? ਉਹ ਕੀ ਸੀ ਜਿਹੜਾ 'ਸਾਰਾ ਕੁਝ ਹੀ ਉਸ ਦੇ ਗਲੇ 'ਚ ਅੜਿਆ' ਰਹਿ ਗਿਆ? ਕਾਸ਼! ਸਾਡੇ ਸਮਾਜ ਦੀ ਕੋਈ ਨੁੱਕਰ ਅਜਿਹੀ ਹੁੰਦੀ ਜਿਥੇ ਉਹ ਇਹ ਸਭ ਕੁਝ ਅਣਕਿਹਾ ਕਹਿ ਸਕਦਾ। ਮੈਨੂੰ ਲੱਗਦਾ ਹੈ, ਅਸੀਂ ਆਪਣੇ ਨੌਜਵਾਨਾਂ ਦੀ ਨਿਕਾਸੀ ਦੇ ਸਾਰੇ ਰਸਤੇ ਬੰਦ ਤਾਂ ਨਹੀਂ ਕਰ ਦਿੱਤੇ? ਕੀ ਤਣਾਅ ਨਾਲ ਜੂਝਦੀ ਨੌਜਵਾਨੀ ਕੋਲ ਖੁਦਕੁਸ਼ੀ ਦਾ ਹੀ ਆਖਰੀ ਰਸਤਾ ਬਚਿਆ ਹੈ?

ਉਪਰੋਕਤ ਕਵਿਤਾ ਦੀ ਆਖਰੀ ਸਤਰ- 'ਜ਼ਿੰਦਗੀ ਦੇ ਵਿਚ ਕੰਮ ਨਾ ਆਇਆ, ਜੋ ਵੀ ਲਿਖਿਆ ਜੋ ਵੀ ਪੜ੍ਹਿਆ' ਦਰਅਸਲ ਸਾਡੇ ਸਮਾਜ ਅਤੇ ਸਿਖਿਆ ਪ੍ਰਣਾਲੀ ਦੇ ਮੂੰਹ 'ਤੇ ਮਾਰੀ ਚਪੇੜ ਵਾਂਗ ਹੈ। ਸਾਡਾ ਸਮਾਜਿਕ ਜਾਂ ਰਸਮੀ ਪੜ੍ਹਿਆ-ਲਿਖਿਆ ਨਾ ਤਾਂ ਸਾਨੂੰ ਰੁਜ਼ਗਾਰ ਦਿਵਾਉਣ ਵਿਚ ਮਦਦਗਾਰ ਹੈ ਅਤੇ ਨਾ ਹੀ ਸਾਡੇ ਤਨ-ਮਨ ਦੀਆਂ ਗੁੰਝਲਾਂ ਹੱਲ ਕਰਨ ਵਿਚ ਸਹਾਇਤਾ ਕਰਦਾ ਹੈ। ਹਰਮਨਦੀਪ ਪਾਕਿਸਤਾਨੀ ਪੰਜਾਬੀ ਨਾਬਰ ਲੇਖਕ ਸਾਬਰ ਅਲੀ ਸਾਬਰ ਦੀ ਕਿਤਾਬ 'ਇਹ ਕਿਥੇ ਲਿਖਿਆ?' ਵੀ ਸੰਪਾਦਿਤ ਕਰ ਰਿਹਾ ਸੀ। ਸੋਚਣ-ਵਿਚਾਰਨ ਵਾਲਾ ਮਸਲਾ ਹੁਣ ਇਹ ਹੈ ਕਿ ਸਿਰਜਣਾਤਮਕ ਜਾਂ ਉਚ ਪਾਏ ਦੇ ਹੋਰ ਸਾਹਿਤ ਨਾਲ ਜੁੜਿਆ ਹਰਮਨ ਜ਼ਿੰਦਗੀ ਤੋਂ ਕਿਵੇਂ ਹਾਰ ਗਿਆ?

ਹਰਮਨਦੀਪ ਤਿਓਣਾ ਦੇ ਇਸ ਸਮਾਜਿਕ ਕਤਲ ਤੋਂ ਬਾਅਦ ਹੋਰ ਕਿੰਨੇ ਚਿਹਰੇ ਇਕ ਤੋਂ ਬਾਅਦ ਇਕ ਮੇਰੀਆਂ ਅੱਖਾਂ ਸਾਹਮਣੇ ਘੁੰਮ ਰਹੇ ਹਨ। ਕੁਝ ਸਾਲ ਪਹਿਲਾਂ ਨੌਜਵਾਨ ਕਵੀ ਅਫਰੋਜ਼ ਅੰਮ੍ਰਿਤ ਨੂੰ ਵੀ ਜ਼ਿੰਦਗੀ ਨੂੰ ਸੰਵਾਰਨ ਵਾਲੀ ਕਵਿਤਾ ਨਾ ਬਚਾ ਸਕੀ। 'ਜੰਗਲਨਾਮਾ' ਵਾਲੇ ਸਤਨਾਮ ਨੂੰ ਸੰਘਰਸ਼ਮਈ ਜੀਵਨ ਦੇ ਅਸੂਲ ਹੋਰ ਸੰਘਰਸ਼ ਕਰਨ ਦੀ ਪ੍ਰੇਰਨਾ ਨਾ ਦੇ ਸਕੇ। ਨਾਟਕਕਾਰ ਅਜਮੇਰ ਔਲਖ ਦੀ ਧੀ ਸੋਹਜਦੀਪ ਨੂੰ ਵੀ ਕਲਾ ਜਾਂ ਨਾਟਕ ਬਾਂਹ ਫੜ ਕੇ ਖੁਦਕੁਸ਼ੀ ਦੇ ਰਾਹ ਤੋਂ ਨਾ ਵਰਜ ਸਕੇ। ਕਈ ਦੋਸਤ ਸਿਆਸੀ ਕਾਰਕੁਨ ਨਵਕਿਰਨ ਨੂੰ ਯਾਦ ਕਰ ਰਹੇ ਹਨ।

ਮੈਨੂੰ ਖੁਦਕੁਸ਼ੀ ਸਮਾਜਿਕ ਕਤਲ ਲੱਗਦਾ ਹੈ; ਜਦੋਂ ਕੋਈ ਸਮਾਜ, ਸਮੂਹਿਕ ਰੂਪ ਵਿਚ ਅਜਿਹਾ ਵਾਤਾਵਰਨ ਤਿਆਰ ਕਰ ਦਿੰਦਾ ਹੈ ਕਿ ਉਸ ਦੇ ਬਾਸ਼ਿੰਦੇ ਖੁਦਕੁਸ਼ੀ ਦਾ ਰਾਹ ਫੜਦੇ ਹਨ। ਪੰਜਾਬ ਦਾ ਹਰ ਵਰਗ ਖੁਦਕੁਸ਼ੀ ਦੇ ਰਾਹ ਪਿਆ ਨਜ਼ਰ ਆਉਂਦਾ ਹੈ। ਅੱਜ ਕੱਲ੍ਹ ਨੌਜਵਾਨ ਅਤੇ ਵਿਦਿਆਰਥੀਆਂ ਦੀਆਂ ਖੁਦਕੁਸ਼ੀਆਂ ਦੀਆਂ ਘਟਨਾਵਾਂ ਲਗਾਤਾਰ ਵਧ ਰਹੀਆਂ ਹਨ। ਇਹ ਬਤੌਰ ਸਮਾਜਿਕ ਸਮੂਹ ਸਾਡੇ ਲਈ ਸ਼ਰਮ ਤੇ ਅਫਸੋਸ ਦੀ ਗੱਲ ਹੈ। ਅਸਲ ਵਿਚ, ਅੱਜ ਸਾਡੀ ਨੌਜਵਾਨ ਪੀੜ੍ਹੀ ਤਣਾਅ ਵਿਚੋਂ ਲੰਘ ਰਹੀ ਹੈ।

ਵਿਦਿਆਰਥੀਆਂ 'ਤੇ ਸਭ ਤੋਂ ਵੱਡਾ ਬੋਝ ਰੁਜ਼ਗਾਰ ਦਾ ਹੈ। ਇੰਨਾ ਪੜ੍ਹ-ਲਿਖ ਕੇ ਵੀ ਉਨ੍ਹਾਂ ਨੂੰ ਨੌਕਰੀ ਦੀ ਕੋਈ ਆਸ ਨਜ਼ਰ ਨਹੀਂ ਆਉਂਦੀ। ਸਰਕਾਰਾਂ ਉਨ੍ਹਾਂ ਨੂੰ ਸੁਰੱਖਿਅਤ ਰੁਜ਼ਗਾਰ ਦੇਣ ਤੋਂ ਮੁਨਕਰ ਹੋ ਗਈਆਂ ਹਨ। ਘਰ-ਪਰਿਵਾਰ ਉਨ੍ਹਾਂ ਉਤੇ 'ਸਫਲ' ਹੋਣ ਦਾ ਦਬਾਅ ਪਾ ਰਿਹਾ ਹੈ। ਕਾਰਪੋਰੇਟ ਦੀਆਂ ਦਿਖਾਵੇ ਦੀਆਂ 'ਸਕਸੈੱਸ ਸਟੋਰੀਜ਼' ਉਨ੍ਹਾਂ ਨੂੰ ਹੋਰ ਆਤਮ-ਗਿਲਾਨੀ ਨਾਲ ਭਰ ਰਹੀਆਂ ਹਨ। ਇਸ ਤੋਂ ਇਲਾਵਾ ਪਰਿਵਾਰਕ-ਸਮਾਜਿਕ ਉਲਝਣਾਂ ਵੀ ਨੌਜਵਾਨਾਂ ਨੂੰ ਤਣਾਅ ਦੀ ਖੱਡ ਵਿਚ ਧੱਕਦੀਆਂ ਹਨ। ਨਵੇਂ ਤਰ੍ਹਾਂ ਦੇ ਪ੍ਰੇਮ-ਰਿਸ਼ਤੇ ਜਿਨ੍ਹਾਂ ਵਿਚ 'ਪੈਚਅੱਪ' ਅਤੇ 'ਬ੍ਰੇਕਅੱਪ' ਛੋਟੀ-ਛੋਟੀ ਵਾਪਰਦਾ ਹੈ, ਵੀ ਨੌਜਵਾਨਾਂ ਦੇ ਤਣਾਅ ਦਾ ਵੱਡਾ ਕਾਰਨ ਬਣ ਰਹੇ ਹਨ। ਸਾਡੇ ਘਰ-ਪਰਿਵਾਰ ਵਿਚ ਇਹ ਸਭ ਗੱਲ ਕਰਨ ਲਈ ਵਰਜਿਤ ਵਿਸ਼ੇ ਹਨ ਅਤੇ ਸਕੂਲਾਂ, ਕਾਲਜਾਂ ਤੇ ਯੂਨੀਵਰਸਿਟੀਆਂ ਵਿਚ ਸਿਲੇਬਸ ਪੂਰਾ ਕਰਾਉਣਾ ਹੀ ਸਭ ਤੋਂ ਵੱਡਾ ਕੰਮ ਹੈ। ਅਸੀਂ ਨਵੀਂ ਪੀੜ੍ਹੀ ਨੂੰ ਪਿਆਰ, ਸੈਕਸ, ਰਿਸ਼ਤਿਆਂ ਆਦਿ ਬਾਰੇ ਸਿਖਿਅਤ ਕਰਨ ਵਿਚ ਨਾਕਾਮਯਾਬ ਰਹੇ ਹਾਂ। ਅਸੀਂ ਨੌਜਵਾਨਾਂ ਨੂੰ ਇਹ ਦੱਸਣ ਵਿਚ ਅਸਫਲ ਰਹੇ ਹਾਂ ਕਿ ਉਨ੍ਹਾਂ ਨੇ ਆਪਣੇ ਸਰੀਰ, ਮਨ, ਭਾਵਾਂ ਅਤੇ ਸਮੱਸਿਆਵਾਂ ਨਾਲ ਕਿਵੇਂ ਨਜਿੱਠਣਾ ਹੈ।

ਪਰਦੇਸ ਗਏ ਪੰਜਾਬੀ ਨੌਜਵਾਨਾਂ ਵਿਚ ਇਕ ਹੋਰ ਨਵੀਂ ਕਿਸਮ ਦਾ ਤਣਾਅ ਦੇਖਣ ਨੂੰ ਮਿਲ ਰਿਹਾ ਹੈ। ਉਹ ਮੋਟੀਆਂ ਰਕਮਾਂ ਖਰਚ ਕੇ ਬਾਹਰਲੇ ਮੁਲਕਾਂ 'ਚ ਜਾਂਦੇ ਹਨ। ਉਨ੍ਹਾਂ ਉਤੇ ਪੜ੍ਹਾਈਆਂ ਦਾ ਬੋਝ, ਪੜ੍ਹਾਈ ਦੇ ਖਰਚੇ, ਲੰਮੇ ਕੰਮ-ਘੰਟੇ, ਚੰਗੇ ਖਾਣ-ਪੀਣ ਤੇ ਰਿਹਾਇਸ਼ ਦੀ ਘਾਟ, ਪਰਿਵਾਰ ਵਲੋਂ ਛੇਤੀ ਸਫਲ ਹੋਣ, ਪੈਸੇ ਪੂਰੇ ਕਰਨ ਆਦਿ ਦੇ ਦਬਾਅ ਹਨ। ਉਨ੍ਹਾਂ ਦੇ ਕਹੇ ਅਨੁਸਾਰ, "ਸਾਡੇ ਕੋਲ ਪਿਛੇ ਮੁੜਨ ਦਾ ਕੋਈ ਰਾਹ ਨਹੀਂ।" ਉਹ ਭਾਵੇਂ ਹੱਸ-ਹੱਸ ਸੈਲਫੀਆਂ ਪਾਉਂਦੇ ਨਜ਼ਰ ਆਉਂਦੇ ਹਨ ਪਰ ਆਪਣਾ ਸੱਚ ਨਹੀਂ ਦੱਸ ਸਕਦੇ ਅਤੇ ਡਾਲਰਾਂ-ਪੌਂਡਾਂ ਦੇ ਹਿਸਾਬ-ਕਿਤਾਬ 'ਚ ਰੁਝਿਆ ਪਰਿਵਾਰ/ਸਮਾਜ ਉਨ੍ਹਾਂ ਦਾ ਸੱਚ ਸੁਣਨ ਲਈ ਤਿਆਰ ਵੀ ਨਹੀਂ ਲੱਗਦਾ।

ਹੁਣ ਇਸ ਸਭ ਦਾ ਹੱਲ ਕੀ ਨਿਕਲੇ? ਮੈਨੂੰ ਲੱਗਦਾ ਹੈ, ਸਾਨੂੰ ਪਿੰਡਾਂ-ਸ਼ਹਿਰਾਂ ਵਿਚ ਨੌਜਵਾਨ ਸਭਾਵਾਂ ਬਣਾਉਣੀਆਂ ਚਾਹੀਦੀਆਂ ਹਨ ਜਿਹੜੀਆਂ ਨੌਜਵਾਨਾਂ ਅਤੇ ਹੋਰ ਲੋਕਾਂ ਦੇ ਮਸਲਿਆਂ ਉਤੇ ਵਿਚਾਰ ਕਰਨ ਤੇ ਉਨ੍ਹਾਂ ਨੂੰ ਕਿਸੇ ਉਸਾਰੂ ਕੰਮ 'ਚ ਲਗਾਉਣ। ਅਸੀਂ ਆਪਣੇ ਘਰਾਂ ਦਾ ਮਾਹੌਲ ਬਦਲੀਏ, ਹੁਣ ਤੱਕ ਵਰਜਿਤ ਕਹੇ ਜਾਣ ਵਾਲੇ ਮਸਲਿਆਂ ਉਤੇ ਗੱਲ ਕਰਨ ਦਾ ਹੌਸਲਾ ਕਰੀਏ। ਸਾਡੀਆਂ ਸਿਖਿਆ ਸੰਸਥਾਵਾਂ ਵਿਚ ਅਜਿਹੇ ਵਿਸ਼ਿਆਂ ਉਤੇ ਵਿਚਾਰ-ਚਰਚਾ ਹੋਵੇ ਅਤੇ ਇਨ੍ਹਾਂ ਨੂੰ ਸਾਡੇ ਸਿਲੇਬਸ ਦਾ ਲਾਜ਼ਮੀ ਹਿੱਸਾ ਬਣਾਇਆ ਜਾਵੇ। ਇਸ ਨਾਲ ਸਬੰਧਿਤ ਲੈਕਚਰ ਕਰਵਾਏ ਜਾਣ। ਟੈਲੀਵਿਜ਼ਨ-ਅਖਬਾਰਾਂ ਵਿਚ ਇਸ ਬਾਰੇ ਬਹਿਸਾਂ ਹੋਣ।

ਸਭ ਤੋਂ ਜ਼ਰੂਰੀ, ਅਸੀਂ ਸਰਕਾਰਾਂ ਉਤੇ ਦਬਾਅ ਪਾਈਏ ਕਿ ਉਹ ਸਾਡੇ ਨੌਜਵਾਨਾਂ ਲਈ ਨੌਕਰੀਆਂ ਜਾਂ ਹੋਰ ਪੱਕੇ ਰੁਜ਼ਗਾਰ ਮੁਹੱਈਆ ਕਰਾਉਣ। ਸਾਡੀਆਂ ਸਰਕਾਰਾਂ ਨੂੰ ਇਸ ਖਤਰੇ ਦੇ ਬੱਦਲ ਨਹੀਂ ਦਿਸ ਰਹੇ ਕਿ ਨੌਜਵਾਨਾਂ ਦੇ ਮਨਾਂ ਅੰਦਰਲਾ ਰੋਸ ਕਦੇ ਵੀ 'ਖੁਦਕਸ਼ੀ' ਦੀ ਥਾਂ 'ਹਿੰਸਾ' ਵਿਚ ਬਦਲ ਸਕਦਾ ਹੈ। ਇਸ ਵੇਲੇ ਚੋਣਾਂ ਦਾ ਮਾਹੌਲ ਹੈ ਤਾਂ ਸਵਾਲ ਪੈਦਾ ਹੁੰਦਾ ਹੈ: ਕੀ ਸਾਡੇ ਨੌਜਵਾਨਾਂ ਨੂੰ ਖੁਦਕੁਸ਼ੀ ਦੇ ਰਾਹ ਤੋਰਨ ਵਾਲੀ ਬੇਰੁਜ਼ਗਾਰੀ 'ਪੰਜਾਬ ਦਾ ਭਲਾ ਕਰਨ' ਦਾ ਦਾਅਵਾ ਕਰਨ ਵਾਲੀਆਂ ਸਾਡੀਆਂ ਸਿਆਸੀ ਪਾਰਟੀਆਂ ਦੇ ਚੋਣ ਮੈਨੀਫੈਸਟੋ ਦਾ ਹਿੱਸਾ ਹਨ? ਕੀ ਨੌਜਵਾਨਾਂ ਦੇ ਇਹ ਮਸਲੇ ਸਿਆਸੀ ਬਹਿਸਾਂ ਕਰਨ ਵਾਲਿਆਂ ਦੀਆਂ ਬਹਿਸਾਂ ਵਿਚ ਹਨ?

# ਲੋਕ ਸਭਾ ਚੋਣਾਂ 'ਚ 'ਆਪਣਿਆਂ' ਨਾਲ ਹੀ ਉਲਝੇਗੀ 'ਆਪ'

**ਚੰਡੀਗੜ੍ਹ:** ਆਮ ਆਦਮੀ ਪਾਰਟੀ (ਆਪ) ਪੰਜਾਬ ਦੀ ਲੋਕ ਸਭਾ ਚੋਣਾਂ ਵਿਚ ਰੋਮਾਂਚਕ ਸਥਿਤੀ ਬਣੀ ਪਈ ਹੈ। ਝਾੜੂ ਦੇ ਤੀਲੇ ਇਸ ਵਾਰ ਛੇ-ਮੁਖੀ ਸਿਆਸੀ ਭੂਮਿਕਾਵਾਂ ਨਿਭਾਉਣਗੇ। ਸ਼ਾਇਦ 'ਆਪ' ਪੰਜਾਬ ਦੀ ਅਜਿਹੀ ਪਹਿਲੀ ਪਾਰਟੀ ਹੈ, ਜਿਸ ਦੀ ਚੋਣਾਂ ਵਿਚ ਅਜਿਹੀ ਸਥਿਤੀ ਬਣੀ ਹੋਵੇ।

'ਆਪ' ਦੇ ਪੰਜਾਬ ਵਿਚ 20 ਵਿਧਾਇਕ ਅਤੇ 4 ਸੰਸਦ ਮੈਂਬਰ ਹਨ, ਜੋ 6 ਟੁਕੜਿਆਂ ਵਿਚ ਵੰਡੇ ਪਏ ਹਨ। ਇਸ ਵੇਲੇ ਪਾਰਟੀ ਦੇ ਕੁੱਲ 20 ਵਿਧਾਇਕਾਂ ਵਿਚੋਂ ਸਿਰਫ 12 ਵਿਧਾਇਕ ਅਤੇ 4 ਸੰਸਦ ਮੈਂਬਰਾਂ ਵਿਚੋਂ ਕੇਵਲ 2 ਸੰਸਦ ਮੈਂਬਰ ਹੀ ਪਾਰਟੀ ਨਾਲ ਹਨ।

ਦਰਅਸਲ, ਜਦੋਂ ਪਾਰਟੀ ਨੇ ਸੁਖਪਾਲ ਸਿੰਘ ਖਹਿਰਾ ਕੋਲੋਂ ਵਿਰੋਧੀ ਧਿਰ ਦੇ ਆਗੂ ਦੀ ਕੁਰਸੀ ਖੋਹ ਲਈ ਸੀ, ਉਦੋਂ 8 ਵਿਧਾਇਕ ਬਾਗੀ ਹੋ ਕੇ ਸ੍ਰੀ ਖਹਿਰਾ ਦੀ ਪਿੱਠ 'ਤੇ ਆ ਗਏ ਸਨ। ਉਂਜ ਬਾਅਦ ਵਿਚ ਦੋ ਵਿਧਾਇਕ ਰੁਪਿੰਦਰ ਕੌਰ ਰੂਬੀ ਅਤੇ ਜੈ ਕਿਸ਼ਨ ਸਿੰਘ ਰੋੜੀ ਵਾਪਸ ਪਾਰਟੀ ਵਿਚ ਚਲੇ ਗਏ ਸਨ।

ਇਸ ਤਰ੍ਹਾਂ ਹੁਣ ਪਹਿਲੀ ਧਿਰ ਵਜੋਂ ਪਾਰਟੀ ਦੇ ਖੇਮੇ ਵਿਚਲੇ 12 ਵਿਧਾਇਕ ਪੰਜਾਬ ਦੇ ਪ੍ਰਧਾਨ ਭਗਵੰਤ ਮਾਨ, ਵਿਰੋਧੀ ਧਿਰ ਦੇ ਆਗੂ ਹਰਪਾਲ ਚੀਮਾ ਅਤੇ ਕੋਰ ਕਮੇਟੀ ਦੇ ਚੇਅਰਮੈਨ ਪ੍ਰਿੰਸੀਪਲ ਬੁੱਧ ਰਾਮ ਦੀ ਅਗਵਾਈ ਹੇਠ ਸਾਰੇ 13 ਹਲਕਿਆਂ ਵਿਚ ਕੰਮ ਕਰ ਰਹੇ ਹਨ।

ਦੂਜੀ ਧਿਰ ਵਜੋਂ ਸ੍ਰੀ ਖਹਿਰਾ ਪਾਰਟੀ ਤੋਂ ਅਸਤੀਫਾ ਦੇ ਕੇ ਆਪਣੀ ਪੰਜਾਬ ਏਕਤਾ ਪਾਰਟੀ ਬਣਾ ਕੇ ਅਤੇ ਪੰਜਾਬ ਜਮਹੂਰੀ ਗੱਠਜੋੜ (ਪੀ.ਡੀ.ਏ.) ਵਿਚ ਸ਼ਾਮਲ ਹੋ ਕੇ 3 ਹਲਕਿਆਂ ਤੋਂ ਚੋਣ ਲੜ ਰਹੇ ਹਨ। ਉਹ ਖੁਦ ਬਠਿੰਡਾ ਤੋਂ ਅਤੇ ਪਾਰਟੀ ਤੋਂ ਅਸਤੀਫਾ ਦੇ ਚੁੱਕੇ ਵਿਧਾਇਕ ਮਾਸਟਰ ਬਲਦੇਵ ਸਿੰਘ ਫਰੀਦਕੋਟ ਅਤੇ ਬੀਬੀ ਪਰਮਜੀਤ ਕੌਰ ਖਾਲੜਾ ਖਡੂਰ ਸਾਹਿਬ ਲੋਕ ਸਭਾ ਹਲਕਿਆਂ ਤੋਂ ਚੋਣ ਲੜ ਰਹੇ ਹਨ।

ਹੈਰਾਨੀ ਵਾਲੀ ਗੱਲ ਹੈ ਕਿ ਸ੍ਰੀ ਖਹਿਰਾ ਤੇ ਬਲਦੇਵ ਸਿੰਘ ਅੱਜ ਵੀ 'ਆਪ' ਦੇ ਵਿਧਾਇਕ ਹੋਣ ਦੇ ਬਾਵਜੂਦ ਲੋਕ ਸਭਾ ਦੀ ਚੋਣ ਹੋਰ ਪਾਰਟੀ ਵੱਲੋਂ ਲੜ ਕੇ ਨਵਾਂ ਇਤਿਹਾਸ ਬਣਾ ਰਹੇ ਹਨ। ਤੀਸਰੀ ਧਿਰ ਵਜੋਂ ਪਹਿਲਾਂ ਸ੍ਰੀ ਖਹਿਰਾ ਨਾਲ ਹੀ ਚੱਲ ਰਹੇ 5 ਬਾਗੀ ਵਿਧਾਇਕ ਕੰਵਰ ਸੰਧੂ, ਨਾਜ਼ਰ ਸਿੰਘ ਮਾਨਸ਼ਾਹੀਆ, ਪਿਰਮਲ ਸਿੰਘ ਖਾਲਸਾ, ਜਗਤਾਰ ਸਿੰਘ ਜੱਗਾ ਅਤੇ ਜਗਦੇਵ ਸਿੰਘ ਨੇ ਉਨ੍ਹਾਂ (ਖਹਿਰਾ) ਵੱਲੋਂ ਆਪਣੀ ਪਾਰਟੀ ਬਣਾਉਣ ਤੋਂ ਬਾਅਦ ਆਪਣੀ ਵੱਖਰੀ ਧਿਰ ਬਣਾ ਲਈ ਹੈ।

ਭਾਵੇਂ ਸ੍ਰੀ ਖਹਿਰਾ ਵੱਲੋਂ ਬਠਿੰਡਾ ਹਲਕੇ ਵਿਚ ਕੱਢੇ ਰੋਡ ਸ਼ੋਅ ਵਿਚ 3 ਬਾਗੀ ਵਿਧਾਇਕ ਸ੍ਰੀ ਮਾਨਸ਼ਾਹੀਆ, ਸ੍ਰੀ ਖਾਲਸਾ ਤੇ ਸ੍ਰੀ ਕਮਾਲੂ ਸ਼ਾਮਲ ਹੋਏ ਸਨ ਪਰ ਇਨ੍ਹਾਂ 5 ਵਿਧਾਇਕਾਂ ਨੇ ਹਾਲੇ ਤੱਕ ਸ੍ਰੀ ਖਹਿਰਾ ਨੂੰ ਅਧਿਕਾਰਤ ਤੌਰ 'ਤੇ ਹਮਾਇਤ ਕਰਨ ਦਾ ਕੋਈ ਸਾਂਝਾ ਫੈਸਲਾ ਨਹੀਂ ਲਿਆ। ਲੀਡਰਸ਼ਿਪ ਨੇ ਫਿਲਹਾਲ ਇਨ੍ਹਾਂ ਵਿਚੋਂ ਕੇਵਲ ਸ੍ਰੀ ਸੰਧੂ ਨੂੰ ਹੀ ਪਾਰਟੀ ਵਿਚੋਂ ਮੁਅੱਤਲ ਕੀਤਾ ਹੈ।

ਇਸ ਤੋਂ ਬਾਅਦ ਚੌਥੀ ਧਿਰ ਵਜੋਂ ਪਾਰਟੀ ਤੇ ਵਿਧਾਇਕ ਦੇ ਅਹੁਦੇ ਤੋਂ ਅਸਤੀਫੇ ਦੇ ਚੁੱਕੇ ਪਦਮਸ੍ਰੀ ਐਚ.ਐਸ. ਫੂਲਕਾ ਇਕੱਲੇ ਹੀ ਆਪਣੇ ਸਿਆਸੀ ਘੋੜੇ ਦੌੜਾ ਰਹੇ ਹਨ। ਪੰਜਾਬ ਵਿਧਾਨ ਸਭਾ ਦੇ ਸਪੀਕਰ ਨੇ ਹਾਲੇ ਸ੍ਰੀ ਫੂਲਕਾ ਦਾ ਅਸਤੀਫਾ ਪ੍ਰਵਾਨ ਨਹੀਂ ਕੀਤਾ। ਉਨ੍ਹਾਂ ਨੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਿਚੋਂ ਬਾਦਲਾਂ ਦਾ ਗਲਬਾ ਖਤਮ ਕਰਨ ਦਾ ਮਿਸ਼ਨ ਵਿੱਢਿਆ ਹੈ। ਇਸੇ ਕੜੀ ਤਹਿਤ ਹੀ ਉਹ ਕਾਂਗਰਸ ਤੇ 'ਆਪ' ਦੇ ਨੇਤਾਵਾਂ ਨੇ ਸਾਂਝੇ ਵਫਦ ਨੂੰ ਲੈ ਕੇ ਬੇਅਦਬੀਆਂ ਤੇ ਗੋਲੀ ਕਾਂਡਾਂ ਦੀ ਪੜਤਾਲ ਲਈ ਬਣਾਈ ਵਿਸ਼ੇਸ਼ ਜਾਂਚ ਟੀਮ ਦੇ ਮੈਂਬਰ ਆਈ.ਜੀ. ਕੁੰਵਰ ਵਿਜੈ ਪ੍ਰਤਾਪ ਸਿੰਘ ਦੀ ਬਦਲੀ ਰੱਦ ਕਰਵਾਉਣ ਲਈ ਭਾਰਤ ਦੇ ਮੁੱਖ ਚੋਣ ਕਮਿਸ਼ਨਰ ਨੂੰ ਮਿਲੇ ਹਨ। 'ਆਪ' ਦੀ 5ਵੀਂ ਧਿਰ ਵਜੋਂ ਪਾਰਟੀ ਵਿਚੋਂ ਲੰਮੇ ਸਮੇਂ ਤੋਂ ਮੁਅੱਤਲ ਕੀਤੇ ਸੰਸਦ ਮੈਂਬਰ ਧਰਮਵੀਰ ਗਾਂਧੀ ਆਪਣੀ ਨਵਾਂ ਪੰਜਾਬ ਪਾਰਟੀ ਬਣਾ ਕੇ ਅਤੇ ਪੀ.ਡੀ.ਏ. ਨਾਲ ਸਾਂਝ ਪਾ ਕੇ ਮੁੜ ਪਟਿਆਲਾ ਤੋਂ ਹੀ ਚੋਣ ਲੜ ਰਹੇ ਹਨ।

'ਆਪ' ਦੀ ਛੇਵੀਂ ਧਿਰ ਵਜੋਂ ਪਾਰਟੀ ਵਿਚੋਂ ਲੰਮੇ ਸਮੇਂ ਤੋਂ ਮੁਅੱਤਲ ਕੀਤੇ ਫਤਿਹਗੜ੍ਹ ਸਾਹਿਬ ਦੇ ਸੰਸਦ ਮੈਂਬਰ ਹਰਿੰਦਰ ਸਿੰਘ ਖਾਲਸਾ ਪਾਰਟੀ ਨੂੰ ਅਲਵਿਦਾ ਕਹਿ ਕੇ ਇਨ੍ਹਾਂ ਚੋਣਾਂ ਵਿਚ ਭਾਜਪਾ ਦਾ ਝੰਡਾ ਚੁੱਕ ਚੁੱਕੇ ਹਨ।

# 'ਆਪ' ਨਾਲੋਂ ਟੁੱਟਾ ਵੋਟ ਬੈਂਕ ਬਦਲੇਗਾ ਪੰਜਾਬ ਦੀ ਸਿਆਸਤ ਦਾ ਵਹਿਣ

**ਜਲੰਧਰ:** ਪੰਜਾਬ ਅੰਦਰ ਹੋਣ ਵਾਲੀ ਲੋਕ ਸਭਾ ਚੋਣ ਵਿਚ 2014 ਸਮੇਂ 'ਆਪ' ਦੇ ਉਮੀਦਵਾਰਾਂ ਨੂੰ ਪਈ ਵੋਟ ਦਾ ਵਹਿਣ ਕਿਧਰ ਮੁੜਦਾ ਹੈ, ਇਹ ਗੱਲ ਵੱਖ-ਵੱਖ ਪਾਰਟੀਆਂ ਦੇ ਉਮੀਦਵਾਰਾਂ ਦੀ ਕਿਸਮਤ ਤੈਅ ਕਰਨ ਵਿਚ ਬੜਾ ਅਹਿਮ ਰੋਲ ਅਦਾ ਕਰੇਗੀ। ਪਹਿਲੀ ਵਾਰ ਚੋਣ ਮੈਦਾਨ ਵਿਚ ਉਤਰੀ ਆਮ ਆਦਮੀ ਪਾਰਟੀ ਨੂੰ ਰਾਜ ਅੰਦਰ 24.40 ਫੀਸਦੀ ਵੋਟ ਮਿਲੇ ਸਨ।

'ਆਪ' ਦੇ ਚਾਰ ਮੈਂਬਰ ਸੰਸਦ ਵਿਚ ਪੁੱਜੇ ਸਨ ਤੇ ਲੁਧਿਆਣਾ ਤੇ ਅਨੰਦਪੁਰ ਸਾਹਿਬ ਹਲਕੇ 'ਚੋਂ ਪਾਰਟੀ ਉਮੀਦਵਾਰ 3 ਲੱਖ ਤੋਂ ਵਧੇਰੇ ਵੋਟਾਂ ਲੈ ਗਏ ਸਨ। ਸਾਲ 2014 'ਚ ਹੋਈ ਲੋਕ ਸਭਾ ਚੋਣ ਦੇ ਨਤੀਜੇ 'ਤੇ ਨਜ਼ਰ ਮਾਰਨ 'ਤੇ ਪਤਾ ਲਗਦਾ ਹੈ ਕਿ 13 ਹਲਕਿਆਂ ਵਿਚੋਂ 7 ਹਲਕਿਆਂ ਵਿਚ 'ਆਪ' ਢਾਈ ਲੱਖ ਤੋਂ ਵੱਧ ਵੋਟ ਲੈਣ ਵਿਚ ਕਾਮਯਾਬ ਹੋ ਗਈ ਸੀ। ਖਾਸ ਕਰਕੇ ਮਾਲਵਾ ਖੇਤਰ ਦੇ 6 ਹਲਕਿਆਂ ਵਿਚੋਂ ਚਾਰ ਐਮ. ਪੀ. ਜਿੱਤੇ ਸਨ ਤੇ ਦੋ ਵਿਚ 3 ਲੱਖ ਤੋਂ ਵੱਧ ਵੋਟ ਲੈ ਗਏ ਸਨ। ਦੋ ਸਾਲ ਬਾਅਦ ਫਰਵਰੀ 2017 'ਚ ਹੋਈ ਵਿਧਾਨ ਸਭਾ ਚੋਣ ਵਿਚ ਵੀ 20 ਜਿੱਤੇ ਵਿਧਾਇਕਾਂ ਵਿਚੋਂ 'ਆਪ' ਦੇ 18 ਵਿਧਾਇਕ ਮਾਲਵਾ ਖੇਤਰ ਨਾਲ ਹੀ ਸਬੰਧਤ ਸਨ ਤੇ ਦੁਆਬਾ ਖੇਤਰ ਵਿਚੋਂ ਸਿਰਫ ਦੋ ਵਿਧਾਇਕ ਜਿੱਤੇ ਸਨ। ਵਿਧਾਨ ਸਭਾ ਚੋਣਾਂ ਸਮੇਂ ਵੀ 'ਆਪ' ਦੀ ਵੋਟ ਪ੍ਰਤੀਸ਼ਤਤਾ 25 ਫੀਸਦੀ ਦੇ ਕਰੀਬ ਹੀ ਸੀ ਪਰ ਹੁਣ ਪਾਰਟੀ ਬੇਹੱਦ ਢਹਿੰਦੀਆਂ ਕਲਾ ਵਿਚ ਚਲੀ ਗਈ ਹੈ ਤੇ ਸਿਆਸੀ ਹਲਕੇ ਇਹ ਗਿਣਤੀ-ਮਿਣਤੀ ਲਗਾ ਰਹੇ ਹਨ ਕਿ 'ਆਪ' ਨੂੰ 2014 ਅਤੇ 2017 ਦੀਆਂ ਚੋਣਾਂ ਸਮੇਂ ਪਈ ਵੋਟ ਜੇ ਘਟਦੀ ਹੈ ਤਾਂ ਕਿਧਰ ਨੂੰ ਜਾਵੇਗੀ।

ਪਿਛਲੇ ਚੋਣ ਅੰਕੜਿਆਂ ਮੁਤਾਬਕ 2012 ਦੀ ਵਿਧਾਨ ਸਭਾ ਚੋਣ ਵਿਚ ਅਕਾਲੀ-ਭਾਜਪਾ ਨੂੰ ਕੁੱਲ 44.64 ਫੀਸਦੀ ਅਤੇ ਕਾਂਗਰਸ ਨੂੰ 39.92 ਫੀਸਦੀ ਵੋਟ ਮਿਲੇ ਸਨ। ਬਸਪਾ ਨੂੰ ਸਿਰਫ 1.9 ਫੀਸਦੀ ਵੋਟ ਮਿਲੇ ਸਨ ਪਰ 2014 ਦੀ ਲੋਕ ਸਭਾ ਚੋਣ ਵਿਚ 'ਆਪ' ਦੀ ਆਮਦ ਨਾਲ ਸਾਰੀ ਚੋਣ ਗਿਣਤੀ-ਮਿਣਤੀ ਹੀ ਬਦਲ ਗਈ ਸੀ। 2014 ਦੀ ਚੋਣ ਵਿਚ 'ਆਪ' ਨੂੰ 24.40 ਫੀਸਦੀ ਵੋਟ ਮਿਲੇ ਸਨ। ਕਾਂਗਰਸ ਦਾ ਕਰੀਬ 7 ਫੀਸਦੀ ਵੋਟਰ ਖੁਸ ਗਿਆ ਸੀ ਤੇ 33.10 ਫੀਸਦੀ ਵੋਟ ਮਿਲੇ ਸਨ।

ਇਸੇ ਤਰ੍ਹਾਂ ਅਕਾਲੀ-ਭਾਜਪਾ ਨੂੰ ਵੀ ਕਾਂਗਰਸ ਨਾਲੋਂ ਵੱਧ 9.64 ਫੀਸਦੀ ਵੋਟਾਂ ਦਾ ਖੋਰਾ ਲੱਗਿਆ ਸੀ। ਇਸ ਤਰ੍ਹਾਂ ਅੰਕੜੇ ਦੱਸਦੇ ਹਨ ਕਿ 'ਆਪ' ਦੇ ਆਉਣ ਨਾਲ ਕਾਂਗਰਸ ਨਾਲੋਂ ਅਕਾਲੀ-ਭਾਜਪਾ ਗੱਠਜੋੜ ਨੂੰ ਵਧੇਰੇ ਹਰਜ਼ਾ ਪੁੱਜਾ ਸੀ। 2017 ਦੀ ਵਿਧਾਨ ਸਭਾ ਚੋਣ ਵਿਚ ਆਪ ਦੇ ਜਿੱਤੇ 20 ਵਿਧਾਇਕ ਵੱਡੀ ਗਿਣਤੀ ਵਿਚ ਅਕਾਲੀ ਵਿਧਾਇਕਾਂ ਵਾਲੇ ਹਲਕਿਆਂ ਵਿਚੋਂ ਜੇਤੂ ਹੋਏ ਸਨ। ਬਠਿੰਡਾ ਲੋਕ ਸਭਾ ਹਲਕੇ ਵਿਚ 'ਆਪ' ਨੂੰ 2014 'ਚ ਕੋਈ ਖਾਸ ਹੁੰਗਾਰਾ ਨਹੀਂ ਸੀ ਮਿਲਿਆ। ਵਿਧਾਨ ਸਭਾ ਚੋਣਾਂ ਵਿਚ ਪੰਜ ਵਿਧਾਇਕ ਆਪ ਦੇ ਜੇਤੂ ਰਹੇ ਤੇ ਇਨ੍ਹਾਂ ਸਾਰੇ ਹਲਕਿਆਂ 'ਚ ਪਹਿਲਾਂ ਅਕਾਲੀ ਵਿਧਾਇਕ ਸਨ।

'ਆਪ' ਦੇ ਅੰਦਰੂਨੀ ਕਲੇਸ਼ ਤੇ ਪਾਟੋਧਾੜ ਕਾਰਨ ਪਾਰਟੀ ਦਾ ਵੱਡਾ ਹਿੱਸਾ ਤਾਂ ਉਂਝ ਹੀ 'ਆਪ' ਤੋਂ ਕਿਨਾਰਾ ਕਰ ਗਿਆ ਹੈ ਤੇ ਪਾਰਟੀ ਕਈ ਧੜਿਆਂ ਵਿਚ ਵੰਡ ਕੇ ਆਪਣੀ ਚਮਕ-ਦਮਕ ਵੀ ਖੋ ਬੈਠੀ ਹੈ। ਕਿਸੇ ਵੇਲੇ ਕੌਮੀ ਆਗੂ ਵਜੋਂ ਉੱਭਰ ਕੇ ਪੰਜਾਬ ਦੇ ਤੀਜੇ ਬਦਲ ਦੀ ਲਹਿਰ 'ਤੇ ਸਵਾਰ ਹੋ ਕੇ ਵੱਡੇ-ਵੱਡੇ ਦਾਅਵੇ ਕਰਨ ਵਾਲੇ ਅਰਵਿੰਦ ਕੇਜਰੀਵਾਲ ਹੁਣ ਪੰਜਾਬ ਵੱਲ ਮੂੰਹ ਕਰਨ ਤੋਂ ਵੀ ਕੰਨੀ ਕਤਰਾਉਂਦੇ ਹਨ। ਆਮ ਪ੍ਰਭਾਵ ਇਹੀ ਹੈ ਕਿ ਇਸ ਵਾਰ ਇਕ-ਅੱਧ ਥਾਂ ਨੂੰ ਛੱਡ ਕੇ ਪਾਰਟੀ ਲਈ ਜ਼ਮਾਨਤ ਬਚਾਉਣੀ ਮੁਸ਼ਕਿਲ ਹੋਵੇਗੀ। ਸਵਾਲ ਇਹੀ ਉੱਭਰ ਰਿਹਾ ਹੈ 'ਆਪ' ਵੱਲ ਗਈ ਵੋਟ ਆਪਣੇ ਪੁਰਾਣੇ ਪੱਤਣ ਵੱਲ ਮੁੜੇਗੀ ਜਾਂ ਨਵੇਂ ਰਸਤੇ ਤਲਾਸ਼ੇਗੀ, ਇਸ ਗੱਲ ਦਾ ਐਤਕੀਂ ਦੇ ਨਤੀਜਿਆਂ 'ਤੇ ਬੜਾ ਅਹਿਮ ਪ੍ਰਭਾਵ ਹੋਵੇਗਾ।

# ਦਿੱਲੀ ਵਿਚ ਕੀਤੇ ਕੰਮਾਂ ਆਸਰੇ ਪੰਜਾਬ ਵਿਚ ਬੇੜੀ ਪਾਰ ਲਾਵੇਗੀ 'ਆਪ'

**ਅੰਮ੍ਰਿਤਸਰ:** ਆਮ ਆਦਮੀ ਪਾਰਟੀ ਦਿੱਲੀ ਵਿਚ ਕੀਤੇ ਗਏ ਵੱਡੇ ਸੁਧਾਰਾਂ ਅਤੇ ਲੋਕਾਂ ਨੂੰ ਦਿੱਤੀਆਂ ਸਹੂਲਤਾਂ ਸਮੇਤ ਪੰਜਾਬ ਦੀ ਕਿਸਾਨੀ ਤੇ ਨਸ਼ਿਆਂ ਦੇ ਮੁੱਦੇ ਆਦਿ ਦੇ ਆਧਾਰ 'ਤੇ ਪੰਜਾਬ ਵਿਚ ਚੋਣਾਂ ਲੜੇਗੀ। 'ਆਪ' ਦੇ ਵਿਧਾਇਕ ਅਤੇ ਚੋਣ ਪ੍ਰਚਾਰ ਕਮੇਟੀ ਦੇ ਮੁਖੀ ਅਮਨ ਅਰੋੜਾ ਦਾ ਦਾਅਵਾ ਹੈ ਕਿ ਆਮ ਆਦਮੀ ਪਾਰਟੀ ਆਪਣੀ ਦਿੱਲੀ ਦੀ ਸਰਕਾਰ ਦੇ ਮਾਡਲ ਨੂੰ ਲੈ ਕੇ ਲੋਕਾਂ ਵਿਚ ਜਾਵੇਗੀ।

ਦਿੱਲੀ ਵਿਚ ਸਿੱਖਿਆ ਤੇ ਸਿਹਤ ਸਹੂਲਤਾਂ ਦੇ ਖੇਤਰ ਵਿਚ 'ਆਪ' ਨੇ ਵੱਡਾ ਮਾਅਰਕਾ ਮਾਰਿਆ ਹੈ। ਇਸ ਤੋਂ ਇਲਾਵਾ ਪੰਜਾਬ ਦੀ ਕਰਜ਼ਈ ਕਿਸਾਨੀ, ਸਵਾਮੀਨਾਥਨ ਕਮਿਸ਼ਨ ਦੀ ਰਿਪੋਰਟ ਨੂੰ ਇੰਨ-ਬਿੰਨ ਲਾਗੂ ਕਰਨ, ਨਸ਼ਿਆਂ ਦਾ ਖਾਤਮਾ, ਪੰਜਾਬ ਦੀ ਜਵਾਨੀ ਦਾ ਵਿਦੇਸ਼ਾਂ ਵੱਲ ਜਾਣਾ ਆਦਿ ਜਿਹੇ ਮੁੱਦੇ ਲੋਕਾਂ ਸਾਹਮਣੇ ਰੱਖੇ ਜਾਣਗੇ। ਉਨ੍ਹਾਂ ਕਿਹਾ ਕਿ 'ਆਪ' ਵੱਲੋਂ ਇਕ ਕੇਂਦਰੀ ਚੋਣ ਮਨੋਰਥ ਪੱਤਰ ਜਾਰੀ ਕੀਤਾ ਜਾਵੇਗਾ। ਜਦੋਂਕਿ ਪੰਜਾਬ ਲਈ ਵੀ ਇਕ ਚੋਣ ਮਨੋਰਥ ਪੱਤਰ ਤਿਆਰ ਹੋਵੇਗਾ, ਜਿਸ ਵਿਚ ਵੱਖ ਵੱਖ ਲੋਕ ਸਭਾ ਹਲਕਿਆਂ ਦੀਆਂ ਚਾਰ ਤੋਂ ਪੰਜ ਪ੍ਰਮੁੱਖ ਮੰਗਾਂ ਬਾਰੇ ਜ਼ਿਕਰ ਸ਼ਾਮਲ ਕੀਤਾ ਜਾਵੇਗਾ। ਉਨ੍ਹਾਂ ਦਾਅਵਾ ਕੀਤਾ ਕਿ ਅੰਮ੍ਰਿਤਸਰ ਸੰਸਦੀ ਹਲਕੇ ਤੋਂ 'ਆਪ' ਉਮੀਦਵਾਰ ਲੋਕ ਮਸਲਿਆਂ ਨੂੰ ਹੱਲ ਕਰਾਉਣ ਲਈ ਸੰਸਦ ਵਿਚ ਆਵਾਜ਼ ਬੁਲੰਦ ਕਰੇਗਾ। ਉਨ੍ਹਾਂ ਦੱਸਿਆ ਕਿ ਆਈ.ਜੀ. ਕੁੰਵਰ ਵਿਜੈ ਪ੍ਰਤਾਪ ਸਿੰਘ ਦੇ ਤਬਾਦਲੇ ਬਾਰੇ 'ਆਪ' ਵੱਲੋਂ ਚੋਣ ਕਮਿਸ਼ਨ ਨਾਲ ਸੰਪਰਕ ਕੀਤਾ ਗਿਆ ਹੈ ਅਤੇ ਜੇਕਰ ਕੋਈ ਹਾਂ-ਪੱਖੀ ਕਾਰਵਾਈ ਨਾ ਹੋਈ ਤਾਂ 'ਆਪ' ਕਾਨੂੰਨੀ ਕਾਰਵਾਈ ਕਰਨ ਬਾਰੇ ਵੀ ਵਿਚਾਰ ਕਰ ਰਹੀ ਹੈ।

ਉਨ੍ਹਾਂ ਦੋਸ਼ ਲਾਇਆ ਕਿ ਬਾਦਲਾਂ ਨੇ ਆਪਣੇ ਹਿੱਤਾਂ ਦੀ ਖਾਤਰ ਇਹ ਤਬਾਦਲਾ ਕਰਾਇਆ ਹੈ। ਖਡੂਰ ਸਾਹਿਬ ਹਲਕੇ ਤੋਂ ਜੇਕਰ ਪਰਮਜੀਤ ਕੌਰ ਖਾਲੜਾ ਆਜ਼ਾਦ ਉਮੀਦਵਾਰ ਵਜੋਂ ਚੋਣ ਲੜੇ ਤਾਂ 'ਆਪ' ਆਪਣਾ ਉਮੀਦਵਾਰ ਵਾਪਸ ਲੈ ਸਕਦੀ ਹੈ, ਬਾਰੇ ਉਨ੍ਹਾਂ ਆਖਿਆ ਕਿ ਇਹ ਮਾਮਲਾ ਉਨ੍ਹਾਂ ਦੇ ਅਧਿਕਾਰ ਖੇਤਰ ਵਿਚ ਨਹੀਂ ਆਉਂਦਾ ਬਲਕਿ ਇਹ ਮਾਮਲਾ ਕੋਰ ਕਮੇਟੀ ਵੱਲੋਂ ਹੀ ਵਿਚਾਰਿਆ ਜਾ ਸਕਦਾ ਹੈ। ਜਗਮੀਤ ਸਿੰਘ ਬਰਾੜ ਦੀ ਅਕਾਲੀ ਦਲ ਵਿਚ ਸ਼ਮੂਲੀਅਤ ਬਾਰੇ ਉਨ੍ਹਾਂ ਆਖਿਆ ਕਿ ਜ਼ੀਰੋ ਵਿਚ ਜ਼ੀਰੋ ਜਮ੍ਹਾਂ ਕਰਨ ਨਾਲ ਕੋਈ ਫਰਕ ਨਹੀਂ ਪਵੇਗਾ।

## ਚੋਣ ਜ਼ਾਬਤੇ ਦੀ ਉਲੰਘਣਾ ਦੇ ਮਾਮਲੇ 'ਚ ਕੇਜਰੀਵਾਲ ਨੂੰ ਕਲੀਨ ਚਿੱਟ

**ਪਣਜੀ:** ਦਿੱਲੀ ਦੇ ਮੁੱਖ ਮੰਤਰੀ ਅਤੇ 'ਆਪ' ਦੇ ਕਨਵੀਨਰ ਅਰਵਿੰਦ ਕੇਜਰੀਵਾਲ ਨੂੰ ਗੋਆ ਦੇ ਮੁੱਖ ਚੋਣ ਅਧਿਕਾਰੀ ਨੇ ਕਲੀਨ ਚਿੱਟ ਦੇ ਦਿੱਤੀ ਹੈ। ਭਾਜਪਾ ਆਗੂ ਕੇਸ਼ਵ ਪ੍ਰਭੂ ਨੇ ਕੇਜਰੀਵਾਲ ਵੱਲੋਂ ਮਰਗਾਓ ਵਿਚ ਭਾਸ਼ਨ ਦੌਰਾਨ ਲੋਕਾਂ ਦੀਆਂ ਧਾਰਮਿਕ ਭਾਵਨਾਵਾਂ ਭੜਕਾਉਣ ਦਾ ਦੋਸ਼ ਲਾ ਕੇ ਅਦਰਸ਼ ਚੋਣ ਜ਼ਾਬਤੇ ਦੀ ਉਲੰਘਣਾ ਦੀ ਸ਼ਿਕਾਇਤ ਕੀਤੀ ਸੀ।

# 'ਆਪ' ਨੇ ਚੋਣ ਸਮਝੌਤਾ ਸਿਰੇ ਨਾ ਚੜ੍ਹਨ ਦਾ ਭਾਂਡਾ ਕਾਂਗਰਸ ਸਿਰ ਭੰਨਿਆ

**ਨਵੀਂ ਦਿੱਲੀ:** ਆਮ ਆਦਮੀ ਪਾਰਟੀ ਨੇ ਦਿੱਲੀ, ਹਰਿਆਣਾ ਤੇ ਚੰਡੀਗੜ੍ਹ ਦੀਆਂ ਲੋਕ ਸਭਾ ਸੀਟਾਂ ਲਈ ਚੋਣ ਸਮਝੌਤਾ ਸਿਰੇ ਨਾ ਚੜ੍ਹਨ ਲਈ ਕਾਂਗਰਸ ਨੂੰ ਜ਼ਿੰਮੇਵਾਰ ਕਰਾਰ ਦਿੱਤਾ। 'ਆਪ' ਦੇ ਸੀਨੀਅਰ ਆਗੂ ਤੇ ਦਿੱਲੀ ਦੇ ਉਪ ਮੁੱਖ ਮੰਤਰੀ ਮਨੀਸ਼ ਸਿਸੋਦੀਆ ਤੇ ਰਾਜ ਸਭਾ ਮੈਂਬਰ ਸੰਜੈ ਸਿੰਘ ਨੇ ਮੀਡੀਆ ਕਾਨਫਰੰਸ ਦੌਰਾਨ ਕਿਹਾ ਕਿ ਕਾਂਗਰਸ ਗਿਣਤੀ-ਮਿਣਤੀ ਵਿਚ ਉਲਝੀ ਹੋਈ ਹੈ। ਉਨ੍ਹਾਂ ਕਿਹਾ ਕਿ ਜੇ ਭਾਜਪਾ ਮੁੜ ਸੱਤਾ ਵਿਚ ਆਈ ਤਾਂ ਇਸ ਲਈ



ਕਾਂਗਰਸ ਹੀ ਜ਼ਿੰਮੇਵਾਰ ਹੋਵੇਗੀ।

ਦੋਹਾਂ ਆਗੂਆਂ ਨੇ ਕਿਹਾ ਕਿ ਜਮਹੂਰੀਅਤ ਨੂੰ ਬਚਾਉਣ ਲਈ 'ਆਪ' ਦਾ ਮੁੱਖ ਟੀਚਾ ਮੋਦੀ-ਸ਼ਾਹ ਦੀ ਜੋੜੀ ਨੂੰ ਹਰਾਉਣਾ ਹੈ ਪਰ ਕਾਂਗਰਸ ਸੀਟਾਂ ਦੀ ਗਿਣਤੀ-ਮਿਣਤੀ ਵਿਚ ਹੀ ਫਸੀ ਹੋਈ ਹੈ। ਉਨ੍ਹਾਂ ਕਿਹਾ ਕਿ ਕਾਂਗਰਸ ਨੇ ਬਹੁਤ ਵਕਤ ਖਰਾਬ ਕੀਤਾ ਹੈ ਤੇ ਗੋਆ ਅਤੇ ਪੰਜਾਬ ਵਿਚ ਵੀ ਪਾਰਟੀ ਨੇ ਇੰਝ ਹੀ ਦੇਰੀ ਕੀਤੀ ਸੀ। ਉਨ੍ਹਾਂ ਦੱਸਿਆ ਕਿ ਗਠਜੋੜ ਦਾ ਮਕਸਦ ਸਿਰਫ ਸੀਟਾਂ ਵੰਡਣ ਤਕ ਸੀਮਤ ਨਹੀਂ ਸੀ, 18 ਲੋਕ ਸਭਾ ਹਲਕਿਆਂ 'ਚ ਭਾਜਪਾ ਨੂੰ ਰਲ ਕੇ ਟੱਕਰ ਦੇਣਾ ਸੀ।

ਸੰਜੈ ਸਿੰਘ ਨੇ ਦੋਸ਼ ਲਾਇਆ ਕਿ ਭਾਜਪਾ ਲੋਕਤੰਤਰ ਤੇ ਸੰਘੀ ਢਾਂਚੇ ਲਈ ਖਤਰਾ ਪੈਦਾ ਕਰ ਰਹੀ ਹੈ। ਉਨ੍ਹਾਂ ਨਾਲ ਹੀ ਕਿਹਾ ਕਿ ਕਾਂਗਰਸ ਵੀ ਮੋਦੀ-ਸ਼ਾਹ ਦੀ ਜੋੜੀ ਦੀਆਂ ਜਿੱਤ ਦੀਆਂ ਸੰਭਾਵਨਾਵਾਂ ਨੂੰ ਬਰਕਰਾਰ ਰੱਖ ਰਹੀ ਹੈ। ਸ੍ਰੀ ਸਿਸੋਦੀਆ ਨੇ ਦੋਸ਼ ਲਾਇਆ ਕਿ ਕਾਂਗਰਸ ਹਰਿਆਣਾ ਵਿਚ ਖੁਦ 6, ਜੇ.ਜੇ.ਪੀ. ਨੂੰ 3 ਤੇ 'ਆਪ' ਨੂੰ ਇਕ ਸੀਟ ਦੇਣ ਲਈ ਰਾਜ਼ੀ ਸੀ ਪਰ ਫੇਰ ਵੀ ਮੁੱਕਰ ਗਈ। ਉਨ੍ਹਾਂ ਕਿਹਾ ਕਿ ਕਾਂਗਰਸ ਸਿਰਫ ਦਿੱਲੀ ਵਿਚ ਹੀ ਗਠਜੋੜ ਚਾਹੁੰਦੀ ਹੈ ਜਿੱਥੇ ਪਹਿਲਾਂ ਹੀ 'ਆਪ' ਮਜ਼ਬੂਤ ਧਿਰ ਹੈ। ਉਨ੍ਹਾਂ ਕਿਹਾ ਕਿ ਦਿੱਲੀ ਵਿਚ ਕਾਂਗਰਸ ਦਾ ਇਕ ਵੀ ਵਿਧਾਇਕ ਨਹੀਂ ਹੈ ਤੇ 2015 ਦੀਆਂ ਵਿਧਾਨ ਸਭਾ ਚੋਣਾਂ ਦੌਰਾਨ ਉਸ ਨੂੰ 10 ਫੀਸਦੀ ਹੀ ਵੋਟ ਮਿਲੇ ਸਨ ਫਿਰ ਵੀ ਤਿੰਨ ਸੀਟਾਂ ਮੰਗੀਆਂ ਜਾ ਰਹੀਆਂ ਹਨ। ਪੰਜਾਬ ਵਿਚ 'ਆਪ' ਦੇ 20 ਵਿਧਾਇਕ ਤੇ 4 ਸੰਸਦ ਮੈਂਬਰ ਹੋਣ ਦੇ ਬਾਵਜੂਦ ਕਾਂਗਰਸ ਇਕ ਵੀ ਸੀਟ ਦੇਣ ਨੂੰ ਤਿਆਰ ਨਹੀਂ।

# ਬਹੁਤੇ ਪਰਵਾਸੀ ਪੰਜਾਬੀਆਂ ਨੂੰ ਨਹੀਂ ਵੋਟ ਪਾਉਣ 'ਚ ਦਿਲਚਸਪੀ

**ਚੰਡੀਗੜ੍ਹ:** ਭਾਰਤੀ ਚੋਣ ਕਮਿਸ਼ਨ ਨੇ ਇਸ ਲੋਕ ਸਭਾ ਚੋਣ 'ਚ ਪਰਵਾਸੀ ਭਾਰਤੀ ਵੋਟਰਾਂ ਲਈ ਆਨ-ਲਾਈਨ ਵੋਟ ਪਾਉਣ ਦਾ ਅਧਿਕਾਰ ਦੇਣ ਦੀ ਯੋਜਨਾ ਬਣਾਈ ਸੀ ਪਰ ਇਹ ਯੋਜਨਾ ਸਿਰੇ ਨਹੀਂ ਚੜ੍ਹ ਸਕੀ। ਜਾਣਕਾਰਾਂ ਅਨੁਸਾਰ ਇਹ ਯੋਜਨਾ ਇਸ ਲਈ ਸਿਰੇ ਨਾ ਚੜ੍ਹ ਸਕੀ ਕਿਉਂਕਿ ਇਸ ਲਈ ਸਬੰਧਤ ਕਾਨੂੰਨ 'ਚ ਸੋਧ ਜ਼ਰੂਰੀ ਸੀ, ਜੋ ਨਹੀਂ ਹੋ ਸਕੀ।


ਇਸ ਦੇ ਚਲਦੇ ਮੌਜੂਦਾ ਲੋਕ ਸਭਾ ਚੋਣ ਲਈ ਐਨ.ਆਰ.ਆਈ. ਜਿਨ੍ਹਾਂ ਦੀ ਵੋਟ ਬਣੀ ਹੋਈ ਹੈ, ਨੂੰ ਭਾਰਤ ਆ ਕੇ ਹੀ ਆਪਣੀ ਵੋਟ ਦਾ ਇਸਤੇਮਾਲ ਕਰਨਾ ਪਵੇਗਾ। ਦੂਜੇ ਪਾਸੇ ਹਾਲਾਂਕਿ ਸਰਕਾਰ ਕੋਲ ਪੰਜਾਬ ਵਿਚੋਂ ਵਿਦੇਸ਼ਾਂ 'ਚ ਜਾ ਕੇ ਵਸੇ ਪੰਜਾਬੀਆਂ ਬਾਰੇ ਕੋਈ ਪੱਕਾ ਅੰਕੜਾ ਨਹੀਂ ਹੈ ਪਰ ਲੱਖਾਂ ਦੀ ਗਿਣਤੀ 'ਚ ਵਿਦੇਸ਼ ਜਾ ਕੇ ਵਸੇ ਪੰਜਾਬੀਆਂ ਵਿਚੋਂ 400 ਤੋਂ ਵੀ ਘੱਟ ਦੀ ਵੋਟ ਬਣੀ ਹੋਈ ਹੈ। ਰਾਜ ਚੋਣ ਕਮਿਸ਼ਨ ਕੋਲ ਇਸ ਸਾਲ 31 ਜਨਵਰੀ ਨੂੰ ਦਰਜ ਪੰਜਾਬ ਦੇ ਵੋਟਰਾਂ ਦੀ ਕੁੱਲ ਗਿਣਤੀ ਵਿਚ ਐਨ.ਆਰ.ਆਈ. ਵੋਟਰਾਂ ਦੀ ਗਿਣਤੀ ਸਿਰਫ 393 ਦੱਸੀ ਜਾ ਰਹੀ ਹੈ। ਇਸ ਸੂਚੀ ਅਨੁਸਾਰ ਪੁਰਸ਼ ਵੋਟਰ 264 ਤੇ ਮਹਿਲਾ ਵੋਟਰਾਂ ਦੀ ਗਿਣਤੀ 129 ਹੈ। ਇਸ ਹਿਸਾਬ ਨਾਲ ਐਨ.ਆਰ.ਆਈ. ਵੋਟਰਾਂ ਦੀ ਇਹ ਗਿਣਤੀ ਰਾਜ ਤੋਂ ਵਿਦੇਸ਼ਾਂ 'ਚ ਜਾ ਕੇ ਵਸੇ ਪਰਵਾਸੀਆਂ ਦੀ ਗਿਣਤੀ ਬਹੁਤ ਹੀ ਮਾਮੂਲੀ ਹਿੱਸਾ ਹੈ। ਇਸ ਵਾਰ ਲੋਕ ਸਭਾ ਚੋਣ ਲਈ ਰਾਜ ਵਿਚ ਸਾਰੇ 393 ਵੋਟਰ ਆਪਣੀ ਵੋਟ ਦਾ ਇਸਤੇਮਾਲ ਕਰਨਗੇ ਜਾਂ ਨਹੀਂ ਇਹ ਵੀ ਕਹਿਣਾ ਅਜੇ ਮੁਸ਼ਕਲ ਹੈ।

2014 ਦੇ ਅੰਕੜਿਆਂ ਅਨੁਸਾਰ ਲੋਕ ਸਭਾ ਚੋਣ 'ਚ ਪੰਜਾਬ ਵਿਚ ਕੁੱਲ 169 ਐਨ. ਆਰ. ਆਈ. ਵੋਟਰਾਂ ਨੇ ਆਪਣੀ ਵੋਟ ਪਾਈ ਸੀ। ਪੰਜਾਬ ਵਿਚੋਂ ਹਰ ਸਾਲ 'ਚ ਰੁਜ਼ਗਾਰ ਲਈ ਵਿਦੇਸ਼ ਜਾ ਰਹੇ ਲੱਖਾਂ ਨੌਜਵਾਨਾਂ ਦਾ ਆਪਣੇ ਪਿੰਡ ਅਤੇ ਸ਼ਹਿਰ ਪ੍ਰਤੀ ਲਗਾਅ ਜੱਗ ਜ਼ਾਹਰ ਹੈ। ਉਹ ਵਿਦੇਸ਼ਾਂ 'ਚ ਕਾਮਯਾਬ ਹੋ ਕੇ ਆਪਣੇ ਪਿੰਡਾਂ ਦੀ ਨੁਹਾਰ ਬਦਲਣ ਲਈ ਤਾਂ ਵਿੱਤੀ ਮਦਦ ਦੇਣ ਲਈ ਕਦੇ ਪਿੱਛੇ ਨਹੀਂ ਹਟਦੇ ਪਰ ਵੋਟ ਦਾ ਇਸਤੇਮਾਲ ਕਰਨ ਦੇ ਮਾਮਲੇ 'ਚ ਉਹ ਪਿੱਛੇ ਹੀ ਨਜ਼ਰ ਆ ਰਹੇ ਹਨ। ਦੂਜੇ ਪਾਸੇ ਵਿਦੇਸ਼ ਮੰਤਰਾਲਾ ਦੇ ਮੁਤਾਬਕ ਕਰੀਬ 3.10 ਕਰੋੜ ਐਨ.ਆਰ.ਆਈ. ਦੁਨੀਆਂ ਦੇ ਵੱਖ-ਵੱਖ ਦੇਸ਼ਾਂ ਵਿਚ ਜਾ ਕੇ ਵਸੇ ਹੋਏ ਹਨ।



**Sistar Mortgage**

Minimizing Cost, Maximizing Investment
www.SistarMortgage.com



Balbir (Bill) Grewal, Loan Officer (NMLS 353442)
*Residential & Commercial Loans*

(734) 330-8859 Mobile
(586) 802-7385 Fax
Balbir.Grewal@SistarMortgage.com

*Loans Available In Most States!*

*Refinance up to 125% value of the house.*

•Residential Loans (Purchase, Refinance & Cash Out Refinance). •Self Employed and H1 Visa •Jumbo loans •Commercial Property With Business or Business Only. •Business Equity Line of Credit. •Multi Unit Investment Property.



**Michigan Truck Driving School**

6405 Middlebelt Road, Romulus, MI 48174

ਖੁਸ਼ਖਬਰੀ! ਖੁਸ਼ਖਬਰੀ!! ਖੁਸ਼ਖਬਰੀ!!!
ਹੁਣ 48 ਸਟੇਟਾਂ ਵਿਚ ਮਨਜ਼ੂਰਸ਼ੁਦਾ




*ਆਪਣੀ ਸਟੇਟ ਤੋਂ ਲਰਨਿੰਗ ਪਰਮਿਟ ਲੈ ਕੇ ਆਓ ਤੇ ਉਸੇ ਸਟੇਟ ਦਾ ਡਰਾਈਵਿੰਗ ਲਾਇਸੈਂਸ ਲਓ
*3-4 ਹਫਤਿਆਂ ਵਿਚ ਪ੍ਰੋਫੈਸ਼ਨਲ ਟਰੱਕ ਡਰਾਇਵਰ ਬਣੋ

Raj Jamarai Cell:734-644-1010 Office:734-747-4298



**SERVING**
*Wisconsin & Illinois State*

**Residential or Commercial**
**Buying, Selling, Renting or Investing**

**Buying:** We will pay for your inspection, appraisal, attorney fees and much more! Have access to more than 60 websites to find your dream home or future investment!

**Selling:** Your listing will be posted to 60 websites and 80 interconnected websites as well as on social media. Have opportunities to market through Pro-photo, Video Open Houses and many more options!

**Best Investment Possibilities:** Call for any type of investment whether it be commercial or residential



*For the best deal call:*
Jesse Singh (e-PRO, SFR, CIAS)
*Broker/Realtor*
**Cell: 847-606-3664**
25884 E. Route 83, Long Grove, IL 60060
Email: jsingh@remax.net
Web Site: jsingh.illinoisproperty.com

**Call and Let's Find a Great Deal for you Today!**

First Time Buyer?? Why pay rent if you can buy??
Find out if you are qualified to buy a home!
Call for a free pre approval letter and the best mortgages rates.
Loan Officer Jagmeet Singh (NMLS #378091), Ph: 815-908-7274

RE/MAX COMMERCIAL · RE/MAX PLATINUM CLUB · e-PRO REALTOR · SFR SHORT SALES & FORECLOSURE RESOURCE · CIAS Certified Investor Agent Specialist



ੴ ਸਤਿ ਗੁਰ ਪ੍ਰਸਾਦਿ॥

ੴ ਇਕਾ ਬਾਣੀ ਇਕੁ ਗੁਰੁ ਇਕੋ ਸਬਦੁ ਵੀਚਾਰਿ॥ ੴ

**ਗੁਰੂ ਗਰੰਥ ਸਿੱਖ ਸੁਸਾਇਟੀ ਮਕੌਰਡਸਵਿਲ (ਇੰਡੀਆਨਾ)**

8555 N 500 W, McCordsville, IN 46055

ਗੁਰਦੁਆਰਾ ਸਾਹਿਬ ਵਿਖੇ ਗੁਰੂ ਨਾਨਕ ਜੀ ਦੇ 550ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ ਵਿਸ਼ੇਸ਼ ਦੀਵਾਨ ਸਜਾਏ ਜਾਣਗੇ। ਕੌਮ ਦੇ ਨਿਧੜਕ ਪ੍ਰਚਾਰਕ ਪ੍ਰੋ. ਦਰਸ਼ਨ ਸਿੰਘ ਖਾਲਸਾ ਸੰਗਤਾਂ ਨੂੰ ਗੁਰਬਾਣੀ ਕੀਰਤਨ ਅਤੇ ਗੁਰਮਤਿ ਵਿਚਾਰਾਂ ਨਾਲ ਨਿਹਾਲ ਕਰਨਗੇ। ਗੁਰੂ ਗਰੰਥ ਸਾਹਿਬ ਨੂੰ ਗੁਰੂ ਮੰਨਣ ਵਾਲੀਆਂ ਸੰਗਤਾਂ ਨੂੰ ਬੇਨਤੀ ਹੈ ਕਿ ਸਮੇਂ ਸਿਰ ਗੁਰਦੁਆਰਾ ਸਾਹਿਬ ਪਹੁੰਚ ਕੇ ਗੁਰਬਾਣੀ ਸ਼ਬਦ ਦਾ ਵਰਤਾਇਆ ਜਾ ਰਿਹਾ ਇਹ ਲੰਗਰ ਛੱਕ ਕੇ ਆਪਣਾ ਜੀਵਨ ਸਕਾਰਥਾ ਬਣਾਉਣ ਦਾ ਉਪਰਾਲਾ ਕਰੀਏ ਜੀ।

ਪ੍ਰੋਗਰਾਮ ਇਸ ਪ੍ਰਕਾਰ ਹੋਵੇਗਾ:
27 ਅਪਰੈਲ, ਸਨਿਚਰਵਾਰ ਸ਼ਾਮ 7 ਤੋਂ 9 ਵਜੇ ਤੱਕ
28 ਅਪਰੈਲ, ਐਤਵਾਰ ਸਵੇਰੇ 11 ਤੋਂ ਬਾਅਦ ਦੁਪਹਿਰ 2 ਵਜੇ ਤੱਕ
ਗੁਰੂ ਕੇ ਲੰਗਰ ਦੀ ਸੇਵਾ ਮਨਜੀਤ ਸਿੰਘ ਅਤੇ ਬਲਜੀਤ ਕੌਰ ਦੇ ਪਰਿਵਾਰ ਵਲੋਂ ਹੋਵੇਗੀ।


ਪ੍ਰੋ. ਦਰਸ਼ਨ ਸਿੰਘ ਖਾਲਸਾ

ਹੋਰ ਜਾਣਕਾਰੀ ਲਈ ਗੁਰਦੁਆਰਾ ਸਾਹਿਬ ਦੀ ਫੇਸਬੁੱਕ ਜਾਂ ਹੇਠ ਦਿੱਤੇ ਨੰਬਰਾਂ 'ਤੇ ਸੰਪਰਕ ਕਰੋ ਜੀ
www.facebook.com/groups/ggssusa
Ph: 317-597-6723, 317-599-0571, 317-610-7842

ਵਲੋਂ: ਸਮੂਹ ਸਾਧ ਸੰਗਤ ਅਤੇ ਪ੍ਰਬੰਧਕ ਕਮੇਟੀ।

# ਬੇਰੁਜ਼ਗਾਰ ਨੌਜਵਾਨਾਂ ਨੇ ਕਾਂਗਰਸ ਲਈ ਖੜ੍ਹੀ ਕੀਤੀ ਨਵੀਂ ਚੁਣੌਤੀ

**ਚੰਡੀਗੜ੍ਹ:** ਚੋਣਾਂ ਦੇ ਮੌਸਮ ਵਿਚ 'ਘਰ ਘਰ ਰੁਜ਼ਗਾਰ' ਦਾ ਨਾਅਰਾ ਕਾਂਗਰਸੀ ਉਮੀਦਵਾਰਾਂ ਲਈ ਭਾਰੂ ਹੁੰਦਾ ਦਿਖਾਈ ਦੇ ਰਿਹਾ ਹੈ। ਲਗਭਗ 3500 ਬੇਰੁਜ਼ਗਾਰ ਮਲਟੀਪਰਪਜ਼



ਸਿਹਤ ਵਰਕਰਾਂ ਨੇ ਆਪਣੇ ਘਰਾਂ ਅੱਗੇ ਲਾਏ ਬੈਨਰਾਂ ਰਾਹੀਂ ਕਾਂਗਰਸੀ ਉਮੀਦਵਾਰਾਂ ਨੂੰ ਵੋਟ ਮੰਗਣ ਲਈ ਨਾ ਆਉਣ ਦੀ ਤਾਕੀਦ ਕੀਤੀ ਹੈ। ਆਪਣੇ ਹੱਕਾਂ ਲਈ ਲੰਮਾ ਸਮਾਂ ਧਰਨਾ ਪ੍ਰਦਰਸ਼ਨ ਕਰਨ ਦੇ ਬਾਵਜੂਦ ਕੁਝ ਪੱਲੇ ਨਾ ਪੈਣ ਕਰ ਕੇ ਇਨ੍ਹਾਂ ਨੌਜਵਾਨਾਂ ਨੇ ਐਲਾਨ ਕੀਤਾ ਹੈ ਕਿ ਜਦੋਂ ਤੱਕ ਕੋਈ ਪਾਰਟੀ ਉਨ੍ਹਾਂ ਨੂੰ ਰੁਜ਼ਗਾਰ ਦੇਣ ਦਾ ਲਿਖਤੀ ਭਰੋਸਾ ਨਹੀਂ ਦਿੰਦੀ, ਉਸ ਸਮੇਂ ਤੱਕ ਸਾਰੀਆਂ ਰਾਜਨੀਤਕ ਪਾਰਟੀਆਂ ਦਾ ਬਾਈਕਾਟ ਕੀਤਾ ਜਾਵੇਗਾ।

ਇਲਾਕੇ ਦੇ ਬੇਰੁਜ਼ਗਾਰ ਸਿਹਤ ਵਰਕਰਾਂ ਚੂੰਘਾਂ ਦੇ ਸਤਨਾਮ ਸਿੰਘ, ਮੌੜਾਂ ਦੇ ਬਿੰਦਰ ਸਿੰਘ, ਗੁਰਲਾਲ ਸਿੰਘ, ਰਾਜ ਸਿੰਘ, ਅਵਤਾਰ ਸਿੰਘ ਅਤੇ ਬਖਤਗੜ੍ਹ ਦੇ ਬਲਦੇਵ ਸਿੰਘ ਬੱਬੂ ਵੱਲੋਂ ਵੀ ਆਪਣੇ ਬੂਹਿਆਂ ਅੱਗੇ 'ਨੌਕਰੀ ਨਹੀਂ ਤਾਂ ਵੋਟ ਨਹੀਂ' ਦੇ ਨਾਅਰੇ ਵਾਲੇ ਬੋਰਡ ਲਗਾ ਦਿੱਤੇ ਗਏ ਹਨ। ਉਨ੍ਹਾਂ ਕਿਹਾ ਕਿ ਉਹ ਸਾਰੀਆਂ ਪਾਰਟੀਆਂ ਦੇ ਝੂਠੇ ਵਾਅਦਿਆਂ ਤੋਂ ਅੱਕ ਚੁੱਕੇ ਹਨ। ਬੇਰੁਜ਼ਗਾਰ ਮਲਟੀਪਰਪਜ਼ ਸਿਹਤ ਵਰਕਰ ਯੂਨੀਅਨ ਦੇ ਸੂਬਾ ਪ੍ਰਧਾਨ ਸੁਖਵਿੰਦਰ ਸਿੰਘ ਢਿੱਲਵਾਂ ਨੇ ਦੱਸਿਆ ਕਿ 2004 ਤੋਂ ਜਥੇਬੰਦੀ ਵੱਲੋਂ ਬੇਰੁਜ਼ਗਾਰਾਂ ਲਈ ਸੰਘਰਸ਼ ਲੜ ਕੇ ਨੌਕਰੀ ਦੀ ਮੰਗ ਕੀਤੀ ਜਾ ਰਹੀ ਹੈ। ਅਕਾਲੀ-ਭਾਜਪਾ ਸਰਕਾਰ ਨੇ 2016 ਵਿੱਚ ਸਿਰਫ 1263 ਅਸਾਮੀਆਂ ਭਰਨ ਨੂੰ ਪ੍ਰਵਾਨਗੀ ਦਿੱਤੀ ਸੀ, ਜਦੋਂਕਿ ਸੂਬੇ ਵਿਚ 3500 ਦੇ ਕਰੀਬ ਸਿਹਤ ਵਰਕਰ ਬੇਰੁਜ਼ਗਾਰ ਹਨ। ਡਬਲਿਊ.ਐਚ.ਓ. ਦੀਆਂ ਹਦਾਇਤਾਂ ਅਨੁਸਾਰ 3 ਹਜ਼ਾਰ ਦੀ ਜਨਸੰਖਿਆ ਪਿਛੇ ਇਕ ਪੁਰਸ਼ ਸਿਹਤ ਵਰਕਰ ਤੇ ਇਕ ਔਰਤ ਵਰਕਰ ਦੀ ਨਿਯੁਕਤੀ ਕਰਨੀ ਹੁੰਦੀ ਹੈ, ਪਰ ਸਿਹਤ ਵਿਭਾਗ ਲੰਮੇ ਸਮੇਂ ਤੋਂ ਨਿਯੁਕਤੀਆਂ ਕਰਨ ਤੋਂ ਟਾਲਾ ਵਟਦਾ ਆ ਰਿਹਾ ਹੈ। ਉਨ੍ਹਾਂ ਕਿਹਾ ਕਿ ਕਾਂਗਰਸ ਪਾਰਟੀ ਨੇ ਚੋਣਾਂ ਸਮੇਂ ਘਰ-ਘਰ ਨੌਕਰੀ ਦਾ ਵਾਅਦਾ ਕੀਤਾ ਸੀ, ਪਰ ਘਰ-ਘਰ ਤਾਂ ਦੂਰ ਦੀ ਗੱਲ, ਪ੍ਰਵਾਨਿਤ ਅਸਾਮੀਆਂ ਵੀ ਨਹੀਂ ਭਰੀਆਂ ਜਾ ਰਹੀਆਂ। ਸਰਕਾਰ ਦੇ ਨਾਲ-ਨਾਲ ਵਿਰੋਧੀ ਪਾਰਟੀ ਦੇ ਨੁਮਾਇੰਦਿਆਂ ਨੇ ਵੀ ਉਨ੍ਹਾਂ ਦੀ ਸਾਰ ਨਹੀਂ ਲਈ। ਇਸ ਕਰਕੇ ਕਾਂਗਰਸ ਦੇ ਨਾਲ-ਨਾਲ ਉਨ੍ਹਾਂ ਵੱਲੋਂ ਦੂਜੀਆਂ ਪਾਰਟੀਆਂ ਦਾ ਵੀ ਵਿਰੋਧ ਕੀਤਾ ਗਿਆ ਹੈ। ਉਨ੍ਹਾਂ ਕਿਹਾ ਕਿ ਚੋਣਾਂ ਦੌਰਾਨ ਜੋ ਵੀ ਆਗੂ ਵੋਟਾਂ ਮੰਗਣ ਆ ਰਹੇ ਹਨ, ਉਨ੍ਹਾਂ ਦਾ ਘਿਰਾਓ ਕਰਕੇ ਆਪਣੇ ਰੁਜ਼ਗਾਰ ਲਈ ਸਵਾਲ ਕੀਤੇ ਜਾ ਰਹੇ ਹਨ। ਰੁਜ਼ਗਾਰ ਮਿਲਣ ਤੱਕ ਇਹ ਸੰਘਰਸ਼ ਇਸੇ ਤਰ੍ਹਾਂ ਜਾਰੀ ਰਹੇਗਾ।

## ਕਾਂਗਰਸ ਤੇ ਅਕਾਲੀਆਂ ਦੇ ਰਾਜ 'ਚ ਨੌਜਵਾਨ ਨਸ਼ਿਆਂ 'ਚ ਹੋਏ ਗਰਕ: ਖਹਿਰਾ

**ਰੂਪਨਗਰ:** ਪੰਜਾਬ ਏਕਤਾ ਪਾਰਟੀ ਦੇ ਪ੍ਰਧਾਨ ਸੁਖਪਾਲ ਸਿੰਘ ਖਹਿਰਾ ਨੇ ਕਿਹਾ ਕਿ ਸੂਬੇ ਦੇ ਲੋਕ ਸ਼੍ਰੋਮਣੀ ਅਕਾਲੀ ਦਲ ਭਾਜਪਾ ਗਠਜੋੜ ਅਤੇ ਕਾਂਗਰਸ ਦੀ ਕਾਰਜਸ਼ੈਲੀ ਤੋਂ ਤੰਗ ਆ ਚੁੱਕੇ ਹਨ। ਉਨ੍ਹਾਂ ਕਿਹਾ ਕਿ ਇਨ੍ਹਾਂ ਪਾਰਟੀਆਂ ਨੇ ਵਾਰੋ ਵਾਰੀ ਸੱਤਾ ਭੋਗੀ ਹੈ ਅਤੇ ਜਨਤਾ ਦੀਆਂ ਮੰਗਾਂ ਅਤੇ ਮੁਸ਼ਕਲਾਂ ਨੂੰ ਹੱਲ ਕਰਨ ਲਈ ਧਿਆਨ ਨਹੀਂ ਦਿੱਤਾ, ਜਿਸ ਕਾਰਨ ਹੀ ਪਿਛਲੇ ਲੰਮੇ ਸਮੇਂ ਤੋਂ ਮਾਫੀਆ ਰਾਜ ਦਾ ਕਬਜ਼ਾ ਹੈ। ਉਨ੍ਹਾਂ ਕਿਹਾ ਕਿ ਕਾਂਗਰਸ, ਸ਼੍ਰੋਮਣੀ ਅਕਾਲੀ ਦਲ ਨੇ ਪੰਜਾਬ ਨੂੰ ਕੰਗਾਲ ਬਣਾ ਕੇ ਰੱਖ ਦਿੱਤਾ ਹੈ ਅਤੇ ਨੌਜਵਾਨੀ ਨਸ਼ਿਆਂ ਵਿਚ ਗਰਕ ਹੋ ਰਹੀ ਹੈ।

# ਕੈਪਟਨ ਦੀ ਜੱਫੀ ਨੇ ਕੇ.ਪੀ. ਦੇ ਗਿਲੇ-ਸ਼ਿਕਵੇ ਕੀਤੇ ਦੂਰ

**ਜਲੰਧਰ:** ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਕਾਂਗਰਸ ਨੂੰ ਇਕਜੁੱਟ ਕਰਨ ਦੇ ਇਰਾਦੇ ਨਾਲ ਸਾਬਕਾ ਮੰਤਰੀ ਤੇ ਕਾਂਗਰਸ ਦੇ ਸੀਨੀਅਰ ਆਗੂ ਮਹਿੰਦਰ ਸਿੰਘ ਕੇਪੀ ਦੇ ਘਰ ਉਨ੍ਹਾਂ ਨੂੰ ਜੱਫੀ ਪਾ ਕੇ ਸਾਰੇ ਗਿਲੇ ਸ਼ਿਕਵੇ ਦੂਰ ਕਰ ਦਿੱਤੇ।



ਕੇਪੀ ਦੀ ਮਾਡਲ ਟਾਊਨ ਸਥਿਤ ਰਿਹਾਇਸ਼ 'ਤੇ ਪਹੁੰਚੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਕਿਹਾ ਕਿ ਉਹ ਪੁਰਾਣੇ ਦੋਸਤ ਹਨ ਤੇ ਉਨ੍ਹਾਂ ਨੂੰ ਮਿਲਣ ਆਏ ਹਨ। ਉਹ ਸਾਰੀਆਂ ਗੱਲਾਂ ਉਨ੍ਹਾਂ ਨਾਲ ਕਰ ਚੁੱਕੇ ਹਨ। ਮੁੱਖ ਮੰਤਰੀ ਨੇ ਕੇਪੀ ਦੀਆਂ ਸਿਫਤਾਂ ਕਰਦਿਆਂ ਕਿਹਾ ਕਿ ਉਹ ਸੀਨੀਅਰ ਆਗੂ ਹਨ ਤੇ ਕਾਂਗਰਸ ਵਰਕਿੰਗ ਕਮੇਟੀ ਦੇ ਮੈਂਬਰ ਅਤੇ ਪੰਜਾਬ ਕਾਂਗਰਸ ਕਮੇਟੀ ਦੇ ਪ੍ਰਧਾਨ ਰਹੇ ਹਨ। ਹੁਣ ਸ੍ਰੀ ਕੇਪੀ ਮਿਸ਼ਨ-13 ਲਈ ਡਟ ਕੇ ਕੰਮ ਕਰਨਗੇ।

ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਮਹਿੰਦਰ ਸਿੰਘ ਕੇਪੀ ਨੂੰ ਨਾਲ ਲੈ ਕੇ ਹੀ ਚੌਧਰੀ ਸੰਤੋਖ ਸਿੰਘ ਦੇ ਨਾਮਜ਼ਦਗੀ ਪੱਤਰ ਭਰੇ। ਇਸ ਮੌਕੇ ਸਿਰਫ ਪੰਜ ਜਣੇ ਹੀ ਉਨ੍ਹਾਂ ਦੇ ਨਾਲ ਗਏ, ਜਿਨ੍ਹਾਂ ਵਿਚ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ, ਚੌਧਰੀ ਸੰਤੋਖ ਸਿੰਘ, ਮਹਿੰਦਰ ਸਿੰਘ ਕੇਪੀ, ਚੌਧਰੀ ਬਿਕਰਮਜੀਤ ਸਿੰਘ ਅਤੇ ਸ੍ਰੀਮਤੀ ਬਿਕਰਮਜੀਤ ਸਿੰਘ ਚੌਧਰੀ ਸ਼ਾਮਿਲ ਸਨ। ਜਦੋਂ ਨਾਮਜ਼ਦਗੀ ਪੱਤਰ 'ਤੇ ਚੌਧਰੀ ਸੰਤੋਖ ਸਿੰਘ ਦਸਤਖਤ ਕਰਨ ਲੱਗੇ ਤਾਂ ਉਨ੍ਹਾਂ ਕੋਲ ਪੈੱਨ ਨਹੀਂ ਸੀ ਤਾਂ ਉਨ੍ਹਾਂ ਦੇ ਨਾਲ ਖੜ੍ਹੇ ਸ੍ਰੀ ਕੇਪੀ ਨੇ ਆਪਣਾ ਪੈੱਨ ਕੱਢ ਕੇ ਉਨ੍ਹਾਂ ਨੂੰ ਦਿੱਤਾ। ਨਾਮਜ਼ਦਗੀ ਦਾਖਲ ਕਰਨ ਮਗਰੋਂ ਸਾਰੇ ਆਗੂ ਸਿੱਧੇ ਹੀ ਚੋਣ ਰੈਲੀ ਵਾਲੀ ਥਾਂ 'ਤੇ ਪੁੱਜੇ। ਚੌਧਰੀ ਸੰਤੋਖ ਸਿੰਘ ਨੇ ਆਪਣੇ ਭਾਸ਼ਣ ਦੌਰਾਨ ਇਕ ਵਾਰੀ ਮਹਿੰਦਰ ਸਿੰਘ ਕੇਪੀ ਦਾ ਜ਼ਿਕਰ ਕੀਤਾ। ਸਮਾਗਮ ਦੇ ਅਖੀਰ ਵਿਚ ਮਹਿੰਦਰ ਸਿੰਘ ਕੇਪੀ ਦੀ ਧੰਨਵਾਦ ਕਰਨ ਲਈ ਜ਼ਿੰਮੇਵਾਰੀ ਲਾਈ ਗਈ ਸੀ, ਪਰ ਉਨ੍ਹਾਂ ਨੇ ਬਿਨਾਂ ਕੁਝ ਕਹੇ ਹੱਥ ਹਿਲਾ ਕੇ ਹੀ ਧੰਨਵਾਦ ਕੀਤਾ।

ਸ੍ਰੀ ਕੇਪੀ ਨੇ ਕਿਹਾ ਕਿ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਉਨ੍ਹਾਂ ਦੇ ਸਤਿਕਾਰਤ ਆਗੂ ਹਨ। ਉਨ੍ਹਾਂ ਦਾ ਪਰਿਵਾਰ 60 ਸਾਲ ਤੋਂ ਕਾਂਗਰਸ ਨਾਲ ਜੁੜਿਆ ਹੋਇਆ ਹੈ। ਪੰਜਾਬ 'ਚ ਅਮਨ ਸ਼ਾਂਤੀ ਦੀ ਖਾਤਰ ਉਨ੍ਹਾਂ ਦੇ ਪਿਤਾ ਦਰਸ਼ਨ ਸਿੰਘ ਕੇਪੀ ਨੇ ਕੁਰਬਾਨੀ ਦਿੱਤੀ ਸੀ। ਟਿਕਟ ਨਾ ਮਿਲਣ 'ਤੇ ਜਿਹੜੀ ਪਰੇਸ਼ਾਨੀ ਨਜ਼ਰ ਆਈ ਸੀ, ਉਹ ਜਮਹੂਰੀ ਢੰਗ ਨਾਲ ਉਨ੍ਹਾਂ ਪਾਰਟੀ ਅੰਦਰ ਰੱਖੀ। ਪਾਰਟੀ ਨੇ ਉਨ੍ਹਾਂ ਨੂੰ ਬਹੁਤ ਸਾਰੇ ਅਹੁਦੇ ਦੇ ਕੇ ਮਾਣ ਬਖਸ਼ਿਆ ਹੈ, ਉਹ ਇਸ ਕਰਜ਼ ਨੂੰ ਉਤਾਰਨ ਲਈ ਜਲੰਧਰ ਤੋਂ ਕਾਂਗਰਸ ਦੀ ਜਿੱਤ ਯਕੀਨੀ ਬਣਾਉਣ ਲਈ ਕੰਮ ਕਰਨਗੇ।

# ਹਰਦੀਪ ਸਿੰਘ ਪੁਰੀ ਲਈ ਅੰਮ੍ਰਿਤਸਰ ਤੋਂ ਜਿੱਤ ਦਾ ਰਾਹ ਔਖਾ

**ਅੰਮ੍ਰਿਤਸਰ:** ਭਾਜਪਾ ਵੱਲੋਂ ਅੰਮ੍ਰਿਤਸਰ ਸੰਸਦੀ ਹਲਕੇ ਤੋਂ ਕੇਂਦਰੀ ਮੰਤਰੀ ਹਰਦੀਪ ਸਿੰਘ ਪੁਰੀ ਨੂੰ ਅਕਾਲੀ ਭਾਜਪਾ ਗੱਠਜੋੜ ਦਾ ਉਮੀਦਵਾਰ ਬਣਾਇਆ ਗਿਆ ਹੈ ਪਰ ਪੰਜਾਬ ਤੋਂ ਬਾਹਰੋਂ ਆਏ ਹੋਣ ਕਾਰਨ ਭਾਜਪਾ ਉਮੀਦਵਾਰ ਲਈ ਇਸ ਸੰਸਦੀ ਹਲਕੇ ਵਿਚ ਜਿੱਤ ਦਾ ਰਾਹ ਸੌਖਾ ਨਹੀਂ ਹੋਵੇਗਾ।

ਇਸ ਵੇਲੇ ਮੈਦਾਨ ਵਿਚ ਕਾਂਗਰਸ ਦੇ ਗੁਰਜੀਤ ਸਿੰਘ ਔਜਲਾ, ਆਮ ਆਦਮੀ ਪਾਰਟੀ ਦੇ ਕੁਲਦੀਪ ਸਿੰਘ ਧਾਲੀਵਾਲ ਅਤੇ ਪੰਜਾਬ ਜਮਹੂਰੀ ਗੱਠਜੋੜ ਵੱਲੋਂ ਸੀ.ਪੀ.ਆਈ. ਆਗੂ ਦਸਵਿੰਦਰ ਕੌਰ ਮੈਦਾਨ ਵਿਚ ਹਨ। ਇਹ ਸਾਰੇ ਹੀ ਉਮੀਦਵਾਰ ਅੰਮ੍ਰਿਤਸਰ ਨਾਲ ਸਬੰਧਤ ਹਨ। ਭਾਜਪਾ ਵੱਲੋਂ ਵੀ ਹੁਣ ਤੱਕ ਚਾਰ ਵਾਰ ਇਸ



ਹਲਕੇ ਤੋਂ ਜਿੱਤ ਪ੍ਰਾਪਤ ਕੀਤੀ ਗਈ ਹੈ ਅਤੇ ਚਾਰੋਂ ਵਾਰ ਸਿੱਖ ਉਮੀਦਵਾਰਾਂ ਨੇ ਹੀ ਜਿੱਤ ਪ੍ਰਾਪਤ ਕੀਤੀ ਸੀ। ਇਸੇ ਕਰ ਕੇ ਇਸ ਵਾਰ ਵੀ ਭਾਜਪਾ ਵੱਲੋਂ ਸਿੱਖ ਉਮੀਦਵਾਰ ਦੀ ਹੀ ਭਾਲ ਕੀਤੀ ਜਾ ਰਹੀ ਸੀ। ਸ੍ਰੀ ਹਰਦੀਪ ਸਿੰਘ ਪੁਰੀ ਦੇ ਨਾਂ ਦਾ ਐਲਾਨ ਹੋਣ ਤੋਂ ਪਹਿਲਾਂ ਸਥਾਨਕ ਆਗੂ ਰਜਿੰਦਰ ਮੋਹਨ ਸਿੰਘ ਛੀਨਾ ਇਸ ਸੀਟ ਲਈ ਵੱਡੇ ਦਾਅਵੇਦਾਰ ਸਨ ਪਰ ਉਨ੍ਹਾਂ ਨੂੰ ਟਿਕਟ ਨਹੀਂ ਦਿੱਤੀ ਗਈ। ਨਾਂ ਨਾ ਛਾਪਣ ਦੀ ਸ਼ਰਤ 'ਤੇ ਕਈ ਭਾਜਪਾ ਆਗੂਆਂ ਨੇ ਮੰਨਿਆ ਕਿ ਬਾਹਰੋਂ ਲਿਆਂਦੇ ਉਮੀਦਵਾਰ ਦਾ ਭਾਜਪਾ ਨੂੰ ਨੁਕਸਾਨ ਹੋਵੇਗਾ। ਉਨ੍ਹਾਂ ਇਸ ਸਬੰਧ ਵਿਚ 2014 ਵਿਚ ਅਰੁਣ ਜੇਤਲੀ ਦੀ ਹੋਈ ਹਾਰ ਦਾ ਵੀ ਹਵਾਲਾ ਦਿੱਤਾ ਹੈ।

ਇਸ ਬਾਰੇ ਗੱਲ ਕਰਦਿਆਂ ਭਾਜਪਾ ਆਗੂ ਰਜਿੰਦਰ ਮੋਹਨ ਸਿੰਘ ਛੀਨਾ ਨੇ ਆਖਿਆ ਕਿ ਉਨ੍ਹਾਂ ਨੂੰ ਭਾਜਪਾ ਹਾਈਕਮਾਂਡ ਵੱਲੋਂ ਇਹ ਕਹਿ ਕੇ ਹਰੀ ਝੰਡੀ ਦਿੱਤੀ ਗਈ ਸੀ ਕਿ ਉਹ ਹਲਕੇ ਵਿਚ ਚੋਣ ਪ੍ਰਚਾਰ ਲਈ ਕੰਮ ਸ਼ੁਰੂ ਕਰਨ, ਜਿਸ ਤਹਿਤ ਉਨ੍ਹਾਂ ਕੰਮ ਸ਼ੁਰੂ ਵੀ ਕਰ ਦਿੱਤਾ ਸੀ। ਉਨ੍ਹਾਂ ਪਾਰਟੀ ਦੇ ਫੈਸਲੇ 'ਤੇ ਕੋਈ ਨਾਰਾਜ਼ਗੀ ਦਾ ਇਜ਼ਹਾਰ ਨਹੀਂ ਕੀਤਾ ਅਤੇ ਆਖਿਆ ਕਿ ਉਹ ਪਾਰਟੀ ਦੇ ਫੈਸਲੇ ਦਾ ਸਨਮਾਨ ਕਰਦੇ ਹਨ। ਇਸ ਦੌਰਾਨ ਭਾਜਪਾ ਦੇ ਸੂਬਾਈ ਪ੍ਰਧਾਨ ਸ਼ਵੇਤ ਮਲਿਕ ਨੇ ਆਖਿਆ ਕਿ ਹਰਦੀਪ ਸਿੰਘ ਪੁਰੀ ਦਾ ਅੰਮ੍ਰਿਤਸਰ ਤੋਂ ਲੋਕ ਸਭਾ ਚੋਣ ਲੜਨ ਲਈ ਆਉਣਾ ਅੰਮ੍ਰਿਤਸਰ ਵਾਸੀਆਂ ਲਈ ਲਾਹੇਵੰਦ ਹੋਵੇਗਾ। ਉਹ ਕੇਂਦਰ ਵਿਚ ਵਜ਼ੀਰ ਰਹਿ ਚੁੱਕੇ ਹਨ ਅਤੇ ਸ਼ਹਿਰੀ ਵਿਕਾਸ ਬਾਰੇ ਉਨ੍ਹਾਂ ਕੋਲ ਵੱਡਾ ਤਜਰਬਾ ਵੀ ਹੈ। ਦੂਜੇ ਪਾਸੇ ਕਾਂਗਰਸੀ ਉਮੀਦਵਾਰ ਗੁਰਜੀਤ ਸਿੰਘ ਔਜਲਾ ਨੇ ਭਾਜਪਾ ਉਮੀਦਵਾਰ ਨੂੰ ਪੈਰਾਸ਼ੂਟ ਰਾਹੀਂ ਉਤਾਰੇ ਉਮੀਦਵਾਰ ਕਰਾਰ ਦਿੰਦਿਆਂ ਆਖਿਆ ਕਿ ਸ੍ਰੀ ਪੁਰੀ ਨੇ ਸ਼ਹਿਰੀ ਵਿਕਾਸ ਮੰਤਰੀ ਹੋਣ ਦੇ ਬਾਵਜੂਦ ਗੁਰੂ ਨਗਰੀ ਦੇ ਵਿਕਾਸ ਲਈ ਕੁਝ ਵਿਸ਼ੇਸ਼ ਨਹੀਂ ਕੀਤਾ ਹੈ। ਉਹ ਪੰਜ ਸਾਲ ਕੇਂਦਰੀ ਮੰਤਰੀ ਰਹੇ ਹਨ ਪਰ ਅੰਮ੍ਰਿਤਸਰ ਵਿਚ ਉਨ੍ਹਾਂ ਦੀ ਆਮਦ ਇਕ ਮਹਿਮਾਨ ਵਜੋਂ ਹੀ ਹੋਈ ਹੈ।

# ਕਾਂਗਰਸ ਨੇ ਬਠਿੰਡਾ ਤੋਂ ਰਾਜਾ ਵੜਿੰਗ ਤੇ ਫਿਰੋਜ਼ਪੁਰ ਤੋਂ ਘੁਬਾਇਆ ਨੂੰ ਮੈਦਾਨ ਵਿਚ ਉਤਾਰਿਆ

**ਨਵੀਂ ਦਿੱਲੀ:** ਕਾਂਗਰਸ ਨੇ ਇੰਡੀਅਨ ਯੂਥ ਕਾਂਗਰਸ ਦੇ ਸਾਬਕਾ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਨੂੰ ਬਠਿੰਡਾ ਲੋਕ ਸਭਾ ਹਲਕੇ ਤੋਂ ਆਪਣਾ ਉਮੀਦਵਾਰ ਐਲਾਨ ਦਿੱਤਾ ਹੈ। ਕਾਂਗਰਸ ਦੀ ਕੇਂਦਰੀ ਚੋਣ ਕਮੇਟੀ ਤੇ ਏ.ਆਈ.ਸੀ.ਸੀ. ਦੇ ਜਨਰਲ ਸਕੱਤਰ ਮੁਕੁਲ ਵਸਨੀਕ ਵਲੋਂ ਜਾਰੀ ਕੀਤੀ ਪਾਰਟੀ ਉਮੀਦਵਾਰਾਂ ਦੀ ਸੂਚੀ ਮੁਤਾਬਿਕ ਫਿਰੋਜ਼ਪੁਰ ਲੋਕ ਸਭਾ ਹਲਕੇ ਤੋਂ ਸ਼ੇਰ ਸਿੰਘ ਘੁਬਾਇਆ ਨੂੰ ਉਮੀਦਵਾਰ ਵਜੋਂ ਉਤਾਰਿਆ ਹੈ। ਇਨ੍ਹਾਂ ਉਮੀਦਵਾਰਾਂ ਦੇ ਐਲਾਨ ਦੇ ਨਾਲ ਹੀ ਕਾਂਗਰਸ ਨੇ ਹੁਣ ਤੱਕ 409 ਉਮੀਦਵਾਰਾਂ ਨੂੰ ਮੈਦਾਨ 'ਚ ਉਤਾਰ ਦਿੱਤਾ ਹੈ।

ਬਠਿੰਡਾ ਸੀਟ ਤੋਂ ਜਿੱਥੇ ਕਾਂਗਰਸ ਨੇ ਰਾਜਾ ਵੜਿੰਗ 'ਤੇ ਭਰੋਸਾ ਜਤਾਇਆ ਹੈ, ਉੱਥੇ ਹੀ ਸ਼੍ਰੋਮਣੀ ਅਕਾਲੀ ਦਲ ਨੇ ਇੱਥੇ ਹਾਲੇ ਤੱਕ ਕੋਈ ਵੀ ਉਮੀਦਵਾਰ ਨਹੀਂ ਉਤਾਰਿਆ। ਕਿਆਸਰਾਈਆਂ ਲਗਾਈਆਂ ਜਾ ਰਹੀਆਂ ਹਨ ਕਿ ਬਠਿੰਡਾ ਤੋਂ ਪ੍ਰਕਾਸ਼ ਸਿੰਘ ਬਾਦਲ ਚੋਣ ਲੜ ਸਕਦੇ ਹਨ। ਜਦੋਂ ਕਿ 'ਆਪ' ਨੇ ਇਸ ਹਲਕੇ ਤੋਂ ਬਲਜਿੰਦਰ ਕੌਰ ਨੂੰ ਉਮੀਦਵਾਰ ਉਤਾਰਿਆ ਹੈ।

ਦੂਜੇ ਪਾਸੇ ਫਿਰੋਜ਼ਪੁਰ ਤੋਂ ਐਲਾਨੇ ਗਏ ਕਾਂਗਰਸੀ ਉਮੀਦਵਾਰ ਸ਼ੇਰ ਸਿੰਘ ਘੁਬਾਇਆ ਨੇ ਪਿਛਲੀਆਂ 2014 ਦੀਆਂ ਲੋਕ ਸਭਾ ਚੋਣਾਂ ਦੌਰਾਨ ਸ਼੍ਰੋਮਣੀ ਅਕਾਲੀ ਦਲ ਵਲੋਂ ਚੋਣ ਲੜੀ ਸੀ, ਪਰ ਹੁਣ ਉਨ੍ਹਾਂ ਅਕਾਲੀ ਦਲ ਛੱਡ ਕੇ ਕਾਂਗਰਸ ਦਾ ਪੱਲਾ ਫੜ ਲਿਆ ਸੀ। ਫਿਰੋਜ਼ਪੁਰ ਤੋਂ ਵੀ ਅਕਾਲੀ ਦਲ ਨੇ ਅਜੇ ਤੱਕ ਉਮੀਦਵਾਰ ਨਹੀਂ ਐਲਾਨਿਆ। ਪੰਜਾਬ 'ਚ ਚੋਣਾਂ 7ਵੇਂ ਤੇ ਆਖਰੀ ਪੜਾਅ ਦੌਰਾਨ 19 ਮਈ ਨੂੰ ਹੋਣੀਆਂ ਹਨ।

ਸ੍ਰੀ ਮੁਕਤਸਰ ਸਾਹਿਬ ਦੇ ਵਾਸੀ ਅਮਰਿੰਦਰ ਸਿੰਘ ਰਾਜਾ ਵੜਿੰਗ, ਗਿੱਦੜਬਾਹਾ ਹਲਕੇ ਤੋਂ ਲਗਾਤਾਰ ਦੂਜੀ ਵਾਰ ਵਿਧਾਇਕ ਹਨ, ਯੂਥ ਕਾਂਗਰਸ ਦੇ ਕੌਮੀ ਪ੍ਰਧਾਨ ਵਜੋਂ ਵੀ ਸੇਵਾਵਾਂ ਨਿਭਾਅ ਚੁੱਕੇ ਹਨ ਅਤੇ ਉਹ ਕਾਂਗਰਸ ਪ੍ਰਧਾਨ ਰਾਹੁਲ ਗਾਂਧੀ ਦੇ ਨੇੜਲੇ ਸਾਥੀ ਹਨ।





ਵੜਿੰਗ ਯੂਥ ਕਾਂਗਰਸ ਦੇ ਵੱਖ-ਵੱਖ ਅਹੁਦਿਆਂ ਤੋਂ ਇਲਾਵਾ ਮੁੱਖ ਬੁਲਾਰੇ ਵੀ ਬਣੇ। ਉਨ੍ਹਾਂ ਦੀ ਕਾਬਲੀਅਤ ਨੂੰ ਵੇਖਦੇ ਹੋਏ ਰਾਹੁਲ ਗਾਂਧੀ ਵੱਲੋਂ ਦਸੰਬਰ, 2014 'ਚ ਆਲ ਇੰਡੀਆ ਯੂਥ ਕਾਂਗਰਸ ਦਾ ਪ੍ਰਧਾਨ ਥਾਪਿਆ ਗਿਆ ਅਤੇ ਇਸ ਅਹੁਦੇ 'ਤੇ ਮਈ, 2018 ਤੱਕ ਰਹੇ। ਵੜਿੰਗ ਨੇ ਪਹਿਲੀ ਵਾਰ 2012 ਦੀ ਵਿਧਾਨ ਸਭਾ ਚੋਣਾਂ 'ਚ ਪੀ.ਪੀ.ਪੀ. ਦੇ ਗਿੱਦੜਬਾਹਾ ਤੋਂ ਉਮੀਦਵਾਰ ਮਨਪ੍ਰੀਤ ਸਿੰਘ ਬਾਦਲ ਨੂੰ ਹਰਾਇਆ ਸੀ ਅਤੇ ਇਸ ਤੋਂ ਬਾਅਦ 2017 ਦੀਆਂ ਵਿਧਾਨ ਸਭਾ ਚੋਣਾਂ 'ਚ ਵੀ ਗਿੱਦੜਬਾਹਾ ਤੋਂ ਹੀ ਕਾਂਗਰਸ ਨੇ ਮੁੜ ਪਾਰਟੀ ਦੀ ਟਿਕਟ ਦਿੱਤੀ ਅਤੇ ਉਹ ਅਕਾਲੀ ਦਲ ਦੇ ਉਮੀਦਵਾਰ ਹਰਦੀਪ ਸਿੰਘ ਡਿੰਪੀ ਢਿੱਲੋਂ ਨੂੰ ਹਰਾ ਕੇ ਦੂਜੀ ਵਾਰ ਵਿਧਾਇਕ ਬਣੇ।

# ਤੀਜੇ ਗੇੜ ਦੇ 570 ਉਮੀਦਵਾਰਾਂ ਖਿਲਾਫ ਅਪਰਾਧਕ ਕੇਸ

**ਨਵੀਂ ਦਿੱਲੀ:** ਲੋਕ ਸਭਾ ਚੋਣਾਂ ਦੇ ਤੀਜੇ ਗੇੜ ਵਿਚ ਚੋਣ ਲੜ ਰਹੇ ਕੁੱਲ 1,612 ਉਮੀਦਵਾਰਾਂ ਵਿਚੋਂ 570 ਨੇ ਆਪਣੇ ਖਿਲਾਫ ਅਪਰਾਧਕ ਮਾਮਲੇ ਦਰਜ ਹੋਣ ਦਾ ਖੁਲਾਸਾ ਕੀਤਾ ਹੈ। ਐਸੋਸੀਏਸ਼ਨ ਆਫ ਡੈਮੋਕ੍ਰੇਟਿਕ ਰਿਫਾਰਮਜ਼ (ਏ.ਡੀ.ਆਰ.) ਨੇ ਇਹ ਡੇਟਾ ਉਮੀਦਵਾਰਾਂ ਦੇ ਹਲਫਨਾਮਿਆਂ ਦੇ ਆਧਾਰ 'ਤੇ ਦਿੱਤਾ ਹੈ।

ਅੰਕੜਿਆਂ ਮੁਤਾਬਕ ਕਾਂਗਰਸ ਦੇ 90 ਵਿਚੋਂ 40 ਅਤੇ ਭਾਜਪਾ ਦੇ 97 ਵਿਚੋਂ 38 ਉਮੀਦਵਾਰਾਂ ਖਿਲਾਫ ਅਪਰਾਧਕ ਮਾਮਲੇ ਹਨ। ਸੀ.ਪੀ.ਐਮ. ਅਜਿਹੀ ਪਾਰਟੀ ਹੈ ਜਿਸ ਦੇ ਸਭ ਤੋਂ ਘੱਟ ਉਮੀਦਵਾਰਾਂ ਵਿਰੁੱਧ ਅਪਰਾਧਕ ਮਾਮਲੇ ਦਰਜ ਹਨ। 14 ਉਮੀਦਵਾਰਾਂ ਨੇ ਖੁਲਾਸਾ ਕੀਤਾ ਹੈ ਕਿ ਉਨ੍ਹਾਂ ਨੂੰ ਦੋਸ਼ੀ ਠਹਿਰਾਇਆ ਜਾ ਚੁੱਕਾ ਹੈ। ਤੇਰਾਂ ਉਮੀਦਵਾਰਾਂ ਨੇ ਉਨ੍ਹਾਂ ਵਿਰੁੱਧ ਕਤਲ ਕੇਸ ਦਰਜ ਹੋਣ, 29 ਖਿਲਾਫ ਬਲਾਤਕਾਰ ਤੇ ਔਰਤਾਂ 'ਤੇ ਅੱਤਿਆਚਾਰ, ਮਹਿਲਾਵਾਂ ਦਾ ਨਿਰਾਦਰ ਕਰਨ ਸਬੰਧੀ ਕੇਸ ਦਰਜ ਹਨ। 26 ਉਮੀਦਵਾਰਾਂ ਵਿਰੁੱਧ ਨਫਰਤ ਭਰੇ ਭਾਸ਼ਨ ਦੇਣ ਦੇ ਕੇਸ ਦਰਜ ਹਨ। ਅਜਿਹੇ ਹਲਕੇ ਜਿਥੇ ਤਿੰਨ ਜਾਂ ਉਸ ਤੋਂ ਵੱਧ ਉਮੀਦਵਾਰਾਂ ਨੇ ਉਨ੍ਹਾਂ ਖਿਲਾਫ ਅਪਰਾਧਕ ਮਾਮਲੇ ਹੋਣ ਦਾ ਖੁਲਾਸਾ ਕੀਤਾ ਹੈ, ਨੂੰ 'ਰੈੱਡ ਅਲਰਟ' ਵਰਗ ਵਿਚ ਰੱਖਿਆ ਗਿਆ ਹੈ। ਕੁੱਲ 392 ਉਮੀਦਵਾਰ ਕਰੋੜਪਤੀ ਹਨ। ਸਪਾ ਦੇ ਕੁਮਾਰ ਦੇਵੇਂਦਰ ਸਿੰਘ ਯਾਦਵ ਕੋਲ 204 ਕਰੋੜ ਰੁਪਏ ਦੀ ਸੰਪਤੀ ਹੈ।

# ਅਕਾਲੀਆਂ ਦੀ ਤੱਕੜੀ ਵਿਚ 'ਤੁਲੇ' ਜਗਮੀਤ ਸਿੰਘ ਬਰਾੜ

**ਸ੍ਰੀ ਮੁਕਤਸਰ ਸਾਹਿਬ:** ਆਲ ਇੰਡੀਆ ਕਾਂਗਰਸ ਵਰਕਿੰਗ ਕਮੇਟੀ ਦੇ ਮੈਂਬਰ ਰਹੇ ਜਗਮੀਤ ਸਿੰਘ ਬਰਾੜ ਨੇ ਅਕਾਲੀ ਦਲ ਦਾ ਪੱਲਾ ਫੜ ਲਿਆ ਹੈ। ਸ੍ਰੀ ਬਰਾੜ ਦੇ ਘਰ ਵਿਚ ਹੋਏ ਸਮਾਗਮ ਵਿਚ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ, ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ, ਕੇਂਦਰੀ ਮੰਤਰੀ ਹਰਸਿਮਰਤ ਕੌਰ ਬਾਦਲ ਤੇ ਸਾਬਕਾ ਮੰਤਰੀ ਬਿਕਰਮ ਸਿੰਘ ਮਜੀਠੀਆ ਸਣੇ ਹੋਰ ਅਕਾਲੀ ਆਗੂ ਮੌਜੂਦ ਸਨ।



ਇਸ ਮੌਕੇ ਜਗਮੀਤ ਸਿੰਘ ਬਰਾੜ ਨੇ ਕਿਹਾ ਕਿ ਉਨ੍ਹਾਂ ਨੇ ਕਾਂਗਰਸ ਦੀ ਕੇਂਦਰ ਵਿਚ ਵੱਡੀ ਹਾਰ ਤੋਂ ਬਾਅਦ ਕਾਂਗਰਸ ਨੂੰ ਮੰਥਨ ਕਰਨ ਲਈ ਆਖਿਆ ਸੀ ਤਾਂ ਜੋ ਲੋਕ ਸਭਾ ਦੀਆਂ 144 ਸੀਟਾਂ ਤੋਂ 44 ਸੀਟਾਂ 'ਤੇ ਸਿਮਟੀ ਪਾਰਟੀ ਸੁਧਾਰ ਕਰ ਸਕੇ ਪਰ ਬਜਾਏ ਮੰਥਨ ਦੇ ਉਨ੍ਹਾਂ ਨੂੰ ਪਾਰਟੀ ਵਿਚੋਂ ਬਾਹਰ ਕੱਢ ਦਿੱਤਾ ਗਿਆ। ਇਸੇ ਤਰ੍ਹਾਂ ਕਾਂਗਰਸ ਦੇ ਐਮ.ਪੀ. ਹੁੰਦਿਆਂ ਉਨ੍ਹਾਂ ਪਾਰਲੀਮੈਂਟ 'ਚ ਦਿੱਲੀ ਦੰਗਿਆਂ ਖਿਲਾਫ ਆਵਾਜ਼ ਉਠਾਈ ਸੀ ਤੇ ਸੱਜਣ ਕੁਮਾਰ ਤੇ ਟਾਈਟਲਰ ਦਾ ਵਿਰੋਧ ਕੀਤਾ ਸੀ, ਉਦੋਂ ਤੋਂ ਹੀ ਉਹ ਕਾਂਗਰਸ ਦੀਆਂ ਅੱਖਾਂ ਵਿਚ ਰੜਕਦੇ ਹਨ। ਉਨ੍ਹਾਂ ਕਿਹਾ ਕਿ ਉਨ੍ਹਾਂ ਲਈ ਜਦੋਂ ਸਾਰੇ ਸਿਆਸੀ ਰਸਤੇ ਬੰਦ ਹੋ ਗਏ ਤਾਂ ਉਨ੍ਹਾਂ ਨੂੰ ਅਕਾਲੀ ਦਲ 'ਚ ਸ਼ਾਮਲ ਕਰਨ 'ਤੇ ਉਹ ਸੁਖਬੀਰ ਸਿੰਘ ਬਾਦਲ ਦੇ ਧੰਨਵਾਦੀ ਹਨ ਅਤੇ ਹੁਣ ਅਕਾਲੀ ਦਲ ਉਨ੍ਹਾਂ ਨੂੰ ਜੋ ਵੀ ਜ਼ਿੰਮੇਵਾਰੀ ਦੇਵੇਗਾ, ਉਹ ਪੂਰੀ ਦ੍ਰਿੜ੍ਹਤਾ ਨਾਲ ਨਿਭਾਉਣਗੇ।

ਦੱਸ ਦਈਏ ਕਿ ਕਾਂਗਰਸ ਪਾਰਟੀ ਵਿਚ ਹਮੇਸ਼ਾ ਚਰਚਿਤ ਰਹੇ ਜਗਮੀਤ ਸਿੰਘ ਬਰਾੜ ਦੇ ਸ਼੍ਰੋਮਣੀ ਅਕਾਲੀ ਦਲ ਵਿਚ ਸ਼ਾਮਲ ਹੋਣ ਨਾਲ ਪੰਜਾਬ ਦੇ ਪੰਜ ਵਾਰ ਮੁੱਖ ਮੰਤਰੀ ਰਹੇ ਪ੍ਰਕਾਸ਼ ਸਿੰਘ ਬਾਦਲ ਨੂੰ ਚੋਣਾਂ 'ਚ ਹਰਾਉਣ ਦਾ ਸੁਪਨਾ ਅਧੂਰਾ ਰਹਿ ਗਿਆ। ਸ੍ਰੀ ਬਰਾੜ ਦਾ ਸਭ ਤੋਂ ਵੱਡਾ ਸਨਮਾਨ 23 ਮਾਰਚ 1994 ਨੂੰ ਮਾਨਸਾ ਵਿਚ ਇਕ ਵੱਡੀ ਰੈਲੀ ਦੌਰਾਨ ਫੀਅਟ ਐਨ.ਈ.-118 ਕਾਰ ਨਾਲ ਸਨਮਾਨਤ ਕਰਕੇ ਕੀਤਾ ਗਿਆ ਸੀ ਅਤੇ ਇਹ ਰੈਲੀ ਤਤਕਾਲੀ ਮੁੱਖ ਮੰਤਰੀ ਮਰਹੂਮ ਬੇਅੰਤ ਸਿੰਘ ਦੇ ਵਿਰੋਧ ਦੇ ਬਾਵਜੂਦ ਕੀਤੀ ਗਈ ਸੀ।

ਇਸ ਦੌਰਾਨ ਕਾਂਗਰਸ ਨਾਲ ਮਤਭੇਦ ਕਬੂਲਦਿਆਂ ਸ੍ਰੀ ਬਰਾੜ ਨੇ ਆਪਣਾ ਸਭ ਤੋਂ ਵੱਡਾ ਸਿਆਸੀ ਦੁਸ਼ਮਣ ਬਾਦਲ ਪਰਿਵਾਰ ਨੂੰ ਦੱਸਿਆ ਸੀ। ਸਾਲ 1999 ਵਿਚ ਸੰਸਦੀ ਚੋਣਾਂ ਦੌਰਾਨ ਜਗਮੀਤ ਬਰਾੜ ਨੇ ਸੁਖਬੀਰ ਸਿੰਘ ਬਾਦਲ ਨੂੰ ਹਰਾ ਕੇ ਭਾਵੁਕ ਹੁੰਦਿਆਂ ਐਲਾਨ ਕੀਤਾ ਸੀ ਕਿ ਹੁਣ ਉਨ੍ਹਾਂ ਦੀ ਜ਼ਿੰਦਗੀ ਦਾ ਇਕੋ-ਇਕ ਸੁਪਨਾ ਵਿਧਾਨ ਸਭਾ ਚੋਣਾਂ ਵਿਚ ਪ੍ਰਕਾਸ਼ ਸਿੰਘ ਬਾਦਲ ਨੂੰ ਹਰਾਉਣਾ ਹੈ।

ਚੋਣ ਜਲਸਿਆਂ ਦੌਰਾਨ ਸ੍ਰੀ ਬਰਾੜ ਅਕਸਰ ਇਹ ਕਿਹਾ ਕਰਦੇ ਸਨ ਕਿ ਉਹ ਭਾਵੇਂ ਦੋ ਵਾਰ ਪ੍ਰਕਾਸ਼ ਸਿੰਘ ਬਾਦਲ ਤੋਂ ਵਿਧਾਨ ਸਭਾ ਦੀ ਚੋਣ ਹਾਰ ਚੁੱਕੇ ਹਨ, ਪਰ ਉਨ੍ਹਾਂ ਦੀ ਇਹ ਮਨ ਦੀ ਮੁਰਾਦ ਹੈ ਕਿ ਉਹ ਲੰਬੀ ਜਾਂ ਮਾਲਵੇ ਦੇ ਕਿਸੇ ਹੋਰ ਖੇਤਰ ਤੋਂ ਵੱਡੇ ਬਾਦਲ ਨੂੰ ਚੋਣ ਹਰਾਉਣ।

## 'ਆਪ' ਤੇ ਟਕਸਾਲੀਆਂ ਦੇ ਵੀ ਸੰਪਰਕ ਵਿਚ ਸੀ ਬਰਾੜ

**ਚੰਡੀਗੜ੍ਹ:** ਕਈ ਸਾਲ ਕਾਂਗਰਸ ਦੀ ਸੇਵਾ ਕਰਨ ਵਾਲੇ ਸਾਬਕਾ ਸੰਸਦ ਮੈਂਬਰ ਜਗਮੀਤ ਸਿੰਘ ਬਰਾੜ ਸ਼੍ਰੋਮਣੀ ਅਕਾਲੀ ਦਲ ਵਿਚ ਸ਼ਾਮਲ ਹੋਣ ਦਾ ਫੈਸਲਾ ਲੈਣ ਤੋਂ ਪਹਿਲਾਂ ਆਮ ਆਦਮੀ ਪਾਰਟੀ (ਆਪ) ਅਤੇ ਸ਼੍ਰੋਮਣੀ ਅਕਾਲੀ ਦਲ ਟਕਸਾਲੀ ਦੀ ਲੀਡਰਸ਼ਿਪ ਦੇ ਵੀ ਸੰਪਰਕ ਵਿਚ ਸਨ। ਸੂਤਰਾਂ ਅਨੁਸਾਰ ਪਿਛਲੇ ਸਮੇਂ ਤੋਂ ਸ੍ਰੀ ਬਰਾੜ ਦਿੱਲੀ ਵਿਚ ਡੇਰੇ ਲਾ ਕੇ ਕਾਂਗਰਸ ਵਿਚ ਬਿਨਾਂ ਸ਼ਰਤ ਵਾਪਸੀ ਕਰਨ ਦੇ ਯਤਨ ਵੀ ਕਰ ਰਹੇ ਸਨ ਪਰ ਹੁੰਗਾਰਾ ਨਾ ਮਿਲਣ 'ਤੇ ਉਨ੍ਹਾਂ ਲੋਕ ਸਭਾ ਚੋਣਾਂ ਵਿਚ ਘਰ ਬੈਠਣ ਦੀ ਥਾਂ ਨਵਾਂ ਸਿਆਸੀ ਆਲ੍ਹਣਾ ਪਾਉਣ ਦਾ ਫੈਸਲਾ ਕਰ ਲਿਆ। ਇਸ ਦੌਰਾਨ ਉਹ 'ਆਪ' ਦੀ ਲੀਡਰਸ਼ਿਪ ਦੇ ਲੰਮਾ ਸਮਾਂ ਸੰਪਰਕ ਵਿਚ ਰਹੇ ਤੇ 'ਆਪ' ਦਾ ਝਾੜੂ ਫੜਨ ਲਈ ਗੱਲਬਾਤ ਚਲਦੀ ਰਹੀ। ਸੂਤਰਾਂ ਅਨੁਸਾਰ 'ਆਪ' ਦੇ ਜਿਹੜੇ ਆਗੂ ਸਾਲ-2017 ਦੀਆਂ ਵਿਧਾਨ ਸਭਾ ਚੋਣਾਂ ਦੌਰਾਨ ਸ੍ਰੀ ਬਰਾੜ ਵੱਲੋਂ ਬਿਨਾਂ ਸ਼ਰਤ ਪਾਰਟੀ ਵਿਚ ਸ਼ਾਮਲ ਹੋਣ ਦੀਆਂ ਅਪੀਲਾਂ-ਦਲੀਲਾਂ ਨੂੰ ਠੁਕਰਾਉਂਦੇ ਰਹੇ ਸਨ, ਉਹੋ ਨੇਤਾ ਹੁਣ ਉਨ੍ਹਾਂ ਨੂੰ ਲੋਕ ਸਭਾ ਚੋਣਾਂ ਵਿਚ ਟਿਕਟ ਦੇਣ ਦੀ ਪੇਸ਼ਕਸ਼ ਕਰਦੇ ਰਹੇ ਹਨ। ਹੋਰ ਜਾਣਕਾਰੀ ਅਨੁਸਾਰ ਸ੍ਰੀ ਬਰਾੜ ਪਿਛਲੇ ਦਿਨਾਂ ਤੋਂ ਸ਼੍ਰੋਮਣੀ ਅਕਾਲੀ ਦਲ ਟਕਸਾਲੀ ਦੇ ਆਗੂਆਂ ਦੇ ਵੀ ਸੰਪਰਕ ਵਿਚ ਰਹੇ ਹਨ।

## ਬਰਾੜ ਸਿਆਸੀ ਵਜੂਦ ਬਚਾਉਣ ਲਈ ਅਕਾਲੀ ਬਣਿਆ: ਕੈਪਟਨ

**ਚੰਡੀਗੜ੍ਹ:** ਸਾਬਕਾ ਸੰਸਦ ਮੈਂਬਰ ਜਗਮੀਤ ਸਿੰਘ ਬਰਾੜ ਦੇ ਸ਼੍ਰੋਮਣੀ ਅਕਾਲੀ ਦਲ ਵਿਚ ਸ਼ਾਮਲ ਹੋਣ 'ਤੇ ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਕਿਹਾ ਕਿ ਕਾਂਗਰਸ ਵਿਚ ਵਾਪਸੀ ਦੇ ਸਾਰੇ ਰਸਤੇ ਬੰਦ ਹੋਣ ਤੋਂ ਬਾਅਦ ਆਪਣਾ ਸਿਆਸੀ ਵਜੂਦ ਬਚਾਉਣ ਲਈ ਉਸ (ਜਗਮੀਤ) ਨੇ ਆਖਰੀ ਹੰਭਲਾ ਮਾਰਿਆ ਹੈ।



ਪਿਛਲੇ ਕੁਝ ਹਫਤਿਆਂ ਤੋਂ ਸ੍ਰੀ ਬਰਾੜ ਪਾਸੋਂ ਪ੍ਰਾਪਤ ਹੋਏ ਵੱਟਸਐਪ ਸੰਦੇਸ਼ਾਂ ਦਾ ਜ਼ਿਕਰ ਕਰਦਿਆਂ ਕੈਪਟਨ ਨੇ ਕਿਹਾ ਕਿ ਬਰਾੜ ਸਿਆਸਤ ਵਿਚ ਵਾਪਸੀ ਲਈ ਅੱਡੀ-ਚੋਟੀ ਦਾ ਜ਼ੋਰ ਲਾ ਰਿਹਾ ਸੀ ਅਤੇ ਅਖੀਰ ਉਸ ਨੇ ਬਾਦਲਾਂ ਨਾਲ ਜਾਣ ਦਾ ਫੈਸਲਾ ਕੀਤਾ ਜਦਕਿ ਉਸ ਨੇ ਵਾਅਦਾ ਕੀਤਾ ਸੀ ਕਿ ਜੇਕਰ ਕਾਂਗਰਸ ਉਸ ਨੂੰ ਵਾਪਸ ਲੈਣ ਲਈ ਸਹਿਮਤ ਹੁੰਦੀ ਹੈ ਤਾਂ ਉਹ ਬਾਦਲਾਂ ਨਾਲ ਨਜਿੱਠਣਗੇ। ਉਨ੍ਹਾਂ ਕਿਹਾ ਕਿ ਬਰਾੜ ਦਾ ਆਪਣਾ ਸਿਆਸੀ ਏਜੰਡਾ ਹੈ ਅਤੇ ਉਸ ਲਈ ਉਹ ਕਿਸੇ ਵੀ ਹੱਦ ਤੱਕ ਜਾਣ ਲਈ ਤਿਆਰ ਹੈ।

# ਅਕਾਲੀ ਦਲ ਵੱਲੋਂ ਦੂਜੀਆਂ ਧਿਰਾਂ ਦੇ ਬਾਗੀਆਂ ਨੂੰ ਚੋਗਾ

**ਚੰਡੀਗੜ੍ਹ:** ਪੰਜਾਬ ਵਿਚ ਸਿਆਸੀ ਸੰਕਟ 'ਚੋਂ ਲੰਘ ਰਹੇ ਸ਼੍ਰੋਮਣੀ ਅਕਾਲੀ ਦਲ ਨੇ ਸੰਸਦੀ ਚੋਣਾਂ ਦੌਰਾਨ ਵਿਰੋਧੀ ਧਿਰਾਂ ਦੇ ਆਗੂਆਂ ਨੂੰ ਪਾਰਟੀ 'ਚ ਸ਼ਾਮਲ ਕਰਨ ਦੀ ਮੁਹਿੰਮ ਵਿੱਢੀ ਹੈ। ਪਿਛਲੇ ਸਵਾ ਦੋ ਸਾਲ ਦੌਰਾਨ ਕਾਂਗਰਸ ਅਤੇ ਆਮ ਆਦਮੀ ਪਾਰਟੀ (ਆਪ) ਦੇ ਕਈ ਆਗੂ ਅਕਾਲੀ ਦਲ 'ਚ ਸ਼ਾਮਲ ਹੋ ਚੁੱਕੇ ਹਨ। ਇਸ ਤੋਂ ਇਲਾਵਾ ਅਕਾਲੀ ਦਲ ਨੇ ਰੁੱਸਿਆਂ ਨੂੰ ਮਨਾਉਣ ਅਤੇ ਹੋਰਨਾਂ ਪਾਰਟੀਆਂ ਦੇ ਆਗੂਆਂ ਨੂੰ ਚੋਗਾ ਪਾਉਣਾ ਸ਼ੁਰੂ ਕਰ ਦਿੱਤਾ ਹੈ।

ਜਗਮੀਤ ਸਿੰਘ ਬਰਾੜ ਨੇ ਬਾਦਲ ਪਰਿਵਾਰ ਦਾ ਲੜ ਫੜ ਲਿਆ ਹੈ। ਦੂਜੇ ਪਾਸੇ ਕਾਂਗਰਸ 'ਚ ਹਾਲੇ ਤੱਕ ਕੋਈ ਵੱਡਾ ਸਿਆਸੀ ਆਗੂ ਸ਼ਾਮਲ ਨਹੀਂ ਹੋਇਆ। ਵਿਧਾਨ ਸਭਾ ਚੋਣਾਂ ਦੌਰਾਨ ਅਕਾਲੀ ਦਲ ਨੂੰ ਅਜਿਹਾ ਝਟਕਾ ਲੱਗਿਆ ਸੀ ਕਿ ਪਾਰਟੀ ਨੂੰ ਵਿਰੋਧੀ ਧਿਰ ਦਾ ਰੁਤਬਾ ਵੀ ਹਾਸਲ ਨਹੀਂ ਹੋ ਹੋਇਆ ਸੀ। ਅਕਾਲੀ ਦਲ ਦਾ ਦਾਅਵਾ ਹੈ ਕਿ ਸੱਤਾ 'ਚੋਂ ਬਾਹਰ ਹੋਣ ਮਗਰੋਂ ਹੁਣ ਤੱਕ 25 ਸਿਆਸੀ ਆਗੂ ਅਕਾਲੀ ਦਲ ਵਿਚ ਸ਼ਾਮਲ ਹੋਏ ਹਨ। ਇਨ੍ਹਾਂ ਵਿਚ 6 ਆਗੂ ਤਾਂ ਅਜਿਹੇ ਹਨ ਜਿਹੜੇ ਵਿਧਾਨ ਸਭਾ ਚੋਣਾਂ ਦੌਰਾਨ ਆਮ ਆਦਮੀ ਪਾਰਟੀ ਦੇ ਉਮੀਦਵਾਰ ਸਨ। ਇਸੇ ਤਰ੍ਹਾਂ ਕਾਂਗਰਸ ਦਾ ਇਕ ਉਮੀਦਵਾਰ ਵੀ ਸੱਤਾ ਦਾ ਸੁਖ ਛੱਡ ਕੇ ਅਕਾਲੀ ਦਲ ਵਿਚ ਸ਼ਾਮਲ ਹੋਇਆ। ਕੁੱਲ 25 ਸਿਆਸਤਦਾਨਾਂ ਵਿਚੋਂ 11 ਆਗੂ ਹਾਕਮ ਧਿਰ ਕਾਂਗਰਸ ਨਾਲ ਸਬੰਧਤ ਹਨ।

ਕਾਂਗਰਸ ਦੇ ਰਾਜ ਸਭਾ ਮੈਂਬਰ ਸ਼ਮਸ਼ੇਰ ਸਿੰਘ ਦੂਲੋ ਦੀ ਪਤਨੀ ਹਰਬੰਸ ਕੌਰ ਆਮ ਆਦਮੀ ਪਾਰਟੀ 'ਚ ਸ਼ਾਮਲ ਹੋ ਗਈ ਹੈ। ਇਸੇ ਤਰ੍ਹਾਂ ਸਾਬਕਾ ਸੰਸਦੀ ਮੈਂਬਰਾਂ ਮਹਿੰਦਰ ਸਿੰਘ ਕੇ.ਪੀ. ਅਤੇ ਸੰਤੋਸ਼ ਚੌਧਰੀ ਵੱਲੋਂ ਵੀ ਬਾਗੀ ਸੁਰ ਅਲਾਪੀ ਜਾ ਰਹੀ ਹੈ। ਕਾਂਗਰਸ ਸਰਕਾਰ ਵੱਲੋਂ ਪਿਛਲੇ ਦਸ ਸਾਲਾਂ ਦੌਰਾਨ ਗੱਠਜੋੜ ਸਰਕਾਰ ਵੇਲੇ ਸਿੰਜਾਈ ਵਿਭਾਗ ਸਮੇਤ ਅੱਧੀ ਦਰਜਨ ਵਿਭਾਗਾਂ ਵਿਚ ਹੋਏ ਵੱਡੇ ਘਪਲਿਆਂ ਉਪਰ ਪਰਦਾਪੋਸ਼ੀ ਵਾਲਾ ਰੁਖ ਅਪਣਾਉਣ ਮਗਰੋਂ ਅਕਾਲੀਆਂ ਦੇ ਹੌਸਲੇ ਬੁਲੰਦ ਹਨ। ਜ਼ਿਕਰਯੋਗ ਹੈ ਕਿ ਗੁਰਦਾਸਪੁਰ ਸੰਸਦੀ ਹਲਕੇ ਅਤੇ ਸ਼ਾਹਕੋਟ ਵਿਧਾਨ ਸਭਾ ਹਲਕੇ ਨਾਲ ਸਬੰਧਤ ਦਰਜਨਾਂ 'ਆਪ' ਨੇਤਾਵਾਂ ਨੇ ਅਕਾਲੀ ਦਲ ਵਿਚ ਸ਼ਮੂਲੀਅਤ ਕੀਤੀ ਸੀ। ਕਾਂਗਰਸੀ ਆਗੂਆਂ ਦਾ ਕਹਿਣਾ ਹੈ ਕਿ ਸੱਤਾ ਵਿਚ ਹੁੰਦੇ ਹੋਏ ਵੀ ਵਿਰੋਧੀ ਧਿਰ ਵਾਲੇ ਹਾਲਾਤ ਪੈਦਾ ਹੋਏ ਪਏ ਹਨ। ਪੰਜਾਬ ਵਿਚ ਸਾਲ 2017 ਦੌਰਾਨ ਕੈਪਟਨ ਅਮਰਿੰਦਰ ਸਿੰਘ ਦੀ ਅਗਵਾਈ ਹੇਠ ਕਾਂਗਰਸ ਸਰਕਾਰ ਹੋਂਦ 'ਚ ਆਈ ਤਾਂ ਸਰਕਾਰੀ ਦੀ ਕਾਰਗੁਜ਼ਾਰੀ ਉਤੇ ਆਪਣਿਆਂ (ਕਾਂਗਰਸੀਆਂ) ਨੇ ਹੀ ਸਵਾਲ ਖੜ੍ਹੇ ਕਰਨੇ ਸ਼ੁਰੂ ਨਹੀਂ ਕੀਤੇ ਸਗੋਂ ਅਕਾਲੀਆਂ ਨਾਲ ਰਲੇ ਹੋਣ ਦੇ ਦੋਸ਼ ਵੀ ਲੱਗਣ ਲੱਗੇ। ਕਾਂਗਰਸ ਦੇ ਇਕ ਸੀਨੀਅਰ ਆਗੂ ਦਾ ਕਹਿਣਾ ਹੈ ਕਿ ਵਿਰੋਧੀ ਪਾਰਟੀਆਂ ਅਤੇ ਕਾਂਗਰਸ ਨੇਤਾਵਾਂ ਦਾ ਅਕਾਲੀ ਦਲ ਵਿਚ ਜਾਣਾ ਵਾਕਿਆ ਹੀ ਚਿੰਤਾਜਨਕ ਹੈ, ਕਿਉਂਕਿ ਸਰਕਾਰ ਦਾ ਅਜੇ ਤਕਰੀਬਨ 3 ਸਾਲ ਦਾ ਸਮਾਂ ਬਾਕੀ ਹੈ ਤੇ ਅਕਸਰ ਸਿਆਸੀ ਲੋਕ ਕੰਮ ਕਾਰ ਕਰਾਉਣ ਲਈ ਹਾਕਮ ਪਾਰਟੀਆਂ ਵਿਚ ਹੀ ਸ਼ਮੂਲੀਅਤ ਕਰਦੇ ਰਹਿੰਦੇ ਹਨ

# ਡੇਰਾ ਸਿਰਸਾ ਨੇ ਵਿਖਾਇਆ ਸਿਆਸੀ ਧਿਰਾਂ ਨੂੰ ਦਮਖਮ

**ਬਠਿੰਡਾ:** ਡੇਰਾ ਸਿਰਸਾ ਨੇ ਬਠਿੰਡਾ ਹਲਕੇ 'ਚ ਸਿਆਸੀ ਧਿਰਾਂ ਨੂੰ ਦਮਖਮ ਵਿਖਾਇਆ ਹੈ। ਡੇਰਾ ਸਿਰਸਾ ਦੇ ਸਿਆਸੀ ਵਿੰਗ ਨੇ ਬਠਿੰਡਾ ਤੇ ਮਾਨਸਾ ਜ਼ਿਲ੍ਹੇ ਦੇ ਪੈਰੋਕਾਰਾਂ ਦਾ ਮਿੱਥ ਕੇ ਇਕੱਠ ਕੀਤਾ। ਡੇਰਾ ਸਿਰਸਾ ਨੇ ਗੁਆਚੀ ਸਾਖ ਦੀ ਬਹਾਲੀ ਲਈ ਅਤੇ ਸਿਆਸੀ ਪਿੜ 'ਚ ਪੁਰਾਣੀ ਧਾਕ ਦੀ ਕਾਇਮੀ ਲਈ ਲੋਕ ਸਭਾ ਹਲਕਾ ਵਾਰ ਪ੍ਰੋਗਰਾਮ ਸ਼ੁਰੂ ਕੀਤੇ ਹਨ। ਸ਼ੁਰੂਆਤ ਬਠਿੰਡਾ ਹਲਕੇ ਤੋਂ ਕੀਤੀ ਹੈ। ਪਹਿਲਾਂ ਡੇਰਾ ਮੀਡੀਆ ਤੋਂ ਦੂਰੀ ਵੱਟਦਾ ਸੀ, ਹੁਣ ਮੀਡੀਆ ਨੂੰ ਅਗਾਊਂ ਸੂਚਨਾ ਹੀ ਨਹੀਂ ਭੇਜ ਰਿਹਾ ਬਲਕਿ ਸਮਾਰੋਹਾਂ ਵਿਚ ਆਏ ਵਾਹਨਾਂ ਦੀ ਗਿਣਤੀ ਬਾਰੇ ਵੀ ਚਾਨਣਾ ਪਾ ਰਿਹਾ ਹੈ।

ਡੇਰਾ ਮੁਖੀ ਦੇ ਜੇਲ੍ਹ ਜਾਣ ਮਗਰੋਂ ਡੇਰਾ ਸਿਰਸਾ ਚੁੱਪ ਸੀ। ਹੁਣ ਜਦੋਂ ਸਿਆਸੀ ਮੇਲਾ ਭਖਿਆ ਹੈ ਤਾਂ ਡੇਰਾ ਸਿਰਸਾ ਆਪਣੀ ਸਿਆਸੀ ਵੁੱਕਤ ਪਵਾਉਣ ਦੇ ਰਾਹ ਪਿਆ ਹੈ। ਬਠਿੰਡਾ ਡਬਵਾਲੀ ਰੋਡ 'ਤੇ ਬਣੇ ਨਾਮ ਚਰਚਾ ਘਰ ਵਿਚ ਪੈਰੋਕਾਰਾਂ ਦਾ ਵੱਡਾ ਇਕੱਠ ਜੁੜਿਆ, ਜਿਸ ਵਿਚ ਮਾਨਵਤਾ ਭਲਾਈ ਦੇ ਕਾਰਜ ਜਾਰੀ ਰੱਖਣ ਦਾ ਅਹਿਦ ਲਿਆ ਗਿਆ। ਦੂਰ ਦੁਰਾਡੇ ਤੋਂ ਪੈਰੋਕਾਰ ਬੱਸਾਂ ਭਰ ਭਰ ਕੇ ਆਏ। ਡੇਰਾ ਸਿਰਸਾ ਦਾ ਹੁਣ ਮਸਲਾ ਏਨਾ ਕੁ ਹੈ ਕਿ ਉਹ ਸਿਆਸੀ ਲੀਡਰਾਂ ਨੂੰ ਦਿਖਾ ਸਕਣ ਕਿ ਉਹ ਟੁੱਟੇ ਨਹੀਂ ਹਨ ਤੇ ਸਿਆਸੀ ਪਟਕਾ ਮਾਰਨ ਦੀ ਸਮਰੱਥਾ ਰੱਖਦੇ ਹਨ। ਐਤਕੀਂ ਖੁੱਲ੍ਹੇਆਮ ਡੇਰਾ ਸਿਰਸਾ ਦੇ ਨੇੜੇ ਜਾਣ ਨੂੰ ਕੋਈ ਤਿਆਰ ਨਹੀਂ ਹੈ। ਬੇਅਦਬੀ ਮਾਮਲੇ ਮਗਰੋਂ ਸਿਆਸੀ ਲੀਡਰਾਂ ਨੂੰ ਪੰਥਕ ਵੋਟ ਬੈਂਕ ਖੁੱਸਣ ਦਾ ਡਰ ਵੀ ਤਾਂ ਹੈ। ਚੋਣ ਕਮਿਸ਼ਨ ਦੇ ਡਰੋਂ ਡੇਰਾ ਪ੍ਰਬੰਧਕਾਂ ਨੇ ਪੈਰੋਕਾਰਾਂ ਨੂੰ ਏਕਤਾ ਦਾ ਪਾਠ ਪੜ੍ਹਾਇਆ।

ਇਕੱਠ ਕਰਕੇ ਪੈਰੋਕਾਰਾਂ ਦਾ ਮਨੋਬਲ ਉਚਾ ਚੁੱਕਣਾ ਵੀ ਇਕ ਏਜੰਡਾ ਹੈ। ਆਗੂ ਮੈਂਬਰ ਹਰਚਰਨ ਸਿੰਘ ਨੇ ਇਥੋਂ ਤੱਕ ਆਖਿਆ ਕਿ ਮੌਸਮ ਬਦਲਦੇ ਰਹਿੰਦੇ ਹਨ ਅਤੇ ਵਕਤ ਵੀ ਤਬਦੀਲ ਹੁੰਦਾ ਰਹਿੰਦਾ ਹੈ ਪਰ ਕਦੇ ਏਦਾਂ ਨਹੀਂ ਹੋਇਆ ਕਿ ਬੱਦਲਾਂ ਦੇ ਢਕਣ ਨਾਲ ਸੂਰਜ ਚੜ੍ਹਨੋਂ ਹਟ ਜਾਏ। ਉਨ੍ਹਾਂ ਕਿਹਾ ਕਿ ਲੋਕਾਂ ਨੂੰ ਪਤਾ ਲੱਗ ਜਾਵੇ ਕਿ ਡੇਰਾ ਪ੍ਰੇਮੀ ਪਹਿਲਾਂ ਨਾਲੋਂ ਵੀ ਵਧ ਚੜ੍ਹ ਕੇ ਭਲਾਈ ਦੇ ਕੰਮ ਕਰ ਰਹੇ ਹਨ। ਉਨ੍ਹਾਂ ਪੈਰੋਕਾਰਾਂ ਨੂੰ ਆਖਿਆ ਕਿ ਉਹ ਕਿਸੇ ਵੀ ਵਿਰੋਧ ਦਾ ਬਿਨਾਂ ਬਹਿਸ ਤੋਂ ਤਰਕ ਦੇ ਨਾਲ ਜੁਆਬ ਦੇਣ। ਆਗੂਆਂ ਨੇ 29 ਅਪਰੈਲ ਨੂੰ ਡੇਰਾ ਸੱਚਾ ਸੌਦਾ ਸਿਰਸਾ ਵਿਖੇ ਮਨਾਏ ਜਾ ਰਹੇ ਸਥਾਪਨਾ ਦਿਵਸ 'ਚ ਪਹੁੰਚਣ ਲਈ ਪੈਰੋਕਾਰਾਂ ਨੂੰ ਕਿਹਾ।

### ਡੇਰੇ ਦੀਆਂ ਸਰਗਰਮੀਆਂ 'ਤੇ ਸਿਆਸੀ ਲੀਡਰਾਂ ਦੀ ਬਾਜ ਅੱਖ

ਲੋਕ ਸਭਾ ਚੋਣਾਂ ਵੇਲੇ ਡੇਰਾ ਸਿਰਸਾ ਦੇ ਪੈਰੋਕਾਰ ਸਰਗਰਮ ਹੋ ਗਏ ਹਨ ਪਰ ਵੋਟ ਕਿਸ ਨੂੰ ਪੈਣਗੇ, ਇਸ ਬਾਰੇ ਕੋਈ ਸੂਹ ਕੱਢਣ ਲਈ ਤਿਆਰ ਨਹੀਂ। ਇਸ ਕਰਕੇ ਪਾਰਟੀ ਉਮੀਦਵਾਰ ਵੀ ਡੇਰਾ ਪ੍ਰੇਮੀਆਂ ਦੀਆਂ ਸਰਗਰਮੀਆਂ ਨੂੰ ਗਹੁ ਨਾਲ ਵੇਖ ਰਹੇ ਹਨ। ਮਾਲਵੇ ਦੀਆਂ ਚਾਰ ਸੀਟਾਂ 'ਤੇ ਡੇਰਾ ਦਾ ਚੰਗੀ ਵੋਟ ਹੈ ਜਿਹੜੀ ਹਾਰ-ਜਿੱਤ ਯਕੀਨੀ ਬਣਾਉਣ ਲਈ ਕਾਫੀ ਹੈ। ਬੇਸ਼ੱਕ ਇਸ ਵਾਰ ਸਿਆਸੀ ਲੀਡਰ ਡੇਰੇ ਦੀ ਵੋਟ ਨਾ ਮੰਗਣ ਦੇ ਦਾਅਵੇ ਕਰ ਰਹੇ ਹਨ ਪਰ ਅੰਦਰਖਾਤੇ ਸਾਂਝ ਪਾਉਣ ਲਈ ਵੀ ਰਣਨੀਤੀ ਘੜ ਰਹੇ ਹਨ।

# ਟੌਹੜਾ ਪਰਿਵਾਰ ਦੀ ਅਕਾਲੀ ਦਲ 'ਚ ਵਾਪਸੀ

**ਪਟਿਆਲਾ:** ਮਰਹੂਮ ਜਥੇਦਾਰ ਗੁਰਚਰਨ ਸਿੰਘ ਟੌਹੜਾ ਦੇ ਜਵਾਈ ਤੇ ਸਾਬਕਾ ਮੰਤਰੀ ਹਰਮੇਲ ਸਿੰਘ ਟੌਹੜਾ, ਉਨ੍ਹਾਂ ਦੀ ਪੁੱਤਰੀ ਕੁਲਦੀਪ ਕੌਰ ਟੌਹੜਾ, ਦੋਹਤੇ ਹਰਿੰਦਰਪਾਲ ਸਿੰਘ ਟੌਹੜਾ ਨੇ ਆਪਣੇ ਹਮਾਇਤੀਆਂ ਸਮੇਤ ਸ਼੍ਰੋਮਣੀ ਅਕਾਲੀ ਦਲ 'ਚ ਸ਼ਾਮਲ ਹੋਣ ਨਾਲ ਟੌਹੜਾ ਤੇ ਬਾਦਲ ਪਰਿਵਾਰਾਂ 'ਚ ਟੁੱਟੀ ਸਿਆਸੀ ਸਾਂਝ ਮੁੜ ਬਣ ਗਈ।



ਇਸ ਮੌਕੇ ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਟੌਹੜਾ ਪਰਿਵਾਰ ਤੇ ਹਮਾਇਤੀਆਂ ਦਾ ਸਿਰੋਪੇ ਪਾ ਕੇ ਸਨਮਾਨ ਕੀਤਾ। ਉਨ੍ਹਾਂ ਹਰਮੇਲ ਸਿੰਘ ਟੌਹੜਾ ਨੂੰ ਪਾਰਟੀ ਦਾ ਸੀਨੀਅਰ ਮੀਤ ਪ੍ਰਧਾਨ ਬਣਾਉਣ ਦਾ ਵੀ ਐਲਾਨ ਕੀਤਾ। ਸੁਖਬੀਰ ਬਾਦਲ ਨੇ ਕਿਹਾ ਕਿ ਟੌਹੜਾ ਪਰਿਵਾਰ ਉਨ੍ਹਾਂ ਦੇ ਆਪਣੇ ਪਰਿਵਾਰ ਵਾਂਗ ਹੈ ਪਰ ਕੁਝ ਕਾਰਨਾਂ ਕਰ ਕੇ ਵਖਰੇਵੇਂ ਪੈਦਾ ਹੋ ਗਏ ਸਨ ਜਿਹੜੇ ਹੁਣ ਦੂਰ ਕਰ ਲਏ ਗਏ ਹਨ। ਉਨ੍ਹਾਂ ਕਿਹਾ ਕਿ ਪੰਜਾਬ ਦੀ ਰਾਜਨੀਤੀ ਨੂੰ ਹੁਣ ਤੱਕ ਪ੍ਰਕਾਸ਼ ਸਿੰਘ ਬਾਦਲ ਅਤੇ ਜਥੇਦਾਰ ਗੁਰਚਰਨ ਸਿੰਘ ਟੌਹੜਾ ਦੀ ਜੋੜੀ ਨੇ ਹੀ ਚਲਾਇਆ ਹੈ ਤੇ ਹੁਣ ਟੌਹੜਾ ਪਰਿਵਾਰ ਦੀ ਅਕਾਲੀ ਦਲ ਵਿਚ ਵਾਪਸੀ ਨਾਲ ਅਕਾਲੀ ਦਲ ਮਜ਼ਬੂਤ ਹੋ ਗਿਆ ਹੈ।

ਸੁਖਬੀਰ ਬਾਦਲ ਨੇ ਕਿਹਾ ਕਿ ਪਾਰਟੀ ਦੇ ਸੀਨੀਅਰ ਆਗੂਆਂ ਦੀ ਸ਼ਾਨ ਖਿਲਾਫ ਉਹ ਕੁਝ ਨਹੀਂ ਬੋਲਣਗੇ। ਉਨ੍ਹਾਂ ਕਿਹਾ ਕਿ ਟੌਹੜਾ ਪਰਿਵਾਰ ਦੀ ਵਾਪਸੀ ਨਾਲ ਪਟਿਆਲਾ ਵਿਚ ਅਕਾਲੀ ਦਲ ਮਜ਼ਬੂਤ ਹੋਵੇਗਾ। ਹਰਮੇਲ ਸਿੰਘ ਟੌਹੜਾ ਨੇ ਆਖਿਆ ਕਿ ਉਹ ਪਿੱਤਰੀ ਪਾਰਟੀ 'ਚ ਬਿਨਾਂ ਸ਼ਰਤ ਸਿਰਫ ਪੰਥ ਦੇ ਭਲੇ ਲਈ ਸ਼ਾਮਲ ਹੋਏ ਹਨ, ਹੁਣ ਕੋਈ ਗਿਲਾ ਸ਼ਿਕਵਾ ਨਹੀਂ ਰਿਹਾ। ਇਸ ਮੌਕੇ ਜਥੇਦਾਰ ਹਰਬੰਸ ਸਿੰਘ ਲੰਗ ਵੀ ਅਕਾਲੀ ਦਲ ਵਿਚ ਪਰਤ ਆਏ।

ਦੱਸਣਯੋਗ ਹੈ ਕਿ ਹਰਮੇਲ ਸਿੰਘ ਟੌਹੜਾ ਤੇ ਪਰਿਵਾਰ ਨੇ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਅਕਾਲੀ ਦਲ ਨੂੰ ਅਲਵਿਦਾ ਕਹਿੰਦਿਆਂ 'ਆਪ' ਵਿਚ ਸ਼ਮੂਲੀਅਤ ਕਰ ਲਈ ਸੀ। ਪਿਛਲੇ ਕੁਝ ਮਹੀਨਿਆਂ ਤੋਂ ਪਰਿਵਾਰ ਨੇ ਆਪ ਦੀਆਂ ਗਤੀਵਿਧੀਆਂ ਨੂੰ ਤਿਲਾਂਜਲੀ ਦਿੱਤੀ ਹੋਈ ਸੀ ਤੇ ਪਿਛਲੇ ਦਿਨੀਂ ਚਿਤਾਵਨੀ ਵੀ ਦਿੱਤੀ ਸੀ ਕਿ ਜੇਕਰ 'ਆਪ' ਨੇ ਕਾਂਗਰਸ ਨਾਲ ਸਿਆਸੀ ਸਾਂਝ ਪਾਉਣ ਦੀ ਕੋਸ਼ਿਸ਼ ਕੀਤੀ ਤਾਂ ਉਹ 'ਆਪ' ਛੱਡ ਦੇਣਗੇ।

## ਭਾਜਪਾ ਵਿਧਾਇਕ ਨੂੰ ਕਤਲ ਕੇਸ 'ਚ ਉਮਰ ਕੈਦ

**ਲਖਨਊ:** ਉਤਰ ਪ੍ਰਦੇਸ਼ ਦੇ ਹਮੀਰਪੁਰ ਜ਼ਿਲ੍ਹੇ ਤੋਂ ਭਾਜਪਾ ਵਿਧਾਇਕ ਅਸ਼ੋਕ ਚੰਦੇਲ ਨੂੰ 22 ਸਾਲ ਪੁਰਾਣੇ ਕਤਲ ਕੇਸ 'ਚ ਅਲਾਹਾਬਾਦ ਹਾਈ ਕੋਰਟ ਨੇ ਉਮਰ ਕੈਦ ਦੀ ਸਜ਼ਾ ਸੁਣਾਈ ਹੈ। ਪੰਜ ਲੋਕਾਂ ਦੀ ਹੱਤਿਆ ਦਾ ਇਹ ਮਾਮਲਾ 26 ਜਨਵਰੀ 1997 ਦਾ ਹੈ। ਜਸਟਿਸ ਰਮੇਸ਼ ਸਿਨਹਾ ਤੇ ਜਸਟਿਸ ਡੀ.ਕੇ. ਸਿੰਘ 'ਤੇ ਆਧਾਰਿਤ ਬੈਂਚ ਨੇ ਦਸ ਹੋਰਾਂ ਨੂੰ ਵੀ ਉਮਰ ਕੈਦ ਦੀ ਸਜ਼ਾ ਸੁਣਾਈ ਹੈ।

ਨਿਰਵਿਘਨ ਪ੍ਰਕਾਸ਼ਨ ਦੇ 20ਵੇਂ ਸਾਲ 'ਚ (ਪਹਿਲੀ ਜਨਵਰੀ 2000-2019)

## ਬੇਲਾਗ, ਬੇਬਾਕ ਅਤੇ ਜ਼ਿੰਮੇਵਾਰ ਪੱਤਰਕਾਰੀ ਦੇ ਮੁੱਦਈ ਪੰਜਾਬ ਟਾਈਮਜ਼ ਦੀ 19ਵੀਂ ਵਰ੍ਹੇਗੰਢ ਮੌਕੇ ਗੀਤ-ਸੰਗੀਤ ਭਰੀ ਇਕ ਸ਼ਾਮ

# 'ਪੰਜਾਬ ਟਾਈਮਜ਼ ਨਾਈਟ'

**4 ਮਈ 2019 ਸਨਿਚਰਵਾਰ ਸ਼ਾਮੀ 6:30 ਵਜੇ**

**Atlantis Banquets**
1273 N. Rand Road,
Arlington Heights, IL 60004

### ਮੁੱਖ ਮਹਿਮਾਨ



ਅੰਮ੍ਰਿਤਪਾਲ ਸਿੰਘ ਗਿੱਲ

### ਪਹੁੰਚ ਰਹੇ ਕਲਾਕਾਰ



ਜਸਪਿੰਦਰ ਰੈਣਾ



ਰਾਜਨ ਸੰਧੂ



ਤਾਰਾ ਮੁਲਤਾਨੀ



ਦਵਿੰਦਰ ਧਨੋਆ

### ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ



ਸਵਰਨਜੀਤ ਸਿੰਘ ਢਿਲੋਂ, ਅਮੋਲਕ ਸਿੰਘ ਗਾਖਲ, ਡਾ. ਨਵਦੀਪ ਕੌਰ ਸੰਧੂ, ਬਲਵਿੰਦਰ ਕੌਰ (ਨਿੱਕੀ) ਸੇਖੋਂ, ਡਾ. ਗੁਰਦਿਆਲ ਸਿੰਘ ਬਸਰਾਨ, ਹਰਦਿਆਲ ਸਿੰਘ ਦਿਓਲ, ਹਰਜੀਤ ਸਿੰਘ ਸਾਹੀ, ਬਲਵਿੰਦਰ ਸਿੰਘ ਸੰਧੂ, ਜਗਦੀਸ਼ਰ ਸਿੰਘ ਕਲੇਰ, ਡਾ. ਹਰਗੁਰਮੁਖਪਾਲ ਸਿੰਘ, ਡਾ. ਤੇਜਿੰਦਰ ਸਿੰਘ ਮੰਡੇਰ



ਦਰਸ਼ਨ ਸਿੰਘ ਦਰੜ, ਰਾਜਿੰਦਰ ਸਿੰਘ ਬੈਂਸ, ਦਰਸ਼ਨ ਸਿੰਘ ਗਰੇਵਾਲ, ਜੈਦੇਵ ਸਿੰਘ ਭੱਠਲ, ਜੱਸੀ ਗਿੱਲ, ਸਰਵਣ ਸਿੰਘ ਟਿਵਾਣਾ, ਮਨਦੀਪ ਸਿੰਘ ਭੂਰਾ, ਅਯੁਧਿਆ ਸਲਵਾਨ, ਰਘਬੀਰ ਸਿੰਘ ਘੁੰਨ, ਅਵਤਾਰ ਸਿੰਘ ਸਪਰਿੰਗਫੀਲਡ, ਗੁਲਜ਼ਾਰ ਸਿੰਘ ਮੁਲਤਾਨੀ, ਗੁਰਵੀਰ ਸਿੰਘ ਗਿੱਲ

### ਸਾਡੇ ਸਥਾਈ ਲੇਖਕ ਤੇ ਕਾਲਮਨਵੀਸ



ਗੁਲਜ਼ਾਰ ਸਿੰਘ ਸੰਧੂ, ਗੁਰਬਚਨ ਸਿੰਘ ਭੁੱਲਰ, ਤਰਲੋਚਨ ਸਿੰਘ ਦੁਪਾਲਪੁਰ, ਡਾ. ਗੁਰਨਾਮ ਕੌਰ, ਬੀਬੀ ਸੁਰਜੀਤ ਕੌਰ, ਡਾ. ਗੁਰਬਖਸ਼ ਸਿੰਘ ਭੰਡਾਲ, ਬਲਜੀਤ ਬਾਸੀ, ਹਰਪਾਲ ਸਿੰਘ ਪੰਨੂ, ਜਤਿੰਦਰ ਪਨੂੰ, ਬੂਟਾ ਸਿੰਘ, ਇਕਬਾਲ ਜੱਬੋਵਾਲ, ਐਸ. ਅਸ਼ੋਕ ਭੌਰਾ

**ਪੰਜਾਬ ਟਾਈਮਜ਼**


**ਬੇਲਾਗ, ਬੇਬਾਕ ਅਤੇ ਜ਼ਿੰਮੇਵਾਰ ਪੱਤਰਕਾਰੀ ਦਾ ਮੁੱਦਈ**

**Published simultaneously from Chicago, California & New York.**

Ph: 847-359-0746

*e-mail: punjabtimes1@sbcglobal.net, website: www.punjabtimesusa.com*

# ਸਪਾਂਸਰ



ਮੇਜਰ ਗੁਰਚਰਨ ਸਿੰਘ ਝੱਜ; ਰਵਿੰਦਰਪਾਲ ਸਿੰਘ ਹੰਜਰਾ; ਗੁਰਦੀਪ ਸਿੰਘ ਨੰਦੜਾ; ਅਮਰਜੀਤ ਸਿੰਘ ਢੀਂਡਸਾ; ਮਨਜੀਤ ਸਿੰਘ ਨਾਗਰਾ; ਡਾ. ਗੁਰਚਰਨ ਸਿੰਘ ਗਰੇਵਾਲ; ਗੁਰਦੇਵ ਸਿੰਘ ਜੌੜਾ; ਅਮਰਜੀਤ ਸਿੰਘ ਸੰਧਰ; ਹਰਵਿੰਦਰ ਲਾਲੀ ਸਿੱਧੂ; ਕ੍ਰਿਪਾਲ ਸਿੰਘ ਰੰਧਾਵਾ



ਗੁਰਮੇਲ ਸਿੰਘ ਕੰਗ; ਰਾਣਾ ਸਿੰਘ ਵਿਰਕ; ਸੰਨੀ ਧੂੜ; ਜਸਬੀਰ ਕੌਰ ਸਲੂਜਾ; ਅੰਮ੍ਰਿਤਪਾਲ ਸਿੰਘ ਸੰਘਾ; ਸੁਰਜੀਤ ਸਿੰਘ ਮਾਵੀ; ਹਰਜਿੰਦਰ ਸਿੰਘ ਸੰਧੂ; ਡਾ. ਸਰਬਜੀਤ ਸਿੰਘ ਭੰਡਾਲ; ਬਲਕਾਰ ਸਿੰਘ ਢਿੱਲੋਂ; ਅਮਰੀਕ ਸਿੰਘ ਅਮਰ ਕਾਰਪੈਟਸ; ਲਖਵੀਰ ਸਿੰਘ ਸਹੋਤਾ



ਠਾਕਰ ਸਿੰਘ ਬਸਾਤੀ; ਅਮਰਦੇਵ ਸਿੰਘ ਬੰਦੇਸ਼ਾ; ਸਵਰਨ ਸਿੰਘ ਸੇਖੋਂ; ਸੁਖਪਾਲ ਗਿੱਲ; ਜਗਮੀਤ ਸਿੰਘ (ਰੀਮੈਕਸ); ਭੁਪਿੰਦਰ ਸਿੰਘ ਹੁੰਦਲ; ਪ੍ਰੋ. ਨਿਰੰਜਣ ਸਿੰਘ ਢੇਸੀ; ਹਰਿੰਦਰ ਵਾਲੀਆ; ਲਖਬੀਰ ਸਿੰਘ ਸੰਧੂ; ਅਜੈਬ ਸਿੰਘ ਲੱਖਣ; ਸੰਤੋਖ ਸਿੰਘ ਡੀ. ਸੀ.



ਪ੍ਰੀਤਮ ਸਿੰਘ ਗਰੇਵਾਲ ਅਤੇ ਦੇਵ ਗਰੇਵਾਲ; ਇਕਬਾਲ ਸਿੰਘ ਗਾਖਲ; ਰਾਜਬੀਰ ਸਿੰਘ ਬੋਪਾਰਾਏ; ਰਾਜ ਸ਼ੇਰਗਿੱਲ; ਦਵਿੰਦਰ ਗਰੇਵਾਲ; ਲਖਵੀਰ ਜੌਹਲ; ਭਗਵੰਤ ਸਿੰਘ ਸੰਧੂ; ਰਾਜ ਸਿਆਨ; ਗੁਰਬਖਸ਼ ਰਾਹੀ; ਬਿਕਰਮਜੀਤ ਸਿੰਘ ਸੇਖੋਂ



ਸੁਖਦੇਵ ਸਿੰਘ ਬੈਨੀਵਾਲ; ਕਿਰਪਾਲ ਸਿੰਘ ਅਟਵਾਲ; ਅਨਮੋਲ ਗਿੱਲ; ਨੀਲਮ ਸੈਣੀ; ਮੱਖਣ ਸਿੰਘ ਬੈਂਸ ਤੇ ਰਵਿੰਦਰ ਸਿੰਘ; ਗੁਰਦਾਵਰ ਸਿੰਘ ਮਹੇੜੂ; ਡਾ. ਦਲਵੀਰ ਪੰਨੂੰ; ਡਾ. ਮਨਬੀਰ ਸਿੰਘ; ਕਸ਼ਮੀਰ ਕਾਂਗਣਾ; ਕਸ਼ਮੀਰ ਸਿੰਘ ਧੁਗਾ



ਚਰਨ ਸਿੰਘ ਝੱਜ; ਦਲਬਾਰਾ ਸਿੰਘ ਮਾਂਗਟ; ਹਰਪ੍ਰੀਤ ਸਿੰਘ ਵਰਲਡ ਵਾਈਡ; ਮੱਤ ਸਿੰਘ ਢਿੱਲੋਂ; ਜਸਕਰਨ ਧਾਲੀਵਾਲ; ਰਵਿੰਦਰ ਰਵੀ ਆਰ ਕੇ ਕਾਰਪੈਟਸ; ਕੁਲਵਿੰਦਰ ਧਾਲੀਵਾਲ; ਨਰਿੰਦਰ ਮੁੰਦਰ; ਮਨਮੋਹਨ ਪੁਨੀ; ਸੁਰਿੰਦਰ ਸੋਹਲ; ਭੁਪਿੰਦਰ ਸਿੰਘ ਅਟਵਾਲ

**ਸਹਿਯੋਗੀ ਸੰਸਥਾਵਾਂ:** ਪੰਜਾਬੀ ਹੈਰੀਟੇਜ ਆਰਗੇਨਾਈਜੇਸ਼ਨ (ਪੀ ਐਚ ਓ) ਸ਼ਿਕਾਗੋ; ਪੰਜਾਬੀ ਕਲਚਰਲ ਸੁਸਾਇਟੀ (ਪੀ ਸੀ ਐਸ) ਸ਼ਿਕਾਗੋ; ਪੰਜਾਬੀ ਅਮੈਰਿਕਨ ਆਰਗੇਨਾਈਜੇਸ਼ਨ-ਸ਼ਿਕਾਗੋ; ਸ਼ੇਰੇ ਪੰਜਾਬ ਸਪੋਰਟਸ ਐਂਡ ਕਲਚਰਲ ਕਲੱਬ-ਸ਼ਿਕਾਗੋ; ਪੰਜਾਬ ਸਪੋਰਟਸ ਐਂਡ ਕਲਚਰਲ ਕਲੱਬ-ਸ਼ਿਕਾਗੋ; ਗਲੋਬਲ ਪੰਜਾਬੀ ਮਿਲਾਪ-ਸ਼ਿਕਾਗੋ; ਇੰਡੋ ਅਮੈਰਿਕਨ ਸੀਨੀਅਰ ਸੁਸਾਇਟੀ, ਇੰਡੀਅਨਐਪੋਲਿਸ (ਇੰਡੀਆਨਾ); ਪੰਜਾਬੀ ਕਲਚਰਲ ਆਰਗੇਨਾਈਜੇਸ਼ਨ-ਮਿਲਵਾਕੀ; ਗੁਰੂ ਲਾਧੋ ਰੇ ਸੇਵਾ ਸੁਸਾਇਟੀ-ਮਿਲਵਾਕੀ; ਸੰਤ ਬਾਬਾ ਪ੍ਰੇਮ ਸਿੰਘ ਸਿੱਖ ਕਲਚਰਲ ਸੁਸਾਇਟੀ-ਇੰਡੀਆਨਾ; ਪੰਜਾਬ ਸਪੋਰਟਸ ਐਂਡ ਕਲਚਰਲ ਐਸੋਸੀਏਸ਼ਨ-ਮਿਸ਼ੀਗਨ; ਸ਼ੇਰੇ ਪੰਜਾਬ ਸਪੋਰਟਸ ਐਂਡ ਕਲਚਰਲ ਸੁਸਾਇਟੀ ਸਿਨਸਿਨੈਟੀ; ਪੰਜਾਬ ਸਪੋਰਟਸ ਐਂਡ ਕਲਚਰਲ ਕਲੱਬ-ਸਿਨਸਿਨੈਟੀ; ਪੰਜਾਬ ਸਪੋਰਟਸ ਕਲੱਬ ਕਲੀਵਲੈਂਡ (ਓਹਾਇਓ); ਪੰਜਾਬ ਸਪੋਰਟਸ ਐਂਡ ਕਲਚਰਲ ਕਲੱਬ-ਡੇਅਟਨ (ਓਹਾਇਓ); ਯੂਨਾਈਟਡ ਸਪੋਰਟਸ ਕਲੱਬ ਕੈਲੀਫੋਰਨੀਆ; ਗਦਰ ਮੈਮੋਰੀਅਲ ਫਾਊਂਡੇਸ਼ਨ ਸੈਕਰਾਮੈਂਟੋ; ਇੰਡੋ ਅਮੈਰੀਕਨ ਕਲਚਰਲ ਆਰਗੇਨਾਈਜੇਸ਼ਨ ਸੈਕਰਾਮੈਂਟੋ; ਸ਼ਹੀਦ ਊਧਮ ਸਿੰਘ ਮੈਮੋਰੀਅਲ ਫਾਊਂਡੇਸ਼ਨ ਆਫ ਨਾਰਥ ਅਮੈਰਿਕਾ; ਇੰਡੋ-ਅਮੈਰੀਕਨ ਹੈਰੀਟੇਜ ਫੋਰਮ ਫਰਿਜ਼ਨੋ; ਇੰਡੋ ਯੂ ਐਸ ਹੈਰੀਟੇਜ ਐਸੋਸੀਏਸ਼ਨ ਫਰਿਜ਼ਨੋ; ਹੱਸਦਾ ਪੰਜਾਬ ਐਸੋਸੀਏਸ਼ਨ, ਡੈਲਸ; ਕਪੂਰਥਲਾ ਸਪੋਰਟਸ ਕਲੱਬ, ਨਿਊ ਯਾਰਕ।

## ਵਿਸ਼ੇਸ਼ ਸਹਿਯੋਗੀ



ਡਾ. ਹਰਜਿੰਦਰ ਸਿੰਘ ਖਹਿਰਾ; ਜੈਰਾਮ ਸਿੰਘ ਕਾਹਲੋਂ; ਗੁਰਮੁਖ ਸਿੰਘ ਭੁੱਲਰ; ਸੁਰਿੰਦਰ ਸਿੰਘ ਭਾਟੀਆ; ਇੰਦਰਮੋਹਨ ਸਿੰਘ ਛਾਬੜਾ



# ਕਰਤਾਰਪੁਰ ਲਾਂਘਾ ਖੁੱਲ੍ਹਣਾ ਹੀ ਕਾਫੀ ਨਹੀਂ, ਹੋਰ ਲਾਂਘੇ ਵੀ ਖੁੱਲ੍ਹਣ

## ਗਲੋਬਲ ਮਿਲਾਪ ਵਿਚ ਪ੍ਰੋ. ਜਗਿੰਦਰ ਸਿੰਘ ਰਾਮਦੇਵ ਨੂੰ ਸ਼ਰਧਾਂਜਲੀਆਂ

**ਸ਼ਿਕਾਗੋ (ਬਿਊਰੋ):** ਪੰਜਾਬੀ ਅਕੈਡਮੀ ਸ਼ਿਕਾਗੋ ਨੇ ਬੀਤੇ ਸਨਿਚਰਵਾਰ ਗਲੋਬਲ ਪੰਜਾਬੀ ਮਿਲਾਪ ਪ੍ਰੋਗਰਾਮ ਕਰਵਾਇਆ, ਜਿਸ ਦਾ ਮੁੱਖ ਵਿਸ਼ਾ ਸੀ, 'ਸ੍ਰੀ ਕਰਤਾਰਪੁਰ ਸਾਹਿਬ ਲਾਂਘੇ ਦਾ ਖੁੱਲ੍ਹਣਾ।' ਨਾਲ ਹੀ ਗਲੋਬਲ ਪੰਜਾਬੀ ਮਿਲਾਪ ਦੇ ਰੂਹੇ ਰਵਾਂ, ਜਿਨ੍ਹਾਂ ਦੀ ਪੀੜ ਨੂੰ ਜਾਣਦਿਆਂ ਮਿਲਾਪ 2003 ਵਿਚ ਸ਼ੁਰੂ ਕੀਤਾ ਗਿਆ ਸੀ, ਪ੍ਰੋ. ਜਗਿੰਦਰ ਸਿੰਘ ਰਾਮਦੇਵ ਨੂੰ ਸ਼ਰਧਾਂਜਲੀ ਵੀ ਦਿੱਤੀ ਗਈ, ਜੋ ਕੁਝ ਹਫਤੇ ਪਹਿਲਾਂ ਇਸ ਫਾਨੀ ਸੰਸਾਰ ਨੂੰ ਅਲਵਿਦਾ ਆਖ ਗਏ ਸਨ।



ਪ੍ਰੋਗਰਾਮ ਦੀ ਸ਼ੁਰੂਆਤ ਠਾਕਰ ਸਿੰਘ ਬਸਾਤੀ ਨੇ ਕੀਤੀ, ਜੋ ਨਵੰਬਰ ਵਿਚ ਪਾਕਿਸਤਾਨ ਵਿਚਲੇ ਪ੍ਰਮੁੱਖ ਸਿੱਖ ਧਰਮ ਅਸਥਾਨਾਂ ਦੀ ਯਾਤਰਾ ਕਰਕੇ ਆਏ ਹਨ। ਉਨ੍ਹਾਂ ਕਰਤਾਰਪੁਰ ਸਾਹਿਬ ਬਾਰੇ ਦੱਸਿਆ ਕਿ ਕਿਵੇਂ ਇਕ ਥਾਂ ਸਿੱਖਾਂ ਦੇ ਪਹਿਲੇ ਗੁਰੂ ਬਾਬਾ ਨਾਨਕ ਦੇਵ ਦਾ ਮਕਬਰਾ ਹੈ ਤੇ ਦਸ ਕੁ ਫੁੱਟ ਦੀ ਦੂਰੀ 'ਤੇ ਸਮਾਧ। ਉਥੇ ਲੰਗਰ ਮੁਸਲਮਾਨ ਤਿਆਰ ਕਰਦੇ ਅਤੇ ਵਰਤਾਉਂਦੇ ਹਨ। ਖੇਤਾਂ ਵਿਚ ਉਵੇਂ ਹੀ ਖੇਤੀ ਹੋ ਰਹੀ ਹੈ। ਬਾਬਾ ਜੀ ਦੇ ਦੋਵੇਂ ਖੂਹ ਮੌਜੂਦ ਹਨ ਇਕ ਘਰ ਦੇ ਪਾਣੀ ਲਈ, ਦੂਜਾ ਖੇਤਾਂ ਲਈ, ਪਰ ਹੁਣ ਉਥੇ ਹਲਟ ਮੋਟਰ ਨਾਲ ਚਲਦਾ ਹੈ। ਇੱਥੋਂ ਦੇ ਅਮਰੂਦ ਵਾਹਵਾ ਵੱਡੇ ਤੇ ਸੁਆਦਲੇ ਹਨ। ਉਨ੍ਹਾਂ ਕਿਹਾ ਕਿ ਕਰਤਾਰਪੁਰ ਸਾਹਿਬ ਦੇ ਲਾਂਘੇ ਦਾ ਖੁੱਲ੍ਹਣਾ ਸ਼ੁਰੂਆਤ ਹੈ। ਉਨ੍ਹਾਂ ਬਾਬਾ ਬੁੱਲ੍ਹੇ ਸ਼ਾਹ ਦਾ ਸ਼ੇਅਰ ਪੜ੍ਹਿਆ, "ਜੇ ਪੂਣੀ ਪੂਣੀ ਕੱਤੇਂਗੀ, ਤਾਂ ਨੰਗੀ ਮੂਲ ਨਾ ਵੱਤੇਂਗੀ।" ਕਦਮ ਕਦਮ ਅਮਨ ਅਮਾਨ ਵਲ ਚੱਲੋ, ਦੂਰੀਆਂ ਘੱਟ ਜਾਣਗੀਆਂ।



ਸਾਜਿਦ ਚੌਧਰੀ, ਜੋ ਲਹਿੰਦੇ ਪੰਜਾਬ ਤੋਂ ਹਨ ਤੇ ਚੰਗੇ ਸੂਫੀ ਕਵੀ ਹਨ ਤੇ ਸ. ਬਸਾਤੀ ਦੇ ਪੱਗ ਵਟ ਭਰਾ ਹਨ, ਨੇ ਗਲੋਬਲ ਪੰਜਾਬੀ ਮਿਲਾਪ ਤਹਿਤ ਕੀਤੇ ਗਏ ਪ੍ਰੋਗਰਾਮਾਂ ਦਾ ਵੇਰਵਾ ਦਿੱਤਾ, ਜਿਸ ਵਿਚ ਪੰਜਾਬੀਅਤ ਦੀ ਸਾਂਝ, ਵਾਰਿਸ ਸ਼ਾਹ, ਬਾਬਾ ਬੁੱਲ੍ਹੇ ਸ਼ਾਹ ਤੇ ਸ਼ੇਖ ਫਰੀਦ ਬਾਰੇ ਕਰਵਾਏ ਪ੍ਰੋਗਰਾਮਾਂ ਬਾਰੇ ਜਾਣਕਾਰੀ ਦਿੱਤੀ। ਉਨ੍ਹਾਂ ਕਿਹਾ ਕਿ ਭਾਰਤ ਤੇ ਪਾਕਿਸਤਾਨ ਦੀ ਵੰਡ ਸਿਆਸੀ ਲਾਹੇਵੰਦੀ ਕਰਕੇ ਹੋਈ ਸੀ, ਪਰ ਪੰਜਾਬੀਆਂ ਦੇ ਦਿਲੋਂ ਰਿਸ਼ਤੇ ਨਹੀਂ ਟੁੱਟੇ ਅਤੇ ਨਾ ਹੀ ਟੁੱਟਣਗੇ। ਚੌਧਰੀ ਪਰਿਵਾਰ ਦੇ ਘਰ ਵੰਡ ਤੋਂ ਪਹਿਲਾਂ ਨਨਕਾਣਾ ਸਾਹਿਬ ਜਾਣ ਵਾਲੇ ਯਾਤਰੀਆਂ ਲਈ ਲੰਗਰ ਲਗਦੇ ਸਨ ਅਤੇ ਮੰਜੇ ਬਿਸਤਰਿਆਂ ਦਾ ਇੰਤਜ਼ਾਮ ਹੁੰਦਾ ਸੀ।

ਨਵਰਾਜ ਕੌਰ ਬਸਾਤੀ, ਜੋ ਐਨ. ਕੇ. ਪੀ. ਆਈ. ਦੇ ਕਰਤਾ-ਧਰਤਾ ਹੋਣ ਦੇ ਨਾਲ ਇਕ ਚੰਗੀ ਕਲਾਕਾਰ ਵੀ ਹੈ, ਨੇ ਪ੍ਰੋਗਰਾਮ ਦੀ ਸ਼ੁਰੂਆਤ 'ਤੇਰੇ ਬਿਨਾ ਰਾਂਝਣਾਂ ਵੇ' ਗੀਤ ਦੇ ਪਹਿਰੇ ਨਾਲ ਕੀਤੀ। ਉਨ੍ਹਾਂ ਕਿਹਾ ਕਿ ਦੋਵਾਂ ਦੇਸ਼ਾਂ ਦੀ ਵੰਡ ਤਾਂ ਹੋ ਗਈ ਹੈ ਪਰ ਇਕ ਦੂਜੇ ਲਈ ਖਿੱਚ ਫਿਰ ਵੀ ਬਣੀ ਰਹੇਗੀ। ਅਸੀਂ ਵੱਖ ਤਾਂ ਜ਼ਰੂਰ ਹੋ ਗਏ ਹਾਂ ਪਰ ਬਚਪਨ ਦੀਆਂ ਖੇਡਾਂ, ਸ਼ਰਾਰਤਾਂ ਚੇਤੇ ਵਿਚੋਂ ਨਹੀਂ ਵਿਸਰੀਆਂ। ਵਿਛੋੜਾ ਹੁਣ ਵੀ ਤੜਪਾਉਂਦਾ ਹੈ। ਪੰਜਾਬੀਆਂ ਦੀ ਵਖਰੀ ਪਛਾਣ ਬੋਲੀ ਕਰਕੇ ਹੈ ਤੇ ਇਹੀ ਪਿਆਰ ਕਾਇਮ ਕਰਨ ਦਾ ਜ਼ਰੀਆ ਹੈ। ਕਈ ਲੋਕ ਸੋਚਦੇ ਹਨ ਕਿ ਆਉਣ ਵਾਲੀ ਪੀੜੀ ਬੋਲੀ ਤੋਂ ਦੂਰ ਹੁੰਦੀ ਜਾ ਰਹੀ ਹੈ। ਅਜੋਕੇ ਮੀਡੀਆ ਦੇ ਯੁੱਗ ਵਿਚ ਕੁਝ ਵੀ ਦੂਰ ਨਹੀਂ। ਨਵੀਂ ਪਨੀਰੀ ਵੀ ਆਪਣੀ ਪਛਾਣ ਪੰਜਾਬੀ ਵਿਚੋਂ ਦੇਖਣਾ ਚਾਹੁੰਦੀ ਹੈ, ਢੰਗ ਬੇਸ਼ਕ ਵੱਖਰਾ ਹੈ।

ਪ੍ਰੋਗਰਾਮ ਦੇ ਮੁੱਖ ਮਹਿਮਾਨ ਸ. ਗੁਰਚਰਨ ਸਿੰਘ ਬਨਵੈਤ ਸਨ, ਜੋ ਪਹਿਲਾਂ ਮੌਂਟਰੀਅਲ ਰਹਿੰਦੇ ਸਨ, ਹੁਣ ਤਿੰਨ-ਚਾਰ ਮਹੀਨੇ ਪਹਿਲਾਂ ਇੰਡੀਆ, ਪਾਕਿਸਤਾਨ ਤੇ ਬਾਕੀ ਸਮਾਂ ਟੋਰਾਂਟੋ ਵਿਚ ਰਹਿੰਦੇ ਹਨ। ਪਾਕਿਸਤਾਨ ਵਿਚ ਉਨ੍ਹਾਂ ਨੇ ਨਨਕਾਣਾ ਸਾਹਿਬ ਤੋਂ ਛੇ ਕਿਲੋਮੀਟਰ ਦੂਰ ਚਾਰ ਕਿੱਲੇ ਜਮੀਨ ਲੈ ਕੇ ਹਸਪਤਾਲ ਖੋਲ੍ਹਿਆ ਹੈ, ਜਿਥੇ ਅੱਖਾਂ ਦੇ ਮੁਫਤ ਅਪ੍ਰੇਸ਼ਨ ਹੁੰਦੇ ਹਨ। ਉਹ ਇੰਟਰਨੈਸ਼ਨਲ ਪੰਜਾਬੀ ਫਾਊਂਡੇਸ਼ਨ ਚਲਾਉਂਦੇ ਹਨ। ਪਾਕਿਸਤਾਨ ਵੱਲੋਂ ਡਾ. ਜਾਵੇਦ ਭੱਟੀ ਮੁੱਖ ਮਹਿਮਾਨ ਸਨ, ਜੋ ਇੰਟਰਫੇਥ ਵਿਚ ਕਾਫੀ ਹਿੱਸਾ ਲੈਂਦੇ ਹਨ। ਸਿੱਖਾਂ ਵੱਲੋਂ ਦੂਜੇ ਮਹਿਮਾਨ ਪ੍ਰੋ. ਕੁਲਵੰਤ ਸਿੰਘ ਹੁੰਦਲ ਸਨ, ਜੋ ਸਿੱਖ ਰਿਲਿਜੀਅਸ ਸੁਸਾਇਟੀ ਦੇ ਸਾਬਕਾ ਪ੍ਰਧਾਨ ਹਨ।

ਪ੍ਰੋਗਰਾਮ ਦੇ ਪਹਿਲੇ ਬੁਲਾਰੇ ਸੁਰਿੰਦਰਪਾਲ ਸਿੰਘ ਕਾਲੜਾ ਸਨ, ਜੋ ਸਿੱਖ ਸੀਨੀਅਰਜ਼ ਵਿਚ ਕਾਫੀ ਸਰਗਰਮ ਹਨ, ਨੇ ਸ. ਬਸਾਤੀ ਤੇ ਚੌਧਰੀ ਸਾਹਿਬ ਦੇ ਉਪਰਾਲੇ ਦੀ ਸ਼ਲਾਘਾ ਕੀਤੀ। ਉਨ੍ਹਾਂ ਕਿਹਾ ਕਿ 1947 ਦੀ ਵੰਡ ਦਾ ਸਭ ਤੋਂ ਵੱਧ ਨੁਕਸਾਨ ਪੰਜਾਬ ਦਾ ਹੋਇਆ। ਲੋਕ ਆਜ਼ਾਦੀ ਲੈਣ ਲਈ ਉਤਾਵਲੇ ਸਨ, ਪਰ ਵੱਢ ਟੁੱਕ ਲਈ ਤਿਆਰ ਨਹੀਂ ਸਨ। ਉਨ੍ਹਾਂ ਇਮਰਾਨ ਖਾਨ ਤੇ ਨਵਜੋਤ ਸਿੰਘ ਸਿੱਧੂ ਦੀ ਦੋਸਤੀ ਦੀ ਸ਼ਲਾਘਾ ਕੀਤੀ ਕਿ ਦੋ ਖਿਡਾਰੀਆਂ ਦੀ ਦੋਸਤੀ ਨਿਕੰਮੇ ਲੀਡਰਾਂ ਤੋਂ ਕਿਤੇ ਵਧ ਤਾਕਤਵਰ ਨਿਕਲੀ, ਜਿਸ 'ਤੇ ਲੋਕਾਂ ਨੇ ਕਾਫੀ ਜੈਕਾਰੇ ਛੱਡ ਤੇ ਤਾੜੀਆਂ ਮਾਰੀਆਂ। ਉਨ੍ਹਾਂ ਕਿਹਾ ਕਿ ਵਿਰਾਸਤ ਸੰਭਾਲਣੀ ਜ਼ਰੂਰੀ ਹੈ। ਪੰਜਾਬੀ ਲੋਕਾਂ ਵਿਚ ਹੁਣ ਵੀ ਪਿਆਰ ਤੇ ਸਤਿਕਾਰ ਮੌਜੂਦ ਹੈ, ਬਸ ਥੋੜੀ ਹੱਲਾਸ਼ੇਰੀ ਚਾਹੀਦੀ ਹੈ ਤਾਂ ਕਿ ਬਰਲਿਨ ਦੀ ਕੰਧ ਵਾਂਗੂ ਬਾਰਡਰ 'ਤੇ ਆਉਣਾ ਜਾਣਾ ਆਸਾਨ ਹੋ ਜਾਵੇ।

ਸ. ਗੁਰਚਰਨ ਸਿੰਘ ਬਨਵੈਤ ਨੇ ਦਸਿਆ ਕਿ ਉਹ ਕਈ ਸਾਲਾਂ ਤੋਂ ਲਗਾਤਾਰ ਪਾਕਿਸਤਾਨ ਜਾ ਰਹੇ ਹਨ। ਕੁਝ ਸਮਾਂ ਪਹਿਲਾਂ ਤੱਕ ਉਥੇ ਨਿਸ਼ਾਨ ਸਾਹਿਬ 'ਤੇ ਬਸਤਰ ਨਹੀਂ ਪਾਏ ਹੁੰਦੇ ਸਨ। ਸਰੋਵਰਾਂ ਵਿਚ ਮੱਝਾਂ ਨਹਾਉਂਦੀਆਂ ਸਨ। ਸਥਾਨਕ ਲੋਕ ਕਈ ਗੁਰਦੁਆਰਿਆਂ ਅਤੇ ਜਮੀਨ 'ਤੇ ਕਾਬਜ਼ ਹੋ ਗਏ ਸਨ। ਫਿਰ ਇਨ੍ਹਾਂ ਨੇ ਸ. ਗੰਗਾ ਸਿੰਘ ਢਿੱਲੋਂ ਨਾਲ ਮਿਲ ਕੇ ਪਾਕਿਸਤਾਨ ਸਰਕਾਰ ਨੂੰ ਬੇਨਤੀ ਕੀਤੀ ਕਿ ਗੁਰਦੁਆਰਿਆਂ ਦੀ ਸਾਂਭ ਸੰਭਾਲ ਠੀਕ ਹੋਵੇ। ਕਰਤਾਰਪੁਰ ਸਾਹਿਬ ਵਿਚ ਪਹਿਲਾਂ ਇਕ ਸਿੰਘ ਹੀ ਸੇਵਾ ਕਰਦਾ ਸੀ। ਜਦੋਂ ਉਨ੍ਹਾਂ ਉਸ ਨੂੰ 200 ਰੁਪਏ ਦਿਤੇ ਤਾਂ ਉਸ ਨੇ ਵਾਪਸ ਕਰਦਿਆਂ ਕਿਹਾ, ਮੈਂ ਸਹਿਨਸ਼ਾਹ ਦੇ ਦਰ 'ਤੇ ਸੇਵਾ ਕਰਦਾ ਹਾਂ, ਭੀਖ ਨਹੀਂ ਮੰਗਦਾ।

ਨਿਊ ਜਰਸੀ ਤੋਂ ਸ. ਜੇ. ਪੀ. ਸਿੰਘ ਨੇ ਕਰਤਾਰਪੁਰ ਸਾਹਿਬ ਤੋਂ ਦੋ ਕਿਲੋਮੀਟਰ ਸੜਕ ਦੀ ਸੇਵਾ ਕਰਵਾਈ ਤੇ ਫਿਰ ਇੰਗਲੈਂਡ ਦੇ ਸਿੱਖਾਂ ਨੇ ਸੜਕ ਦੀ ਮੁਰੰਮਤ ਦੀ ਜਿੰਮੇਵਾਰੀ ਲਈ। ਸੰਨ 1998 ਵਿਚ ਪਾਕਿਸਤਾਨ ਗੁਰਦੁਆਰਾ ਪ੍ਰਬੰਧਕ ਕਮੇਟੀ ਬਣੀ, ਪਹਿਲਾਂ 55 ਸਾਲ ਇਹ ਪ੍ਰਬੰਧ ਐਸ.ਜੀ.ਪੀ.ਸੀ. ਦੇ ਅਧੀਨ ਸੀ, ਜੋ ਸਿਰਫ ਪੈਸਾ ਇਕੱਠਾ ਕਰਦੀ ਸੀ। ਕਰਤਾਰਪੁਰ ਲਾਂਘਾ ਖੋਲ੍ਹਣ ਦਾ ਜੋ ਉਪਰਾਲਾ ਪਾਕਿਸਤਾਨ ਦੇ ਪ੍ਰਧਾਨ ਮੰਤਰੀ ਇਮਰਾਨ ਖਾਨ ਨੇ ਕੀਤਾ, ਉਸ ਲਈ ਨੋਬਲ ਪੁਰਸਕਾਰ ਦੇ ਹੱਕਦਾਰ ਹਨ। ਸ. ਬਨਵੈਤ 2004 ਵਿਚ ਨਨਕਾਣਾ 'ਪੀਸ ਮਾਰਚ' ਸ਼ਾਂਤੀ ਮਾਰਚ ਵੀ ਲੈ ਕੇ ਗਏ ਸਨ।

ਸਾਜਿਦ ਚੌਧਰੀ ਨੇ ਮੰਚ ਸੰਭਾਲਦਿਆਂ ਕਿਹਾ ਕਿ ਨਫਰਤ ਦੀ ਕੰਧ ਤੋਪਾਂ ਨਾਲ ਨਹੀਂ, ਪਿਆਰ ਨਾਲ ਢਾਹੀ ਜਾ ਸਕਦੀ ਹੈ। 'ਨਫਰਤ ਦੇ ਵਿਹੜੇ ਵਿਚ ਕੰਧੇ, ਪਿਆਰ ਦਾ ਖੁੱਲ੍ਹਾ ਵਿਹੜਾ' ਇਹ ਲਾਂਘਾ ਸਿਰਫ ਕਰਤਾਰਪੁਰ ਸਾਹਿਬ ਤਕ ਹੀ ਸੀਮਤ ਨਹੀਂ ਹੋਣਾ ਚਾਹੀਦਾ ਬਲਕਿ ਕਸ਼ਮੀਰ ਦੇ ਲਾਂਘੇ ਵੀ ਖੋਲ੍ਹ ਦੇਣੇ ਚਾਹੀਦੇ ਹਨ।

ਡਾ. ਜਾਵੇਦ ਭੱਟੀ ਨੇ ਪ੍ਰੋ. ਰਾਮਦੇਵ ਨੂੰ ਸ਼ਰਧਾਂਜਲੀ ਦਿੰਦਿਆਂ ਕਿਹਾ ਕਿ ਉਹ ਉਨ੍ਹਾਂ ਨਾਲ ਸਿੱਖ-ਮੁਸਲਿਮ ਸਾਂਝ 'ਤੇ ਵਿਚਾਰ ਵਟਾਂਦਰਾ ਕਰਦੇ ਸਨ। ਡਾ. ਭੱਟੀ ਦਾ ਜੱਦੀ ਪਿੰਡ ਮੁੰਡੀ ਖੇੜ ਕਰਤਾਰਪੁਰ ਤੋਂ ਦੋ ਕਿਲੋਮੀਟਰ ਦੂਰੀ 'ਤੇ ਹੈ। ਉਸ ਵੇਲੇ ਉਹ ਬਾਹਰ ਜਾਣ ਲਈ ਰੇਲ 'ਦਰਬਾਰ ਸਾਹਿਬ ਕਰਤਾਰਪੁਰ ਸਾਹਿਬ' ਤੋਂ ਚੜ੍ਹਦੇ ਸਨ। ਉਨ੍ਹਾਂ ਦੀ ਦਿਲੀ ਤਮੰਨਾ ਹੈ ਕਿ ਕਰਤਾਰਪੁਰ ਸਾਹਿਬ ਰੇਲਵੇ ਸਟੇਸ਼ਨਾਂ ਦਾ ਨਾਂ ਮੁੜ ਤੋਂ ਦਰਬਾਰ ਸਾਹਿਬ ਕਰਤਾਰਪੁਰ ਸਾਹਿਬ ਬਣ ਜਾਵੇ। ਉਨ੍ਹਾਂ ਮੰਨਿਆ ਕਿ ਸਾਜਿਦ ਚੌਧਰੀ ਦੀ ਸ਼ਾਇਰੀ ਤੋਂ ਮੁਤਾਸਿਰ ਹੋ ਕੇ ਇਕ ਨਜ਼ਮ 'ਫੇਰ ਤੋਂ' ਲਿਖੀ ਜਿਸ ਵਿਚ ਦੱਸਿਆ ਕਿ ਇਕ ਵੇਰ ਫਿਰ ਪਿਆਰ ਮੁਹੱਬਤ ਦੀ ਹਨੇਰੀ ਚਲੇ, ਜੋ ਨਫਰਤ ਦੇ ਬੂਟੇ ਦਾ ਮਲਿਆਮੇਟ ਕਰ ਦੇਵੇ।

ਸ. ਸਰਵਣ ਸਿੰਘ ਨੇ ਕਿਹਾ ਕਿ ਦੋਵਾਂ ਮੁਲਕਾਂ ਦੇ ਆਪਸੀ ਮੇਲ ਨਾਲ ਪੈਸੇ ਦੀ ਬਰਬਾਦੀ ਰੁਕੇਗੀ। ਦੋਵੇਂ ਮੁਲਕ ਗਰੀਬੀ ਨਾਲ ਜੂਝ ਰਹੇ ਹਨ ਜਦੋਂਕਿ ਅਰਬਾਂ ਰੁਪਏ ਮਾਰੂ ਹਥਿਆਰਾਂ 'ਤੇ ਲਾਏ ਜਾ ਰਹੇ ਹਨ। ਦੋਹਾਂ ਦੇਸ਼ਾਂ ਵਿਚਾਲੇ ਵਪਾਰ ਖੁੱਲ੍ਹਣ ਨਾਲ ਦੋਹਾਂ ਦੇਸ਼ਾਂ ਦੇ ਲੋਕਾਂ ਨੂੰ ਬਹੁਤ ਫਾਇਦਾ ਹੋ ਸਕਦਾ ਹੈ। ਖੁਸ਼ਕਿਸਮਤੀ ਹੈ ਕਿ ਪਾਕਿਸਤਾਨ ਨੂੰ ਸੁਪਨਦਰਸ਼ੀ ਨੇਤਾ ਇਮਰਾਨ ਖਾਨ ਮਿਲਿਆ ਹੈ, ਜਿਸ ਦਾ ਅਮਨ ਖਾਤਰ ਭਾਰਤ ਨੂੰ ਫਾਇਦਾ ਉਠਾਉਣਾ ਚਾਹੀਦਾ ਹੈ।



ਸ. ਕੁਲਵੰਤ ਸਿੰਘ ਹੁੰਦਲ ਨੇ ਦਸਿਆ ਕਿ ਉਨ੍ਹਾਂ ਦਾ ਜਨਮ ਕੋਟਾ ਦਾ ਹੈ। ਉਨ੍ਹਾਂ ਦੇ ਪਿਤਾ ਜੀ ਦੇ ਪੱਗ ਵੱਟ ਭਰਾ ਅਲੀ ਸਾਹਿਬ ਹਨ, ਜੋ ਅਰਾਈਂ ਮੁਸਲਮਾਨ ਸਨ। ਉਨ੍ਹਾਂ ਕਿਹਾ ਕਿ ਇਹ ਵੰਡ ਦੋ ਸਿਆਸਤਦਾਨਾਂ ਜਵਾਹਰ ਲਾਲ ਨਹਿਰੂ ਤੇ ਮੁਹੰਮਦ ਜਿਨਾਹ ਕਰਕੇ ਹੋਈ। ਉਨ੍ਹਾਂ ਨੂੰ ਅਹਿਸਾਸ ਨਹੀਂ ਸੀ ਕਿ ਅਦਲਾ ਬਦਲੀ ਵਿਚ ਇਨਸਾਨੀਅਤ ਦਾ ਐਨਾ ਘਾਣ ਹੋ ਜਾਵੇਗਾ। ਗਾਂਧੀ ਨੇ ਜਿਨਾਹ ਨੂੰ ਪ੍ਰਧਾਨ ਮੰਤਰੀ ਬਣਾਉਣ ਦਾ ਵਾਅਦਾ ਵੀ ਕਰ ਦਿੱਤਾ ਸੀ, ਪਰ ਜਵਾਹਰ ਲਾਲ ਨਹਿਰੂ ਨਹੀਂ ਮੰਨਿਆ। ਇਸ ਮੌਕੇ ਸ. ਹੁੰਦਲ ਨੇ ਨੁਸਾਦ ਲਾਈਟਵਾਲਾ ਦੀ ਨਜ਼ਮ 'ਇਧਰ ਵੀ ਉਧਰ ਵੀ' ਪੜ੍ਹੀ, ਜਿਸ ਵਿਚ ਕਵੀ ਨੇ ਦੋਹਾਂ ਪਾਸਿਆਂ ਦੀ ਬਰਬਾਦੀ ਬੇਚੈਨੀ ਬਿਆਨ ਕੀਤੀ। ਅਗਰ ਉਸ ਵੇਲੇ ਲੋਕ ਬਾਬੇ ਨਾਨਕ ਦੇ ਸੁਨੇਹੇ ਨਾਲ ਜੁੜੇ ਰਹਿੰਦੇ ਤਾਂ ਸ਼ਾਇਦ ਇਹ ਆਫਤ ਇੰਨੀ ਨੁਸਕਾਨਦੇਹ ਨਾ ਹੁੰਦੀ। ਉਨ੍ਹਾਂ ਨੇ ਡਾ. ਇਕਬਾਲ ਦੀ ਲਿਖਤ ਸੁਣਾਈ ਜਿਸ ਵਿਚ 'ਮਰਦੇ ਕਾਬਿਲ ਨੇ ਜਮਾਯਾ ਖਾਬ ਸੇ' ਸ਼ਾਮਿਲ ਹੈ।

ਡਾ. ਰਿਆਜ ਬਾਬਰ, ਜੋ ਕਿੱਤੇ ਵਜੋਂ ਮਾਨਸਿਕ ਰੋਗਾਂ ਦੇ ਮਾਹਰ ਹਨ, ਨੇ ਪ੍ਰੋ. ਰਾਮਦੇਵ ਨੂੰ ਸ਼ਰਧਾਂਜਲੀ ਦਿੰਦਿਆਂ ਕਿਹਾ ਕਿ ਜਦੋਂ ਉਨ੍ਹਾਂ ਬਾਬਾ ਬੁੱਲੇ ਸ਼ਾਹ ਡਰਾਮਾ ਲਿਖਿਆ ਤੇ ਕਰਵਾਇਆ ਉਸ ਦੀ ਸੋਧ ਪ੍ਰੋ. ਰਾਮਦੇਵ ਨੇ ਕੀਤੀ। ਇਸ ਕਰਕੇ ਉਹ ਉਨ੍ਹਾਂ ਲਈ ਪੀਰ ਮੁਰਸ਼ਦ ਸਨ। ਉਨ੍ਹਾਂ ਵੰਡ ਬਾਰੇ ਕਿਹਾ ਕਿ ਇਨਸਾਨ ਦੇ ਦਿਮਾਗ ਅੰਦਰ ਜਾਨਵਰ ਵੀ ਹੈ, ਸ਼ੈਤਾਨ ਵੀ, ਜੇ ਉਹ ਕਾਬੂ ਤੋਂ ਬਾਹਰ ਹੋ ਜਾਵੇ ਤਾਂ ਤਬਾਹੀ ਮਚਾ ਦਿੰਦਾ ਹੈ ਜਿਵੇਂ 1947 ਵਿਚ ਹੋਇਆ। ਮੇਲ ਮਿਲਾਪ ਕਰਕੇ ਬੈਠ ਕੇ ਝਗੜੇ ਨਜਿਠਣੇ ਚਾਹੀਦੇ ਹਨ, ਅੱਗ ਨਾਲ ਨਹੀਂ।

ਬਾਬਾ ਦਲਜੀਤ ਸਿੰਘ, ਜੋ ਰਾਕਫੋਰਡ ਵਿਚ ਗੁਰਦੁਆਰਾ ਚਲਾ ਰਹੇ ਹਨ, ਨੇ ਕਰਤਾਰਪੁਰ ਸਾਹਿਬ ਦੇ ਇਤਿਹਾਸ 'ਤੇ ਚਾਨਣਾ ਪਾਇਆ ਕਿ ਕਿਵੇਂ ਬਾਬੇ ਨਾਨਕ ਨੇ ਹੱਥੀਂ ਮਿਹਨਤ ਕਰਕੇ ਖੇਤੀ ਕੀਤੀ। ਨਾਮ ਜਪਣ ਲਈ ਸੰਗਤ ਕਰਵਾਉਂਦੇ ਸਨ ਤੇ ਵੰਡ ਕੇ ਛੱਕਣ ਲਈ ਧਰਮਸ਼ਾਲਾ ਬਣਵਾਈ, ਜਿਥੇ ਲੰਗਰ ਚਲਦੇ ਸਨ। ਉਨ੍ਹਾਂ ਆਪਣੀ ਜ਼ਿੰਦਗੀ ਵਿਚ ਚਾਰ ਉਦਾਸੀਆਂ ਪੂਰਬ, ਦੱਖਣ, ਪੱਛਮ ਤੇ ਉਤਰ ਵਿਚ ਕੀਤੀਆਂ। ਹੁਣੇ ਪਤਾ ਚਲਿਆ ਹੈ ਕਿ ਅਫਰੀਕਾ ਵਿਚ ਵੀ ਬਾਬੇ ਨਾਨਕ ਦੇ ਨਾਂ 'ਤੇ ਸ਼ਹਿਰ ਵਸਿਆ ਹੋਇਆ ਹੈ।

ਬੀਬੀ ਸੁਰਜੀਤ ਕੌਰ ਗਿੱਲ ਨੇ ਪ੍ਰੋ. ਰਾਮਦੇਵ ਨੂੰ ਸ਼ਰਧਾਂਜਲੀ ਦਿੰਦਿਆਂ ਉਨ੍ਹਾਂ ਵਲੋਂ ਆਪਣੀ ਲਾਇਬ੍ਰੇਰੀ ਦੀਆਂ ਸਾਰੀਆਂ ਕਿਤਾਬਾਂ ਗੁਰਦੁਆਰਾ ਪੈਲਾਟਾਈਨ ਦੀ ਲਾਇਬ੍ਰੇਰੀ ਨੂੰ ਭੇਟ ਕਰਨ ਅਤੇ ਲਾਇਬ੍ਰੇਰੀ ਦੀ ਸੰਭਾਲ ਵਾਸਤੇ 10,000 ਡਾਲਰ ਗੁਰਦੁਆਰਾ ਸਾਹਿਬ ਨੂੰ ਦੇਣ ਦੀ ਸ਼ਲਾਘਾ ਕੀਤੀ। ਬੀਬੀ ਗਿੱਲ ਨੇ ਪ੍ਰੋਫੈਸਰ ਸਾਹਿਬ ਨੂੰ ਆਪਣੀ ਕਵਿਤਾ 'ਤੇਰੀ ਮੇਰੀ ਗੱਲ' ਵੀ ਭੇਟ ਕੀਤੀ।

ਇਸ ਮੌਕੇ ਗੁਰਸ਼ਰਨ ਸਿੰਘ ਭਾਈਆ ਨੇ ਦਸਿਆ ਕਿ ਲਿਖਣ ਲਈ ਪ੍ਰੋ. ਰਾਮਦੇਵ ਉਨ੍ਹਾਂ ਦੇ ਗਾਈਡ ਸਨ। ਉਨ੍ਹਾਂ ਨੇ ਆਪਣੇ ਪਿਛੋਕੜ ਬਾਰੇ ਦਸਿਆ ਕਿ ਪਿੰਡ ਬਾਰਡਰ 'ਤੇ ਹੋਣ ਕਰਕੇ ਉਨ੍ਹਾਂ ਨੂੰ ਵੰਡ ਦਾ ਜ਼ਿਆਦਾ ਬੋਝ ਝੱਲਣਾ ਪਿਆ। ਸਦੀਆਂ ਦੇ ਰਿਸ਼ਤੇ ਦਿਨਾਂ ਵਿਚ ਹੀ ਖਤਮ ਹੋ ਗਏ।

ਬੀਬੀ ਮਨਜੀਤ ਕੌਰ ਭਾਟੀਆ, ਜੋ ਦਿੱਲੀ ਸੈਂਟਰਲ ਸਾਹਿਤ ਅਕੈਡਮੀ ਨਾਲ ਜੁੜੇ ਹੋਏ ਹਨ, ਨੇ ਕਿਹਾ ਕਿ ਅਜਿਹਾ ਸਾਹਿਤਕ ਮਾਹੌਲ, ਜਿੱਥੇ ਦੋਹਾਂ ਵਤਨਾਂ ਦੇ ਲੋਕ ਜੁੜੇ ਦੇਖ ਕੇ ਪਿਛੋਕੜ ਬਾਰੇ ਚਿੰਤਤ ਸੁਣ ਕੇ ਬਹੁਤ ਖੁਸ਼ੀ ਹੋਈ।

ਠਾਕਰ ਸਿੰਘ ਬਸਾਤੀ ਅਤੇ ਸਾਜਿਦ ਚੌਧਰੀ ਨੇ ਇਕ ਦੂਜੇ ਨੂੰ ਫੁੱਲਾਂ ਦੇ ਗੁਲਦਸਤੇ ਦਿੱਤੇ, ਜਿਨ੍ਹਾਂ ਉਪਰ ਇਕ 'ਤੇ ਪਾਕਿਸਤਾਨ ਅਤੇ ਦੂਜੇ 'ਤੇ ਇੰਡੀਆ ਲਿਖਿਆ ਹੋਇਆ ਸੀ, ਜਿਸ ਦਾ ਸੰਕੇਤ ਦੋਵਾਂ ਮੁਲਕਾਂ ਨੂੰ ਪਿਆਰ ਸ਼ਾਂਤੀ ਨਾਲ ਸੁਨੇਹਾ ਦੇਣਾ ਸੀ।

ਅਖੀਰ ਵਿਚ ਸਾਜਿਦ ਚੌਧਰੀ ਨੇ ਆਪਣੀ ਨਜ਼ਮ 'ਮਨਪਸੰਦ ਪਤੀ ਲੱਭਣਾ' ਤੇ ਦੂਜੀ ਮਜਾਹੀਆ ਨਜ਼ਮ 'ਅਮਰੀਕਾ ਵਿਚ ਕੁੱਤੇ ਖੁੱਲ੍ਹੇ ਇੱਟਾ ਬੱਧੀਆਂ' ਪੜ੍ਹ ਕੇ ਖੂਬ ਹਸਾਇਆ। ਪ੍ਰੋਗਰਾਮ ਦੌਰਾਨ ਖਾਣੇ ਦਾ ਪ੍ਰਬੰਧ ਡਾ. ਰਿਆਜ਼ ਬਾਬਰ ਤੇ ਠਾਕਰ ਸਿੰਘ ਬਸਾਤੀ ਨੇ ਕੀਤਾ ਸੀ।

ਕੁਝ ਦਿਨ ਪਹਿਲਾਂ ਪਾਕਿਸਤਾਨ ਪੰਜਾਬ ਦੇ ਗਵਰਨਰ ਜਨਾਬ ਚੌਧਰੀ ਸਰਵਰ ਨੇ ਵੀ ਸਿੱਖਾਂ ਦੇ ਵਫਦ ਨਾਲ ਮੀਟਿੰਗ ਕਰ ਕੇ ਬੇਝਿਜਕ ਪਾਕਿਸਤਾਨ ਆਉਣ ਦਾ ਸੱਦਾ ਦਿੱਤਾ। ਸਰਵਰ ਸਾਹਿਬ 31 ਸਾਲ ਗਲਾਸਗੋ ਇੰਗਲੈਂਡ ਵਿਚ ਐਮ.ਪੀ. ਰਹੇ ਹਨ ਤੇ ਹੁਣ ਉਨ੍ਹਾਂ ਦਾ ਸਪੁੱਤਰ ਉਥੋਂ ਐਮ.ਪੀ. ਹੈ।

# ਮੁਕੇਸ਼ ਅੰਬਾਨੀ, ਅਰੁੰਧਤੀ ਤੇ ਗੁਰੂਸਵਾਮੀ ਸੌ ਪ੍ਰਭਾਵਸ਼ਾਲੀ ਲੋਕਾਂ ਦੀ ਸੂਚੀ 'ਚ ਸ਼ਾਮਲ

**ਨਵੀਂ ਦਿੱਲੀ:** ਰਿਲਾਇੰਸ ਇੰਡਸਟਰੀਜ਼ ਦੇ ਚੇਅਰਮੈਨ ਮੁਕੇਸ਼ ਅੰਬਾਨੀ ਅਤੇ ਲੋਕ ਹਿੱਤਾਂ ਲਈ ਲੜਨ ਵਾਲੀਆਂ ਉਘੀਆਂ ਮਹਿਲਾਵਾਂ ਅਰੁੰਧਤੀ ਕਾਟਜੂ ਤੇ ਮੇਨਕਾ ਗੁਰੂਸਵਾਮੀ ਉਨ੍ਹਾਂ ਭਾਰਤੀ ਆਗੂਆਂ ਵਿਚ ਸ਼ਾਮਲ ਹਨ ਜਿਨ੍ਹਾਂ ਨੂੰ 'ਦਿ ਟਾਈਮ' ਮੈਗਜ਼ੀਨ ਨੇ ਵਿਸ਼ਵ ਦੇ ਇਕ ਸੌ ਅਤਿ ਪ੍ਰਭਾਵਸ਼ਾਲੀ ਲੋਕਾਂ ਦੀ ਸੂਚੀ ਵਿਚ ਸ਼ਾਮਲ ਕੀਤਾ ਹੈ। ਕਾਟਜੂ ਤੇ ਮੇਨਕਾ ਨੇ ਭਾਰਤ 'ਚ ਸਮਲਿੰਗੀਆਂ ਦੇ ਹੱਕਾਂ ਲਈ ਲੰਬੀ ਲੜਾਈ ਲੜੀ ਹੈ। ਇਸ ਪਿਛੋਂ ਕਾਨੂੰਨ ਵਿਚ ਤਬਦੀਲੀਆਂ ਹੋਈਆਂ ਹਨ।

ਸੂਚੀ ਵਿਚ ਵਿਸ਼ਵ ਦੇ ਅਤਿ ਪ੍ਰਭਾਵਸ਼ਾਲੀ ਰਾਜਸੀ ਤੇ ਸਮਾਜ ਸੇਵੀ ਆਗੂ, ਕਲਾਕਾਰ ਅਤੇ ਹੋਰ ਆਪੋ ਆਪਣੇ ਖੇਤਰ ਦੇ ਪ੍ਰਭਾਵਸ਼ਾਲੀ ਲੋਕ ਸ਼ਾਮਲ ਹਨ। ਇਨ੍ਹਾਂ ਵਿਚ ਭਾਰਤੀ ਅਮਰੀਕਨ ਕਮੇਡੀਅਨ ਤੇ ਟੀ.ਵੀ. ਮੇਜ਼ਬਾਨ ਹਸਨ ਮਿਨਹਾਜ, ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ, ਪੋਪ ਫਰਾਂਸਿਸ, ਚੀਨ ਦਾ ਰਾਸ਼ਟਰਪਤੀ ਸ਼ੀ ਜਿਨਪਿੰਗ, ਪਾਕਿਸਤਾਨ ਦੇ ਪ੍ਰਧਾਨ ਮੰਤਰੀ ਇਮਰਾਨ ਖਾਨ, ਗੌਲਫਰ ਟਾਈਗਰ ਵੁੱਡਜ਼ ਅਤੇ ਫੇਸਬੁੱਕ ਦਾ ਬਾਨੀ ਮਾਰਕ ਜ਼ਕਰਬਰਗ ਸ਼ਾਮਲ ਹਨ। ਅਨਿਲ ਅੰਬਾਨੀ ਦੇ ਕਾਰੋਬਾਰੀ ਨਜ਼ਰੀਏ ਬਾਰੇ ਲਿਖਦਿਆਂ ਉਘੇ ਕਾਰੋਬਾਰੀ ਅਤੇ ਮਹਿੰਦਰਾ ਗਰੁੱਪ ਦੇ ਚੇਅਰਮੈਨ ਆਨੰਦ ਮਹਿੰਦਰਾ ਨੇ ਕਿਹਾ ਹੈ ਕਿ ਭਾਰਤੀ ਕਾਰੋਬਾਰ ਜਗਤ ਵਿਚ ਅੰਬਾਨੀ ਦੇ ਪਿਤਾ ਬਹੁਤ ਦੂਰਅੰਦੇਸ਼ ਸਨ ਜਿਨ੍ਹਾਂ ਦਾ ਲਾਇਆ ਰਿਲਾਇੰਸ ਇੰਡਸਟਰੀਜ਼ ਦਾ ਬੂਟਾ ਅੱਜ ਵਿਸ਼ਵ ਪੱਧਰ 'ਤੇ ਨਵੀਆਂ ਬੁਲੰਦੀਆਂ ਛੂਹ ਰਿਹਾ ਹੈ।

ਪ੍ਰਸਿੱਧ ਅਭਿਨੇਤਰੀ ਪ੍ਰਿਅੰਕਾ ਚੋਪੜਾ ਨੇ ਕਾਟਜੂ ਅਤੇ ਗੁਰੂਸਵਾਮੀ ਦੇ ਪ੍ਰੋਫਾਈਲ ਲਿਖੇ ਹਨ ਅਤੇ ਭਾਰਤ ਵਿਚ ਸਮਲਿੰਗੀਆਂ ਦੇ ਹੱਕਾਂ ਲਈ ਲੜੀ ਵੱਡੀ ਲੜਾਈ ਦਾ ਵੇਰਵੇ ਸਹਿਤ ਜ਼ਿਕਰ ਕੀਤਾ ਹੈ।




ਗੁਰਦੁਆਰਾ ਪੈਲਾਟਾਈਨ ਵਿਖੇ ਨਿਸ਼ਕਾਮ ਸੇਵਕ ਮਨਜੀਤ ਸਿੰਘ (ਮੋਟਰੋਲਾ) ਦੇ ਬੇਟੇ ਬੌਨੀਮੀਤ ਸਿੰਘ (ਵਿਚਾਲੇ ਚੈਕ ਕਮੀਜ਼) ਦਾ ਜਨਮ ਦਿਨ ਮਨਾਇਆ ਗਿਆ।

# ਸਿੱਖ ਵਿਦਿਆਰਥੀਆਂ ਨੇ ਯੂਨੀਵਰਸਿਟੀ ਵਿਚ ਲੰਗਰ ਛਕਾਇਆ

**ਸ਼ਿਕਾਗੋ (ਬਿਊਰੋ):** ਯੂਨੀਵਰਸਿਟੀ ਆਫ ਇਲੀਨਾਏ, ਅਰਬਾਨਾ-ਸ਼ੈਂਪੇਨ ਦੀ ਸਿੱਖ ਸਟੂਡੈਂਟਸ ਐਸੋਸੀਏਸ਼ਨ ਦੇ ਉਦਮ ਨਾਲ ਯੂਨੀਵਰਸਿਟੀ ਵਿਚ ਪਿਛਲੇ ਦਿਨੀਂ ਖਾਲਸਾ ਸਾਜਨਾ ਦਿਵਸ ਨੂੰ ਸਮਰਪਿਤ ਲੰਗਰ ਲਾਇਆ ਗਿਆ, ਜਿਸ ਦੌਰਾਨ 2500 ਤੋਂ ਵੱਧ ਵਿਦਿਆਰਥੀਆਂ, ਅਧਿਆਪਕਾਂ ਅਤੇ ਭਾਈਚਾਰੇ ਦੇ ਹੋਰ ਲੋਕਾਂ ਨੇ ਲੰਗਰ ਛਕਿਆ। ਜਥੇਬੰਦੀ



ਪਿਛਲੇ ਛੇ ਸਾਲਾਂ ਤੋਂ ਲੰਗਰ ਛਕਾਉਂਦੀ ਆ ਰਹੀ ਹੈ। ਮਿਡਵੈਸਟ ਵਿਚ ਸ਼ਾਇਦ ਇਹ ਪਹਿਲੀ ਯੂਨੀਵਰਸਿਟੀ ਹੈ, ਜਿਥੇ ਇੰਨੇ ਸਾਲਾਂ ਤੋਂ ਹਰ ਸਾਲ ਲੰਗਰ ਛਕਾਇਆ ਜਾਂਦਾ ਹੈ।

ਲੰਗਰ ਦੀ ਰੀਤ ਨੂੰ ਮੁੱਖ ਰੱਖਦਿਆਂ ਪੰਡਾਲ ਵਿਚ ਬਹੁਤੇ ਵਿਦਿਆਰਥੀਆਂ ਨੇ ਸਿਰ ਢੱਕ ਕੇ ਥੱਲੇ ਕਾਰਪੈਟ 'ਤੇ ਬੈਠ ਕੇ ਲੰਗਰ ਛਕਿਆ। ਲੰਗਰ ਛਕਣ ਲਈ ਵਿਦਿਆਰਥੀਆਂ ਵਿਚ ਬਹੁਤ ਉਤਸ਼ਾਹ ਸੀ ਅਤੇ ਲੰਬੀਆਂ ਕਤਾਰਾਂ ਲੱਗੀਆਂ ਹੋਈਆਂ ਸਨ। ਕਈ ਵਾਰੀ ਪੰਗਤਾਂ ਸਜਾਈਆਂ ਗਈਆਂ, ਜਿਸ ਕਰਕੇ ਮੌਕੇ 'ਤੇ ਹੀ ਯੂਨੀਵਰਸਿਟੀ ਵਿਚ ਫੌਰੀ ਤੌਰ 'ਤੇ ਹੋਰ ਲੰਗਰ ਤਿਆਰ ਕੀਤਾ ਗਿਆ। ਇਸ ਤੋਂ ਪਹਿਲਾਂ ਲੰਗਰ ਗੁਰਦੁਆਰਾ ਪੈਲਾਟਾਈਨ ਵਿਖੇ ਤਿਆਰ ਕੀਤਾ ਗਿਆ ਸੀ। ਚੌਲ-ਛੋਲੇ, ਦਹੀ, ਰਾਜ ਮਾਂਹ, ਨਾਨ ਤੇ ਸੂਜੀ ਦੇ ਹਲਵੇ ਦਾ ਲੰਗਰ ਛਕਣ ਵਾਲੇ ਵਿਦਿਆਰਥੀਆ ਨੇ ਬਹੁਤ ਸਲਾਹਿਆ। ਪਾਣੀ ਦੀਆਂ ਬੋਤਲਾਂ ਚੋਖੀ ਗਿਣਤੀ ਵਿਚ ਵਰਤਾਈਆਂ ਗਈਆਂ। ਦੂਜੇ ਧਰਮਾਂ ਦੇ ਲੋਕ ਸਿੱਖੀ ਵਿਚ ਸੇਵਾ ਤੇ ਸਾਂਝੀਵਾਲਤਾ ਦੇ ਮਹਾਨ ਆਦਰਸ਼ ਤੋਂ ਬਹੁਤ ਪ੍ਰਭਾਵਿਤ ਹੋਏ। ਸਿੱਖ ਸਟੂਡੈਂਟਸ ਐਸੋਸੀਏਸ਼ਨ ਯੂਨੀਵਰਸਿਟੀ ਆਫ ਇਲੀਨਾਏ ਦੇ ਮੈਂਬਰਾਂ ਨੇ ਸਿੱਖ ਸਟੂਡੈਂਟਸ ਐਸੋਸੀਏਸ਼ਨ ਤੇ ਖੰਡੇ ਦੇ ਛਾਪੇ ਵਾਲੀਆਂ ਰੰਗ ਬਰੰਗੀਆਂ ਟੀ-ਸ਼ਰਟਾਂ ਪਾਈਆਂ ਹੋਈਆਂ ਸਨ। ਉਨ੍ਹਾਂ ਨੇ ਸਿੱਖ ਧਰਮ ਤੇ ਲੰਗਰ ਸਬੰਧੀ ਜਾਣਕਾਰੀ ਵਾਲੇ ਫਲਾਇਰ ਵੀ ਕੈਂਪਸ ਦੇ ਵਿਦਿਆਰਥੀਆਂ ਵਿਚ ਵੰਡੇ।

ਲੰਗਰ ਦੇ ਪ੍ਰਬੰਧਕਾਂ ਨੇ ਦੱਸਿਆ ਕਿ ਕੈਂਪਸ ਵਿਚ ਲੰਗਰ ਲਾਉਣ ਨਾਲ ਸਾਨੂੰ ਮੌਕਾ ਮਿਲਦਾ ਹੈ ਕਿ ਅਸੀਂ ਹੋਰ ਭਾਈਚਾਰੇ ਦੇ ਵਿਦਿਆਰਥੀਆਂ ਨੂੰ ਸਿੱਖ ਧਰਮ ਬਾਰੇ ਵਿਸਥਾਰ ਰੂਪ ਵਿਚ ਜਾਣਕਾਰੀ ਦੇ ਸਕੀਏ। ਇਸ ਤਰ੍ਹਾਂ ਦੂਜੇ ਧਰਮਾਂ ਦੇ ਲੋਕਾਂ ਨੂੰ ਸਿੱਖ ਧਰਮ ਤੇ ਸਿੱਖ ਪਛਾਣ ਬਾਰੇ ਜਾਣਕਾਰੀ ਮਿਲਦੀ ਹੈ ਅਤੇ ਉਨ੍ਹਾਂ ਦੇ ਮਨਾਂ ਵਿਚੋਂ ਸਿੱਖ ਪਛਾਣ ਬਾਰੇ ਭੁਲੇਖੇ ਦੂਰ ਹੁੰਦੇ ਹਨ।



ਜਥੇਬੰਦੀ ਦੀ ਇਕ ਕਾਰਕੁਨ ਤਨਵੀਰ ਸੰਧੂ ਅਨੁਸਾਰ ਲੰਗਰ ਲਾਉਣ ਦਾ ਮਨੋਰਥ ਦੂਜੇ ਭਾਈਚਾਰਿਆਂ ਵਿਚ ਸਿੱਖੀ ਦਾ ਪ੍ਰਚਾਰ ਕਰਨਾ ਹੈ



ਅਤੇ ਸਾਨੂੰ ਇਸ ਦਾ ਹੁੰਗਾਰਾ ਵੀ ਮਿਲ ਰਿਹਾ ਹੈ, ਜਿਸ ਦਾ ਸਬੂਤ ਇਹ ਹੈ ਕਿ ਪਹਿਲੇ ਸਾਲ 150 ਵਿਦਿਆਰਥੀਆਂ ਨੇ ਲੰਗਰ ਛਕਿਆ, ਹੁਣ ਛੇ ਸਾਲ ਬਾਅਦ ਲੰਗਰ ਛਕਣ ਵਾਲਿਆਂ ਦੀ ਗਿਣਤੀ ਢਾਈ ਹਜ਼ਾਰ ਤੋਂ ਵੀ ਵਧ ਗਈ ਹੈ। ਦੂਜੇ ਭਾਈਚਾਰਿਆਂ ਦੇ ਵਿਦਿਆਰਥੀਆਂ ਵਿਚ ਸਿੱਖ ਧਰਮ ਬਾਰੇ ਜਾਣਨ ਦੀ ਉਤਸੁਕਤਾ ਵੀ ਵਧੀ ਹੈ। ਇਸ ਦੌਰਾਨ ਬੋਰਡ ਮੈਂਬਰ ਉਨ੍ਹਾਂ ਦੇ ਸਿੱਖੀ ਨਾਲ ਸਬੰਧਿਤ ਸਵਾਲਾਂ ਦੇ ਜਵਾਬ ਵੀ ਦਿੰਦੇ ਹਨ। ਇਸ ਮੌਕੇ ਕਈ ਗੋਰੇ ਵਿਦਿਆਰਥੀਆਂ ਨੇ ਇਸ ਸਮਾਗਮ ਦੀ ਵੀਡੀਓ ਬਣਾ ਕੇ ਸੋਸ਼ਲ ਮੀਡੀਆ 'ਤੇ ਪਾਈ।

ਇਸ ਮੌਕੇ ਦੂਜੇ ਧਰਮਾਂ ਦੇ ਚਾਹਵਾਨ ਵਿਦਿਆਰਥੀਆਂ ਦੇ ਦਸਤਾਰਾਂ ਵੀ ਸਜਾਈਆਂ ਗਈਆਂ।

ਇਸ ਮੌਕੇ ਪਰਿਵਾਰ ਸਮੇਤ ਸ਼ਿਕਾਗੋ ਤੋਂ ਪਹੁੰਚੇ ਲਖਬੀਰ ਸਿੰਘ ਸੰਧੂ ਨੇ ਕਿਹਾ ਕਿ ਸਿੱਖ ਸਟੂਡੈਂਟਸ ਐਸੋਸੀਏਸ਼ਨ ਦੇ ਵਿਦਿਆਰਥੀ ਵਧਾਈ ਦੇ ਪਾਤਰ ਹਨ, ਜੋ ਤਨ, ਮਨ ਤੇ ਧਨ ਨਾਲ ਲੰਗਰ ਦੀ ਸੇਵਾ ਕਰਦੇ ਹਨ। ਵਿਦਿਅਕ ਅਦਾਰਿਆਂ ਵਿਚ ਇਹ ਨੌਜਵਾਨ ਉਚੇਰੀ ਵਿਦਿਆ ਪ੍ਰਾਪਤੀ ਦੇ ਨਾਲ ਆਪਣੇ ਸਿੱਖ ਧਰਮ ਨਾਲ ਵੀ ਜੁੜੇ ਹੋਏ ਹਨ।

ਲੰਗਰ ਦੇ ਇਸ ਉਪਰਾਲੇ ਵਿਚ ਸਿੱਖ ਵਿਦਿਆਰਥੀਆਂ ਦੀ ਇਸ ਜਥੇਬੰਦੀ ਦੇ ਬੋਰਡ ਮੈਂਬਰਾਂ-ਬਾਨੀ ਡੰਡੋਨਾ, ਸਿਮਰ ਬੈਨੀਵਾਲ, ਤਨਵੀਰ ਸੰਧੂ, ਨਿਧੀ ਮਿੱਤਲ, ਹਰਪਾਲ ਸਿੰਘ, ਮਾਨਵ ਆਹਲੂਵਾਲੀਆ, ਅੰਮ੍ਰਿਤ ਸਿੰਘ, ਅਮਨਜੀਤ ਢਿੱਲੋਂ, ਬਹਾਰ ਭਾਟੀਆ, ਭੁਪੇਸ਼ ਬਾਸੀ, ਕ੍ਰਿਤਿਕਾ ਕੋਹਲੀ ਅਤੇ ਦੇਵਾਸ਼ੀਸ਼ ਸਿੰਘ ਤੋਂ ਇਲਾਵਾ ਵਾਲੰਟੀਅਰਾਂ-ਦਿਵਾਸ਼ ਚੁੱਘ, ਹਰਵੀਨ ਬ੍ਰਹਮ, ਅਦਿਤਿਆ ਕਸ਼ਿਅਪ, ਗੁਰਪ੍ਰੀਤ ਸਿੰਘ ਹੋਰਾ, ਸ਼ਿਵਾਂਕ ਮਿਸ਼ਰਾ, ਸਾਕਸ਼ੀ ਭਾਰਦਵਾਜ, ਭਾਨੂ ਸਹਿਗਲ, ਗੌਰਅੰਸ਼ ਧਰੁਵ ਟੰਡਨ, ਤੇਜਵੀਰ ਸਿੰਘ, ਸੁਰਪ੍ਰੀਤ ਕੌਰ, ਭਾਵਨਾ ਖੰਨਾ, ਅਮਨਦੀਪ ਸਰੀਨਾ ਤੇ ਨਵਜੋਤ ਸਿੱਧੂ ਨੇ ਉਤਸ਼ਾਹ ਨਾਲ ਹਿੱਸਾ ਲਿਆ। ਪਿਛਲੇ ਸਾਲ ਦੇ ਬੋਰਡ ਮੈਂਬਰਾਂ- ਅਮਨਦੀਪ ਸਿੰਘ ਤੇ ਪਵਨ ਡੰਡੋਨਾ ਨੇ ਵੀ ਪੂਰਾ ਉਤਸ਼ਾਹ ਦਿਖਾਇਆ।

ਵਿਦਿਆਰਥੀਆਂ ਦੇ ਪਰਿਵਾਰਾਂ ਵਲੋਂ ਇਸ ਉਪਰਾਲੇ ਵਿਚ ਹਿੱਸਾ ਪਾਉਣ ਵਾਲਿਆਂ ਵਿਚ ਲਖਬੀਰ ਸਿੰਘ ਸੰਧੂ, ਕੁਲਦੀਪ ਕੌਰ ਸੰਧੂ, ਅਰੁਨਦੀਪ ਸਿੰਘ ਸੰਧੂ, ਜਸਕਰਨ ਸਿੰਘ ਢਿੱਲੋਂ, ਓਂਕਾਰ ਸਿੰਘ ਢਿੱਲੋਂ, ਦੇਵਰਾਜ ਮਿੱਤਲ,



ਮਿਨਾਕਸ਼ੀ ਮਿੱਤਲ, ਹਰਇੰਦਰ ਕੌਰ ਤੇ ਨਵਪ੍ਰੀਤ ਸਿੰਘ ਸ਼ਾਮਲ ਸਨ।

## ਗੁਰਦੁਆਰਾ ਪੈਲਟਾਈਨ 'ਚ ਬੱਚਿਆਂ ਨੇ ਗੁਰੂ ਨਾਨਕ ਪੁਰਬ ਅਤੇ ਖਾਲਸਾ ਸਾਜਨਾ ਦਿਵਸ ਮਨਾਇਆ

**ਸ਼ਿਕਾਗੋ (ਬਿਊਰੋ):** ਸਿੱਖ ਰਿਲੀਜੀਅਸ ਸੁਸਾਇਟੀ (ਗੁਰਦੁਆਰਾ ਪੈਲਾਟਾਈਨ) ਵਿਚ ਚਲਦੇ ਗੁਰਮਤਿ ਸਕੂਲ ਦੇ ਵਿਦਿਆਰਥੀਆਂ, ਜੋ 5 ਤੋਂ 15 ਸਾਲ ਤੱਕ ਹਨ, ਨੇ ਬੀਤੇ ਐਤਵਾਰ 550ਵੇਂ ਗੁਰੂ ਨਾਨਕ ਦੇਵ ਜੀ ਦਾ ਪ੍ਰਕਾਸ਼ ਦਿਵਸ



ਅਤੇ 330ਵਾਂ ਖਾਲਸਾ ਸਾਜਨਾ ਦਿਵਸ ਮਨਾਇਆ। ਸਾਰੇ ਬੱਚੇ ਦਸਤਾਰਾਂ ਸਜਾ ਕੇ ਨਗਰ ਕੀਰਤਨ ਦੇ ਰੂਪ ਵਿਚ ਸੰਗਤਾਂ ਵਿਚ ਸ਼ਾਮਲ ਹੋਏ। ਸਾਰੀਆਂ ਜਮਾਤਾਂ ਦੇ ਬੱਚਿਆਂ, ਵਿਦਿਆਰਥੀਆਂ ਨੇ ਸ਼ਬਦਾਂ, ਤਕਰੀਰਾਂ ਅਤੇ ਕਵਿਤਾਵਾਂ ਰਾਹੀਂ ਇਸ ਮਹਾਨ ਦਿਹਾੜੇ ਦੀ ਮਹਾਨਤਾ ਦਾ ਬਿਆਨ ਕੀਤਾ। ਸੰਗਤਾਂ








ਨੇ ਬੱਚਿਆਂ ਨੂੰ ਜੈਕਾਰਿਆਂ ਅਤੇ ਫਤਿਹ ਬੁਲਾ ਕੇ ਉਤਸ਼ਾਹ ਦਿੱਤਾ।

ਇਸ ਉਪਰੰਤ ਸਿੱਖ ਯੂਥ ਸਪੀਚ ਸਿੰਪੋਜ਼ੀਅਮ ਵਿਚ ਹਿੱਸਾ ਲੈਣ ਵਾਲੇ ਬੱਚਿਆਂ ਦਾ ਸਨਮਾਨ ਕੀਤਾ ਗਿਆ। ਪਹਿਲੇ, ਦੂਜੇ ਅਤੇ ਤੀਜੇ ਥਾਂ ਰਹੇ ਬੱਚਿਆਂ ਨੂੰ ਟਰਾਫੀਆਂ ਦਿੱਤੀਆਂ ਗਈਆਂ। ਇਹ ਇਸ ਮੁਕਾਬਲੇ ਦਾ ਪਹਿਲਾ ਪੜਾਅ ਸੀ। ਮਿਡਵੈਸਟ ਜ਼ੋਨ ਸਕੂਲ ਦੇ ਸੇਵਾਦਾਰਾਂ ਨੇ ਮਾਪਿਆਂ, ਸੰਗਤਾਂ ਅਤੇ ਪ੍ਰਬੰਧਕਾਂ ਦਾ ਧੰਨਵਾਦ ਕੀਤਾ।

## ਗੁਰਦੁਆਰਾ ਬਲੂ ਮਾਊਂਟੇਨ, ਬੀਠਲ ਵਿਖੇ ਖਾਲਸਾ ਸਾਜਨਾ ਦਿਵਸ ਮਨਾਇਆ





*ਗੁਰਦੁਆਰਾ ਬਲੂ ਮਾਊਂਟੇਨ, ਬੀਠਲ (ਪੈਨਸਿਲਵੇਨੀਆ) ਵਿਖੇ ਪਿਛਲੇ ਦਿਨੀਂ ਖਾਲਸਾ ਸਾਜਨਾ ਦਿਵਸ ਸੰਗਤਾਂ ਨੇ ਸ਼ਰਧਾ ਭਾਵਨਾ ਨਾਲ ਮਨਾਇਆ। ਇਸ ਮੌਕੇ ਨਿਸ਼ਾਨ ਸਾਹਿਬ ਦਾ ਚੋਲਾ ਬਦਲਣ ਦੀ ਸੇਵਾ ਕੀਤੀ ਗਈ। ਭਾਈ ਗੁਰਮੀਤ ਸਿੰਘ ਤੇ ਭਾਈ ਬਲਬੀਰ ਸਿੰਘ ਨੇ ਕੀਰਤਨ ਅਤੇ ਕਥਾ ਰਾਹੀਂ ਸੰਗਤਾਂ ਨੂੰ ਨਿਹਾਲ ਕੀਤਾ। 15 ਬੱਚਿਆਂ ਨੇ ਕੇਸਰੀ ਚੋਲੇ ਪਹਿਨ ਕੇ ਅਕਾਲ ਪੁਰਖ ਕੀ ਫੌਜ ਦਾ ਸਰੂਪ ਧਾਰਿਆ ਅਤੇ ਸ਼ਬਦ ਕੀਰਤਨ ਰਾਹੀਂ ਵੀ ਹਾਜ਼ਰੀ ਲੁਆਈ। ਇਸ ਮੌਕੇ ਦੀਆਂ ਤਸਵੀਰਾਂ*

# ਬੇਜ਼ਮੀਨਿਆਂ ਦੀ ਜ਼ਮੀਨ

## 'ਮੱਛਰਦਾਨੀ ਵਿਚੋਂ ਬਾਹਰ' ਆ ਕੇ ਲੜਨ ਦਾ ਸੱਦਾ ਦਿੰਦੀ ਰਣਦੀਪ ਮੱਦੋਕੇ ਦੀ ਦਸਤਾਵੇਜ਼ੀ ਫਿਲਮ 'ਲੈਂਡਲੈੱਸ'

***ਨੌਜਵਾਨ ਫੋਟੋਗ੍ਰਾਫਰ ਤੇ ਦਸਤਾਵੇਜ਼ੀ ਫਿਲਮਸਾਜ਼ ਰਣਦੀਪ ਮੱਦੋਕੇ ਨੇ ਆਪਣੀ ਪਲੇਠੀ ਦਸਤਾਵੇਜ਼ੀ ਫਿਲਮ 'ਲੈਂਡਲੈੱਸ' (ਬੇਜ਼ਮੀਨੇ) ਵਿਚ ਖੇਤ ਮਜ਼ਦੂਰਾਂ ਅਤੇ ਮਜ਼ਦੂਰਾਂ ਦਾ ਦਰਦ ਬਿਆਨਿਆ ਹੈ। ਇਸ ਦਰਦ ਵਿਚ ਇਨ੍ਹਾਂ ਕਾਮਿਆਂ ਦੀ ਬੇਵਸੀ ਕਾਰਨ ਪੈਦਾ ਹੋਈ ਉਦਾਸੀ ਵੀ ਰਲੀ ਹੋਈ ਹੈ। ਡਾ. ਕੁਲਦੀਪ ਕੌਰ ਨੇ ਆਪਣੇ ਇਸ ਲੇਖ ਵਿਚ ਇਸ ਅਹਿਮ ਫਿਲਮ ਦੇ ਵੱਖ-ਵੱਖ ਪੱਖਾਂ ਬਾਰੇ ਗੱਲ ਤੋਰੀ ਹੈ। -ਸੰਪਾਦਕ***

**ਡਾ. ਕੁਲਦੀਪ ਕੌਰ**
**ਫੋਨ: +91-98554-04330**

ਨੌਜਵਾਨ ਫੋਟੋਗ੍ਰਾਫਰ ਤੇ ਦਸਤਾਵੇਜ਼ੀ ਫਿਲਮਸਾਜ਼ ਰਣਦੀਪ ਮੱਦੋਕੇ ਦੀ ਦਸਤਾਵੇਜ਼ੀ ਫਿਲਮ 'ਲੈਂਡਲੈੱਸ' (ਬੇਜ਼ਮੀਨੇ) ਦੇ ਰਿਲੀਜ਼ ਹੋਣ ਦਾ ਇਸ ਤੋਂ ਢੁੱਕਵਾਂ ਸਮਾਂ ਨਹੀਂ ਹੋ ਸਕਦਾ ਸੀ। ਪਿਛਲੇ ਸਾਲਾਂ ਦੌਰਾਨ ਰਣਦੀਪ ਦੇ ਕੈਮਰੇ ਦੀ ਅੱਖ ਨੇ ਪੰਜਾਬੀ ਰਹਿਤਲ ਤੇ ਭੋਇੰ ਵਿਚ ਵਿਚਰਦੇ ਉਨ੍ਹਾਂ ਕਿਰਦਾਰਾਂ ਨੂੰ ਫੜਿਆ ਹੈ ਜਿਹੜੇ ਸਦੀਆਂ ਤੋਂ ਸੈਮੂਅਲ ਬੈਕਟ ਦੇ ਡਰਾਮੇ 'ਵੇਟਿੰਗ ਫਾਰ ਗੋਦੋ' ਵਿਚ ਅਸਿਸਤਵਾਦ ਦੇ ਦਵੰਦਾਂ ਅਤੇ 'ਭੋਗੇ ਗਏ ਯਥਾਰਥ' ਦੀ ਹੋਣੀ ਸਮੇਤ ਸਾਬਤ-ਸਬੂਤ ਦਿਸਦੇ ਵੀ 'ਅਣਹੋਏ' ਹਨ।


ਰਣਦੀਪ ਆਪਣੀ ਫਿਲਮ ਰਾਹੀਂ ਇਨ੍ਹਾਂ ਦੇ 'ਅਣਹੋਏ' ਹੋਣ ਦਾ ਸਵਾਲ ਪੰਜਾਬੀ ਖਸਲਤ ਦੇ 'ਨਿਮਾਣਿਆਂ ਦੇ ਮਾਣ', 'ਨਿਤਾਣਿਆਂ ਦੇ ਤਾਣ' ਅਤੇ 'ਨਿਥਾਂਵਿਆਂ ਦੇ ਥਾਂਵ' ਦੀਆਂ ਜੜ੍ਹ ਹੋ ਚੁੱਕੀਆਂ ਰਵਾਇਤਾਂ ਅੱਗੇ ਪਾਉਂਦਾ ਹੈ। ਉਸ ਦੇ ਪੰਜਾਬ ਦੇ ਪਿੰਡਾਂ ਵਿਚੋਂ ਖੇਤ-ਬੰਨਿਆਂ 'ਤੇ ਘਾਹ ਖੋਤ ਰਹੀਆਂ ਬੀਬੀਆਂ, ਸੂਰਾਂ ਤੇ ਬੱਕਰੀਆਂ ਦੇ ਵਾੜਿਆਂ ਵਿਚ ਜਵਾਨ ਹੋਏ ਛੋਹਰ, ਤੰਗਹਾਲੀ ਤੇ ਜ਼ਲਾਲਤ ਦੇ ਭੰਨੇ ਬਜ਼ੁਰਗਾਂ ਦਾ ਰੁਦਨ ਸਹਿਜੇ ਹੀ ਫਰਾਂਸਿਕੋ 'ਬੀਫੋ' ਬਰਾਰਦੀ ਦੀ ਕਿਤਾਬ 'ਦਿ ਅਪਰਾਈਜ਼ਿੰਗ' ਦੇ ਪੰਨਾ ਨੰਬਰ 55 'ਤੇ ਲਿਆ ਖੜ੍ਹਾਉਂਦਾ ਹੈ ਜਿਥੇ ਬਹੁਤ ਸਪੱਸ਼ਟ ਸ਼ਬਦਾਂ ਵਿਚ ਦਰਜ ਹੈ, "ਅਸੀਂ ਕਿਸੇ ਵੀ ਪੱਧਰ 'ਤੇ ਤੁਹਾਡੇ ਕਰਜ਼ਦਾਰ ਨਹੀਂ ਤੇ ਹੁਣ ਤੁਹਾਡੇ ਅੰਦਰ ਜਜ਼ਬ ਹੋਣੋਂ ਨਾਂਹ ਕਰਦੇ ਹਾਂ। ਕਦੇ ਜ਼ੁਲਮਤ ਤੋਂ ਮੁਕਰਨਾ ਸਾਡੀ ਜ਼ਰੂਰਤ ਸੀ, ਹੁਣ ਇਹ ਹੱਕ ਹੈ।"

ਪੰਜਾਬ ਵਿਚ ਜਾਤ ਦਾ ਸਵਾਲ ਧਰਮ ਅਤੇ ਵਰਗ-ਵੰਡ ਦੀਆਂ ਹਕੀਕਤਾਂ ਅਤੇ 1947 ਦੀ ਸੱਤਾ ਤਬਦੀਲੀ ਪਿਛੋਂ 'ਆਜ਼ਾਦ' ਸ਼ਹਿਰੀ ਦੇ ਤੌਰ 'ਤੇ ਹੱਕ-ਹਕੂਕਾਂ ਦੀਆਂ ਸੰਵਿਧਾਨਿਕ ਪੇਸ਼ਬੰਦੀਆਂ ਤੋਂ ਬਿਨਾਂ ਨਹੀਂ ਪੜ੍ਹਿਆ ਜਾ ਸਕਦਾ। ਜਾਤ ਨਾਲ ਸਬੰਧਿਤ ਪ੍ਰਮਾਣਿਕ ਦਸਤਾਵੇਜ਼ਾਂ ਤੇ ਇਤਿਹਾਸਕ ਹਵਾਲਿਆਂ ਨੂੰ ਦੇਖਿਆ ਜਾਵੇ ਤਾਂ ਇਹ ਸਪਸ਼ਟ ਹੋ ਜਾਂਦਾ ਹੈ, ਇਹ ਨਾ ਸਿਰਫ ਆਰਥਕ ਆਧਾਰ 'ਤੇ ਹੋਣ ਵਾਲੀ ਹਿੰਸਾ ਹੈ ਸਗੋਂ ਇਸ ਦੀਆਂ ਬਹੁਤ ਸਾਰੀਆਂ ਅਣਦਿਸਦੀਆਂ ਸਭਿਆਚਾਰਕ, ਪਿਤਾ-ਪੁਰਖੀ, ਫਿਰਕਾਪ੍ਰਸਤ, ਸਿਆਸੀ, ਧਾਰਮਿਕ ਤੇ ਮਨੋਵਿਗਿਆਨਕ ਪਰਤਾਂ ਹਨ ਜਿਨ੍ਹਾਂ ਨੂੰ ਖੋਲ੍ਹੇ ਤੇ ਸਮਝੇ ਬਿਨਾਂ ਇਸ ਅੰਨ੍ਹੀ ਧੁੰਦ ਵਿਚੋਂ ਕੁਝ ਸਾਫ ਨਜ਼ਰ ਨਹੀਂ ਦਿਸ ਸਕਦਾ।

ਪਿਛਲੇ ਸਾਲ ਕੰਚਾ ਐਲੋਇ ਦੀ ਕਿਤਾਬ 'ਵ੍ਹਾਇ ਆਈ ਐਮ ਨਾਟ ਏ ਹਿੰਦੂ' ਬਾਰੇ ਆਰਐਸਐਸ ਅਤੇ ਸਰਕਾਰੀ ਤੰਤਰ ਵਲੋਂ ਦਿੱਤਾ ਗਿਆ ਫਤਵਾ ਇਸ ਗੱਲ ਦੀ ਤਸਦੀਕ ਕਰਦਾ ਹੈ ਕਿ ਜਾਤ ਦੇ ਸਵਾਲਾਂ ਦੇ ਰੂ-ਬ-ਰੂ ਹੁੰਦਿਆਂ ਹੀ 'ਦੀਨਾ ਤੇ ਬੀਬਾ' ਨਜ਼ਰ ਆ ਰਿਹਾ ਰਾਜ ਧਰਮ ਆਪਣੇ ਫਾਸ਼ੀਵਾਦ ਤੇ ਸਰਮਾਏਦਾਰੀ ਰੂਪਾਂ ਤੇ ਢੰਗ-ਤਰੀਕਿਆਂ 'ਚ ਤਬਦੀਲ ਹੋ ਜਾਂਦਾ ਹੈ। ਮੁਲਖ ਰਾਜ ਆਨੰਦ ਦੇ ਨਾਵਲ 'ਅਛੂਤ' ਦਾ ਅਗਲਾ ਅਧਿਆਇ ਯੂਆਰ ਅਨੰਤਾਮੂਰਤੀ ਦੀ ਬੇਹੱਦ ਅਹਿਮ ਕਿਤਾਬ 'ਸੰਸਕਾਰਾ: ਏ ਰਾਈਟ ਫਾਰ ਏ ਡੈੱਡਮੈਨ' ਵਿਚ ਜਾ ਕੇ ਖੁੱਲ੍ਹਦਾ ਹੈ।

ਇਥੇ ਦਿਲਚਸਪ ਤੱਥ ਇਹ ਬਣਦਾ ਹੈ ਕਿ ਭਾਰਤ ਵਿਚ ਆਧੁਨਿਕਤਾ, ਨਵ-ਰਾਸ਼ਟਰਵਾਦ ਤੇ ਰਾਸ਼ਟਰੀ ਚੇਤਨਾ ਉਪਜਣ ਦੇ ਦੌਰ ਵਿਚ ਜਾਤ ਦੇ ਆਧਾਰ 'ਤੇ ਹੁੰਦੀ ਹਿੰਸਾ ਖਿਲਾਫ ਲਿਖਣ ਵਾਲਿਆਂ ਵਿਚੋਂ ਬਹੁਤੇ 'ਉਨ੍ਹਾਂ' ਨੂੰ 'ਮੁੱਖ-ਧਾਰਾ' ਵਿਚ ਸ਼ਾਮਿਲ ਕਰਨ ਦੀ ਬਾਤ ਪਾਉਂਦੇ ਹਨ ਪਰ ਉਸ 'ਮੁੱਖ-ਧਾਰਾ' ਵਿਚਲੀ ਵਿਚਾਰਧਾਰਕ ਅਤੇ ਸਿਧਾਂਤਕ ਯਥਾਸਥਿਤੀ ਨੂੰ ਬਦਲਣ ਦੇ ਮਾਮਲੇ 'ਤੇ ਚੁੱਪ ਧਾਰ ਜਾਂਦੇ ਹਨ। ਮਹਾਤਮਾ ਗਾਂਧੀ 'ਨੌਜਵਾਨ' ਅਤੇ 'ਹਰੀਜਨ' ਪਰਚਿਆਂ ਰਾਹੀਂ ਇਸ ਤੱਥ ਨੂੰ ਤਾਂ ਤਸਦੀਕ ਕਰਦੇ ਹਨ ਕਿ ਜਾਤੀ-ਵਿਵਸਥਾ ਮਾੜੀ ਹੈ, "ਐਪਰ ਇਹ ਹਿੰਦੂ ਧਰਮ ਦੀ ਅੰਦਰੂਨੀ ਸਮੱਸਿਆ ਹੈ ਤੇ ਆਧੁਨਿਕ ਕਾਨੂੰਨ ਵਿਵਸਥਾ ਰਾਹੀਂ ਨਹੀਂ ਸਮਝੀ ਜਾ ਸਕਦੀ।"

ਇਸ ਪ੍ਰਸੰਗ ਵਿਚ ਉਨ੍ਹਾਂ ਦੁਆਰਾ 1932 ਵਿਚ ਕੀਤੀ ਉਸ ਭੁੱਖ ਹੜਤਾਲ ਦਾ ਹਵਾਲਾ ਦਿੱਤਾ ਜਾ ਸਕਦਾ ਹੈ ਜੋ ਉਨ੍ਹਾਂ ਅੰਗਰੇਜ਼ੀ ਹਕੂਮਤ ਦੁਆਰਾ ਦਲਿਤਾਂ ਲਈ ਭਾਰਤੀ ਸੰਸਦ ਵਿਚ ਸੀਟਾਂ ਰਿਜ਼ਰਵ ਕਰਨ ਦੇ ਵਿਰੋਧ ਵਿਚ ਕੀਤੀ। ਇਸ ਦੇ ਮੁਕਾਬਲੇ ਤੇ ਰਾਬਿੰਦਰਨਾਥ ਟੈਗੋਰ 'ਚੰਦਰਲੇਖਾ' ਰਾਹੀਂ 'ਅਛੂਤ' ਰੂਪੀ ਬੁਰਾਈ ਨੂੰ ਗ਼ੈਰ ਕਾਨੂੰਨੀ ਕਰਾਰ ਦਿੰਦੇ ਹਨ। ਭਗਤ ਸਿੰਘ ਆਪਣੇ ਅਹਿਮ ਲੇਖ 'ਅਛੂਤ ਸਮੱਸਿਆ' ਵਿਚੋਂ ਦੋ ਨੁਕਤਿਆਂ ਦਾ ਜ਼ਿਕਰ ਕਰਦੇ ਹਨ। ਇਸ ਲੇਖ ਦੇ ਲਿਖਣ ਤਕ ਕੈਥਰੀਨ ਮਾਉ ਦੀ ਕਿਤਾਬ 'ਮਦਰ ਇੰਡੀਆ' ਛਪ ਚੁੱਕੀ ਸੀ ਅਤੇ ਮਹਾਤਮਾ ਗਾਂਧੀ ਇਸ ਨੂੰ 'ਗਟਰ ਵਿਚੋਂ ਛਾਪੀ' ਕਰਾਰ ਦੇ ਚੁੱਕੇ ਸਨ।



*ਰਣਦੀਪ ਮੱਦੋਕੇ*

ਦੂਜੇ ਪਾਸੇ ਬਾਬਾ ਸਾਹਿਬ ਭੀਮ ਰਾਉ ਅੰਬੇਦਕਰ ਨੇ ਆਪਣੇ ਸਾਥੀਆਂ ਨਾਲ 25 ਦਸੰਬਰ 1927 ਨੂੰ 'ਮਨੂੰ ਸ੍ਰਿਮਤੀ' ਜਲਾ ਕੇ ਅਤੇ 20 ਮਾਰਚ 1927 ਨੂੰ ਮਾਹਦ ਰੂਪੀ ਜਗ੍ਹਾ 'ਤੇ ਠਾਕਰਾਂ ਦੇ ਖੂਹ ਤੋਂ ਪਾਣੀ ਪੀ ਕੇ ਜਾਤ ਨੂੰ ਬਣਦੀ ਚੁਣੌਤੀ ਦੇ ਦਿੱਤੀ ਸੀ। ਅਜਿਹੇ ਹਾਲਾਤ ਵਿਚ ਭਗਤ ਸਿੰਘ ਆਪਣੇ ਲੇਖ ਵਿਚ 'ਜਿਨ੍ਹਾਂ ਦੀਆਂ ਜ਼ੰਜੀਰਾਂ ਨੇ, ਉਨ੍ਹਾਂ ਨੂੰ ਹੀ ਭੰਨਣ ਦਿਉਂ' ਦਾ ਹਵਾਲਾ ਦਿੰਦਿਆਂ ਆਪਣੇ ਸਮਕਾਲੀ ਨੂਰ ਮੁਹੰਮਦ (ਬੰਬਈ ਕਾਊਂਸਲ ਵਿਚ ਵਕੀਲ) ਦੁਆਰਾ ਲੜੇ ਜਾ ਰਹੇ ਮੁਕੱਦਮੇ ਦੌਰਾਨ ਦਿੱਤੀਆਂ ਦਲੀਲਾਂ ਦਾ ਹਵਾਲਾ ਦਿੰਦੇ ਲਿਖਦੇ ਹਨ: 'ਜੇ ਹਿੰਦੂ ਸਮਾਜ ਆਪਣੇ ਸਮਕਾਲੀਆਂ ਨੂੰ ਸਕੂਲਾਂ ਵਿਚ ਦਾਖਿਲ ਨਹੀਂ ਹੋਣ ਦਿੰਦਾ- ਸਥਾਨਕ ਕਾਊਂਸਲਾਂ ਦੇ ਪ੍ਰਧਾਨ ਆਪਣੇ ਘਰਾਂ-ਮੁਹੱਲਿਆਂ ਵਿਚ ਲੱਖਾਂ ਲੋਕਾਂ ਨੂੰ ਪਾਣੀ ਤੱਕ ਪੀਣ ਦੀ ਇਜਾਜ਼ਤ ਨਹੀਂ ਦਿੰਦੇ ਤਾਂ ਇਹ ਕਿਹੜੇ ਮੂੰਹ ਨਾਲ ਅੰਗਰੇਜ਼ੀ ਹਕੂਮਤ ਤੋਂ ਮਨੁੱਖੀ ਤੇ ਸਿਆਸੀ ਅਧਿਕਾਰਾਂ ਦੀ ਮੰਗ ਕਰ ਸਕਦਾ ਹੈ?' ਭਗਤ ਸਿੰਘ ਤੇ ਮੁਨਸ਼ੀ ਪ੍ਰੇਮ ਚੰਦ ਜਾਤ ਨੂੰ 'ਕਿਰਤ ਦੀ ਬੇਕਦਰੀ' ਅਤੇ 'ਸਮਾਜਿਕ ਨਿਆਂ ਦੀ ਨਿਰਾਦਰੀ' ਨਾਲ ਜੋੜ ਕੇ ਸਮਝਦੇ ਹਨ। ਡਾ. ਅੰਬੇਦਕਰ ਅਤੇ ਭਗਤ ਸਿੰਘ ਦੇ ਜਾਤ ਬਾਰੇ ਪ੍ਰਗਟਾਏ ਗਏ ਵਿਚਾਰਾਂ ਦੀ ਸਾਂਝੀ ਤੰਦ ਹਕੂਮਤੀ ਢਾਂਚਿਆਂ ਦੇ ਜਾਤੀ ਟੀਰ ਦਿਖਾਉਣ ਦੇ ਨਾਲ ਨਾਲ ਧਰਮ-ਸਾਮਰਾਜਵਾਦ-ਪੂੰਜੀਵਾਦ-ਅਫਸਰਸ਼ਾਹੀ ਦੇ ਨਾਪਾਕ ਗਠਜੋੜ ਨੂੰ ਵੀ ਨੰਗਾ ਕਰਦੀ ਹੈ।

ਰਣਦੀਪ ਫਿਲਮ ਰਾਹੀਂ ਇਸ ਵਿਚਾਰਧਾਰਕ ਪੈਰਵੀ ਦੀ ਵਕਾਲਤ ਕਰਦਿਆਂ ਮਨੁੱਖੀ ਹਾਲਾਤ ਵਿਚ ਪਸਰੀ ਬੇਵਿਸਾਹੀ, ਸੰਸਿਆਂ, ਖਦਸ਼ਿਆਂ ਅਤੇ ਟਕਰਾਉ ਨੂੰ ਫੋਟੋਆਂ ਰਾਹੀਂ, ਅਵਾਜ਼ਾਂ ਰਾਹੀਂ, ਚੁੱਪ ਰਾਹੀਂ ਅਤੇ 'ਕਿਤੇ ਵੀ ਨਾ ਪਹੁੰਚਣ ਵਾਲੇ' ਰਸਤਿਆਂ ਦੀ ਇਕਸਾਰਤਾ ਤੇ ਲਗਾਤਾਰਤਾ ਰਾਹੀਂ ਸਿਰਜਦਾ ਹੈ। ਸਰੀਰਾਂ ਦੀ ਬੁਲਬੁਲਿਆਂ ਵਰਗੀ ਹੋਂਦ ਅਤੇ ਪਤਾਸਿਆਂ ਵਰਗੇ ਵਜੂਦ ਹਾਲਾਤ ਦੀ ਕਰੂਰਤਾ ਅਤੇ ਬਰਬਰਤਾ ਅੱਗੇ ਪਲ ਪਲ ਖੁਰਦੇ ਮਹਿਸੂਸ ਹੁੰਦੇ ਹਨ। ਫਿਲਮ ਵਿਚ ਬਹੁਤ ਸਾਰਾ 'ਵਾਪਰਦਾ' ਮੀਡੀਆ ਰਾਹੀਂ, ਦੰਦ-ਕਥਾਵਾਂ ਰਾਹੀਂ, ਚੇਤਿਆਂ ਰਾਹੀਂ ਬਹੁਤਿਆਂ ਦੀ 'ਯਾਦ' ਵਿਚ ਤਾਂ ਪਿਆ ਹੈ, ਰਣਦੀਪ ਇਸ ਨੂੰ ਜਮਹੂਰੀਅਤ ਦੀ ਸਾਣ 'ਤੇ ਲਗਾਉਣ ਦਾ ਸੱਦਾ ਦਿੰਦਾ ਹੈ।

ਰਣਦੀਪ ਨੇ ਫਿਲਮ ਵਿਚ ਉਨ੍ਹਾਂ ਹੀ ਚਿੰਨ੍ਹਾਂ, ਪ੍ਰਤੀਕਾਂ ਅਤੇ ਸੰਕੇਤਾਂ ਨੂੰ ਚੁਣਨ ਦਾ ਤਹੱਈਆ ਕੀਤਾ ਹੈ ਜਿਨ੍ਹਾਂ ਨੂੰ 'ਪਾਪੂਲਰ ਕਲਚਰ' ਅਤੇ 'ਮੁੱਖ ਧਾਰਾ ਸਿਨੇਮਾ' ਸਾਲਾਂ ਤੋਂ ਪੰਜਾਬ ਦੇ ਖਿੱਤਿਆਂ, ਖੇਤਾਂ ਅਤੇ ਦਿਸਹੱਦਿਆਂ ਦੀ ਰੂਪਕਾਰੀ ਕਰਨ ਲਈ ਵਰਤ ਰਿਹਾ ਹੈ ਪਰ ਉਸ ਦੇ ਦ੍ਰਿਸ਼ ਦਰਸ਼ਕਾਂ 'ਚ ਨਿਰੰਤਰ ਦਹਿਸ਼ਤ, ਅਣਵਾਪਰੇ ਦੇ ਡਰਾਂ, ਕੁਝ ਅਣਸੁਖਾਵਾਂ ਵਾਪਰਨ ਦੇ ਖਦਸ਼ਿਆਂ ਨੂੰ ਮਰਨ ਨਹੀਂ ਦਿੰਦੇ। ਰਣਦੀਪ ਇਸ ਨੂੰ ਜਮਾਤੀ ਸੰਘਰਸ਼ ਦੇ ਨੁਕਤੇ ਤੋਂ ਦੇਖਦਾ ਇਸ ਨੂੰ ਮਨੁੱਖੀ ਹੱਕਾਂ ਦੇ ਘਾਣ ਤੇ ਜਮਹੂਰੀਅਤ ਦੀ ਅਸਫਲਤਾ ਵਜੋਂ ਵੀ ਦਰਜ ਕਰਦਾ ਹੈ। ਰਣਦੀਪ ਇਸ ਨੂੰ ਮਨੁੱਖੀ ਜ਼ਿੰਦਗੀਆਂ ਦੀ ਛਟਪਟਾਹਟ, ਆਜ਼ਾਦੀ, ਬਰਾਬਰੀ ਤੇ 'ਉਮੀਦ ਨੂੰ ਇਕ ਹੋਰ ਮੌਕਾ ਦਿੱਤਾ ਜਾਵੇ' ਵਜੋਂ ਦੇਖਦਾ ਹੈ।

ਉਸ ਦੀ ਫਿਲਮ ਵਿਚ 'ਦਿਸਦੇ' ਤੇ 'ਜ਼ਾਹਿਰ' ਨਾਲੋਂ 'ਅਣਦਿਸਦਾ' ਤੇ 'ਬਾਤਿਨ' ਜ਼ਿਆਦਾ ਮਹੱਤਵਪੂਰਨ ਹੈ। ਸੰਵਾਦਾਂ ਨਾਲੋਂ ਟੋਕਿਆਂ ਦੀ ਕਚਰ ਕਚਰ, ਪੰਛੀਆਂ ਦੀ ਕੁਰਲਾਹਟ, ਵਿਹੜਿਆਂ ਵਿਚ ਪਸਰੀ ਸੁੰਨ ਅਤੇ ਚਿਹਰਿਆਂ 'ਤੇ ਲਿਖੀਆਂ ਰੰਜ਼ ਦੀਆਂ ਇਬਾਰਤਾਂ ਪੰਜਾਬੀ ਫਿਲਮ, ਅਦਬ ਅਤੇ ਸੁਹਿਰਦਤਾ ਅੱਗੇ ਨਵੇਂ ਸਵਾਲ ਖੜ੍ਹੇ ਕਰਦੀਆਂ ਹਨ। ਉਸ ਦਾ ਇਕ ਕਿਰਦਾਰ ਕਹਿੰਦਾ ਹੈ, "ਅਸੀਂ ਹੁਣ ਲੱਤਾਂ ਵਢਾ ਲਈਏ?" "ਕੀ ਕਸੂਰ ਹੈ ਸਾਡਾ?" ਰਣਦੀਪ ਦੀ ਫਿਲਮ ਅੱਗੇ ਦੀ ਲੜਾਈ 'ਮੱਛਰਦਾਨੀ ਵਿਚੋਂ ਬਾਹਰ' ਆ ਕੇ ਲੜਨ ਦਾ ਸੱਦਾ ਦਿੰਦੀ ਹੈ ਜਿਸ ਨੂੰ ਸੁਣਿਆ ਜਾਣਾ ਪੰਜਾਬ ਦੀ ਭਵਿਖੀ ਹੋਣੀ ਦਾ ਰਸਤਾ ਤੈਅ ਕਰੇਗਾ। ਫਿਲਮ ਵਿਚ 'ਬੇਜ਼ਮੀਨਾ' ਹੋਣ ਦੀ ਸਮੱਸਿਆ ਦੀ ਸਿਰਫ ਇਕ ਨੁੱਕਰ ਹੈ- ਇਸ ਦੇ ਉਹਲੇ ਸਵੈਮਾਨ ਅਤੇ ਅਣਖ ਨਾਲ ਉਗਮਣ, ਵਿਗਸਣ ਅਤੇ ਮੌਲਣ ਦਾ ਸਭਿਅਕ ਹੁੰਗਾਰਾ ਪਿਆ ਹੈ। ਇਸ ਫਿਲਮ ਦੀ ਸਾਰਥਿਕਤਾ ਮੌਜੂਦਾ ਤਕਨੀਕੀ ਤੇ ਸੂਚਨਾ ਪ੍ਰਚਾਰ-ਪ੍ਰਸਾਰ ਦੇ ਦੌਰ ਵਿਚ ਮਾਨਵੀ ਗਿਆਨ ਪ੍ਰਕਿਰਿਆ ਦੇ ਹਾਸ਼ੀਆਗ੍ਰਸਤ ਸੁਹਜ ਅਤੇ ਕਲਾ ਜ਼ਰੀਏ ਪੰਜਾਬੀ ਮਾਨਸ ਦੀ ਬਾਤ ਨਵ-ਉਦਾਰਵਾਦੀ ਮੰਡੀ ਤੇ ਖਪਤਵਾਦੀ ਸਵਾਦਾਂ ਦੇ ਘੜਮੱਸ ਦੇ ਸਨਮੁੱਖ ਰੱਖਣ ਵਿਚ ਹੈ।



# ਆਖ ਤਸਵੀਰਾਂ ਬੋਲਦੀਆਂ

***ਕਾਲਮ 'ਆਖ ਤਸਵੀਰਾਂ ਬੋਲਦੀਆਂ' ਨੇ ਪਾਠਕਾਂ ਦੇ ਦਿਲਾਂ ਅੰਦਰ ਬੈਠੇ ਸ਼ਾਇਰ ਨੂੰ ਖੂਬ ਹਲੂਣਿਆ ਹੈ। ਤਸਵੀਰ ਦੇਖ ਕੇ ਤੁਹਾਡੇ ਮਨ ਵਿਚ ਜੋ ਵਲਵਲੇ ਉਠਦੇ ਹਨ, ਉਹ ਕਵਿਤਾ ਦੀਆਂ ਦੋ ਤੋਂ ਚਾਰ ਸਤਰਾਂ 'ਚ ਸਾਨੂੰ ਤਸਵੀਰ ਦੇ ਸਿਰਲੇਖ ਦੇ ਤੌਰ 'ਤੇ ਭੇਜੋ। ਪਾਠਕਾਂ ਦੀ ਸਹੂਲਤ ਲਈ, ਮਿਸਾਲ ਵਜੋਂ ਫੋਟੋ ਨਾਲ ਕਾਵਿ ਟੋਟਾ ਵੀ ਦਿੱਤਾ ਗਿਆ ਹੈ। ਇਸ ਵਾਰ ਕੈਪਸ਼ਨ ਭੇਜਣ ਲਈ ਆਖਰੀ ਤਾਰੀਖ 4 ਮਈ 2019 ਹੈ। -ਸੰਪਾਦਕ***

## ਕੈਪਸ਼ਨ ਮੁਕਾਬਲਾ-375



***ਸ਼ਹਿਰੀ ਬੱਚੇ ਝੂਲੇ ਝੂਲਣ ਉਚੀ ਲਾਉਣ ਉਡਾਰੀ।***
***ਪੇਂਡੂ ਨਿਆਣੇ ਕਰ ਲੈਂਦੇ ਨੇ ਕੱਟੀ ਦੀ ਅਸਵਾਰੀ।***

## ਕੈਪਸ਼ਨ ਮੁਕਾਬਲਾ-374



ਅੰਨਦਾਤੇ ਦਾ ਹਾਲ ਤੱਕੀਏ
ਮਿੱਟੀ ਸੰਗ ਨਿੱਤ ਮਿੱਟੀ ਹੋਵੇ।
ਰੁੱਖੀ ਮਿੱਸੀ ਖਾ ਅਚਾਰ ਨਾਲ
ਭੁੱਖੇ ਪੇਟ ਨੂੰ ਝੁਲਕਾ ਦੇਵੇ।
ਵਰ੍ਹਦੀ ਧੁੱਪੇ ਠਾਰਦੀ ਠੰਡ ਵਿਚ
ਦਿਨ ਰਾਤ ਹੱਡ ਭੰਨਾਵੇ।
ਕਰੋਪੀ ਮਾਰੇ, ਕਦੇ ਭਾਅ ਮਾਰਦੇ
ਪਰ ਨਾ ਪੇਸ਼ ਕੋਈ ਜਾਵੇ।

***-ਸੇਵਾ ਸਿੰਘ ਨੂਰਪੁਰੀ***
***ਸੈਨ ਹੋਜੇ, ਕੈਲੀਫੋਰਨੀਆ।***

---

ਸਾਰੇ ਜੱਗ ਦਾ ਪਾਲਣਹਾਰਾ
ਨਰਕਾਂ ਵਾਲੀ ਜੂਨ ਹੰਢਾਵੇ।
ਨਾ ਪਾਵੇ, ਨਾ ਖਾਵੇ ਚੱਜ ਦਾ
ਦਿਨ ਕਟੀ ਬੱਸ ਕਰਦਾ ਜਾਵੇ।
ਰੁੱਖੀ ਮਿੱਸੀ ਖਾਵਣ ਦੇ ਲਈ
ਹੱਥ ਆਪਣੇ ਦਾ ਥਾਲ ਬਣਾਵੇ॥

***-ਜਗਮੀਤ ਸਿੰਘ ਪੰਧੇਰ***
***ਪਿੰਡ ਕਲਾਹੜ, ਲੁਧਿਆਣਾ।***
***ਫੋਨ: 91-98783-37222***

---

ਪਹੁ-ਫੁਟਾਲੇ, ਸਾਈਕਲ ਚੁੱਕ ਕੇ
ਖੇਤ ਨੂੰ ਦੌੜ ਲਗਾਈ।
ਮਿੱਟੀ ਨਾਲ ਮਿੱਟੀ ਹੋਇਆ
ਮੁੜ੍ਹਕੋ-ਮੁੜ੍ਹਕੀ ਹੋ ਕੇ ਕਰੇ ਕਮਾਈ।
ਅਚਾਰ ਨਾਲ ਹੱਥ 'ਤੇ ਰੱਖੀ ਰੋਟੀ
ਘੁੱਟੀ-ਵੱਟੀ ਪਾਣੀ ਨਾਲ ਲੰਘਾਈ।
ਅੰਨਦਾਤਾ ਬਣ ਕੇ ਅੰਨ ਦਾ
ਜਾਵੇ ਸਭ ਦਾ ਫਿਕਰ ਮੁਕਾਈ।

***-ਦਵਿੰਦਰ ਕੌਰ***

---

ਪਾਠੀ ਲਗਦੇ ਨਾਲ ਸੁਵੱਖਤੇ
ਖੇਤ ਦੀ ਕਰੀ ਤਿਆਰੀ।
ਖੇਤ ਦੂਰ ਹੈ ਤੁਰਨਾ ਔਖਾ
ਸਾਈਕਲ ਲਿਆ ਅਸਵਾਰੀ।
ਹਾਜ਼ਰੀ ਰੋਟੀ ਅਚਾਰ ਤੇ ਗੰਢਾ
ਝੋਲੇ ਦੇ ਵਿਚ ਪਾਇਆ।
ਭੁੱਖ ਲੱਗੀ ਤਾਂ ਖਾਣ ਬਹਿ ਗਿਆ
ਪਾਣੀ ਕੋਲ ਟਿਕਾਇਆ।
ਵੱਡੇ ਟਰੈਕਰ ਤੇ ਕੰਬਾਈਨਾਂ
ਕਿਉਂ ਕਿਸਮਤ ਵਿਚ ਜੁੜੀਆਂ?
ਬੈਕਾਂ ਵਾਲਿਆਂ ਵਰੰਟ ਕੱਢ'ਤੇ
ਜਦ ਕਿਸ਼ਤਾਂ ਨਾ ਮੁੜੀਆਂ।
ਡਰਨ ਨਾ ਲੋਕੀ ਸੱਚੇ ਰੱਬ ਤੋਂ
ਨਿਤ ਵੇਚਦੇ ਚਿੱਟਾ।
ਮਾਪੇ ਅੱਗ ਸਿਵਿਆਂ ਦੀ ਸੇਕਣ
ਜ਼ਹਿਰ ਬਣ ਗਿਆ ਮਿੱਠਾ।

***-ਮਾਸਟਰ ਪ੍ਰੀਤਮ ਸਿੰਘ ਲੰਮੇ***
***ਫੋਨ: 925-325-2486***

---

ਕਿਸਾਨ ਖੇਤਾਂ 'ਚ ਸਰੀਰ ਤੋੜਦਾ
ਝੱਖੜ ਤੁਫਾਨ, ਸੇਮ, ਮਹਾਂਮਾਰੀਆਂ
ਟਿੱਡੀਦਲ ਤੇ ਜਨੌਰ ਫਸਲ ਖਾ ਜਾਂਦੇ
ਹਲ, ਸੁਹਾਗਾ, ਕਰਾਹ ਖੇਤਾਂ 'ਚ ਫੇਰੇ।
ਸਾਰੇ ਦੇਸ਼ ਨੂੰ ਅੰਨ ਮੁਹੱਈਆ ਕਰਦਾ।
ਉਹੀ ਝੱਗਾ, ਉਹੀ ਕੱਛਾ ਤੇੜ
ਨੰਗੇ ਪੈਰੀਂ ਸੱਪਾਂ ਦੀਆਂ ਸਿਰੀਆਂ ਮਿੱਧੇ।
ਉਜਰਤ ਲੁੱਟੀ ਜਾਂਦੀ ਸ਼ੁੱਰੇ ਬਾਜ਼ਾਰ
ਫਸਲ ਪੱਕੀ, ਭਾਅ ਟੁੱਟਾ
ਮੰਡੀ ਆਇਆ ਫਿਰ ਗਿਆ ਲੁੱਟਿਆ।
ਬੈਂਕਾਂ ਦਾ ਕਰਜ਼ਾ,
ਦੁਕਾਨਾਂ ਦੀਆਂ ਚਾਅਬਤਾਂ
ਕਰਜ਼ਾ ਮੁਆਫੀ,
ਨਵੀਆਂ ਕਾਰਪੋਰੇਟ ਨੀਤੀਆਂ
ਰੱਖਦੀਆਂ ਉਸ ਨੂੰ ਹੱਕਾਂ ਤੋਂ ਵਾਂਝਿਆਂ।
ਕਿਸਾਨ ਸਭਾ ਲਲਕਾਰਦੀ
ਜਮੀਨ ਕਾਸ਼ਤਕਾਰ ਦੀ
ਸਭ ਹਨ ਥੋਥੇ ਨਾਅਰੇ।

***-ਦਰਸ਼ਨਪਾਲ ਦੋਸਾਂਝ***

***To Advertise with Punjab Times Call: 847-359-0746***
***Fax:847-705-9388, e-mail:punjabtimes1@gmail.com***
*Visit us on the web:**wwwpunjabtimesusa.com***

# ਮੁਰਾਦ-ਮੰਦਿਰ ਹੈ ਮਾਂ

## ਚਿਰਾਗ-ਡਾਰ



ਡਾ. ਗੁਰਬਖਸ਼ ਸਿੰਘ ਭੰਡਾਲ
ਫੋਨ: 216-556-2080

*ਡਾ. ਗੁਰਬਖਸ਼ ਸਿੰਘ ਭੰਡਾਲ ਆਪਣੀ ਨਿਵੇਕਲੀ ਸ਼ੈਲੀ ਵਿਚ ਜੀਵਨ ਦੀਆਂ ਪਰਤਾਂ ਫਰੋਲਦੇ ਜ਼ਿੰਦਗੀ ਦੇ ਨਾਦ ਦੀ ਤਲਾਸ਼ ਵਿਚ ਰਹਿੰਦੇ ਹਨ। ਉਨ੍ਹਾਂ ਦੀ ਵਾਰਤਕ ਵਿਚ ਕਾਵਿ-ਰੰਗ ਇੰਨਾ ਭਾਰੂ ਹੁੰਦਾ ਹੈ ਕਿ ਕਈ ਵਾਰ ਤਾਂ ਭੁਲੇਖਾ ਪੈਂਦਾ ਹੈ ਕਿ ਇਹ ਵਾਰਤਕ ਹੈ ਜਾਂ ਕਵਿਤਾ। ਪਿਛਲੇ ਲੇਖ ਵਿਚ ਡਾ. ਭੰਡਾਲ ਨੇ ਜ਼ਿੰਦਗੀ ਦੇ ਪਲਾਂ-ਛਿਣਾਂ ਦਾ ਲੇਖਾ-ਜੋਖਾ ਕਰਦਿਆਂ ਕਿਹਾ ਸੀ, "ਹਰ ਪਲ ਦੀ ਤਾਸੀਰ ਅਤੇ ਤਰਜ਼ੀਹ ਵੱਖ-ਵੱਖ। ਤਰਕੀਬ ਅਤੇ ਤਸਵੀਰ ਦਾ ਮੁਹਾਂਦਰਾ ਵਿਭਿੰਨ।...ਪਲ ਨੇ ਕਿਹੜੇ ਰੰਗ, ਰੂਪ ਅਤੇ ਅੰਦਾਜ਼ ਵਿਚ ਜੀਵਨੀ ਦਸਤਕ ਬਣਨਾ, ਇਕ ਪਲ ਦੀ ਤਾਂ ਗੱਲ ਆ।" ਇਹ ਸੱਚ ਹੈ ਕਿ ਮਾਂ ਮਾਂ ਹੀ ਹੁੰਦੀ ਹੈ, ਉਸ ਨਾਲ ਕੋਈ ਨਹੀਂ ਬਰ ਮੇਚ ਸਕਦਾ। ਹਥਲੇ ਲੇਖ ਵਿਚ ਡਾ. ਭੰਡਾਲ ਨੇ ਮਾਂ ਦੀਆਂ ਨਿਆਮਤਾਂ ਦੀ ਗੱਲ ਛੇੜੀ ਹੈ। ਉਹ ਸੱਚ ਕਹਿੰਦੇ ਹਨ, "ਮਾਂ ਮਹਾਂਦਾਨੀ, ਮਹਾਨ ਸੁਆਣੀ ਤੇ ਜੀਵਨ-ਦਾਨੀ ਜਿਸ ਦੀ ਮਹਿਮਾ, ਮਹਾਨਤਾ ਅਤੇ ਮੁਲੰਗਪੁਣੇ ਦੀ ਅਕੱਥ ਕਹਾਣੀ ਕਿਸੇ ਨਾ ਜਾਣੀ। ਮਾਂ ਅਨਪੜ੍ਹ ਹੁੰਦਿਆਂ ਵੀ ਮਹਾਂ-ਗਿਆਨੀ। ਦੁਨੀਆਂ ਦਾ ਹਰ ਗਿਆਨ, ਬੱਚੇ ਦੀ ਸੋਚ ਵਿਚ ਧਰ, ਖੁਦ ਭਰਪੂਰ ਰਹਿੰਦੀ।" ਜਦੋਂ ਮਾਂ ਤੁਰ ਜਾਂਦੀ ਹੈ ਤਾਂ ਅਹਿਸਾਸ ਹੁੰਦਾ ਹੈ, "ਮਾਂ ਦੇ ਮਰ ਜਾਣ 'ਤੇ ਮਰ ਜਾਂਦੇ ਨੇ ਮਾਂਵਾਂ ਵਾਲੇ ਲਾਡ ਪਿਆਰ ਤੇ ਚਾਅ ਦੁਲਾਰ। ਉਜੜ ਜਾਂਦਾ ਸੁਪਨ ਸੰਸਾਰ।...ਬੰਦਾ ਫਸ ਜਾਂਦਾ ਅੱਧ-ਵਿਚਕਾਰ ਅਤੇ ਜੀਵਨ 'ਚ ਪਸਰਦਾ ਅੰਧਕਾਰ।" ਡਾ. ਭੰਡਾਲ ਦੇ ਇਨ੍ਹਾਂ ਸ਼ਬਦਾਂ ਵਿਚ ਕਿੱਡਾ ਸੱਚ ਹੈ, "ਮਾਂ ਨੂੰ ਕਿਸ ਨਾਲ ਤਸ਼ਬੀਹ ਦਿਓਗੇ ਕਿਉਂਕਿ ਮਾਂ ਬਰੋਬਰ ਤਾਂ ਕੁਝ ਵੀ ਬਰ ਨਹੀਂ ਮੇਚਦਾ। ਇਸ ਦੇ ਨਹੀਂ ਕੋਈ ਤੁੱਲ ਅਤੇ ਨਾ ਹੀ ਇਸ ਦੇ ਬਰਾਬਰ ਹੈ ਕਿਸੇ ਦਾ ਮੁੱਲ।" -ਸੰਪਾਦਕ*

ਮਾਂ, ਮੰਨਤਾਂ, ਮੁਰਾਦਾਂ, ਮਮਤਾ ਅਤੇ ਮਨੁੱਖਤਾ ਦਾ ਮੁਹਾਂਦਰਾ। ਸ਼ੁੱਧਤਾ, ਸਚਿਆਈ, ਸਚਿਆਰੇਪਣ, ਸੂਹਜ, ਸੂਝ, ਸਿਆਣਪ ਅਤੇ ਸਿਰੜ-ਸਾਧਨਾ ਦਾ ਸਿਰਨਾਵਾਂ। ਫਕਰੀ, ਫਰਾਖਦਿਲੀ, ਫਰਜ਼, ਫਰਮਾਬਰਦਾਰੀ ਅਤੇ ਫਸਲਿਆਂ ਦੀ ਫਾਸੀਲ। ਕੋਮਲਤਾ, ਕਰਨੀ, ਕੀਰਤੀ ਅਤੇ ਕਰਮ-ਯੋਗਤਾ ਦੀ ਅਪੀਲ। ਧਰਮ, ਧੀਰਜ ਅਤੇ ਧੰਨਤਾ ਦੀ ਅੰਜ਼ੀਲ।

ਮਾਂ, ਕਦਰਾਂ ਕੀਮਤਾਂ ਦੀ ਲੋਅ, ਕੰਧਾਂ ਨੂੰ ਘਰ ਬਣਾਉਣ ਦੀ ਸੋਅ, ਕੰਧਾਂ ਵਿਚਲੇ ਰੌਸ਼ਨਦਾਨਾਂ ਵਿਚੋਂ ਆਉਂਦੀਆਂ ਕਿਰਨਾਂ ਦਾ ਜਲੌਅ, ਚੌਕੇ 'ਚੋਂ ਆ ਰਹੀ ਭਿੰਨੀ-ਭਿੰਨੀ ਖੁਸ਼ਬੋ, ਹਰੇਕ ਲਈ ਚੰਗੇਰੇ ਸਬੱਬ ਦਾ ਢੋਅ, ਸਭ ਲਈ ਅਪਣੱਤ ਦੀ ਖੋਹ ਅਤੇ ਦੁਆਵਾਂ, ਦਰਿਆਦਿਲੀ, ਦਿਆਲਤਾ, ਦਿਆਨਤ ਅਤੇ ਦਿਲਗੀਰੀ ਦਾ ਵਗਦਾ ਚੋਅ, ਜਿਸ ਦੀ ਨਿਰਮਲ ਛੋਹ ਵਿਚੋਂ ਮਿਲਦੀ ਸੁੱਚੀਆਂ ਸੋਚਾਂ ਦੀ ਸੋਅ।

ਮਾਂ ਦਾ ਲਾਡ ਪਿਆਰ, ਜੀਵਨ ਦਾ ਸੁੱਚਾ ਹਾਸਲ, ਜਿਸ ਸਾਹਵੇਂ ਫਿਕੀਆਂ ਨੇ ਦੁਨਿਆਵੀ ਨਿਆਮਤਾਂ। ਮਾਂ ਦੀਆਂ ਮਿੱਠੀਆਂ ਝਿੜਕਾਂ ਖਾ ਕੇ ਪਲਣ ਵਾਲੇ ਬੱਚੇ ਨੂੰ ਪਤਾ ਹੁੰਦਾ ਏ ਕਿ ਮਾਂ ਜਦ ਝਿੜਕਦੀ ਏ ਤਾਂ ਉਸ ਦੇ ਮਨ ਵਿਚ ਕਿੰਨਾ ਮੋਹ ਉਮਡਦਾ। ਕਿਵੇਂ ਅਲੋਪ ਰੂਪ ਵਿਚ ਛਲਕਦੀਆਂ ਨੇ ਮਾਂ ਦੀਆਂ ਨੈਣ-ਨਦੀਆਂ। ਬੱਚਾ ਮਾਂ ਦੀਆਂ ਝਿੜਕਣੀਆਂ ਵਿਚੋਂ ਵੀ ਕੁਝ ਅਚੇਤ ਤੇ ਸੁਚੇਤ ਰੂਪ ਵਿਚ ਹਾਸਲ ਕਰ, ਸਮਿਆਂ ਦਾ ਸੁੱਚਮ ਬਣਨ ਵਿਚ ਪਹਿਲ ਕਰਦਾ।

ਮਾਂ ਦੀਆਂ ਅਰਦਾਸਾਂ 'ਚ ਪ੍ਰਵਾਨ ਚੜ੍ਹੇ ਬੱਚੇ ਦੇ ਹਰ ਕਰਮ ਤੇ ਕੀਰਤੀ ਵਿਚ ਦੁਆਵਾਂ ਦੀ ਦਰਿਆ-ਦਿਲੀ। ਅਜਿਹੇ ਬੱਚੇ ਦੇ ਮਰਜ਼ ਦੀ ਦਵਾ, ਕਿਸੇ ਮਾਹਰ ਡਾਕਟਰ ਦੀ ਦਵਾ ਨਹੀਂ ਸਗੋਂ ਮਾਂ ਦੀਆਂ ਦੁਆਵਾਂ ਹੁੰਦੀਆਂ। ਬੱਚੇ ਦੀ ਸੋਚ ਵਿਚ ਮਾਨਵਤਾ ਦਾ ਮੁਹਾਂਦਰਾ ਅਤੇ ਪੈੜ-ਪਰਛਾਂਵਿਆਂ ਵਿਚ ਭਲਿਆਈ ਅਤੇ ਬੰਦਿਆਈ ਦਾ ਸਾਇਆ।

ਮਾਂ ਦੀਆਂ ਰਹਿਮਤਾਂ ਵਿਚ ਖਿਲੰਦੜੇ ਬੱਚੇ 'ਚ ਮਾਂ ਦੀਆਂ ਸੂਖਮ ਤੇ ਅਛੋਹ ਭਾਵਨਾਵਾਂ ਦੀ ਸੁੱਚੀ ਬਖਸ਼ਿਸ਼ ਮੌਲਦੀ।

ਮਾਂ ਨੂੰ ਪਤਾ ਹੁੰਦਾ ਏ ਬੱਚੇ ਦੀ ਭੁੱਖ ਅਤੇ ਉਸ ਦੇ ਦੁੱਖ-ਸੁੱਖ ਦਾ। ਉਸ ਦੇ ਹਾਸੇ ਦਾ ਅਤੇ ਦਰਦ ਵਿਚ ਪਸੀਜੇ ਰੁਆਸੇ ਦਾ। ਅਹਿਸਾਸ ਹੁੰਦਾ ਕਿਸੇ ਲੋੜ ਦਾ, ਖੜਕਾ ਹੋ ਜਾਂਦਾ ਥੋੜ੍ਹ ਦਾ। ਬੱਚੇ ਨੂੰ ਆਈ ਭਰੀਟ ਜਦ ਮਾਂ ਕਿਆਸਦੀ ਤਾਂ ਪੈਦਾ ਹੁੰਦੀ ਰੁਮਕਣੀ ਸਾਹਾਂ ਸੰਦਲੀ ਆਸ ਦੀ। ਬੱਚੜੇ ਦੀ ਭਾਵਨਾ ਵਿਚ ਭਰਦੀ ਰੂਹ-ਰੰਗ ਅਤੇ ਖੁਦ ਬਣਦੀ ਸਰਘੀ ਵਰਗੀ ਉਮੰਗ।

ਮਾਂ ਧਰਦੀ ਹੈ, ਬੱਚੇ ਦੇ ਨੈਣਾਂ ਵਿਚ ਸੁਪਨਿਆਂ ਦੀ ਤਸ਼ਬੀਹ। ਕਰਮ-ਕੀਰਤੀ ਲਈ ਬਣਦੀ ਹੈ ਤਰਜ਼ੀਹ। ਸੋਚ-ਦਾਇਰੇ ਨੂੰ ਕਰਦੀ ਹੈ ਵਸੀਹ ਅਤੇ ਹਨੇਰਿਆਂ 'ਚ ਬਣਦੀ ਹੈ ਚਾਨਣ ਦੀ ਲੀਹ। ਮਾਂ ਹੀ ਬੱਚੇ ਦੇ ਚਾਵਾਂ ਲਈ ਪਰ। ਲਾਡਲੇ ਲਈ ਨਿਰਭੌ ਡਰ। ਰਹਿਮਤਾਂ ਦਾ ਦਰ ਅਤੇ ਯੁੱਗ ਜਿਉਣ ਦਾ ਵਰ।

ਮਾਂ, ਬੱਚੇ ਦੇ ਸਫਰ ਲਈ ਰਾਹਾਂ 'ਚ ਰੌਸ਼ਨੀ ਦਾ ਛਿੜਕਾ ਕਰਦੀ, ਰਾਹ ਦੇ ਖੱਡੇ-ਖਾਈਆਂ ਨੂੰ ਭਰਦੀ, ਖਿਲਰੇ ਕੰਡਿਆਂ ਨੂੰ ਪਰਾਂ ਕਰਦੀ ਤੇ ਬੱਚੇ ਦੇ ਸੋਹਲ ਪੈਰਾਂ ਹੇਠ ਹੱਥਾਂ ਦੀਆਂ ਤਲੀਆਂ ਧਰਦੀ।

ਮਾਂ, ਬੱਚੇ ਦੀ ਹਰ ਪ੍ਰਾਪਤੀ ਦਾ ਮਾਣ ਕਰਦੀ, ਉਸ ਦੀਆਂ ਬਲਾਵਾਂ ਹਰਦੀ, ਸੋਚ-ਜੂਹੇ ਸੁਭ-ਚੇਤਨਾ ਦਾ ਜਾਗ ਲਾਉਂਦੀ ਅਤੇ ਉਸ ਦੀਆਂ ਕਰਨੀਆਂ ਨੂੰ ਕਰਮ-ਚੇਤਨਾ ਦੇ ਨਾਮ ਲਾਉਂਦੀ।

ਮਾਂ, ਬੱਚਿਆਂ ਨੂੰ ਉਡੀਕਦਿਆਂ ਦਰ ਨੂੰ ਹੀ ਘਰ ਬਣਾਉਂਦੀ, ਹੱਥਾਂ ਦੀ ਓਟ ਨਾਲ ਰਾਹਾਂ 'ਤੇ ਨਜ਼ਰਾਂ ਟਿਕਾਉਂਦੀ ਅਤੇ ਉਡੀਕ ਨੂੰ ਜੀਵਨ ਦਾ ਹਿੱਸਾ ਬਣਾਉਂਦੀ। ਮਾਂ ਦੀਆਂ ਅਸੀਸਾਂ, ਸੁੱਚਾ ਹਾਸਲ। ਮਨ-ਮੰਗੀਆਂ ਮੁਰਾਦਾਂ ਦੀ ਪੂਰਨਤਾ, ਦਿਲ 'ਚ ਦੱਬੀਆਂ ਰੀਝਾਂ ਨੂੰ ਸਮਝ ਕੇ ਇਨ੍ਹਾਂ ਨੂੰ ਪੂਰਾ ਕਰਨ ਲਈ ਉਚੇਚ।

ਮਾਂ ਰੱਬ ਤੋਂ ਵੀ ਵੱਡੀ। ਬੱਚੇ ਵਾਸਤੇ ਰੱਬ ਤੇ ਮਾਂ ਵਿਚ ਨਹੀਂ ਫਰਕ। ਦੋਹਾਂ 'ਚ ਕੋਈ ਨਹੀਂ ਤਰਕ-ਅਤਰਕ। ਰੱਬ ਤਾਂ ਕਿਸੇ ਸੋਚ, ਭਰਮ, ਗੈਬੀ ਤਾਕਤ ਜਾਂ ਇਲਹਾਮੀ ਰੂਪ ਹੋ ਸਕਦਾ ਜੋ ਅਦਿੱਖ ਰਹਿ, ਮਨੋਕਾਮਨਾਵਾਂ ਦੀ ਪੂਰਤੀ ਕਰਦਾ, ਪਰ ਮਾਂ ਤਾਂ ਸਾਖਸ਼ਾਤ ਬੱਚੇ ਦੀ ਹਰ ਤਮੰਨਾ ਨੂੰ ਸਮਝ, ਉਸ ਦੇ ਕਹਿਣ ਤੋਂ ਪਹਿਲਾਂ ਹੀ ਪੂਰਤੀ ਦਾ ਸਬੱਬ ਸਿਰਜਦੀ।

ਮਾਂ ਬਹੁਤ ਯਾਦ ਆਉਂਦੀ ਜਦ ਬੇਲਿਹਾਜ਼ ਦੁਨੀਆਂ ਤੁਹਾਡੇ ਰਾਹਾਂ 'ਚ ਕੰਡੇ ਬੀਜਦੀ ਅਤੇ ਫਿਰ ਇਨ੍ਹਾਂ ਨੂੰ ਚੁਗਣ ਦੇ ਬਹਾਨੇ, ਤੁਹਾਡਾ ਹਰ ਕਿਸਮ ਦਾ ਸ਼ੋਸ਼ਣ ਕਰ, ਤੁਹਾਡੇ ਹਾਵਿਆਂ ਦੇ ਸੇਕ ਨਾਲ ਆਪਣਾ ਨਿੱਘ ਸਿਰਜਦੀ। ਤੁਹਾਡੀ ਭਾਵਨਾ ਦੀਆਂ ਨੀਂਹਾਂ 'ਤੇ ਆਪਣੀਆਂ ਬੁਲੰਦੀਆਂ ਦਾ ਸੁਪਨਾ ਲੈਂਦੀ।

ਜਦ ਕੋਈ ਸੁਪਨੇ ਚੁਰਾਉਂਦਾ ਤਾਂ ਸੁਪਨੇ ਦੇਣ ਵਾਲੀ ਮਾਂ ਬਹੁਤ ਯਾਦ ਆਉਂਦੀ। ਜਦ ਕੋਈ ਤੁਹਾਡੀਆਂ ਪੈੜਾਂ ਨੂੰ ਸਰਾਪ, ਆਪਣੇ ਨਕਸ਼ ਸਿਰਜਣ ਲਈ ਕਾਹਲਾ ਹੁੰਦਾ ਤਾਂ ਉਂਗਲੀ ਫੜ ਕੇ ਤੁਰਨਾ ਸਿਖਾਉਣ ਅਤੇ ਅਣਭੋਲਤਾ 'ਚ ਡਿਗਣ 'ਤੇ ਮਿੱਟੀ ਝਾੜਨ ਤੇ ਬੱਚੇ ਨੂੰ ਸੱਟ ਲੱਗਣ ਦੇ ਫਿਕਰ 'ਚ ਫਿਕਰਮੰਦ ਹੋਈ ਮਾਂ ਦਾ ਤਸੱਵਰ ਅੱਖਾਂ ਵਿਚ ਤਰਦਾ, ਅਤੇ ਦਿਲ ਮਮਤਾਈ ਲੋਰ ਨੂੰ ਯਾਦ ਕਰ ਡੂੰਘੇ ਹਉਕੇ ਭਰਦਾ।

ਮਾਂ ਤਾਂ ਸਦਾ ਹੀ ਮਨ ਦੀ ਫਿਜ਼ਾ ਵਿਚ ਰੁਮਕਦੀ ਜੋ ਸਾਹਾਂ ਨੂੰ ਸੰਗੀਤ ਬਖਸ਼, ਸੁਗੰਧੀਆਂ ਦਾ ਵਰਦਾਨ ਦਿੰਦੀ, ਸਾਹ ਮਹਿਕਣ ਲੱਗਦੇ।

ਮਾਂ, ਬੱਚੇ ਦੇ ਹਰ ਰੰਗ ਵਿਚ ਰਮੀ। ਉਸ ਦਾ ਮੁਹਾਂਦਰਾ, ਨਕਸ਼, ਬੋਲ-ਬਾਣੀ, ਲਹਿਜ਼ਾ, ਰੰਗ-ਢੰਗ ਅਤੇ ਆਦਤਾਂ ਵਿਚ ਪ੍ਰਗਟਦੀ।



ਮਾਂ, ਬੱਚੇ ਦੀ ਸੁੱਚੀ ਧਰਾਤਲ ਜਿਸ 'ਤੇ ਹੁੰਦੀ ਮਨੁੱਖ ਦੀ ਉਸਾਰੀ, ਜ਼ਿੰਦਗੀ ਨੂੰ ਭਾਗ ਲਾਉਣ ਦੀ ਤਿਆਰੀ ਅਤੇ ਖੁਦ ਪਛਾਣ ਨੂੰ ਨਰੋਈ ਦਿੱਖ ਦੇਣ ਦੀ ਖੁਮਾਰੀ। ਬੱਚੇ ਦੀ ਪਛਾਣ ਦਰਅਸਲ ਹੁੰਦੀ ਏ ਮਾਂ ਦੀ ਪਛਾਣ, ਜੋ ਨਵਾਂ ਰੂਪ ਬਦਲ ਕੇ ਨਵੀਂ ਤਹਿਰੀਕ ਨੂੰ ਜਨਮ ਦਿੰਦੀ। ਵੈਸੇ ਤਾਂ ਬੱਚੇ ਦਾ ਜਨਮ ਹੀ ਮਾਂ ਵਲੋਂ ਆਪਣੀ ਹੋਂਦ ਨੂੰ ਭਵਿੱਖ ਦੇ ਨਕਸ਼ਾਂ ਵਿਚੋਂ ਨਿਹਾਰਨ ਦੀ ਪ੍ਰਕ੍ਰਿਆ, ਤਾਂ ਹੀ ਮਾਂ, ਬੱਚੇ ਦੇ ਜਨਮ ਵਿਚੋਂ ਨਵੀਂ ਮਾਂ ਦਾ ਰੂਪ ਅਖਤਿਆਰ ਕਰਦੀ।

ਮਾਂ ਮਮਤਾ, ਮੋਹ ਤੇ ਮਿਹਰ ਦੀ ਮੂਰਤ। ਸਮਰਪਣ, ਸੁਪਨੇ ਤੇ ਸੁਹਜ ਦੀ ਸੂਰਤ। ਪਾਕੀਜ਼ਗੀ, ਪਿਆਰ ਤੇ ਪ੍ਰੇਰਨਾ ਦੀ ਪੂਰਤ। ਜੀਵਨ, ਜਜ਼ਬਾ ਅਤੇ ਜ਼ਿੰਦਾਦਿਲੀ ਦੀ ਜ਼ਰੂਰਤ।

ਮਾਂ ਸਹਿਜ 'ਚ ਵਹਿੰਦੀ ਨਦੀ ਦੀ ਧਾਰਾ। ਦਰਿਆਵਾਂ ਦੀ ਰਵਾਨਗੀ ਦਾ ਨਜ਼ਾਰਾ। ਸਮੁੰਦਰੀ ਗਹਿਰਾਈ ਦਾ ਪਸਾਰਾ। ਪਹਾੜਾਂ ਵਰਗੀ ਉਚਾਈ ਦਾ ਆਰਾ-ਪਾਰਾ। ਬਿਰਖਾਂ ਵਰਗਾ ਬੰਦਗੀ-ਦੁਆਰਾ। ਚਿਰਾਗ ਜਿਹਾ ਰੌਸ਼ਨ-ਮਿਨਾਰਾ ਅਤੇ ਪਰਿੰਦਿਆਂ ਵਰਗੀ ਉਡਾਣ ਦਾ ਹੁਲਾਰਾ।

ਮਾਂ ਹੁੰਦੀ ਤਾਂ ਬੱਚਾ ਮੁਸ਼ਕਿਲਾਂ ਤੋਂ ਬੇਨਿਆਜ਼, ਤੰਗੀਆਂ-ਤੁਰਸ਼ੀਆਂ ਤੋਂ ਬੇਫਿਕਰ, ਲੋੜਾਂ-ਥੋੜਾਂ ਤੋਂ ਸੁਰਖਰੂ ਅਤੇ ਬਲਾਵਾਂ ਤੋਂ ਨਿਡਰ।

ਹਨੇਰਿਆਂ ਵਿਚ ਮਾਂ ਦੀ ਚਾਨਣ-ਉਂਗਲੀ, ਬੱਚੇ ਦੇ ਕਦਮਾਂ ਨੂੰ ਡੋਲਣ ਤੇ ਥਿੜਕਣ ਤੋਂ ਹੋੜਦੀ ਅਤੇ ਨਿੱਗਰ ਕਦਮਾਂ ਨਾਲ ਸਫਰ ਦੀ ਪੂਰਨਤਾ ਲਈ ਪ੍ਰੇਰਦੀ।

ਮਾਂ, ਬੱਚੇ ਲਈ ਆਪਾ ਨਿਛਾਵਰ ਕਰਦੀ, ਉਸ ਲਈ ਛਾਂ ਤੇ ਨਿੱਘ ਦਾ ਤਰੌਂਕਾ, ਪਰ ਮਾਂ ਪੀੜਾ ਪੀੜਾ ਹੋ ਜਾਂਦੀ ਜਦ ਉਸ ਦੀ ਉਡੀਕ-ਝੋਲੀ ਖਾਲੀ ਰਹਿ ਜਾਂਦੀ। ਉਹ ਦਰਾਂ ਵਿਚ ਬੁੱਤ ਬਣੀ, ਸੱਖਣੀਆਂ ਨਿਗਾਹਾਂ ਨਾਲ ਦੂਰ ਜਾਂਦੀਆਂ ਰਾਹਾਂ ਨਿਹਾਰਦੀ ਅਤੇ ਆਖਰ ਨੂੰ ਆਪਣੇ ਆਪ ਨੂੰ ਨਿਹਾਰਨ ਤੋਂ ਵੀ ਅਸਮਰਥ ਹੋ ਜਾਂਦੀ। ਆਪਣਾ ਸਿਵਾ ਸੇਕਦੀ, ਆਪਣੀਆਂ ਆਂਦਰਾਂ ਨੂੰ ਗੰਢ ਮਾਰ, ਗੰਢ ਬਣ ਕੇ ਜਿਉਣ ਦੀ ਮੁਥਾਜ ਹੋ ਜਾਂਦੀ। ਉਸ ਦੇ ਮੂਕ ਜੀਵਨ-ਸਾਜ਼ ਵਿਚੋਂ ਵੀ ਸੁਖਦ, ਸਕੂਨ ਅਤੇ ਸੂਖਮ ਤਰੰਗਾਂ ਆਪਣਿਆਂ ਲਈ ਅਸੀਸ ਬਣਦੀਆਂ। ਘਰ ਤੇ ਵਿਹੜੇ ਲਈ ਸੁਖ ਮੰਗਦੀਆਂ।

ਕਾਸ਼! ਅਸੀਂ ਉਨ੍ਹਾਂ ਅਸੀਸਾਂ ਨੂੰ ਸੁਣਨ ਤੇ ਸਮਝਣ ਲਈ ਚੇਤਨਾ ਨੂੰ ਸੰਵੇਦਨਾ ਬਣਾਉਣ ਜੋਗੇ ਹੋਈਏ। ਇਹ ਤਾਂ ਬੱਚਿਆਂ ਨੂੰ ਹੀ ਕਰਨਾ ਪੈਣਾ ਕਿਉਂਕਿ ਮਾਂਵਾਂ ਦੇ ਤੁਰ ਜਾਣ ਪਿਛੋਂ ਤਾਂ ਬੱਚੇ ਨੂੰ ਮਾਂਵਾਂ ਵਰਗੀ ਰਹਿਤਲ, ਖੁਦ ਵਿਚੋਂ ਉਪਜਾਉਣ ਤੇ ਹੰਢਾਉਣ ਦੀ ਵੱਧ ਤਮੰਨਾ ਹੁੰਦੀ।

ਮਾਂ ਬਿਰਖ ਦੀ ਛਾਂ, ਪੂਜਣ ਦੀ ਥਾਂ ਅਤੇ ਸੁਖਨ ਦਾ ਨਾਂ। ਮਾਂ, ਰੁਆਂਸੀ ਰੁੱਤ ਲਈ ਆਪਣੇਪਨ ਦੀ ਗਲਵਕੜੀ। ਨੰਗੇ ਪਿੰਡੇ ਲਈ ਲੀਰ-ਲੰਗਾਰ। ਆਂਦਰਾਂ ਦੀ ਤੰਦ ਨਾਲ ਗਲੋਟੇ ਲਾਹੁੰਦੀ ਤੇ ਸੋਚ ਦੀਆਂ ਤੰਦੀਆਂ 'ਤੇ ਉਣ, ਬੱਚੜੇ ਲਈ ਫੁਲਕਾਰੀ ਕੱਢਦੀ।

ਮਾਂ ਵਰਗੇ ਸ਼ਬਦ ਦੀ ਥਾਹ ਲੈਣੀ ਹੋਵੇ ਜਾਂ ਅਰਥ ਪੁੱਛਣੇ ਹੋਣ ਤਾਂ ਕਦੇ ਮਾਂ-ਮਹਿਟਰ ਦੇ ਦਰਦ ਨੂੰ ਫਰੋਲੋ ਜਿਸ ਦਾ ਬਚਪਨਾ ਖੁਦਕੁਸ਼ੀ ਕਰ ਗਿਆ। ਖੇਡਣ ਦੀ ਰੁੱਤ ਬੇਵਾ ਹੋ ਗਈ। ਲਾਡ-ਲਡਿੱਕੇ ਦੀ ਰੁੱਸਵਾਈ, ਮਨ ਨੂੰ ਹਰ ਪਲ ਰੁਆਉਂਦੀ। ਜ਼ਿੰਦ 'ਚ ਹਰਦਮ ਦਰਦ ਰਿੜਕਣੀ। ਚਾਨਣ-ਚੋਅ ਨੂੰ ਲੱਗੇ ਜੰਗਾਲੇ-ਜਿੰਦਰੇ, ਜੋ ਹਨੇਰਿਆਂ 'ਚ ਸੁਲਘਦਾ। ਜਿਨ੍ਹਾਂ ਦੀ ਰੋਟੀ ਦੀ ਭੁੱਖ, ਚੱਪੇ 'ਚ ਸੁੰਗੜ ਗਈ। ਗੋਭਲੇ ਪਿੰਡੇ ਨੂੰ ਮਿਲਿਆ ਫੁੱਲ-ਬੂਟੀਆਂ ਦਾ ਰੁਦਨ। ਲੋਰੀਆਂ ਦੀ ਰੁੱਤ ਵੈਰਾਗਣ ਹੋ ਗਈ। ਜੋ ਬਾਤਾਂ ਦਾ ਹੁੰਗਾਰਾ ਭਰਨ ਲਈ ਤਰਸਦੇ, ਹਉਕਾ ਹਉਕਾ ਹੋ ਗਏ। ਜਿਨ੍ਹਾਂ ਦੇ ਤੋਤਲੇ ਬੋਲ ਝਿੜਕਾਂ ਹਜ਼ਮ ਗਈਆਂ। ਜਿਨ੍ਹਾਂ ਦੀ ਸਰਘੀ ਤੇ ਗਹਿਰ ਨੇ ਕਹਿਰ ਢਾਹਿਆ। ਜਿਨ੍ਹਾਂ ਦੇ ਹਿੱਸੇ ਦਾ ਸੂਰਜ ਕਾਲਖਾਂ ਨੇ ਨਿਗਲ ਲਿਆ। ਜਿਨ੍ਹਾਂ ਦੇ ਸੁਪਨਿਆਂ ਦੀ ਅੱਖ ਹਮੇਸ਼ਾ ਸਿੰਮਦੀ ਰਹੀ ਅਤੇ ਅੱਖ ਵਿਚ ਉਤਰੀ ਲਾਲੀ ਨਾਲ ਚਾਰੇ ਪਾਸੇ ਧੁੰਦਲਕਾ ਛਾਇਆ ਰਿਹਾ। ਜਿਨ੍ਹਾਂ ਦੇ ਮਾਸੂਮ ਮੁਖੜੇ 'ਤੇ ਘਰਾਲਾਂ ਜੰਮੀਆਂ ਰਹੀਆਂ। ਜਿਨ੍ਹਾਂ ਦੀ ਨੀਂਦ ਵਿਚ ਸੁਪਨ-ਸੰਵੇਦਨਾ ਨਹੀਂ ਸਗੋਂ ਸਹਿਮ, ਸੰਕੀਰਨਤਾ ਤੇ ਸਦਮੇ ਸੁਲਘਦੇ ਰਹੇ। ਜਿਨ੍ਹਾਂ ਦੇ ਸਾਹ ਆਹਾਂ ਦਾ ਵਣਜ ਕਰਨ ਲਈ ਮਜ਼ਬੂਰ ਅਤੇ ਜਿਉਣ ਦੇ ਭਰਮ 'ਚ ਤਿਲ ਤਿਲ ਮਰਦੇ ਰਹੇ। ਜਿਨ੍ਹਾਂ ਲਈ ਖੌਫ ਤੇ ਖੁਦਾ, ਖੁਦਦਾਰੀ ਅਤੇ ਖੁਸ਼ਾਮਦ ਅਤੇ ਖਿਲਾਫਤ ਅਤੇ ਖਿਦਮਤਗਾਰੀ 'ਚ ਕੋਈ ਅੰਤਰ ਨਾ ਰਿਹਾ।

ਮਾਂ ਦੇ ਮਰ ਜਾਣ 'ਤੇ ਮਰ ਜਾਂਦੇ ਨੇ ਮਾਂਵਾਂ ਵਾਲੇ ਲਾਡ ਪਿਆਰ ਤੇ ਚਾਅ ਦੁਲਾਰ। ਉਜੜ ਜਾਂਦਾ ਸੁਪਨ ਸੰਸਾਰ। ਕੋਮਲ ਭਾਵਾਂ ਦਾ ਹੁੰਦਾ ਨਰ-ਸੰਘਾਰ। ਫਿਰ ਨਾ ਕੋਈ ਮਿਲਦਾ ਉਰਵਾਰ ਜਾਂ ਪਾਰ। ਬੰਦਾ ਫਸ ਜਾਂਦਾ ਅੱਧ-ਵਿਚਕਾਰ ਅਤੇ ਜੀਵਨ 'ਚ ਪਸਰਦਾ ਅੰਧਕਾਰ।

ਮਾਂ ਦਾ ਪਿਆਰ, ਹਰਫਾਂ, ਬੋਲਾਂ ਜਾਂ ਦਿਖਾਵੇ ਦਾ ਨਹੀਂ ਮੁਥਾਜ। ਇਸ ਦਾ ਹੁੰਦਾ ਆਪ-ਮੁਹਾਰਾ ਆਗਾਜ਼। ਮਾਂ ਦੇ ਕਦਮਾਂ ਵਿਚ ਵਸਦੀ ਜੰਨਤ ਬਣਦੀ ਸੁਰ-ਸਾਜ਼ ਅਤੇ ਇਸ ਸਾਹਵੇਂ ਫਿੱਕੇ ਪੈ ਜਾਂਦੇ ਸਭ ਅੰਦਾਜ਼।

ਮਾਂ ਮਹਾਂਦਾਨੀ, ਮਹਾਨ ਸੁਆਣੀ ਤੇ ਜੀਵਨ-ਦਾਨੀ ਜਿਸ ਦੀ ਮਹਿਮਾ, ਮਹਾਨਤਾ ਅਤੇ ਮੁਲੰਗਪੁਣੇ ਦੀ ਅਕੱਥ ਕਹਾਣੀ ਕਿਸੇ ਨਾ ਜਾਣੀ। ਮਾਂ ਅਨਪੜ੍ਹ ਹੁੰਦਿਆਂ ਵੀ ਮਹਾਂ-ਗਿਆਨੀ। ਦੁਨੀਆਂ ਦਾ ਹਰ ਗਿਆਨ, ਬੱਚੇ ਦੀ ਸੋਚ ਵਿਚ ਧਰ, ਖੁਦ ਭਰਪੂਰ ਰਹਿੰਦੀ।

ਲੋਕੋ! ਮੰਦਿਰ, ਮਸਜਿਦ, ਗੁਰਦੁਆਰੇ, ਚਰਚ, ਆਸ਼ਰਮ, ਸਕੂਲ, ਘਰ, ਧਰਮਸ਼ਾਲਾਵਾਂ ਆਦਿ ਬਣਾਓ, ਪਰ ਕਦੇ ਵੀ ਬਿਰਧ-ਆਸ਼ਰਮ ਨਾ ਬਣਾਓ ਕਿਉਂਕਿ ਜਿਸ ਮਾਂ ਨੇ ਬੱਚਿਆਂ ਨੂੰ ਜਵਾਨ ਕੀਤਾ ਹੋਵੇ, ਉਸ ਦੀ ਤਾਮੀਰਦਾਰੀ ਵਿਚੋਂ ਤਾਂ ਰੂਹਾਨੀਅਤ ਮਿਲਦੀ। ਖੁਦ ਨੂੰ ਕਦੇ ਵੀ ਇਸ ਅਸੀਮ ਰੂਹਾਨੀਅਤ ਤੋਂ ਮਹਿਰੂਮ ਨਾ ਕਰੋ। ਕਿਉਂਕਿ ਬਜੁਰਗਾਂ ਦੀ ਸੇਵਾ, ਸਰਬ-ਸ੍ਰੇਸ਼ਟ, ਅਤੇ ਦੁਨਿਆਵੀ ਸੇਵਾਵਾਂ ਤੋਂ ਉਤਮ।

ਮਾਂ ਤੋਂ ਮੰਗੀ ਦੁਆਨੀ-ਚੁਆਨੀ ਨੂੰ ਯਾਦ ਕਰਨਾ। ਤੁਹਾਨੂੰ ਗਾਂਗਲੇ ਅਤੇ ਬੇਫਿਕਰੇ ਦਿਨ ਯਾਦ ਆ ਜਾਣਗੇ। ਕਮਾਊ ਹੋ ਕੇ, ਦਾਨੀ ਮਾਂ ਨੂੰ ਮੰਗਤੀ ਨਾ ਬਣਾਓ। ਤੁਹਾਡਾ ਧਨ-ਦੌਲਤ ਤਾਂ ਮਾਂ ਦੀਆਂ ਬਖਸ਼ਿਸ਼ਾਂ ਦੀ ਹੀ ਦੇਣ ਏ।

ਮਾਂ ਆਪਣੇ ਬੱਚੇ ਦਾ ਸਿਰ ਮੋਢੇ 'ਤੇ ਰੱਖ ਲਾਡ ਲਡਾਉਂਦੀ, ਲੋਰੀਆਂ ਸੁਣਾਉਂਦੀ ਅਤੇ ਬੱਚੇ ਨੂੰ ਸੁਪਨ-ਸਵਰਗ ਦੀ ਸੈਰ ਕਰਵਾਉਂਦੀ। ਫਿਰ ਆਖਰ ਨੂੰ ਆਪਣੇ ਜਵਾਨ ਬੱਚੇ ਦੇ ਮੋਢੇ ਦਾ ਸਹਾਰਾ ਲੈ, ਇਸ ਦੁਨੀਆਂ ਤੋਂ ਰੁਖਸਤ ਹੁੰਦੀ। ਮਾਂ ਦੇ ਮੋਢੇ ਦਾ, ਬੱਚੇ ਦੇ ਮੋਢੇ ਨਾਲ ਬਦਲਣ 'ਤੇ ਕਿੰਨਾ ਕੁਝ ਬਦਲ ਜਾਂਦਾ।

ਮਾਂ ਸ਼ਬਦ ਨਾਲ ਮੂੰਹ ਭਰਦਾ। ਬੋਲਾਂ ਵਿਚ ਮਿਠਾਸ। ਅਸੀਮ ਅਰਥ। ਬਹੁ-ਪੱਖੀ ਪਸਾਰੇ। ਦੇਵੀ ਦੀਦਾਰੇ। ਦੈਵੀ ਨਜ਼ਾਰੇ। ਹੁੱਲੇ-ਹੁਲਾਰੇ। ਸੁਰ, ਸੰਗੀਤ, ਸਾਰਥਕਤਾ ਅਤੇ ਸਹਿਜਮੁਖੀ ਲੱਜਤਾਂ ਦੇ ਫੁਹਾਰੇ।

ਮਾਂ ਤੁਹਾਡੀ ਨੁਕਤਾਚੀਨੀ ਵਿਚੋਂ ਵੀ ਤੁਹਾਡੀਆਂ ਪੈੜਾਂ ਚਾਹੁੰਦੀ ਕਿਉਂਕਿ ਮਾਂ ਬੱਚਿਆਂ ਦੀ ਸਭ ਤੋਂ ਵੱਡੀ ਤੇ ਨੇੜਲੀ ਸ਼ੁਭ-ਚਿੰਤਕ। ਮਾਂ ਤੁਹਾਡੀ ਦੋਸਤ ਜੋ ਤੁਹਾਡੀ ਰਾਜ਼ਦਾਰ ਵੀ ਹੁੰਦੀ। ਤੁਹਾਡੀ ਮਾਰਗ-ਦਰਸ਼ਕ, ਜੋ ਤੁਹਾਡੀਆਂ ਕਮੀਆਂ ਤੇ ਗੁਣਾਂ ਨੂੰ ਹੰਘਾਲ, ਤੁਹਾਡੇ ਲਈ ਬਿਹਤਰ ਰਾਹ ਦੀ ਦੱਸ ਪਾਉਂਦੀ ਅਤੇ ਉਂਗਲ ਫੜ ਕੇ ਰਾਹ ਤੋਰਦੀ।

ਮਾਂ ਦਾ ਦਿਲ ਸਮੁੰਦਰਾਂ ਤੋਂ ਵੱਧ ਡੂੰਘਾ ਤੇ ਅਸੀਮ। ਬੱਚੇ ਦੀਆਂ ਕੁਤਾਹੀਆਂ ਤੇ ਗਲਤੀਆਂ ਨੂੰ ਮੁਆਫ ਕਰ, ਚੰਗੇਰਾ ਇਨਸਾਨ ਬਣਨ ਲਈ ਪ੍ਰੇਰਦੀ।

ਮਾਂ ਹਰ ਰਿਸ਼ਤੇ ਤੇ ਹਰ ਥਾਂ ਨੂੰ ਭਰਨ ਦੇ ਸਮਰੱਥ, ਪਰ ਉਸ ਵਰਗਾ ਕੋਈ ਨਹੀਂ ਬਣ ਸਕਦਾ ਕਿਉਂਕਿ ਮਾਂ ਸਿਰਫ ਮਾਂ ਹੁੰਦੀ। ਮਾਂ ਦੇ ਸੁਪਨੇ ਦਾ ਸਰੂਪ ਵੀ ਮਾਂ ਵਰਗਾ ਹੁੰਦਾ ਤਾਂ ਹੀ ਬੱਚੇ ਵਿਚੋਂ ਮਾਂ ਦੇ ਮੁਹਾਂਦਰੇ ਨੂੰ ਪਛਾਣਿਆ ਤੇ ਜਾਣਿਆ ਜਾ ਸਕਦਾ। ਮਾਂ, ਬੱਚੇ ਦਾ ਸਦਾ ਆਦਿ ਹੁੰਦੀ ਪਰ ਕਦੇ ਵੀ ਅੰਤ ਨਹੀਂ ਹੁੰਦੀ।

ਮਾਂ ਨੂੰ ਕਿਸ ਨਾਲ ਤਸ਼ਬੀਹ ਦਿਓਗੇ ਕਿਉਂਕਿ ਮਾਂ ਬਰੋਬਰ ਤਾਂ ਕੁਝ ਵੀ ਬਰ ਨਹੀਂ ਮੇਚਦਾ। ਇਸ ਦੇ ਨਹੀਂ ਕੋਈ ਤੁੱਲ ਅਤੇ ਨਾ ਹੀ ਇਸ ਦੇ ਬਰਾਬਰ ਹੈ ਕਿਸੇ ਦਾ ਮੁੱਲ।

ਮਾਂ ਕਦੇ ਵੀ ਇਕੱਲੀ ਨਹੀਂ ਹੁੰਦੀ। ਉਸ ਦੀ ਸੋਚ ਵਿਚ ਵੱਸਦੇ ਨੇ ਬੱਚੇ, ਆਰ-ਪਰਿਵਾਰ ਅਤੇ ਦੁਨਿਆਵੀ ਸੰਸਾਰ ਜਿਨ੍ਹਾਂ ਨੂੰ ਸਮਾਜ ਬਣਾਉਣ ਲਈ ਕਰਦੀ ਰਹਿੰਦੀ ਏ ਆਹਰ। ਉਸ ਦੇ ਹਰ ਉਦਮ ਦਾ ਹੁੰਦਾ ਏ ਵਿਸਥਾਰ ਜਿਸ ਨਾਲ ਦਿੱਖ ਤੇ ਸੁਹੱਪਣ ਨੂੰ ਮਿਲਦਾ ਨਵਾਂ ਨਿਵੇਕਲਾ ਆਕਾਰ ਅਤੇ ਆਧਾਰ।

ਮਾਂ ਦੀ ਯਾਦ, ਉਸ ਦੇ ਜਾਣ ਪਿਛੋਂ ਵੀ ਚੇਤਿਆਂ 'ਚ ਤਰਦੀ, ਤਾਂ ਹੀ ਸ਼ਬਦ ਸਿਸਕਦੇ,

ਮਾਂ ਦੀ ਮੌਤ ਤੋਂ ਬਾਅਦ
ਅਕਸਰ ਹੀ ਪਿੰਡ ਫੋਨ ਕਰਦਾ ਹਾਂ
ਪਰਿਵਾਰ ਦੇ ਮੈਂਬਰ ਫੋਨ ਚੁੱਕਦੇ
ਰਸਮੀ ਜਿਹੀਆਂ ਗੱਲਾਂ ਕਰ
ਫੋਨ ਬੰਦ ਕਰਨ ਦੀ ਕਾਹਲ ਕਰਦੇ
ਤਰਸ ਜਾਂਦਾ ਹਾਂ
ਕੋਈ ਤਾਂ ਕਹੇਗਾ
ਕਿ ਕਦੋਂ ਆਵੇਂਗਾ?
ਪਰ ਮੈਂ ਭੁੱਲ ਜਾਂਦਾ ਹਾਂ ਕਿ
ਹੁਣ ਫੋਨ ਚੁੱਕਣ 'ਤੇ
ਮਾਂ ਵਾਂਗ ਕਿਸੇ ਨੇ ਨਹੀਂ ਕਹਿਣਾ,
'ਵੇ ਪੁੱਤ ਕਦੋਂ ਆਵੇਂਗਾ?'
ਤੇ ਮੈਂ ਫੋਨ ਵੱਲੀ ਦੇਖਦਾ
ਚੁੱਪ ਹੋ ਜਾਂਦਾ ਹਾਂ।

ਜਿਉਂਦੀਆਂ ਮਾਂਵਾਂ ਵਾਲਿਓ! ਮਾਂਵਾਂ ਨੂੰ ਮਿਲ ਕੇ ਸੁੱਤੇ ਸੁਪਨਿਆਂ ਨੂੰ ਸ਼ਰਸ਼ਾਰ ਕੀਤਾ ਜਾ ਸਕਦਾ। ਅਜਿਹਾ ਉਦਮ ਅਸੀਂ ਸਭ ਨੇ ਕਰਨਾ ਏ। ਪੰਜਾਬੀਆਂ ਤੋਂ ਅਜਿਹੀ ਤਵੱਕੋ ਤਾਂ ਕੀਤੀ ਹੀ ਜਾ ਸਕਦੀ ਏ।

*ਮਾਂ ਵਰਗੇ ਸ਼ਬਦ ਦੀ ਥਾਹ ਲੈਣੀ ਹੋਵੇ ਜਾਂ ਅਰਥ ਪੁੱਛਣੇ ਹੋਣ ਤਾਂ ਕਦੇ ਮਾਂ-ਮਹਿਟਰ ਦੇ ਦਰਦ ਨੂੰ ਫਰੋਲੋ ਜਿਸ ਦਾ ਬਚਪਨਾ ਖੁਦਕੁਸ਼ੀ ਕਰ ਗਿਆ। ਖੇਡਣ ਦੀ ਰੁੱਤ ਬੇਵਾ ਹੋ ਗਈ। ਲਾਡ-ਲਡਿੱਕੇ ਦੀ ਰੁੱਸਵਾਈ, ਮਨ ਨੂੰ ਹਰ ਪਲ ਰੁਆਉਂਦੀ। ਜ਼ਿੰਦ 'ਚ ਹਰਦਮ ਦਰਦ ਰਿੜਕਣੀ। ਚਾਨਣ-ਚੋਅ ਨੂੰ ਲੱਗੇ ਜੰਗਾਲੇ-ਜਿੰਦਰੇ, ਜੋ ਹਨੇਰਿਆਂ 'ਚ ਸੁਲਘਦਾ। ਜਿਨ੍ਹਾਂ ਦੀ ਰੋਟੀ ਦੀ ਭੁੱਖ, ਚੱਪੇ 'ਚ ਸੁੰਗੜ ਗਈ। ਗੋਭਲੇ ਪਿੰਡੇ ਨੂੰ ਮਿਲਿਆ ਫੁੱਲ-ਬੂਟੀਆਂ ਦਾ ਰੁਦਨ। ਲੋਰੀਆਂ ਦੀ ਰੁੱਤ ਵੈਰਾਗਣ ਹੋ ਗਈ। ਜੋ ਬਾਤਾਂ ਦਾ ਹੁੰਗਾਰਾ ਭਰਨ ਲਈ ਤਰਸਦੇ, ਹਉਕਾ ਹਉਕਾ ਹੋ ਗਏ। ਜਿਨ੍ਹਾਂ ਦੇ ਤੋਤਲੇ ਬੋਲ ਝਿੜਕਾਂ ਹਜ਼ਮ ਗਈਆਂ।*

# ਗੁਰੂ ਨਾਨਕ ਦੇਵ ਜੀ ਦਾ ਮਾਨਵਵਾਦ

**ਸਿੱਖੀ ਦਾ ਸਰੂਪ ਗੁਰੂ ਸਾਹਿਬ ਨੇ ਕੀ ਸਿਰਜਿਆ ਸੀ ਅਤੇ ਅੱਜ ਇਸ ਵਿਚ ਕੀ ਵਿਗਾੜ ਪੈ ਗਏ ਹਨ, ਇਸ ਵਿਸ਼ੇ ਨੂੰ ਲੈ ਕੇ ਇਸ ਲੇਖ ਵਿਚ ਲੇਖਕ ਹਾਕਮ ਸਿੰਘ ਨੇ ਗੁਰਬਾਣੀ ਦੀ ਰੋਸ਼ਨੀ ਵਿਚ ਵਿਚਾਰ ਚਰਚਾ ਕੀਤੀ ਹੈ। ਇਸ ਚਰਚਾ ਦੌਰਾਨ ਉਨ੍ਹਾਂ ਕੁਝ ਉਹ ਗੱਲਾਂ ਵੀ ਕੀਤੀਆਂ ਹਨ, ਜਿਨ੍ਹਾਂ 'ਤੇ ਵਿਵਾਦ ਹੋ ਸਕਦਾ ਹੈ। ਪੰਜਾਬ ਟਾਈਮਜ਼ ਵਿਚ ਇਹ ਲੇਖ ਵਿਚਾਰ ਚਰਚਾ ਦੇ ਮਨੋਰਥ ਨਾਲ ਛਾਪ ਰਹੇ ਹਾਂ। ਇਸ ਦੇ ਪ੍ਰਤੀਕਰਮ ਵਿਚ ਆਏ ਵਿਚਾਰਾਂ ਨੂੰ ਵੀ ਬਣਦੀ ਥਾਂ ਦਿੱਤੀ ਜਾਵੇਗੀ। -ਸੰਪਾਦਕ**

ਗੁਰੂ ਨਾਨਕ ਦੇਵ ਜੀ ਦੀ ਬਾਣੀ ਭਾਰਤੀ ਅਤੇ ਸੈਮਟਿਕ ਦੈਵੀ ਸਿਧਾਂਤਾਂ, ਭਗਤਾਂ ਤੇ ਸੂਫੀ ਸੰਤਾਂ ਦੇ ਅਧਿਆਤਮਕ ਵਿਚਾਰਾਂ ਤੋਂ ਵਿਕਸਿਤ ਹੋਇਆ ਅਧਿਆਤਮਕ ਗਿਆਨ ਹੈ। ਗੁਰੂ ਸਾਹਿਬ ਨੇ ਆਪਣੇ ਸਮੇਂ ਦੇ ਪਹੁੰਚ ਯੋਗ ਜਗਤ ਦੇ ਪ੍ਰਸਿੱਧ ਧਰਮ ਅਸਥਾਨਾਂ ਦੇ ਧਰਮ ਸ਼ਾਸਤਰੀਆਂ, ਵਿਦਵਾਨਾਂ ਅਤੇ ਪੁਜਾਰੀਆਂ ਨਾਲ ਵਿਚਾਰ ਵਟਾਂਦਰਾ ਕਰਕੇ ਆਪਣੇ ਵਿਚਾਰਾਂ ਦਾ ਵਿਸਥਾਰ ਕੀਤਾ ਸੀ। ਉਹ ਜਿਥੇ ਵੀ ਗਏ, ਉਥੋਂ ਦੇ ਬਹੁਤੇ ਧਾਰਮਿਕ ਵਿਦਵਾਨ ਤੇ ਵਸਨੀਕ ਉਨ੍ਹਾਂ ਦੇ ਵਿਚਾਰਾਂ ਤੋਂ ਪ੍ਰਭਾਵਿਤ ਹੋਏ ਅਤੇ ਕਈ ਧਾਰਮਿਕ ਵਿਦਵਾਨ ਤੇ ਆਮ ਲੋਕ ਉਨ੍ਹਾਂ ਦੇ ਉਪਾਸ਼ਕ ਬਣ ਗਏ। ਕਰੀਬ ਉਨ੍ਹਾਂ ਸਭ ਥਾਂਵਾਂ 'ਤੇ ਗੁਰੂ ਜੀ ਦੀਆਂ ਯਾਦਗਾਰਾਂ ਬਣੀਆਂ ਹੋਈਆਂ ਹਨ।

16ਵੀਂ ਸ਼ਤਾਬਦੀ ਵਿਚ ਸਫਰ ਦੇ ਸੀਮਤ ਸਾਧਨਾਂ, ਹਰ ਮੀਲ 'ਤੇ ਬਦਲਦੀ ਬੋਲੀ ਅਤੇ ਮੁਸਾਫਿਰਾਂ ਲਈ ਅਨੇਕਾਂ ਔਕੜਾਂ ਦੇ ਹੁੰਦਿਆਂ ਗੁਰੂ ਜੀ ਨੇ ਸਾਰੇ ਭਾਰਤ, ਨੇਪਾਲ, ਤਿੱਬਤ, ਸ੍ਰੀ ਲੰਕਾ, ਇਰਾਨ ਅਤੇ ਅਰਬ ਦੇਸ਼ਾਂ ਦਾ ਭ੍ਰਮਣ ਕਰਕੇ ਧਾਰਮਿਕ ਵਿਚਾਰਾਂ ਦਾ ਆਦਾਨ-ਪ੍ਰਦਾਨ ਅਤੇ ਆਪਣੇ ਧਾਰਮਿਕ ਤੇ ਮਾਨਵਵਾਦੀ ਵਿਚਾਰਾਂ ਦਾ ਪ੍ਰਚਾਰ ਕੀਤਾ। ਇਹ ਉਨ੍ਹਾਂ ਦਾ ਮਾਨਵਤਾ ਦੀ

**ਹਾਕਮ ਸਿੰਘ**
hak1270@yahoo.com

ਏਕਤਾ, ਸ਼ਾਂਤੀ ਅਤੇ ਉਜਲ ਭਵਿੱਖ ਲਈ ਇੱਕ ਅਲੌਕਿਕ, ਦਲੇਰ ਅਤੇ ਲਾਮਿਸਾਲ ਉੱਦਮ ਸੀ।

ਗੁਰੂ ਜੀ ਦੀ ਸ਼ਖਸੀਅਤ, ਮਨੋਰਥ ਅਤੇ ਸਿਦਕ ਦਾ ਮਨੁੱਖਤਾ ਦੇ ਇਤਿਹਾਸ ਵਿਚ ਸਾਨੀ ਨਹੀਂ ਮਿਲਦਾ। ਜਿਸ ਦੁਨੀਆਂ ਨੂੰ ਸਿਕੰਦਰ, ਚੰਗੇਜ਼ ਖਾਂ, ਤੈਮੂਰ ਜਿਹੇ ਬੇਰਹਿਮ ਵਿਅਕਤੀਆਂ ਨੂੰ ਅਧੀਨ ਕਰਨ ਦਾ ਖਬਤ ਚੜ੍ਹਿਆ ਹੋਇਆ ਸੀ ਅਤੇ ਜਿਸ ਨੂੰ ਸਾਮਰਾਜੀ ਸ਼ਕਤੀਆਂ ਮਾਰ-ਧਾੜ ਕਰਕੇ ਗੁਲਾਮ ਬਣਾਉਣ ਦੀਆਂ ਯੋਜਨਾਵਾਂ ਬਣਾ ਰਹੀਆਂ ਸਨ, ਉਸੇ ਦੁਨੀਆਂ ਨੂੰ ਗੁਰੂ ਨਾਨਕ ਦੇਵ ਪ੍ਰਭੂ ਦੀ ਸੰਗੀਤਕ ਕੀਰਤੀ ਰਾਹੀਂ ਸੰਸਾਰਕ ਮਾਇਆ ਦੇ ਪ੍ਰਭਾਵ ਤੋਂ ਮੁਕਤ ਹੋ ਕੇ ਆਪਸੀ ਪ੍ਰੇਮ, ਮਿਲਵਰਤਣ ਅਤੇ ਸ਼ਾਂਤੀ ਦਾ ਉਪਦੇਸ਼ ਦੇ ਰਹੇ ਸਨ। ਉਹ ਆਪਣੇ ਰਬਾਬੀ ਸਾਥੀ ਭਾਈ ਮਰਦਾਨੇ ਨੂੰ ਨਾਲ ਲੈ ਕੇ ਆਪਣੀ ਮਧੁਰ ਬਾਣੀ ਰਾਹੀਂ ਮਨੁੱਖਤਾ ਦੀ ਆਜ਼ਾਦੀ ਅਤੇ ਬਰਾਬਰੀ ਦੇ ਸਿਧਾਂਤ ਦਾ ਸੰਚਾਰ ਕਰ ਰਹੇ ਸਨ। ਉਨ੍ਹਾਂ ਦੀ ਇਸ ਅਦੁੱਤੀ ਘਾਲਣਾ ਬਾਰੇ ਸਰ ਮੁਹੰਮਦ ਇਕਬਾਲ ਨੇ ਠੀਕ ਹੀ ਲਿਖਿਆ ਹੈ, "ਫਿਰ ਉਠੀ ਆਖਿਰ ਸਦਾਅ ਤੌਹੀਦ ਕੀ ਪੰਜਾਬ ਸੇ ਹਿੰਦ ਕੋ ਇਕ ਮਰਦਿ ਕਾਮਿਲ ਨੇ ਜਗਾਯਾ ਖਵਾਬ ਸੇ।"

ਗੁਰੂ ਜੀ ਵਲੋਂ ਵਿਸ਼ਾਲ ਜਗਤ ਦੇ ਰਟਨ ਦਾ ਵਰਣਨ ਉਨ੍ਹਾਂ ਦੀਆਂ ਜਨਮ ਸਾਖੀਆਂ ਵਿਚ ਮਿਲਦਾ ਹੈ। ਜਨਮ ਸਾਖੀਆਂ ਵਿਚ ਜਿਨ੍ਹਾਂ ਥਾਂਵਾਂ ਦਾ ਜ਼ਿਕਰ ਹੈ, ਉਨ੍ਹਾਂ ਦੇ ਕ੍ਰਮਵਾਰ ਨਾਂ ਇਸ ਪ੍ਰਕਾਰ ਹਨ: ਪਾਕਪਟਨ, ਕੁਰੂਕਸ਼ੇਤਰ, ਹਰਦੁਆਰ, ਨਾਨਕ ਮਤਾ, ਵਣਜਾਰਿਆਂ ਦਾ ਟਾਂਡਾ, ਅਯੁਧਿਆ, ਪ੍ਰਯਾਗ, ਬਨਾਰਸ, ਗਯਾ, ਹਾਜੀਪੁਰ (ਪਟਨਾ), ਕਾਮਰੂਪ, ਆਸਾਮ, ਜਗਨਨਾਥ ਪੁਰੀ, ਕਟਕ, ਕਾਂਚੀਪੁਰਮ, ਗੰਟੂਰ, ਤ੍ਰਿਵਨਮਲਾਏ, ਤ੍ਰਿਚਨਾਪਲੀ, ਨਾਗਾਪਟਨਮ, ਸ੍ਰੀਲੰਕਾ, ਸੇਤਬੰਧ ਰਾਮੇਸ਼ਵਰਮ, ਤ੍ਰਿਵੇਂਦਰਮ, ਕੁੰਬੇਟੂਰ, ਅਨਾਮਲਾਏ ਪਰਬਤ, ਬਿਦਰ, ਨਾਂਦੇੜ, ਦੌਲਤਾਬਾਦ, ਜੂਨਾਗੜ੍ਹ, ਉਜੈਨ, ਮਥਰਾ, ਦਿੱਲੀ, ਪਾਣੀਪਤ, ਪੱਟੀ, ਤਲਵੰਡੀ, ਜਵਾਲਾ ਜੀ, ਬੈਜਨਾਥ (ਕੀੜਗਰਾਮ), ਕੈਲਾਸ਼ (ਸੁਮੇਰ ਪਰਬਤ), ਲੱਦਾਖ, ਸਿੱਕਮ, ਨੇਪਾਲ, ਤਿੱਬਤ, ਪੰਜਾ ਸਾਹਿਬ, ਹਸਨ ਅਬਦਾਲ, ਸਿਆਲਕੋਟ, ਤਲਵੰਡੀ, ਸੁਲਤਾਨਪੁਰ, ਮੁਲਤਾਨ, ਹਿੰਗਲਾਜ, ਮੱਕਾ, ਮਦੀਨਾ, ਬਗਦਾਦ, ਮਸ਼ਹਦ (ਇਰਾਨ), ਕਾਬਲ, ਪਿਸ਼ਾਵਰ (ਗੋਰਖ ਹਟੜੀ), ਸਯਦਪੁਰ, ਕਰਤਾਪੁਰ। ਉਨ੍ਹਾਂ ਦੀ ਅਦੁੱਤੀ ਘਾਲਣਾ ਨੇ ਹੀ ਪੰਜਾਬੀ ਕੌਮ ਨੂੰ ਜਨਮ ਦਿੱਤਾ ਹੈ। ਉਹ ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਦੇ ਪਿਤਾਮਾ ਹਨ।

ਜਿਸ ਅਧਿਆਤਮਕ ਵਿਚਾਰਧਾਰਾ ਦਾ ਪ੍ਰਸਾਰ ਕਰਨ ਲਈ ਗੁਰੂ ਜੀ ਸੰਸਾਰ ਦਾ ਰਟਨ ਕਰ ਰਹੇ ਸਨ, ਉਸ ਦੀ ਲਿਖਤੀ ਬਾਣੀ ਉਨ੍ਹਾਂ ਆਪਣੀ ਪੋਥੀ ਵਿਚ ਦਰਜ ਕੀਤੀ ਹੋਈ ਸੀ, ਜਿਸ ਨੂੰ ਉਹ ਆਪਣੇ ਨਾਲ ਰਖਦੇ ਸਨ। ਗੁਰੂ ਜੀ 19 ਰਾਗਾਂ ਵਿਚ ਕੀਰਤਨ ਕਰਦੇ ਸਨ ਅਤੇ ਗੁਰੂ ਗ੍ਰੰਥ ਸਾਹਿਬ ਵਿਚ ਉਨ੍ਹਾਂ ਦੀ ਬਾਣੀ ਉਨ੍ਹਾਂ ਰਾਗਾਂ ਵਿਚ ਹੀ ਦਰਜ ਹੈ। ਉਹ ਆਪਣੀਆਂ ਰਚਨਾਵਾਂ ਨੂੰ ਪ੍ਰਭੂ ਖਸਮ ਵਲੋਂ ਆਈ ਬਾਣੀ ਆਖਦੇ ਹਨ। ਉਨ੍ਹਾਂ ਦੀ ਬਾਣੀ ਗੁਰੂ ਗ੍ਰੰਥ ਸਾਹਿਬ ਵਿਚ ਮੰਗਲ, ਜਪੁ, ਦਖਣੀ ਓਅੰਕਾਰ, ਸਿਧ ਗੋਸ਼ਟ, ਬਾਰਹ ਮਾਹਾ, ਪਟੀ, ਵਾਰ ਆਸਾ, ਵਾਰ ਮਾਝ, ਵਾਰ ਮਲਾਰ, ਥਿਤੀ, ਪਹਿਰੇ, ਅਲਾਹੁਣੀਆਂ, ਕੁਚਜੀ, ਸੁਚਜੀ, ਸੋ ਦਰੁ ਅਤੇ ਆਰਤੀ ਦੇ ਸ਼ੀਰਸ਼ਕਾਂ ਹੇਠ ਦਰਜ ਹੈ।

ਮਾਰੂ ਰਾਗ ਵਿਚ ਸੋਲਹਾ ਰਚ ਕੇ ਗੁਰੂ ਜੀ ਨੇ ਰਿਗ ਵੇਦ ਦੇ ਸ੍ਰਿਸ਼ਟੀ ਰਚਨਾ ਦੇ 1.129.6 ਸੂਕਤ ਨੂੰ ਨਵਾਂ ਰੂਪ ਦਿੱਤਾ ਹੈ। ਰਿਗ ਵੇਦ ਵਿਚ ਲਿਖਿਆ ਹੈ: "(1) ਓਦੋਂ ਨਾ ਅਣਹੋਂਦ ਸੀ, ਨਾ ਹੋਂਦ; ਨਾ ਥਾਂ ਦਾ ਖੇਤਰ ਸੀ, ਨਾ ਆਕਾਸ਼। ਕੀ ਹਿਲਿਆ? ਕਿਥੇ? ਕਿਸ ਦੇ ਆਸਰੇ? ਕੀ ਡੂੰਘਾ ਪਾਣੀ ਸੀ? (2) ਉਸ ਵੇਲੇ ਨਾ ਮੌਤ ਸੀ, ਨਾ ਅਮਰਤਵ। ਨਾ ਦਿਨ, ਨਾ ਰਾਤ ਦਾ ਕੋਈ ਚਿੰਨ੍ਹ ਸੀ। ਉਹ ਆਪਣੇ ਮਨੋਵੇਗ ਤੋਂ ਸਾਹ ਲੈਂਦਾ ਸੀ। ਉਸ ਤੋਂ ਇਲਾਵਾ ਅੱਗੇ ਕੁੱਝ ਨਹੀਂ ਸੀ। (3) ਸ਼ੁਰੂ ਵਿਚ ਹਨੇਰਾ ਹਨੇਰੇ ਨੇ ਛੁਪਾਇਆ ਹੋਇਆ ਸੀ। ਕੋਈ ਹੋਰ ਵੱਖਰਾ ਨਿਸ਼ਾਨ ਨਹੀਂ ਸੀ, ਉਹ ਸਭ ਪਾਣੀ ਸੀ। ਸੁੰਨੇਪਣ ਨਾਲ ਢਕੀ ਜੀਵਨ ਸ਼ਕਤੀ, ਉਹ ਗਰਮੀ ਦੀ ਸ਼ਕਤੀ ਨਾਲ ਉਪਰ ਉਠੀ...।"

ਗੁਰੂ ਜੀ ਨੇ ਵੀ ਪ੍ਰਭੂ ਪ੍ਰੇਮ ਦੀ ਲੋਰ ਵਿਚ ਸ੍ਰਿਸ਼ਟੀ ਰਚਨਾ ਦਾ ਸੋਹਲਾ ਗਾਇਆ ਹੈ, ਜਿਸ ਦੇ ਚਾਰ ਪਦ ਇਸ ਪ੍ਰਕਾਰ ਹਨ:

ਅਰਬਦ ਨਰਬਦ ਧੁੰਧੂਕਾਰਾ॥
ਧਰਣਿ ਨ ਗਗਨਾ ਹੁਕਮੁ ਅਪਾਰਾ॥
ਨ ਦਿਨੁ ਰੈਨਿ ਨ ਚੰਦੁ ਨ ਸੂਰਜ
ਸੁੰਨਿ ਸਮਾਧਿ ਲਗਾਇਦਾ॥
ਖਾਣੀ ਨ ਬਾਣੀ ਪਉਣ ਨ ਪਾਣੀ॥
ਓਪਤਿ ਖਪਤਿ ਨ ਆਵਣ ਜਾਣੀ॥
ਖੰਡ ਪਤਾਲ ਸਪਤ ਨਹੀ ਸਾਗਰ
ਨਦੀ ਨ ਨੀਰੁ ਵਹਾਇਦਾ॥1॥...
ਵਿਰਲੇ ਕਉ ਗੁਰ ਸਬਦੁ ਸੁਣਾਇਆ॥
ਕਰਿ ਕਰਿ ਦੇਖੈ ਹੁਕਮੁ ਸਬਾਇਆ॥
ਖੰਡ ਬ੍ਰਹਮੰਡ ਪਾਤਾਲ ਅਰੰਭੇ
ਗੁਪਤਹੁ ਪਰਗਟੀ ਆਇਦਾ॥15॥
ਤਾ ਕਾ ਅੰਤੁ ਨ ਜਾਣੈ ਕੋਈ॥
ਪੂਰੇ ਗੁਰ ਤੇ ਸੋਝੀ ਹੋਈ॥
ਨਾਨਕ ਸਾਚਿ ਰਤੇ ਬਿਸਮਾਦੀ
ਬਿਸਮ ਭਏ ਗੁਣ ਗਾਇਦਾ॥
(ਪੰਨਾ 1035-36)

ਗੁਰੂ ਗ੍ਰੰਥ ਸਾਹਿਬ ਦੀ ਬਾਣੀ ਮੰਗਲਾਚਰਣ ਨਾਲ ਸ਼ੁਰੂ ਹੁੰਦੀ ਹੈ ਅਤੇ ਜਪੁ ਇਸ ਦੀ ਪਹਿਲੀ ਬਾਣੀ ਹੈ। ਮੰਗਲਾਚਰਣ ਵਿਚ ਮਨੁੱਖ ਨੂੰ ਸਮਝ ਆਉਣ ਵਾਲੇ ਪ੍ਰਭੂ ਦੇ ਗੁਣਾਂ ਦਾ ਵਰਣਨ ਹੈ, ਜਿਨ੍ਹਾਂ ਦੀ ਗੁਰੂ ਜੀ ਨੇ ਆਪਣੀ ਬਾਣੀ ਵਿਚ ਵਿਆਖਿਆ ਕੀਤੀ ਹੈ। ਉਹ ਗੁਣ ਹਨ: ਪ੍ਰਭੂ ਇੱਕ ਹੈ, ਹੋਂਦ ਕੇਵਲ ਉਸੇ ਦੀ ਹੈ, ਹੋਰ ਕਿਸੇ ਦੂਜੇ ਦੀ ਹੋਂਦ ਨਹੀਂ ਹੈ,

ਆਪੇ ਪਟੀ ਕਲਮ ਆਪਿ
ਉਪਰਿ ਲੇਖ ਭਿ ਤੂੰ॥
ਏਕੋ ਕਹੀਐ ਨਾਨਕਾ ਦੂਜਾ ਕਾਹੇ ਕੂ॥
(ਪੰਨਾ 1291)

ਅਤੇ

ਜੇਤਾ ਸਬਦੁ ਸੁਰਤਿ ਧੁਨਿ ਤੇਤੀ
ਜੇਤਾ ਰੂਪੁ ਕਾਇਆ
ਤੇਰੀ ਤੂੰ ਆਪੇ ਰਸਨਾ ਆਪੇ ਬਸਨਾ
ਅਵਰੁ ਨ ਦੂਜਾ ਕਹਉ ਮਾਈ॥1॥
ਸਾਹਿਬੁ ਮੇਰਾ ਏਕੋ ਹੈ
ਏਕੋ ਹੈ ਭਾਈ ਏਕੋ ਹੈ॥ (ਪੰਨਾ 350)

ਉਸ ਦੀ ਹੋਂਦ ਸਦੀਵੀ ਹੈ,

ਆਦਿ ਸਚੁ ਜੁਗਾਦਿ ਸਚੁ॥
ਹੈ ਭੀ ਸਚੁ ਨਾਨਕ ਹੋਸੀ ਭੀ ਸਚੁ॥
(ਪੰਨਾ 1)

ਉਹ ਸ੍ਰਿਸ਼ਟੀ ਦਾ ਕਰਤਾ ਹੈ ਅਤੇ ਆਪ ਉਸ ਵਿਚ ਵਿਦਮਾਨ ਹੈ,

ਦੁਯੀ ਕੁਦਰਤਿ ਸਾਜੀਐ
ਕਰਿ ਆਸਣੁ ਡਿਠੋ ਚਾਉ॥ (ਪੰਨਾ 463)

ਅਤੇ

ਜਾ ਤਿਸੁ ਭਾਣਾ ਤਾ ਜਗਤੁ ਉਪਾਇਆ॥
ਬਾਝੁ ਕਲਾ ਆਡਾਣੁ ਰਹਾਇਆ॥
(ਪੰਨਾ 1036)

ਉਹ ਭੈ ਰਹਿਤ ਹੈ,

ਨਾਨਕ ਨਿਰਭਉ ਨਿਰੰਕਾਰੁ
ਹੋਰ ਕੇਤੇ ਰਾਮ ਰਵਾਲ॥ (ਪੰਨਾ 464)

ਉਹ ਨਿਰਵੈਰ ਹੈ,

ਹਰਿ ਸਾ ਮੀਤੁ ਨਾਹੀ ਮੈ ਕੋਈ॥
ਜਿਨਿ ਤਨੁ ਮਨੁ ਦੀਆ ਸੁਰਤਿ ਸਮੋਈ॥
ਸਰਬ ਜੀਆ ਪ੍ਰਤਿਪਾਲਿ ਸਮਾਲੇ
ਸੋ ਅੰਤਰਿ ਦਾਨਾ ਬੀਨਾ ਹੇ॥ (ਪੰਨਾ 1027)

ਉਹ ਕਾਲ ਵੱਸ ਨਹੀਂ ਹੈ,

ਤੂੰ ਅਕਾਲ ਪੁਰਖੁ ਨਾਹਿ ਸਿਰਿ ਕਾਲਾ॥
(ਪੰਨਾ 1138)

ਉਹ ਜੂਨਾਂ ਵਿਚ ਨਹੀਂ ਪੈਂਦਾ ਅਤੇ ਆਪਣੇ ਆਪ ਤੋਂ ਹੈ,

ਥਾਪਿਆ ਨ ਜਾਇ ਕੀਤਾ ਨ ਹੋਇ॥
ਆਪੇ ਆਪਿ ਨਿਰੰਜਨੁ ਸੋਇ॥ (ਪੰਨਾ 2)

ਅਤੇ

ਆਪੀਨੈ ਆਪੁ ਸਾਜਿਓ
ਆਪੀਨੈ ਰਚਿਓ ਨਾਉ॥ (ਪੰਨਾ 463)

ਉਹ ਗੁਰੂ ਦੀ ਕਿਰਪਾ ਨਾਲ ਜਾਣਿਆ ਜਾਂਦਾ ਹੈ,

ਸਤਿਗੁਰ ਵਿਟਹੁ ਵਾਰਿਆ
ਜਿਤੁ ਮਿਲਿਐ ਖਸਮੁ ਸਮਾਲਿਆ॥

**ਗੁਰੂ ਜੀ ਵਲੋਂ ਵਿਸ਼ਾਲ ਜਗਤ ਦੇ ਰਟਨ ਦਾ ਵਰਣਨ ਉਨ੍ਹਾਂ ਦੀਆਂ ਜਨਮ ਸਾਖੀਆਂ ਵਿਚ ਮਿਲਦਾ ਹੈ। ਜਨਮ ਸਾਖੀਆਂ ਵਿਚ ਜਿਨ੍ਹਾਂ ਥਾਂਵਾਂ ਦਾ ਜ਼ਿਕਰ ਹੈ, ਉਨ੍ਹਾਂ ਦੇ ਕ੍ਰਮਵਾਰ ਨਾਂ ਇਸ ਪ੍ਰਕਾਰ ਹਨ: ਪਾਕਪਟਨ, ਕੁਰੂਕਸ਼ੇਤਰ, ਹਰਦੁਆਰ, ਨਾਨਕ ਮਤਾ, ਵਣਜਾਰਿਆਂ ਦਾ ਟਾਂਡਾ, ਅਯੁਧਿਆ, ਪ੍ਰਯਾਗ, ਬਨਾਰਸ, ਗਯਾ, ਹਾਜੀਪੁਰ (ਪਟਨਾ), ਕਾਮਰੂਪ, ਆਸਾਮ, ਜਗਨਨਾਥ ਪੁਰੀ, ਕਟਕ, ਕਾਂਚੀਪੁਰਮ, ਗੰਟੂਰ, ਤ੍ਰਿਵਨਮਲਾਏ, ਤ੍ਰਿਚਨਾਪਲੀ, ਨਾਗਾਪਟਨਮ, ਸ੍ਰੀਲੰਕਾ, ਸੇਤਬੰਧ ਰਾਮੇਸ਼ਵਰਮ, ਤ੍ਰਿਵੇਂਦਰਮ, ਕੁੰਬੇਟੂਰ, ਅਨਾਮਲਾਏ ਪਰਬਤ, ਬਿਦਰ, ਨਾਂਦੇੜ, ਦੌਲਤਾਬਾਦ, ਜੂਨਾਗੜ੍ਹ, ਉਜੈਨ, ਮਥਰਾ, ਦਿੱਲੀ, ਪਾਣੀਪਤ, ਪੱਟੀ, ਤਲਵੰਡੀ, ਜਵਾਲਾ ਜੀ, ਬੈਜਨਾਥ (ਕੀੜਗਰਾਮ), ਕੈਲਾਸ਼ (ਸੁਮੇਰ ਪਰਬਤ), ਲੱਦਾਖ, ਸਿੱਕਮ, ਨੇਪਾਲ, ਤਿੱਬਤ, ਪੰਜਾ ਸਾਹਿਬ, ਹਸਨ ਅਬਦਾਲ, ਸਿਆਲਕੋਟ, ਤਲਵੰਡੀ, ਸੁਲਤਾਨਪੁਰ, ਮੁਲਤਾਨ, ਹਿੰਗਲਾਜ, ਮੱਕਾ, ਮਦੀਨਾ, ਬਗਦਾਦ, ਮਸ਼ਹਦ (ਇਰਾਨ), ਕਾਬਲ, ਪਿਸ਼ਾਵਰ (ਗੋਰਖ ਹਟੜੀ), ਸਯਦਪੁਰ, ਕਰਤਾਪੁਰ। ਉਨ੍ਹਾਂ ਦੀ ਅਦੁੱਤੀ ਘਾਲਣਾ ਨੇ ਹੀ ਪੰਜਾਬੀ ਕੌਮ ਨੂੰ ਜਨਮ ਦਿੱਤਾ ਹੈ। ਉਹ ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਦੇ ਪਿਤਾਮਾ ਹਨ।**

ਜਿਨਿ ਕਰਿ ਉਪਦੇਸੁ ਗਿਆਨ ਅੰਜਨੁ ਦੀਆ
ਇਨੀ ਨੇਤ੍ਰੀ ਜਗਤੁ ਨਿਹਾਲਿਆ॥
(ਪੰਨਾ 470)

ਪ੍ਰਭੂ ਦੇ ਗੁਣ ਤਾਂ ਜਾਣੇ ਜਾ ਸਕਦੇ ਹਨ, ਪਰ ਉਸ ਦੀ ਕਲਪਨਾ ਕਰਨੀ ਸੰਭਵ ਨਹੀਂ। ਉਹ ਅਦ੍ਰਿਸ਼ਟ ਹੀ ਨਹੀਂ, ਅਨੰਤ ਵੀ ਹੈ। ਇਸ ਪ੍ਰਥਾਇ ਗੁਰਬਾਣੀ ਦੇ ਕਥਨ ਹਨ,

ਲੇਖਾ ਹੋਇ ਤ ਲਿਖੀਐ ਲੇਖੈ ਹੋਇ ਵਿਣਾਸੁ॥
ਨਾਨਕ ਵਡਾ ਆਖੀਐ ਆਪੇ ਜਾਣੈ ਆਪੁ॥
(ਪੰਨਾ 5)

---

ਏਵਡੁ ਊਚਾ ਹੋਵੈ ਕੋਇ॥
ਤਿਸੁ ਊਚੇ ਕਉ ਜਾਣੈ ਸੋਇ॥
ਜੇਵਡੁ ਆਪਿ ਜਾਣੈ ਆਪਿ ਆਪਿ॥
ਨਾਨਕ ਨਦਰੀ ਕਰਮੀ ਦਾਤਿ॥ (ਪੰਨਾ 5)

---

ਨਾ ਤਿਸੁ ਰੂਪੁ ਨ ਰੇਖਿਆ ਕਾਈ॥
ਅੰਤ ਨ ਸਾਹਿਬ ਸਿਮਰਿਆ ਜਾਈ॥
(ਪੰਨਾ 750)

ਨਾਨਕ ਬਾਣੀ ਤਿੰਨ ਮੁੱਖ ਵਿਸ਼ਿਆਂ ਦਾ ਗਿਆਨ ਦਿੰਦੀ ਹੈ: (1) ਪ੍ਰਭੂ ਦੀ ਬੇਅੰਤਤਾ ਦਾ "ਚਹੁ ਦਿਸਿ ਹੁਕਮੁ ਵਰਤੈ ਪ੍ਰਭ ਤੇਰਾ ਚਹੁ ਦਿਸਿ ਨਾਮ ਪਤਾਲੰ॥ ਸਭ ਮਹਿ ਸਬਦ ਵਰਤੈ ਪ੍ਰਭ ਸਾਚਾ ਕਰਮ ਮਿਲੈ ਬੈਆਲੰ॥" (ਪੰਨਾ 1275); (2) ਮਾਇਆ ਦੇ ਭਰਮ ਨਾਲ ਮੋਹੇ ਸੰਸਾਰ ਦਾ, "ਬਾਬਾ ਮਾਇਆ ਸਾਥਿ ਨ ਹੋਇ॥ ਇਨਿ ਮਾਇਆ ਜਗ ਮੋਹਿਆ ਵਿਰਲਾ ਬੂਝੈ ਕੋਇ॥" (ਪੰਨਾ 595) ਅਤੇ (3) ਮਨੁੱਖੀ ਮਨ ਨੂੰ ਲੱਗੇ ਹਉਮੈ ਦੇ ਰੋਗ ਦਾ "ਹਉ ਵਿਚਿ ਮਾਇਆ ਹਉ ਵਿਚਿ ਛਾਇਆ॥ ਹਉਮੈ ਕਰਿ ਕਰਿ ਜੰਤ ਉਪਾਇਆ॥ ਹਉਮੈ ਬੂਝੈ ਤਾ ਦਰੁ ਸੂਝੈ॥ ਗਿਆਨ ਵਿਹੂਣਾ ਕਥਿ ਕਥਿ ਲੂਝੈ॥" (ਪੰਨਾ 466)

ਨਾਨਕ ਬਾਣੀ ਅਨੁਸਾਰ ਮਨੁੱਖਾ ਜਨਮ ਦਾ ਮਨੋਰਥ ਪ੍ਰਭੂ ਪ੍ਰਾਪਤੀ ਹੈ, ਜਿਸ ਨੂੰ ਪ੍ਰਾਪਤ ਕਰਨ ਦੀ ਵਿਧੀ ਗੁਰੂ ਜੀ ਨੇ ਬਾਣੀ ਵਿਚ ਬਿਆਨ ਕੀਤੀ ਹੈ।

1969 ਵਿਚ ਗੁਰੂ ਨਾਨਕ ਸਾਹਿਬ ਦੇ ਪੰਜ ਸੌ ਸਾਲਾ ਆਗਮਨ ਪੁਰਬ 'ਤੇ ਪੰਜਾਬੀ ਯੂਨੀਵਰਸਿਟੀ ਨੇ ਕੌਮਾਂਤਰੀ ਸੈਮੀਨਾਰ ਕਰਵਾਇਆ ਸੀ, ਜਿਸ ਵਿਚ ਉਚ ਕੋਟੀ ਦੇ ਵਿਦਵਾਨਾਂ ਨੇ ਭਾਗ ਲਿਆ ਸੀ। ਪੱਛਮੀ ਸਿੱਖਿਆ ਤੋਂ ਪ੍ਰਭਾਵਿਤ ਬੁਧੀਜੀਵੀਆਂ ਦੀ ਸਾਧਨਾ ਹੋਣ ਕਾਰਨ ਸਿੱਖ ਧਾਰਮਿਕ ਨੇਤਾਵਾਂ ਨੇ ਉਸ ਵਿਚ ਦਿਲਚਸਪੀ ਨਹੀਂ ਸੀ ਦਿਖਾਈ।

ਦਰਅਸਲ ਸਿੱਖ ਧਾਰਮਿਕ ਆਗੂਆਂ, ਪੁਜਾਰੀਆਂ ਅਤੇ ਸ਼ਰਧਾਲੂਆਂ ਦੀ ਬਹੁਗਿਣਤੀ ਵਿਚ ਗੁਰੂ ਜੀ ਅਤੇ ਉਨ੍ਹਾਂ ਦੀ ਵਿਚਾਰਧਾਰਾ ਨੂੰ ਨਜ਼ਰ ਅੰਦਾਜ਼ ਕਰਨ ਦੀ ਰੀਤ ਸੀ। ਉਹ ਗੁਰੂ ਜੀ ਪ੍ਰਤੀ ਰਸਮੀ ਸ਼ਰਧਾ ਦਾ ਪ੍ਰਗਟਾਵਾ ਤਾਂ ਕਰਦੇ ਸਨ, ਪਰ ਉਨ੍ਹਾਂ ਦੇ ਵਿਚਾਰਾਂ ਨੂੰ ਪ੍ਰਚਾਰਨ ਤੋਂ ਟਾਲਾ ਵੱਟ ਲੈਂਦੇ ਸਨ। ਇਸ ਦਾ ਕਾਰਨ ਇਹ ਸੀ ਕਿ ਗੁਰੂ ਜੀ ਨੇ ਅਧਿਆਤਮਕ ਵਿਚਾਰਧਾਰਾ ਪੇਸ਼ ਕੀਤੀ ਸੀ, ਕੋਈ ਸੰਸਥਾਗਤ ਧਰਮ ਜਾਂ ਗੱਦੀ ਸਥਾਪਤ ਨਹੀਂ ਸੀ ਕੀਤੀ। ਆਮ ਲੋਕਾਂ ਦੀ ਅਧਿਆਤਮਕ ਗਿਆਨ ਵਿਚ ਕੋਈ ਦਿਲਚਸਪੀ ਨਹੀਂ ਹੁੰਦੀ, ਉਹ ਤਾਂ ਗੁਰਗੱਦੀ ਅਤੇ ਦਿਖਾਵੇ ਦੇ ਉਪਾਸ਼ਕ ਹੁੰਦੇ ਹਨ। ਇਸੇ ਲਈ ਗੁਰੂ ਜੀ ਦੇ ਪੁੱਤਰ ਸ੍ਰੀ ਚੰਦ ਨੇ ਗੁਰਮਤਿ ਦੇ ਵਿਰੁਧ ਉਦਾਸੀ ਮੱਤ ਅਤੇ ਗੁਰਗੱਦੀ ਦੇ ਸਮਰਥਕਾਂ ਨੇ ਆਪਣਾ ਸੰਸਥਾਗਤ ਸਿੱਖ ਧਰਮ ਸਥਾਪਤ ਕਰ ਲਿਆ ਸੀ। ਸੱਤਾ ਅਤੇ ਬਲਵੰਡ ਨੇ ਆਪਣੀ ਵਾਰ ਵਿਚ ਗੁਰੂ ਜੀ ਦੇ ਪੁੱਤਰਾਂ ਵਲੋਂ ਉਨ੍ਹਾਂ ਤੋਂ ਆਕੀ ਹੋਣ ਅਤੇ ਸੰਸਾਰਕ ਧੰਧਿਆਂ ਵਿਚ ਖਚਤ ਹੋਣ ਦਾ ਜ਼ਿਕਰ ਕੀਤਾ ਹੈ,

ਪੁਤ੍ਰੀ ਕਉਲੁ ਨ ਪਾਲਿਓ
ਕਰਿ ਪੀਰਹੁ ਕੰਨ ਮੁਰਟੀਐ॥
ਦਿਲਿ ਖੋਟੈ ਆਕੀ ਫਿਰਨਿ
ਬੰਨਿ ਭਾਰੁ ਉਚਾਇਨਿ ਛਟੀਐ॥
(ਪੰਨਾ 967)

ਗੁਰੂ ਨਾਨਕ ਵਿਚਾਰਧਾਰਾ ਦੇ ਵਿਰੋਧੀ ਗੁਰ ਪਰਿਵਾਰਾਂ ਦੇ ਗੁਰਗੱਦੀ ਦੇ ਅਭਿਲਾਖੀਆਂ ਅਤੇ ਸੰਸਥਾਗਤ ਉਦਾਸੀ ਧਰਮ ਦੇ ਸਮਰਥਕਾਂ ਦੀ ਗਿਣਤੀ ਵਧਦੀ ਚਲੀ ਗਈ ਸੀ। ਉਨ੍ਹਾਂ ਦੇ ਮੁਗਲ ਸਾਸ਼ਨ ਨਾਲ ਅੱਛੇ ਸਬੰਧ ਸਨ। ਭਾਵੇਂ ਮੁਗਲ ਰਾਜ ਦਾ ਨਾਨਕ ਵਿਚਾਰਧਾਰਾ ਨਾਲ ਵੀ ਕੋਈ ਵੈਰ ਨਹੀਂ ਸੀ, ਪਰ ਮੁਗਲ ਹਕੂਮਤ ਨੇ ਪੰਜਵੇਂ ਅਤੇ ਨੌਵੇਂ ਗੁਰੂ ਸਾਹਿਬਾਨ ਨੂੰ ਸ਼ਹੀਦ ਕਰ ਦਿੱਤਾ, ਗੁਰੂ ਗੋਬਿੰਦ ਸਿੰਘ ਜੀ ਨਾਲ ਜੰਗਾਂ ਕਰਦੇ ਰਹੇ ਅਤੇ ਸਾਹਿਬਜ਼ਾਦਿਆਂ ਨੂੰ ਸ਼ਹੀਦ ਕਰਕੇ ਗੁਰਗੱਦੀ ਦੇ ਵਾਰਸ ਸਮਝੇ ਜਾਣ ਵਾਲਿਆਂ ਨੂੰ ਖਤਮ ਕਰ ਦਿੱਤਾ। ਮੁਗਲਾਂ ਨੇ ਐਸੇ ਅਣਮਨੁੱਖੀ ਜ਼ੁਲਮ ਕਿਸੇ ਦੀ ਸ਼ਿਕਾਇਤ ਮਿਲਣ 'ਤੇ ਹੀ ਕੀਤੇ ਹੋਣਗੇ, ਕਿਉਂਕਿ ਸ਼ਿਕਾਇਤ ਬਿਨਾ ਤਾਂ ਸਾਸ਼ਨ ਹਰਕਤ ਵਿਚ ਨਹੀਂ ਆਉਂਦੇ, ਪਰ ਗੁਰ ਇਤਿਹਾਸ ਵਿਚ ਸ਼ਿਕਾਇਤ ਕਰਨ ਵਾਲਿਆਂ ਬਾਰੇ ਕੋਈ ਜਾਣਕਾਰੀ ਨਹੀਂ ਮਿਲਦੀ।

ਮੁਗਲ ਸਲਤਨਤ ਬਹੁਤ ਵੱਡੀ ਸੀ, ਉਸ ਦੀ ਹਕੂਮਤ ਭਾਵਨਾਵਾਂ, ਪੱਖਪਾਤ ਅਤੇ ਨਫਰਤ ਨਾਲ ਨਹੀਂ ਸੀ ਚਲ ਰਹੀ, ਕਾਨੂੰਨ ਨਾਲ ਚਲਦੀ ਸੀ। ਕਾਨੂੰਨ ਸ਼ਿਕਾਇਤ ਅਤੇ ਹੁਕਮ ਹੋਣ 'ਤੇ ਹੀ ਹਰਕਤ ਵਿਚ ਆਉਂਦਾ ਹੈ। ਗੁਰ ਇਤਿਹਾਸ ਵਿਚ ਇਸ ਪੱਖ ਨੂੰ ਨਹੀਂ ਛੋਹਿਆ ਗਿਆ। ਬੰਦਾ ਬਹਾਦਰ ਦੀ ਸ਼ਹੀਦੀ ਪਿਛੋਂ ਲੜਾਕੂ ਗੁਰੀਲੇ ਸਿੱਖ ਤਾਂ ਜੰਗਲਾਂ ਵਿਚ ਜਾ ਛੁਪੇ ਸਨ, ਪਰ ਨਾਨਕ ਵਿਚਾਰਧਾਰਾ ਦੇ ਸ਼ਾਂਤਮਈ ਸ਼ਰਧਾਲੂ ਮੁਗਲਾਂ ਦੀ ਕਰੋਪੀ ਦਾ ਸ਼ਿਕਾਰ ਹੋ ਗਏ, ਜਿਸ ਨਾਲ ਗੁਰਮਤਿ ਵਿਚਾਰਧਾਰਾ ਦਾ ਸੰਚਾਰ ਖਤਮ ਹੋ ਗਿਆ ਅਤੇ ਉਦਾਸੀ ਮੱਤ ਦੀ ਸਿੱਖੀ ਨੇ ਗੁਰਮਤਿ ਦੀ ਥਾਂ ਲੈ ਲਈ।

ਗੁਰੂ ਜੀ ਨੂੰ ਗੁਰਮਤਿ ਵਿਰੋਧੀਆਂ ਦੇ ਗਿਲੇ ਦਾ ਅਹਿਸਾਸ ਸੀ, ਜਿਸ ਦਾ ਪ੍ਰਗਟਾਵਾ ਉਨ੍ਹਾਂ ਆਪਣੀ ਬਾਣੀ ਵਿਚ ਕੀਤਾ ਹੈ। ਉਹ ਲਿਖਦੇ ਹਨ,

ਕੋਈ ਆਖੈ ਭੂਤਨਾ ਕੋ ਕਹੈ ਬੇਤਾਲਾ॥
ਕੋਈ ਆਖੈ ਆਦਮੀ ਨਾਨਕੁ ਵੇਚਾਰਾ॥1॥
ਭਇਆ ਦੀਵਾਨਾ ਸਾਹ ਕਾ ਨਾਨਕੁ ਬਉਰਾਨਾ॥
ਹਉ ਹਰਿ ਬਿਨੁ ਅਵਰੁ ਨ ਜਾਨਾ॥
(ਪੰਨਾ 991)

ਪਰ ਉਨ੍ਹਾਂ ਦੇ ਜੀਵਨ ਬਾਰੇ ਭੁਲੇਖੇ ਪਾਉਣ, ਉਨ੍ਹਾਂ ਦੇ ਵਿਚਾਰਾਂ ਦੀ ਅਵੱਗਿਆ ਅਤੇ ਬਾਣੀ ਨੂੰ ਨਜ਼ਰ ਅੰਦਾਜ਼ ਕਰਨ ਦੀ ਸਿੱਖ ਜਗਤ ਵਿਚ ਰੀਤ ਚੱਲ ਪਈ ਸੀ। ਉਸ ਰੀਤ ਦੀਆਂ ਕੁਝ ਮਿਸਾਲਾਂ ਹਨ:

ਸਿੱਖ ਧਰਮ ਦੇ ਬਾਨੀ ਹੋਣ ਦੇ ਬਾਵਜੂਦ ਗੁਰੂ ਨਾਨਕ ਦੇਵ ਦਾ ਪ੍ਰਕਾਸ਼ ਦਿਵਸ ਜਾਣ-ਬੁਝ ਕੇ ਗਲਤ ਦਿਨ ਮਨਾਇਆ ਜਾਂਦਾ ਹੈ। ਉਨ੍ਹਾਂ ਦਾ ਜਨਮ 15 ਅਪਰੈਲ 1469 ਈਸਵੀ ਨੂੰ ਹੋਇਆ ਸੀ, ਪਰ ਉਸ ਨੂੰ ਨਵੰਬਰ ਵਿਚ ਕਤਕ ਦੀ ਪੂਰਨਮਾਸ਼ੀ ਵਾਲੇ ਦਿਨ ਮਨਾਉਣ ਦੀ ਪ੍ਰਥਾ ਹੈ। ਇਹ ਉਨ੍ਹਾਂ ਦਾ ਅਪਮਾਨ ਕਰਨ ਵਾਲੀ ਬੱਜਰ ਗਲਤੀ ਹੈ, ਜਿਸ ਬਾਰੇ ਸਿੱਖ ਜਗਤ ਵਿਚ ਚੇਤੰਨਤਾ ਦੀ ਘਾਟ ਹੈ।

ਗੁਰੂ ਜੀ ਦੀਆਂ ਤਿੰਨ ਜਨਮ ਸਾਖੀਆਂ ਲਿਖੀਆਂ ਗਈਆਂ ਸਨ। ਮਿਹਰਬਾਨ ਵਾਲੀ, ਪੁਰਾਤਨ, ਵਲਾਇਤ ਜਾਂ ਕੋਲਬਰੁਕ ਵਾਲੀ ਅਤੇ ਭਾਈ ਬਾਲੇ ਵਾਲੀ। ਸਿੱਖ ਜਗਤ ਵਿਚ ਕੇਵਲ ਭਾਈ ਬਾਲੇ ਵਾਲੀ ਜਨਮ ਸਾਖੀ ਹੀ ਪ੍ਰਸਿਧ ਅਤੇ ਉਪਲਬਧ ਹੈ। ਇਹ ਜਨਮ ਸਾਖੀ ਗੁਰੂ ਸਾਹਿਬ ਨੂੰ ਛੁਟਿਆਉਂਦੀ ਅਤੇ ਉਨ੍ਹਾਂ ਦੇ ਚਰਿਤਰ ਨੂੰ ਦਾਗੀ ਕਰਦੀ ਹੈ। ਇਸ ਦੇ ਪ੍ਰਕਾਸ਼ਕ ਇਸ ਨੂੰ ਵੇਚਣ ਲਈ ਇਸ ਵਿਚ ਬਹੁਤ ਕੱਟ ਵੱਢ ਕਰਦੇ ਰਹੇ ਹਨ। ਇਸ ਜਨਮ ਸਾਖੀ ਨੇ ਦੋ ਗਲਤ ਤੱਥ ਪ੍ਰਚਲਿਤ ਕੀਤੇ ਹੋਏ ਹਨ: ਪਹਿਲਾ, ਭਾਈ ਬਾਲੇ ਨੂੰ ਗੁਰੂ ਜੀ ਦਾ ਸਾਥੀ ਦਸਿਆ ਗਿਆ ਹੈ। ਉਹ ਇੱਕ ਕਲਪਿਤ ਵਿਅਕਤੀ ਹੈ ਅਤੇ ਉਸ ਦਾ ਗੁਰੂ ਜੀ ਨਾਲ ਕੋਈ ਸਬੰਧ ਨਹੀਂ ਸੀ। ਦੂਜਾ, ਗੁਰੂ ਸਾਹਿਬ ਦਾ ਪ੍ਰਕਾਸ਼ ਦਿਵਸ ਵੈਸਾਖ ਤੋਂ ਕੱਤਕ ਪ੍ਰਚਲਿਤ ਕਰ ਦਿੱਤਾ। ਬਹੁਤੇ ਸਿੱਖ ਆਗੂ ਇਸ ਨੂੰ ਅਸਲੀ ਜਨਮ ਸਾਖੀ ਸਮਝਦੇ ਹਨ ਅਤੇ ਭਾਈ ਬਾਲੇ ਨੂੰ ਗੁਰੂ ਸਾਹਿਬ ਦੀਆਂ ਤਸਵੀਰਾਂ ਵਿਚ ਅਕਸਰ ਚੌਰ ਕਰਦਾ ਦਿਖਾਇਆ ਜਾਂਦਾ ਹੈ।

ਨਨਕਾਣਾ ਸਾਹਿਬ ਗੁਰੂ ਜੀ ਦਾ ਜਨਮ ਅਸਥਾਨ ਹੈ। ਸਿੱਖ ਧਰਮ ਦੇ ਬਾਨੀ ਹੋਣ ਕਾਰਨ ਇਸ ਸਥਾਨ ਦੀ ਯੂਰੋਸ਼ਲਮ, ਮੱਕੇ ਅਤੇ ਗਯਾ ਵਾਲੀ ਮਹਾਨਤਾ ਹੈ; ਪਰ ਨਨਕਾਣਾ ਸਾਹਿਬ ਨੂੰ ਉਸ ਦਾ ਬਣਦਾ ਸਨਮਾਨ ਨਹੀਂ ਦਿੱਤਾ ਗਿਆ। ਮਹਾਰਾਜਾ ਰਣਜੀਤ ਸਿੰਘ ਨੇ ਦਰਬਾਰ ਸਾਹਿਬ ਵਿਚ ਤਾਂ ਸੋਨਾ ਲਗਵਾ ਦਿੱਤਾ, ਪਰ ਨਨਕਾਣਾ ਸਾਹਿਬ ਨੂੰ ਨਜ਼ਰ ਅੰਦਾਜ਼ ਕਰਦਾ ਰਿਹਾ। ਸਿੱਖ ਨਨਕਾਣਾ ਸਾਹਿਬ ਦੀ ਥਾਂ ਦਰਬਾਰ ਸਾਹਿਬ ਨੂੰ ਸਿੱਖੀ ਦਾ ਕੇਂਦਰ ਮੰਨਦੇ ਹਨ। ਅਰਦਾਸ ਵਿਚ "ਸ੍ਰੀ ਨਨਕਾਣਾ ਸਾਹਿਬ ਤੇ ਹੋਰ ਗੁਰਦੁਆਰਿਆਂ ਗੁਰਧਾਮਾਂ, ਜਿਨ੍ਹਾਂ ਤੋਂ ਪੰਥ ਨੂੰ ਵਿਛੋੜਿਆ ਗਿਆ ਹੈ, ਦੇ ਖੁੱਲ੍ਹੇ ਦਰਸ਼ਨ ਦੀਦਾਰ ਤੇ ਸੇਵਾ ਸੰਭਾਲ ਦਾ ਦਾਨ ਖਾਲਸਾ ਜੀ ਨੂੰ ਬਖਸ਼ੋ" ਅਖਿਆ ਜਾਂਦਾ ਹੈ। ਇਸ ਤੋਂ ਪਤਾ ਚਲਦਾ ਹੈ ਕਿ ਸਿੱਖ ਜਗਤ ਵਿਚ ਨਨਕਾਣਾ ਸਾਹਿਬ ਨੂੰ ਇੱਕ ਗੁਰਦੁਆਰਾ ਹੀ ਸਮਝਿਆ ਜਾਂਦਾ ਹੈ।

(ਅਗਲੇ ਸਫੇ 'ਤੇ ਜਾਰੀ)

# ਮੇਰੇ ਪਿੰਡ ਦੇ ਮੀਰਜ਼ਾਦੇ

ਸਿਆਲ ਦਾ ਸਿਖਰ ਸੀ। ਤਾਲਿਬ ਨੇ ਮਾਂ ਕੋਲੋਂ ਸੰਦੂਕ 'ਤੇ ਪਿਆ ਨਵਾਂ ਨਕੋਰ ਖੇਸ ਮੰਗਿਆ। ਮਾਂ ਮੂਹਰਿਓਂ ਟੁੱਟ ਕੇ ਪੈ ਗਈ, "ਇਸ ਖੇਸ ਵੱਲ ਤਾਂ ਝਾਕੀ ਵੀ ਨਾ, ਇਹ ਤਾਂ ਮੈਂ ਪੀਰਾਂ ਲਈ ਰੱਖਿਆ ਹੋਇਆ; ਅਣਲੱਗ।" ਤਾਲਿਬ ਠੁਰ-ਠੁਰ ਕਰਦਾ ਬਾਹਰ ਨਿਕਲ ਗਿਆ। ਸ਼ਾਮੀਂ ਵਾਪਸ ਘਰੇ ਆਉਣ ਦੀ ਥਾਂ ਨੇੜਲੇ ਪਿੰਡ ਮੰਡੇਰਾਂ ਨੂੰ ਚਲਾ ਗਿਆ। ਉਥੇ ਮਸ਼ਹੂਰ ਗਾਇਕ ਤੁਫੈਲ ਨਿਆਜ਼ੀ ਹੁਰਾਂ ਦੇ ਟੱਬਰ ਨਾਲ ਉਨ੍ਹਾਂ ਦੀ ਸਾਂਝ-ਸਕੀਰੀ ਸੀ ਕੋਈ।

ਅਗਲੇ ਦਿਨ ਤਾਲਿਬ ਹੁਰਾਂ ਦੇ ਘਰ ਪੀਰ ਜੀ ਵੀ ਆ ਬਹੁੜੇ। ਤਾਲਿਬ ਦੀ ਮਾਂ ਨੂੰ ਚਾਅ ਚੜ੍ਹ ਗਿਆ। ਮੰਜੇ 'ਤੇ ਨਵੇਂ ਵਿਛਾਉਣੇ ਵਿਛਾਏ ਗਏ। ਵੰਨ-ਸੁਵੰਨੇ ਪਕਵਾਨ ਤਿਆਰ ਕੀਤੇ ਗਏ। ਦਿਨ ਢਲੇ, ਜਦ ਪੀਰ ਜੀ ਤੁਰਨ ਲੱਗੇ ਤਾਂ ਉਹ ਖੇਸ ਭੇਟ ਕੀਤਾ ਗਿਆ। ਪੀਰ



**ਸਾਂਵਲ ਧਾਮੀ**
ਫੋਨ: +91-97818-43444

ਜੀ ਅਜੇ ਪਿੰਡ ਦਾ ਵਸੀਂਵਾਂ ਵੀ ਨਹੀਂ ਟੱਪੇ ਹੋਣੇ ਕਿ ਤਾਲਿਬ ਹੁਰੀਂ ਵੀ ਘਰ ਪਰਤ ਆਏ।

"ਕਿਥੇ ਮਰ ਗਿਆ ਸੀ ਕੱਲ੍ਹ ਦਾ? ਹੁਣੇ ਗਏ ਨੇ ਪੀਰ ਜੀ!" ਮਾਂ ਤਾਲਿਬ ਨੂੰ ਟੁੱਟ ਕੇ ਪੈ ਗਈ।

"ਹੈਂ ਮਾਂ...!" ਤਾਲਿਬ ਹੈਰਾਨੀ ਨਾਲ ਬੋਲਿਆ, "...ਤੂੰ ਉਹ ਖੇਸ ਤਾਂ ਪੀਰ ਨੂੰ ਭੇਟ ਕਰ ਦਿੱਤਾ ਸੀ ਨਾ?"

"ਤੇ ਹੋਰ ਕੀ...।" ਗੱਲ ਅਧੂਰੀ ਸੀ ਕਿ ਮਾਂ ਦੀ ਨਿਗ੍ਹਾ ਉਸ ਖੇਸ 'ਤੇ ਪਈ ਜਿਸ ਦੀ ਤਾਲਿਬ ਨੇ ਬੁੱਕਲ ਮਾਰੀ ਹੋਈ ਸੀ।

"ਤੇਰਾ ਕੱਖ ਨਾ ਰਹੇ! ਤੂੰ ਦੋਹਰਾ ਪਾਪ ਕੀਤਾ ਵੇ ਤਾਲਿਬਾ! ਇਕ ਪੀਰ ਬਣਿਆ ਤੇ ਦੂਜਾ ਆਪਣੀ ਮਾਂ ਨੂੰ ਹੀ ਠੱਗ ਲਿਆ।" ਘੋਟਣਾ ਲੈ ਕੇ ਉਹ ਤਾਲਿਬ ਮਗਰ ਭੱਜ ਪਈ।

ਕਦੇ ਸਾਡਾ ਪਿੰਡ ਚੱਠੂ ਬਲਦਾਂ ਦੀਆਂ ਟੱਲੀਆਂ ਤੇ ਹੁੱਕਿਆਂ ਲਈ ਮਸ਼ਹੂਰ ਹੁੰਦਾ ਸੀ। ਇਨ੍ਹਾਂ ਨਾਲੋਂ ਵੀ ਮਸ਼ਹੂਰ ਸਨ ਨੱਥੂ, ਛੱਜੂ ਤੇ ਤਾਲਿਬ। ਸਾਡੇ ਪਿੰਡ ਦੇ ਮੀਰਜ਼ਾਦੇ।

ਮੈਂ ਬਜ਼ੁਰਗਾਂ ਕੋਲੋਂ ਬੜੇ 'ਕਿੱਸੇ' ਸੁਣੇ ਨੇ ਇਨ੍ਹਾਂ ਲੋਕ-ਕਲਾਕਾਰਾਂ ਦੇ।

ਇਕ ਵਾਰ ਉਹ ਕਿਸੇ ਰਿਆਸਤੀ ਰਾਜੇ ਦੇ ਮਹਿਲਾਂ 'ਚ ਨਕਲਾਂ ਕਰਨ ਗਏ। ਖੁਸ਼ ਹੋ ਕੇ ਰਾਜੇ ਨੇ ਉਨ੍ਹਾਂ ਨੂੰ ਘੋੜਾ ਭੇਟ ਕਰਨ ਦਾ ਹੁਕਮ ਦਿੱਤਾ। ਅਹਿਲਕਾਰਾਂ ਨੇ ਨਕਾਰਾ ਜਿਹਾ ਘੋੜਾ ਦੇ ਦਿੱਤਾ। ਮੀਰਜ਼ਾਦੇ ਤੁਰਨ ਲੱਗੇ ਤਾਂ ਉਨ੍ਹਾਂ ਰਾਜੇ ਨੂੰ ਮਿਲਣ ਦੀ ਇੱਛਾ ਜਾਹਰ ਕੀਤੀ। ਖਿੜਕੀ 'ਚ ਬੈਠੇ ਰਾਜੇ ਨੇ ਮੀਰਜ਼ਾਦਿਆਂ ਦੀਆਂ ਦੁਆਵਾਂ ਸੁਣੀਆਂ। ਖੱਚਰਾਂ 'ਤੇ ਸਾਮਾਨ ਲੱਦੀ, ਉਹ ਜਾ ਰਹੇ ਸਨ! ਇਨਾਮ 'ਚ ਮਿਲੇ ਘੋੜੇ ਦੇ ਗਲ 'ਚ ਘੜਾ ਲਮਕ ਰਿਹਾ ਸੀ। ਰਾਜਾ ਡਾਢਾ ਹੈਰਾਨ ਹੋਇਆ ਤੇ ਇਸ ਦੀ ਵਜ੍ਹਾ ਪੁੱਛਣ ਲੱਗਾ।

"ਕੋਈ ਖਾਸ ਗੱਲ ਨਹੀਂ, ਹਜ਼ੂਰ ਮਾਈ-ਬਾਪ। 'ਪਿੱਛਾ' ਬੜਾ ਭਾਰੀ ਏ ਇਸ ਘੋੜੇ ਦਾ। ਕਿਤੇ ਉਲਰ ਨਾ ਜਾਏ, ਸੋ ਦਾਬੂ ਕੀਤਾ ਹੋਇਆ!" ਹੱਥ ਜੋੜਦਿਆਂ ਨੱਥੂ ਬੋਲਿਆ ਸੀ। ਫਿਰ ਕੀ ਸੀ! ਅਹਿਲਕਾਰਾਂ ਦੀ ਸ਼ਾਮਤ ਆ ਗਈ। ਮੀਰਜ਼ਾਦਿਆਂ ਨੂੰ ਵਧੀਆ ਘੋੜਾ ਦੇ ਕੇ ਤੋਰਿਆ ਗਿਆ।

ਉਹ ਨਕਲਾਂ ਕਰਕੇ ਪਿੰਡ ਮੁੜਦੇ ਤਾਂ ਜੱਟੀਆਂ ਕੋਲੋਂ ਦੇਸੀ ਘਿਉ ਖਰੀਦ ਲੈਂਦੇ। ਕਈ-ਕਈ ਦਿਨ ਤੜਕਿਆਂ ਦੀ ਖੁਸ਼ਬੋ, ਪੂਰੇ ਪਿੰਡ ਦੀ ਫਿਜ਼ਾ 'ਚ ਘੁਲੀ-ਮਿਲੀ ਰਹਿੰਦੀ। ਬਿਨਾ ਸ਼ੱਕ! ਗਰੀਬ ਸ਼ਹਿਨਸ਼ਾਹ ਸਨ ਉਹ ਲੋਕ। ਇਕ ਵਾਰ ਕਿਸੇ ਨੇ ਨੱਥੂ ਕੋਲੋਂ ਪੁੱਛਿਆ, "ਏਡੀ ਕਮਾਈ ਕਰਦੇ ਓਂ ਤੁਸੀਂ! ਰਹਿੰਦੇ ਤੁਸੀਂ ਕੱਚੇ ਢਾਰਿਆਂ ਅੰਦਰ ਓਂ। ਤਾਢ੍ਹੀ ਕਮਾਈ ਕੌਣ ਖਾਈ ਜਾਂਦਾ?"


ਨੱਥੂ ਘਰੋਂ ਹਾਂਡੀ ਚੁੱਕ ਲਿਆਇਆ ਤੇ ਉਸ ਨੂੰ ਸਿਰ ਤੋਂ ਉਪਰ ਚੁੱਕਦਿਆਂ ਬੋਲਿਆ, "ਬੱਸ ਏਹ ਹਾਂਡੀ ਈ ਖਾਈ ਜਾਂਦੀ ਆ, ਸਰਦਾਰੋ!"

ਵਿਹਲੇ ਵਕਤ 'ਚ ਉਹ ਆਪਣੇ ਪਿੰਡ ਅੰਦਰ ਹੀ ਪਿੜ ਬੰਨ੍ਹ ਲੈਂਦੇ। ਇਕ ਵਾਰ ਅਚਾਨਕ ਇਕ ਅੱਖੜ ਜਿਹੇ ਬੰਦੇ ਦੀ ਲਲਕਾਰ ਨਾਲ ਸੁੰਨ ਪਸਰ ਗਈ। ਮੀਰਜ਼ਾਦਿਆਂ ਵੱਲ ਨੂੰ ਡਾਂਗ ਉਲਾਰਦਿਆਂ ਉਹ ਗਰਜਿਆ, "ਬੰਦ ਕਰੋ ਏਹ ਸਭ ਕੁਝ!" ਪਿੰਡ ਦੇ ਕੁਝ ਗੱਭਰੂ ਉਸ 'ਅੜਬ' ਨੂੰ ਕਾਬੂ ਕਰਨ ਲਈ ਗੁੱਸੇ 'ਚ ਉਠ ਖੜੋਤੇ ਤਾਂ ਪਿੜ 'ਚ ਖੜਾ ਛੱਜੂ ਹੱਥ ਜੋੜਦਿਆਂ ਉਚੀ ਆਵਾਜ਼ 'ਚ ਬੋਲਿਆ, "ਮਾਰਿਓ ਨਾ, ਸਰਦਾਰੋ! ਏਹ ਤੁਹਾਡਾ ਯਾਰ ਤਾਲਿਬ ਹੀ ਤਾਂ ਹੈ।"

ਨਕਲੀ ਦਾੜ੍ਹੀ-ਮੁੱਛਾਂ, ਸਲਵਾਰ-ਕਮੀਜ਼ ਤੇ ਕੁੱਲ੍ਹੇ ਵਾਲੀ ਪੱਗ; ਇਕ ਵਾਰ ਘੋੜੀ 'ਤੇ ਸਵਾਰ ਹੋ ਕੇ ਉਹ ਥਾਣੇਦਾਰ ਦੇ ਭੇਸ 'ਚ ਪਿੰਡ ਆਇਆ। ਖੈਰੂ ਚੌਕੀਦਾਰ ਵੀ ਉਸ ਨੂੰ ਪਛਾਣ ਨਾ ਸਕਿਆ। ਉਸ ਨੂੰ ਦੀਵਾਨਖਾਨੇ 'ਚ ਬਿਠਾ ਉਹ ਪਿੰਡ ਦੇ ਮੋਹਤਬਰਾਂ ਨੂੰ ਸੱਦ ਲਿਆਇਆ। ਉਹ ਆਏ ਤਾਂ ਹੱਥ ਜੋੜ ਕੇ ਪਹਿਲਾਂ ਸੇਵਾ-ਪਾਣੀ ਤੇ ਫਿਰ ਆਪਣਾ ਕਸੂਰ ਪੁੱਛਣ ਲੱਗੇ। 'ਥਾਣੇਦਾਰ' ਇਕ ਇਕ ਕਰ ਕੇ ਉਨ੍ਹਾਂ ਦੇ ਦੋਸ਼ ਗਿਣਾਉਣ ਲੱਗਾ ਤੇ ਉਹ ਅੰਦਰੋਂ-ਬਾਹਰੋਂ ਕੰਬਣ ਲੱਗ ਪਏ!

"ਜੇ ਤੁਸੀਂ ਚਾਹੁੰਦੇ ਓ ਕਿ ਗੱਲ ਸ਼ਹਿਰ ਤਕ ਨਾ ਜਾਵੇ ਤਾਂ ਪੰਜ-ਪੰਜ ਕਿੱਲੋ ਆਟਾ ਤੇ ਦੋ-ਦੋ ਕਿੱਲੋ ਘਿਉ ਅੱਜ ਸ਼ਾਮੀਂ ਨੱਥੂ ਦੇ ਘਰ ਪਹੁੰਚਾ ਦਿਓ! ਸਮਝੇ?" ਇਹ ਕਹਿੰਦਿਆਂ ਜਦ ਤਾਲਿਬ ਹੱਸਿਆ ਤਾਂ ਸ਼ਰਮਿੰਦਾ ਹੋਏ ਸਰਦਾਰ ਉਸ ਨੂੰ ਗਾਲ੍ਹਾਂ ਕੱਢਦੇ ਘਰਾਂ ਵੱਲ ਮੁੜ ਗਏ।

ਬਾਬਾ ਹੀਰਾ ਸਿੰਘ ਦੀ ਕੁਟੀਆ ਪਿੰਡ ਤੋਂ ਬਾਹਰ ਵੱਲ ਸੀ। ਉਨ੍ਹਾਂ ਦੇ ਵੈਰਾਗ ਦੀ ਕਹਾਣੀ ਵੀ ਬੜੀ ਅਨੋਖੀ ਏ। ਵਿਸਾਖ ਦੇ ਦਿਨ ਸਨ। ਉਹ ਕਣਕ ਵੱਢ ਰਹੇ ਸਨ। ਪਿੰਡੋਂ ਸੁਨੇਹਾ ਆਇਆ। ਉਨ੍ਹਾਂ ਦੇ ਦੋਵੇਂ ਪੁੱਤਰ ਛੱਪੜ 'ਚ ਡੁੱਬ ਕੇ ਮਰ ਗਏ ਸਨ। ਉਨ੍ਹਾਂ ਦਾਤੀ ਛੱਡ ਦਿੱਤੀ। ਮੁੜ ਉਹ ਕਦੇ ਘਰ ਨਹੀਂ ਗਏ। ਓਥੇ ਹੀ ਕੁਟੀਆ ਪਾ ਲਈ ਤੇ ਦਿਨ-ਰਾਤ ਬੰਦਗੀ ਕਰਨ ਲੱਗੇ। ਇਸ ਵਾਰ



ਤਾਲਿਬ ਫਕੀਰ ਦੇ ਭੇਸ 'ਚ ਉਨ੍ਹਾਂ ਕੋਲ ਜਾ ਪਹੁੰਚਿਆ ਸੀ।

"ਲੰਘ ਆ ਫਕੀਰਾ।" ਅੰਦਰੋਂ ਅਵਾਜ਼ ਆਈ।

ਅੰਦਰ ਜਾ ਕੇ ਦੇਖਿਆ, ਅੱਖਾਂ ਮੁੰਦੀ ਉਹ ਆਪਣੇ ਅੰਦਰ ਡੁੱਬੇ ਹੋਏ ਸਨ। ਠੰਢ ਨਾਲ ਠੁਰ-ਠੁਰ ਕਰਨ ਦੀ ਅਦਾਕਾਰੀ ਕਰਦਿਆਂ ਉਸ ਨੇ ਕਿਸੇ ਲੋਈ-ਕੰਬਲੀ ਲਈ ਵਾਸਤਾ ਪਾਇਆ।

"ਅਹੁ ਟੰਗੀ ਹੋਈ ਏ ਭਗਤਾ, ਲੈ ਜਾ।"

ਤਾਲਿਬ ਖਿੜ ਗਿਆ। ਕੰਬਲੀ ਨਾਲੋਂ ਵੱਡੀ ਖੁਸ਼ੀ ਇਸ ਗੱਲ ਦੀ ਸੀ ਕਿ ਇਸ ਵਾਰ ਉਸ ਨੇ ਉਸ ਸ਼ਖਸ ਨੂੰ ਧੋਖਾ ਦੇ ਦਿੱਤਾ ਸੀ ਜਿਸ ਨੂੰ ਸਾਰਾ ਪਿੰਡ ਰੱਬੀ ਰੂਪ ਸਮਝਦਾ ਸੀ। ਉਹ ਚਾਅ ਜਿਹੇ 'ਚ ਕੰਬਲੀ ਚੁੱਕ ਕੇ ਤੁਰਨ ਲੱਗਾ ਤਾਂ ਬਾਬਾ ਜੀ ਬੋਲ ਪਏ ਸਨ, "ਬੂਹਾ ਪਹਿਲਾਂ ਵਾਂਗ ਈ ਭੇੜਦਾ ਜਾਈਂ, ਤਾਲਿਬ ਪੁੱਤਰਾ।"

ਕੰਬਲੀ ਹੱਥੋਂ ਡਿੱਗ ਗਈ। ਸੰਤਾਂ ਦੇ ਪੈਰੀਂ ਪੈ ਕੇ ਲੱਗਾ ਮੁਆਫੀਆਂ ਮੰਗਣ।

"ਭਗਤਾ ਚੁੱਕ ਲੈ! ਇਹ ਕੰਬਲੀ ਮੈਂ ਤੇਰੇ ਲਈ ਹੀ ਰੱਖੀ ਸੀ।" ਉਵੇਂ ਅੱਖਾਂ ਮੁੰਦੀ, ਉਹ ਬਿੰਦ-ਬਿੰਦ ਮੁਸਕਰਾਉਂਦੇ ਬੋਲੇ ਸਨ।

ਤਾਲਿਬ ਉਸ ਦਿਨ ਪਿੰਡ ਦੀ ਜੂਹ ਅੰਦਰ, ਮੁੜ ਕਦੇ ਵੀ ਭੇਸ ਨਾ ਬਦਲਣ ਦੀ ਸਹੁੰ ਖਾ ਕੇ ਹੀ ਘਰ ਵੜਿਆ ਸੀ।

ਛੇਤੀਂ ਮਗਰੋਂ ਸੰਨ ਸੰਤਾਲੀ ਆ ਗਿਆ। ਮੋਹਤਬਰ ਬੰਦਿਆਂ ਨੇ ਮੀਰਜ਼ਾਦਿਆਂ ਨੂੰ ਬੜਾ ਰੋਕਿਆ। ਹੋਰਨਾਂ ਪਿੰਡਾਂ 'ਚੋਂ ਆਉਂਦੀਆਂ ਕਤਲੋਗਾਰਤ ਦੀਆਂ ਖਬਰਾਂ ਨੇ ਉਨ੍ਹਾਂ ਨੂੰ ਡਰਾ ਦਿੱਤਾ। ਆਖਰ ਉਨ੍ਹਾਂ ਵੀ ਪਿੰਡ ਛੱਡਣ ਦਾ ਫੈਸਲਾ ਕਰ ਲਿਆ। ਪਿੰਡ ਦੇ ਮੋਹਤਬਰ ਬੰਦੇ ਗੱਡਿਆਂ 'ਤੇ ਸਾਮਾਨ ਲੱਦ ਉਨ੍ਹਾਂ ਨੂੰ ਕਮਾਲਪੁਰ ਦੇ ਕੈਂਪ ਤਕ ਛੱਡ ਆਏ ਤੇ ਮਹੀਨਾ ਭਰ ਰਾਸ਼ਣ ਵੀ ਪਹੁੰਚਾਉਂਦੇ ਰਹੇ।

ਕਾਫਲਾ ਅਗੜੇ ਪੜਾਅ ਵੱਲ ਤੁਰਿਆ ਤਾਂ ਉਨ੍ਹਾਂ ਨੂੰ ਫਿਰ ਆਪਣੇ ਪਿੰਡ ਵਿਚੋਂ ਦੀ ਲੰਘਣਾ ਪਿਆ। ਉਦਾਸ ਚਿਹਰੇ, ਵੀਰਾਨ ਅੱਖਾਂ ਤੇ ਉਜੜੀਆਂ ਦੇਹਾਂ! ਦੁਨੀਆਂ ਨੂੰ ਹਸਾਉਣ ਵਾਲੇ ਉਹ ਬੇਜੋੜ ਕਲਾਕਾਰ ਵੀ ਉਸ ਭੀੜ ਦਾ ਹਿੱਸਾ ਸਨ, ਜੋ ਥੱਕੀਆਂ ਤੋਰਾਂ ਨਾਲ ਅਣਚਾਹੀ ਮੰਜ਼ਿਲ ਵੱਲ ਤੁਰੀ ਜਾ ਰਹੀ ਸੀ।

ਉਨ੍ਹਾਂ ਨੂੰ ਵੇਖਣ ਲਈ ਜੁੜੀ ਪਿੰਡ ਵਾਲਿਆਂ ਦੀ ਭੀੜ 'ਚ ਮੇਰੇ ਤਾਇਆ ਜੀ ਵੀ ਸਨ, ਜੋ ਅੱਜ ਲਾਹੌਰ ਸ਼ਹਿਰ ਅੰਦਰ ਬੈਠੇ ਬੇਸਬਰੀ ਨਾਲ ਉਨ੍ਹਾਂ ਮੀਰਜ਼ਾਦਿਆਂ ਦੀ ਉਡੀਕ ਕਰ ਰਹੇ ਸਨ।

ਪੰਜਾਬ ਦੀ ਹਿੱਕ 'ਤੇ ਉਕਰੀ ਲਕੀਰ 'ਤੇ ਤਾਇਨਾਤ ਸਨ ਉਹ। ਸਰਹੱਦ ਦੇ ਨਿੱਕੇ-ਮੋਟੇ ਮਸਲਿਆਂ ਨੂੰ ਸਮਝਣ, ਸਮਝਾਉਣ ਤੇ ਸੁਲਝਾਉਣ ਲਈ ਦੋਹਾਂ ਮੁਲਕਾਂ ਦੇ ਅਫਸਰ ਕਦੇ ਅੰਮ੍ਰਿਤਸਰ ਤੇ ਕਦੇ ਲਾਹੌਰ 'ਚ ਮੁਲਾਕਾਤ ਰੱਖਦੇ। ਉਨ੍ਹਾਂ ਨੇ ਪਾਕਿਸਤਾਨੀ ਅਫਸਰਾਂ ਅੱਗੇ ਗੁਜ਼ਾਰਿਸ਼ ਕੀਤੀ ਸੀ ਕਿ ਉਹ ਆਪਣੇ ਪਿੰਡ ਦੇ ਕਲਾਕਾਰਾਂ ਨੂੰ ਮਿਲਣਾ ਚਾਹੁੰਦੇ ਨੇ।

ਕੋਈ ਪੰਦਰਾਂ ਵਰ੍ਹਿਆਂ ਬਾਅਦ ਅੱਜ ਉਨ੍ਹਾਂ ਨਾਲ ਮੁਲਾਕਾਤ ਦਾ ਸਬੱਬ ਬਣਿਆ ਸੀ।

ਪਹਿਲਾਂ ਉਹ ਪੈਰਾਂ 'ਤੇ ਝੁਕੇ ਤੇ ਫਿਰ ਜੱਫੀਆਂ ਪਾ-ਪਾ ਕੇ ਮਿਲੇ। ਹੰਝੂਆਂ ਦੀਆਂ ਝੜੀਆਂ ਲਾ ਦਿੱਤੀਆਂ ਉਨ੍ਹਾਂ। ਪਿੰਡ ਦੇ 'ਕੱਲੇ-'ਕੱਲੇ ਜੀਅ ਦਾ ਹਾਲ ਪੁੱਛਿਆ। ਜਦੋਂ ਕਿਸੇ ਲਾਣੇ ਦੀ ਚੜ੍ਹਤ ਵਾਲੀ ਗੱਲ ਸੁਣਦੇ ਤਾਂ ਸੋਹਣੇ ਅੱਲ੍ਹਾ ਦਾ ਸ਼ੁਕਰਾਨਾ ਕਰਨ ਲੱਗ ਜਾਂਦੇ। ਜਦੋਂ ਕਿਸੇ ਦੀ ਮੌਤ ਬਾਰੇ ਸੁਣਦੇ ਤਾਂ ਉਨ੍ਹਾਂ ਦੇ ਧੁਰ ਅੰਦਰੋਂ ਹੂਕਾਂ ਨਿਕਲਦੀਆਂ। ਉਨ੍ਹਾਂ ਦੀਆਂ ਗੱਲਾਂ ਤੇ ਵਿਹਾਰ ਨੇ ਸਾਬਤ ਕਰ ਦਿੱਤਾ ਸੀ ਕਿ ਉਨ੍ਹਾਂ ਦੇ ਸਿਰਫ ਕਲਬੂਤ ਹੀ ਡਿਜ਼ਕੋਟ ਵੱਸਦੇ ਸਨ, ਰੂਹਾਂ ਤਾਂ ਉਹ ਆਪਣੇ ਪਿੰਡ ਦੀਆਂ ਗਲੀਆਂ 'ਚ ਹੀ ਭੁੱਲ ਆਏ ਸਨ! ਉਨ੍ਹਾਂ ਦੇ ਖਸਤਾ ਹਾਲ ਕੱਪੜੇ ਤੇ ਉਜੜੀਆਂ ਸੂਰਤਾਂ ਇਸ ਗੱਲ ਦਾ ਸਬੂਤ ਸਨ ਕਿ ਲੱਖਾਂ ਹੋਰਨਾਂ ਵਾਂਗ ਉਨ੍ਹਾਂ ਨੂੰ ਵੀ ਇਹ 'ਆਜ਼ਾਦੀ' ਤੇ 'ਨਵਾਂ ਦੇਸ਼' ਬੜੇ ਮਹਿੰਗੇ ਭਾਅ ਪਏ ਸਨ।

"ਸਰਦਾਰ ਸਾਹਬ, ਬੇਬੇ ਨੂੰ ਦੱਸਿਆ ਤਾਂ ਉਹ ਕਹਿਣ ਲੱਗੀ, ਮੇਰੀਆਂ ਦੁਆਵਾਂ ਨੇ ਬਣਾਇਆ ਅੰਗਦ ਸੂੰ ਨੂੰ ਅਫਸਰ। ਕਾਫਲੇ 'ਚ ਤੁਰੀ ਆਉਂਦੀ ਨੂੰ ਤੁਸੀਂ ਮਿੱਠਾ ਪਾਣੀ ਜੁ ਪਿਲਾਇਆ ਸੀ ਤੇ ਚੁੰਨੀ ਦੇ ਲੜ ਕੁਝ ਰੁਪਏ ਵੀ ਬੰਨ੍ਹ ਦਿੱਤੇ ਸਨ।" ਨੂੰਨਾ ਬੋਲਿਆ ਸੀ।

ਦੁਆਵਾਂ ਦੇ ਕੇ ਵਿਛੜਨ ਲੱਗੇ ਤਾਂ ਲਹਿੰਦੇ ਪਾਸੇ ਵਾਲੇ ਅਫਸਰ ਕਹਿਣ ਲੱਗੇ, "ਸਰਦਾਰ ਸਾਹਿਬ, ਸਿਫਤਾਂ ਤਾਂ ਤੁਸੀਂ ਬੜੀਆਂ ਪਏ ਕਰਦੇ ਸੋ ਪਰ ਤਾਢ੍ਹੇ ਕਲਾਕਾਰਾਂ ਨੇ ਕੋਈ ਰੰਗ-ਸ਼ੰਗ ਤਾਂ ਵਿਖਾਇਆ ਈ ਨਹੀਂ।" ਤਾਇਆ ਜੀ ਚੁੱਪ ਰਹੇ। ਉਹ ਮੌਕੇ ਦੀ ਨਜ਼ਾਕਤ ਨੂੰ ਪਛਾਣਦੇ ਸਨ। ਇਕੋ ਪਿੰਡ ਦੇ ਜਾਏ ਹਮੇਸ਼ਾ-ਹਮੇਸ਼ਾ ਲਈ ਵਿਛੜ ਗਏ ਸਨ। ਰੱਬ-ਸਬੱਬੀਂ ਅੱਜ ਵਰ੍ਹਿਆਂ ਬਾਅਦ ਮੇਲ ਹੋਇਆ ਸੀ ਉਨ੍ਹਾਂ ਦਾ। ਉਨ੍ਹਾਂ ਦੇ ਮਨ-ਮਸਤਕ 'ਤੇ ਸੰਘਣੀ ਉਦਾਸੀ ਛਾਈ ਹੋਈ ਸੀ।

ਤਾਇਆ ਜੀ ਤਾਂ ਚੁੱਪ ਰਹੇ ਪਰ ਆਪਣੇ ਗਿਰਾਈਂ ਦੀ ਲਾਜ ਰੱਖਦਿਆਂ ਉਨ੍ਹਾਂ ਅੱਖੀਆਂ ਪੂੰਝ ਲਈਆਂ। ਉਨ੍ਹਾਂ ਕੋਲ ਕੋਈ ਸਾਜ਼ੋ-ਸਾਮਾਨ ਤਾਂ ਨਹੀਂ ਸੀ! ਉਨ੍ਹਾਂ ਫਿਰ ਵੀ ਪਿੜ ਬੰਨ੍ਹ ਲਿਆ ਤੇ 'ਰੰਗ ਬੰਨ੍ਹਣ ਦੀ' ਕੋਸ਼ਿਸ਼ 'ਚ ਲੱਗ ਗਏ।

"ਓਏ ਤਾਲਿਬਾ, ਲਾਹੌਰ ਸ਼ਹਿਰ 'ਚ ਇਹ ਨੂਰ ਕਾਦ੍ਹਾ ਬਿਖਰਿਆ ਪਿਆ ਏ ਅੱਜ ਓਏ? ਇਹ ਚਾਨਣੇ ਦਾ ਛੱਟਾ ਕਿਉਂ ਆਇਆ ਪਿਆ ਓਏ, ਅੱਜ ਚਾਰ-ਚੁਫੇਰੇ? ਓਏ ਇਹ ਰੋਸ਼ਨੀਆਂ ਦਾ ਮੀਂਹ ਕਿਉਂ ਵਰ੍ਹਦਾ ਪਿਆ ਏ, ਅੱਜ ਦੂਰ-ਦੂਰ ਤੱਕ?" ਰੋਡੂ ਕਾਵਿਕ ਲਹਿਜੇ 'ਚ ਬੋਲੀ ਗਿਆ ਸੀ।

"ਦੇਖ ਓਏ ਤਾਲਿਬਾ, ਅੱਜ 'ਵਾ ਵੀ ਕੇਡੀ ਸੋਹਣੀ ਪਈ ਰੁਮਕਦੀ ਏ। ਕੇਡੀ ਖੁਸ਼ਬੋ ਘੁਲੀ ਪਈ ਏ ਫਿਜ਼ਾਵਾਂ ਅੰਦਰ। ਅੱਜ ਹੋ ਕੀ ਗਿਆ ਓਏ, ਇਸ ਲਾਹੌਰ ਸ਼ਹਿਰ ਅੰਦਰ? ਸਭ ਕੁਝ ਏਡਾ ਸੋਹਣਾ-ਸੋਹਣਾ ਕਿਉਂ ਹੋਇਆ ਪਿਆ ਏ, ਅੱਜ ਓਏ?" ਡੋਡੀ ਨੇ ਉਸੇ ਅੰਦਾਜ਼ 'ਚ ਆਪਣੀ ਗੱਲ ਕਹੀ ਸੀ।

"ਓਏ ਮੂਰਖੋ, ਓਏ ਅੰਨ੍ਹੀਂ ਦਿਓ! ਤੁਹਾਨੂੰ ਖਬਰ ਈ ਨਈਂ ਕੋਈ, ਅੰਨਪਾੜੋ?" ਤਾਲਿਬ ਲਾਹਨਤ ਪਾਉਂਦਿਆਂ ਬੋਲਿਆ।

"ਕਿਹੜੀ ਖਬਰ?" ਤਾਲਿਬ ਦੇ ਦੁਆਲੇ ਇਕੱਠੇ ਹੁੰਦਿਆਂ ਥੋੜ੍ਹਾ ਝੁਕ ਕੇ ਹੈਰਾਨੀ ਨਾਲ ਇਕੋ ਅਵਾਜ਼ 'ਚ ਪੁੱਛਿਆ ਸੀ ਉਨ੍ਹਾਂ।

"ਓਏ, ਅੱਜ ਸ਼ਹਿਰ ਲਾਹੌਰ 'ਚ ਸਾਡੇ ਸਰਦਾਰ ਆਏ ਹੋਏ ਨੇ!" ਤਾਲਿਬ ਨੇ ਤਾੜੀ ਮਾਰ ਕੇ ਹੱਸਦਿਆਂ ਹੱਥ ਫੈਲਾ ਦਿੱਤੇ।

"ਬੱਲੇ ਓਏ ਬੱਲੇ! ਸਦਕੇ ਜਾਵਾਂ ਤੇਰੇ ਸਰਦਾਰਾਂ ਦੇ! ਪਰ ਇਹ ਆਏ ਕਿਹੜੇ ਪਿੰਡੋਂ ਨੇ?" ਇਹ ਸਵਾਲ ਰੋਡੂ ਨੇ ਕੀਤਾ।

"ਏਹ ਦੁਨੀਆਂ ਦੇ ਸਭ ਨਾਲੋਂ ਸੋਹਣੇ ਪਿੰਡੋਂ ਆਏ ਨੇ, ਰੇਤਾ ਫੱਕਣਿਓਂ!" ਤਾਲਿਬ ਨੇ ਖਿੜਦੇ ਹੋਏ ਜਵਾਬ ਦਿੱਤਾ।

"ਨਈਂ ਰੀਸਾਂ ਤੇਰੇ ਸਰਦਾਰਾਂ ਦੀਆਂ! ਪਰ ਇਹ ਆਏ ਕਿਥੋਂ ਨੇ?" ਹੁਣ ਨੂੰਨਾ ਬੋਲਿਆ।

"ਇਹ ਓਸ ਪੰਜਾਬੋਂ ਆਏ ਨੇ ਜਿਥੋਂ ਸੂਰਜ ਚੜ੍ਹਦਾ।" ਤਾਲਿਬ ਨੇ ਜਵਾਬ ਦਿੱਤਾ।

"ਜੁੱਗ ਜੁੱਗ ਜਿਉਣ ਤੇਰੇ ਸਰਦਾਰ! ਪਰ ਕੋਈ ਥਾਂ-ਟਿਕਾਣਾ ਤਾਂ ਹੋਊ ਇਨ੍ਹਾਂ ਦਾ?" ਡੋਡੀ ਨੇ ਸਵਾਲ ਕੀਤਾ।

"ਏਹ ਓਸ ਸ਼ਹਿਰੋ ਆਏ ਨੇ, ਜਿਹੜਾ ਸਾਰੇ ਜ਼ਿਲ੍ਹਿਆਂ ਨਾਲੋਂ ਹੁਸ਼ਿਆਰ ਹੈ, ਮੂਰਖੋ!" ਤਾਲਿਬ ਨੇ ਥੋੜ੍ਹਾ ਖਿੜਦੇ ਹੋਏ ਜਵਾਬ ਦਿੱਤਾ।

"ਸੋਹਣਾ ਅੱਲ੍ਹਾ ਇਨ੍ਹਾਂ ਨੂੰ ਹੋਰ ਤਰੱਕੀਆਂ ਬਖਸ਼ੇ! ਫਿਰ ਵੀ ਪਤਾ ਤਾਂ ਲੱਗੇ ਕਿ ਓਥੇ ਕਿਹੜਾ ਪਿੰਡ ਹੈ, ਇਨ੍ਹਾਂ ਭਾਗਾਂ ਵਾਲੇ ਸਰਦਾਰਾਂ ਦਾ?" ਇਸ ਵਾਰ ਤੋਤੀ ਨੇ ਪੁੱਛਿਆ।

"ਉਸ ਸੋਹਣੇ ਪਿੰਡ ਦਾ ਨਾਂ ਹੈ...।" ਤਾਲਿਬ ਨੇ ਗੱਲ ਸ਼ੁਰੂ ਕੀਤੀ ਤਾਂ ਸਭ ਨੇ ਕੰਨ ਉਸ ਦੇ ਮੂੰਹ ਨਾਲ ਜੋੜ ਦਿੱਤੇ।

"...ਸਿੰਗੜੀਵਾਲਾ!" ਪਿੰਡ ਦਾ ਨਾਂ ਲੈਂਦਿਆਂ ਤਾਲਿਬ ਦੀ ਹੂਕ ਨਿਕਲ ਗਈ। ਸਾਰੀ ਟੋਲੀ ਭੁੱਬੀਂ ਰੋਣ ਲੱਗੀ। ਕਿਸੇ ਕੋਲੋਂ ਮੁੜ ਕੋਈ ਗੱਲ ਨਹੀਂ ਸੀ ਹੋਈ। ਉਹ ਰੋਂਦੇ-ਰੋਂਦੇ ਵਿਦਾ ਹੋ ਗਏ। ਅੱਥਰੂ ਲੁਕਾਉਣ ਲਈ ਤਾਇਆ ਜੀ ਨੇ ਵੀ ਚਿਹਰਾ ਬਾਹਵਾਂ 'ਚ ਲੁਕੋ ਲਿਆ। ਕੁਰਸੀਆਂ 'ਤੇ ਬੈਠੇ ਬਾਕੀ ਅਫਸਰ ਵੀ ਕੁਝ ਵਕਤ ਲਈ ਬੁੱਤ ਜਿਹੇ ਹੋ ਗਏ।

# ਗੁਰੂ ਨਾਨਕ ਦੇਵ ਜੀ ਦਾ ਮਾਨਵਵਾਦ

*(ਪਿਛਲੇ ਸਫੇ ਦੀ ਬਾਕੀ)*

ਗੁਰੂ ਨਾਨਕ ਸਾਹਿਬ ਹੀ ਐਸੇ ਗੁਰੂ ਹੋਏ ਹਨ, ਜਿਨ੍ਹਾਂ ਹਿੰਦੂਆਂ ਅਤੇ ਮੁਸਲਮਾਨਾਂ ਵਿਚ ਕੋਈ ਫਰਕ ਨਹੀਂ ਸੀ ਕੀਤਾ। ਉਹ ਹਿੰਦੂਆਂ ਦੇ ਗੁਰੂ ਅਤੇ ਮੁਸਲਮਾਨਾਂ ਦੇ ਪੀਰ ਅਖਵਾਏ। ਉਨ੍ਹਾਂ ਆਪਣੇ ਰਬਾਬੀ ਸਾਥੀ ਭਾਈ ਮਰਦਾਨਾ ਲਈ ਬਾਣੀ ਰਚ ਕੇ ਉਸ ਨੂੰ ਅਮਰ ਬਣਾ ਦਿੱਤਾ। ਉਹ ਜਾਤ-ਪਾਤ ਨੂੰ, ਜੋ ਹਿੰਦੂ ਧਰਮ ਦਾ ਆਧਾਰ ਹੈ, ਇੱਕ ਸਮਾਜਕ ਰੋਗ ਸਮਝਦੇ ਸਨ। ਉਹ ਔਰਤਾਂ ਦਾ ਸਨਮਾਨ ਕਰਨ ਅਤੇ ਉਨ੍ਹਾਂ ਦੇ ਮਨੁੱਖੀ ਹੱਕਾਂ ਦੇ ਹਾਮੀ ਸਨ। ਅਜੋਕੇ ਬਹੁਤੇ ਸਿੱਖਾਂ ਵਿਚ ਉਨ੍ਹਾਂ ਵਲੋਂ ਪ੍ਰਚਾਰੇ ਗਏ ਮਾਨਵ-ਹਿਤਵਾਦੀ ਗੁਣਾਂ ਦੀ ਘਾਟ ਹੈ। ਬਹੁਤੇ ਸਿੱਖ ਹਿੰਦੂਆਂ ਨਾਲੋਂ ਵੀ ਵਧੇਰੇ ਜਾਤ-ਪਾਤ ਦੇ ਸਮਰਥਕ ਅਤੇ ਪੰਜਾਬੀ ਮੁਸਲਮਾਨਾਂ ਨੂੰ ਆਪਣੇ ਵੈਰੀ ਸਮਝਣ ਵਾਲੇ ਹਨ।

ਗੁਰੂ ਗ੍ਰੰਥ ਸਾਹਿਬ ਵਿਚ ਗੁਰੂ ਸਾਹਿਬਾਨ ਵਲੋਂ ਰਚੀ ਸਾਰੀ ਬਾਣੀ ਨਾਨਕ ਬਾਣੀ ਹੈ। ਦੂਜੇ ਪੰਜ ਗੁਰੂ ਸਾਹਿਬਾਨ ਨੇ ਵੀ ਆਪਣੀਆਂ ਰਚਨਾਵਾਂ ਨੂੰ ਨਾਨਕ ਬਾਣੀ ਆਖਿਆ ਹੈ, ਕਿਉਂਕਿ ਉਨ੍ਹਾਂ ਗੁਰੂ ਨਾਨਕ ਸਾਹਿਬ ਦੇ ਵਿਚਾਰਾਂ ਦੀ ਹੀ ਵਿਆਖਿਆ ਕੀਤੀ ਹੈ, ਕੋਈ ਨਵਾਂ ਜਾਂ ਵੱਖਰਾ ਵਿਚਾਰ ਪੇਸ਼ ਨਹੀਂ ਕੀਤਾ। ਰਾਮਕਲੀ ਰਾਗ ਵਿਚ ਸੱਤੇ ਅਤੇ ਬਲਵੰਡ ਨੇ ਆਪਣੀ ਵਾਰ ਵਿਚ ਇਸੇ ਸੱਚਾਈ ਨੂੰ "ਜੋਤਿ ਓਹਾ ਜੁਗਤਿ ਸਾਇ ਸਹਿ ਕਾਇਆ ਫੇਰਿ ਪਲਟੀਐ॥" (ਪੰਨਾ 967) ਆਖਿਆ ਹੈ। ਗੁਰੂ ਸਾਹਿਬਾਨ ਵਿਚ ਨਾਨਕ ਜੋਤ ਅਤੇ ਜੁਗਤ ਹੋਣ ਦਾ ਅਰਥ ਉਨ੍ਹਾਂ ਦੀ ਨਾਨਕ ਵਿਚਾਰਧਾਰਾ ਨਾਲ ਸਹਿਮਤੀ ਅਤੇ ਏਕਤਾ ਹੈ, ਪਰ ਗੁਰਬਾਣੀ ਦੇ ਵਿਆਖਿਆਕਾਰਾਂ ਅਤੇ ਕਥਾਵਾਚਕਾਂ ਵਿਚ ਗੁਰੂ ਸਾਹਿਬਾਨ ਵਲੋਂ ਨਾਨਕ ਬਾਣੀ ਦੀ ਵਿਆਖਿਆ ਨੂੰ ਉਨ੍ਹਾਂ ਦੀ ਇੱਛਾ ਦੇ ਵਿਰੁਧ ਮੂਲ ਵਿਚਾਰ ਸਿੱਧ ਕਰਨ ਦਾ ਰਿਵਾਜ ਹੈ।

ਗੁਰੂ ਗ੍ਰੰਥ ਸਾਹਿਬ ਵਿਚ ਦੋ ਬਾਰਹ ਮਾਹ ਬਾਣੀਆਂ ਹਨ: ਗੁਰੂ ਨਾਨਕ ਦੇਵ ਜੀ ਦੀ ਤੁਖਾਰੀ ਰਾਗ ਵਿਚ ਅਤੇ ਗੁਰੂ ਅਰਜਨ ਦੇਵ ਜੀ ਦੀ ਮਾਝ ਰਾਗ ਵਿਚ। ਸਾਰੇ ਗੁਰਦੁਆਰਿਆਂ ਵਿਚ ਸੰਗਰਾਂਦ ਵਾਲੇ ਦਿਨ ਕੇਵਲ ਗੁਰੂ ਅਰਜਨ ਦੇਵ ਜੀ ਦਾ ਬਾਰਹ ਮਾਹ ਮਾਝ ਹੀ ਪੜ੍ਹਿਆ ਜਾਂਦਾ ਹੈ। ਗੁਰੂ ਨਾਨਕ ਦੇਵ ਜੀ ਦੇ ਬਾਰਹ ਮਾਹ ਦੀ ਬਹੁਤੇ ਸਿੱਖਾਂ ਨੂੰ ਜਾਣਕਾਰੀ ਹੀ ਨਹੀਂ ਹੈ।

ਸੂਹੀ ਰਾਗ ਵਿਚ ਵਿਆਹ ਨਾਲ ਸਬੰਧਤ ਗੁਰੂ ਨਾਨਕ ਦੇਵ ਜੀ ਅਤੇ ਗੁਰੂ ਰਾਮਦਾਸ ਜੀ ਦੇ ਛੰਤ ਹਨ, ਪਰ ਵਿਆਹਾਂ ਵਿਚ ਕੇਵਲ ਗੁਰੂ ਰਾਮਦਾਸ ਜੀ ਦੀਆਂ ਚਾਰ ਲਾਵਾਂ ਹੀ ਪੜ੍ਹੀਆਂ ਜਾਂਦੀਆਂ ਹਨ। ਗੁਰੂ ਨਾਨਕ ਸਾਹਿਬ ਦੇ ਛੰਤ ਵਿਆਹ ਦੀ ਰਸਮ ਲਈ ਬਹੁਤ ਢੁਕਵੇਂ ਹਨ। ਬਹੁਤ ਅੱਛਾ ਹੁੰਦਾ ਜੇ ਉਹ ਵੀ ਵਿਆਹ ਦੇ ਜਸ਼ਨ ਵਿਚ ਸ਼ਾਮਲ ਕੀਤੇ ਹੁੰਦੇ।

ਆਸਾ ਦੀ ਵਾਰ ਦਾ ਸਵੇਰੇ ਕੀਰਤਨ ਕਰਨ ਦੀ ਪ੍ਰਥਾ ਹੈ, ਪਰ ਆਸਾ ਦੀ ਵਾਰ ਦੇ ਸ਼ਲੋਕਾਂ ਅਤੇ ਪੌੜੀਆਂ ਤੋਂ ਪਹਿਲਾਂ ਗੁਰੂ ਰਾਮਦਾਸ ਜੀ ਦੇ ਛੰਤ ਗਾਉਣ ਦੀ ਰੀਤ ਹੈ। ਇਨ੍ਹਾਂ ਛੰਤਾਂ ਦਾ ਆਸਾ ਦੀ ਵਾਰ ਦੇ ਵਿਸ਼ਾ ਵਸਤੂ ਨਾਲ ਕੋਈ ਮੇਲ ਨਹੀਂ ਹੈ। ਹੁਣ ਬਹੁਤੇ ਗੁਰਦੁਆਰਿਆਂ ਵਿਚ ਆਸਾ ਦੀ ਵਾਰ ਦੇ ਕੀਰਤਨ ਦੀ ਥਾਂ ਸੁਖਮਨੀ ਸਾਹਿਬ ਦਾ ਪਾਠ ਹੋਣ ਲੱਗ ਪਿਆ ਹੈ।

ਨਾਨਕ ਬਾਣੀ ਮਨੁੱਖੀ ਸੁਤੰਤਰਤਾ ਤੇ ਬਰਾਬਰੀ ਦੀ ਹਾਮੀ ਹੈ ਅਤੇ ਮਨੁੱਖਤਾ ਨੂੰ ਮਿਲਵਰਤਣ, ਸਾਂਝੀਵਾਲਤਾ ਅਤੇ ਸ਼ਾਂਤੀ ਦਾ ਉਪਦੇਸ਼ ਕਰਦੀ ਹੈ। ਬਹੁਤੇ ਸਿੱਖ ਵਿਦਵਾਨ ਪੱਛਮੀ ਦੇਸ਼ਾਂ ਵਿਚ ਨਾਨਕ ਬਾਣੀ ਦੇ ਮਾਨਵਵਾਦੀ ਵਿਚਾਰਾਂ ਦਾ ਖੁੱਲ੍ਹਾ ਪ੍ਰਚਾਰ ਕਰਨ ਦੇ ਇਛੁੱਕ ਹਨ, ਪਰ ਉਹ ਉਥੋਂ ਦੇ ਸੂਝਵਾਨ ਸਰੋਤਿਆਂ ਨੂੰ ਭਾਰਤ ਦੇ ਗੁਰਦੁਆਰਾ ਕਾਨੂੰਨ ਅਤੇ ਉਸ ਨਾਲ ਜੁੜੇ ਪਰੰਪਰਾਗਤ ਸਿੱਖ ਧਰਮ ਦੀ ਨਾਨਕ ਵਿਚਾਰਧਾਰਾ ਨਾਲ ਅਸੰਗਤੀ ਦਾ ਸੰਤੋਖਜਨਕ ਜਵਾਬ ਨਹੀਂ ਦੇ ਸਕਦੇ। ਨਾਨਕ ਬਾਣੀ ਦਾ ਖੁੱਲ੍ਹਾ ਪ੍ਰਚਾਰ ਕਰਨ ਲਈ ਉਨ੍ਹਾਂ ਦੀ ਸੋਚ ਨੂੰ ਭਾਰਤ ਦੇ ਗੁਰਦੁਆਰਾ ਕਾਨੂੰਨ ਦੀ ਬੰਦਿਸ਼ ਅਤੇ ਉਦਾਸੀ ਮੱਤ ਦੀ ਸਿੱਖ ਪਰੰਪਰਾ ਦੇ ਪ੍ਰਭਾਵ ਤੋਂ ਆਜ਼ਾਦ ਹੋਣਾ ਪਵੇਗਾ।

###

# ਅਣਵੰਡੇ ਪੰਜਾਬ ਦੀ ਭੁੱਲੀ ਦਾਸਤਾਨ (ਮਰਾਸੀ)

***ਭਲੇ ਵੇਲਿਆਂ ਵਿਚ ਮਰਾਸੀ, ਭੰਡ ਤੇ ਡੂਮ ਵਿਆਹਾਂ-ਸ਼ਾਦੀਆਂ ਅਤੇ ਮੁੰਡੇ ਦੇ ਜੰਮਣ ਦੀ ਖੁਸ਼ੀ ਦੇ ਮੌਕਿਆਂ ਉਤੇ ਆਮ ਦੇਖੇ ਜਾਂਦੇ ਸਨ। ਉਹ ਆਪਣੇ ਗੀਤ-ਸੰਗੀਤ ਤੇ ਹਾਸੇ-ਠੱਠੇ ਨਾਲ ਚੋਖੀਆਂ ਰੌਣਕਾਂ ਲਾਉਂਦੇ। ਉਂਜ ਮਰਾਸੀਆਂ ਦਾ ਮੂਲ ਕਿੱਤਾ ਗੀਤ-ਸੰਗੀਤ ਹੀ ਸੀ ਅਤੇ ਉਨ੍ਹਾਂ ਦਾ ਮਾਣ ਸਤਿਕਾਰ ਵੀ ਬਹੁਤ ਸੀ। ਇਸ ਦੀ ਮਿਸਾਲ ਗੁਰੂ ਨਾਨਕ ਦੇਵ ਜੀ ਦਾ ਸਾਥੀ ਭਾਈ ਮਰਦਾਨਾ ਅਤੇ ਗੁਰੂ ਅਰਜਨ ਦੇਵ ਜੀ ਦੇ ਵੇਲਿਆਂ ਦੇ ਭਾਈ ਸੱਤਾ ਤੇ ਭਾਈ ਬਲਵੰਡ ਹਨ। 1947 ਦੀ ਵੰਡ ਪਿਛੋਂ ਚੜ੍ਹਦੇ ਪੰਜਾਬ ਵਿਚ ਮਰਾਸੀ ਕਬੀਲਾ ਹੋਰਨਾਂ ਕਿੱਤਿਆਂ ਵਿਚ ਪੈ ਗਿਆ। ਲਹਿੰਦੇ ਪੰਜਾਬ ਵਿਚ ਅੱਜ ਵੀ ਕਈ ਨਾਮੀ ਸੰਗੀਤਕਾਰ ਇਸੇ ਕਬੀਲੇ ਵਿਚੋਂ ਹਨ। ਪਾਕਿਸਤਾਨ ਦੀ ਮਸ਼ਹੂਰ ਗੁਲੂਕਾਰਾ ਮਲਿਕਾ-ਏ-ਤਰਨਮ ਨੂਰ ਜਹਾਂ ਮਰਾਸੀ ਕਬੀਲੇ ਵਿਚੋਂ ਸੀ ਅਤੇ ਗਜ਼ਲ ਗਾਇਕ ਗੁਲਾਮ ਅਲੀ ਵੀ ਇਸੇ ਕਬੀਲੇ ਵਿਚੋਂ ਹੈ। ਇਸ ਲੇਖ ਵਿਚ ਹੁਣ ਇੰਗਲੈਂਡ ਵਸਦੇ ਪਾਕਿਸਤਾਨ ਮੂਲ ਦੇ ਲੇਖਕ ਡਾ. ਗੁਲਾਮ ਮੁਸਤਫਾ ਡੋਗਰ ਨੇ ਇਸ ਕਬੀਲੇ ਦਾ ਇਤਿਹਾਸ ਫਰੋਲਿਆ ਹੈ। -ਸੰਪਾਦਕ***

ਅੱਜ ਅਸੀਂ ਅਣਵੰਡੇ ਪੰਜਾਬ ਦੇ ਉਨ੍ਹਾਂ ਲੋਕਾਂ ਦੀ ਦਾਸਤਾਨ ਬਿਆਨ ਕਰਨੀ ਚਾਹੁੰਦੇ ਹਾਂ, ਜਿਨ੍ਹਾਂ ਤੋਂ ਬਿਨਾ ਪੰਜਾਬੀ ਭਾਈਚਾਰਾ ਮੁਕੰਮਲ ਨਹੀਂ ਹੁੰਦਾ, ਬੇਸ਼ਕ ਨਵੀਂ ਦੁਨੀਆਂ ਵਿਚ ਇਨ੍ਹਾਂ ਦਾ ਨਾਂ ਮਿਟਦਾ ਜਾ ਰਿਹਾ ਹੈ, ਕਿਉਂਕਿ ਇਨ੍ਹਾਂ ਦਾ ਕੰਮ ਖਤਮ ਹੋ ਗਿਆ ਹੈ। ਪੰਜਾਬੀ ਸਭਿਆਚਾਰ ਵਿਚ ਇਨ੍ਹਾਂ ਨੂੰ ਮਰਾਸੀ ਕਿਹਾ ਜਾਂਦਾ ਹੈ। ਉਂਜ ਇਨ੍ਹਾਂ ਨੂੰ ਵੱਖ-ਵੱਖ ਥਾਂਈਂ ਵੱਖ-ਵੱਖ ਨਾਂਵਾਂ ਨਾਲ ਜਾਣਿਆ ਜਾਂਦਾ ਸੀ, ਜਿਵੇਂ ਮੀਰਯਾਦਾ, ਡੂਮ, ਭਾਟ, ਮਰਾਸੀ ਅਤੇ ਦਾਦਾ। ਦਿੱਲੀ ਦੇ ਲਾਗੇ ਲੋਹਾਰੂ ਰਿਆਸਤ ਸੀ, ਇੱਥੇ ਇਨ੍ਹਾਂ ਨੂੰ ਢਡੀ ਕਿਹਾ ਜਾਂਦਾ ਸੀ, ਉਥੋਂ ਦੇ ਸ਼ੇਰਵਾਨ ਜੱਟ ਇਨ੍ਹਾਂ ਨੂੰ ਦਾਦਾ ਕਹਿੰਦੇ ਸਨ। ਦਾਦਾ ਸ਼ਬਦ ਅਸਲ ਵਿਚ ਕੋਈ ਵੱਖਰਾ ਸ਼ਬਦ ਨਹੀਂ ਸਗੋਂ ਮੀਰਯਾਦੇ ਸ਼ਬਦ ਵਿਚੋਂ ਮੀਰ ਕੱਢ ਕੇ ਯਾਦਾ ਤੇ ਯਾਦਾ ਨੂੰ ਲੋਕਾਂ ਨੇ



**ਡਾ. ਗੁਲਾਮ ਮੁਸਤਫਾ ਡੋਗਰ**
ਫੋਨ: 0044-7878132209
E-mail:kotroy@hotmail.co.uk
----
**ਲਿਪੀਅੰਤਰ: ਜੇ. ਐਸ. ਭੱਟੀ**
ਫੋਨ: 91-76969-94800

ਦਾਦਾ ਬਣਾ ਲਿਆ ਅਤੇ ਮੀਰਯਾਦਾ ਸ਼ਬਦ ਅਸਲ ਵਿਚ ਅਮੀਰਯਾਦਾ ਹੈ, ਜਿਸ ਦਾ ਅਰਥ ਹੈ, ਅਮੀਰ ਦਾ ਬੇਟਾ। ਜਿਸ ਤਰ੍ਹਾਂ ਸਾਹਿਬਯਾਦਾ-ਸਾਹਿਬ ਦਾ ਬੇਟਾ, ਨਵਾਬਯਾਦਾ-ਨਵਾਬ ਦਾ ਬੇਟਾ ਅਤੇ ਸ਼ਹਿਯਾਦਾ-ਸ਼ਾਹ ਦਾ ਬੇਟਾ ਆਦਿ ਇਹ ਸਾਰੇ ਫਾਰਸੀ ਦੇ ਲਫਜ਼ ਹਨ। ਮਰਾਸੀ ਲਫਜ਼ ਅਰਬੀ ਦੇ ਮਰਾਸ ਲਫਜ਼ ਤੋਂ ਨਿਕਲਿਆ ਹੈ, ਜਿਸ ਦਾ ਮਤਲਬ ਹੈ, 'ਜਾਇਦਾਦ'। ਕਿਉਂਕਿ ਜਾਇਦਾਦ ਕਿਸੇ ਬੰਦੇ, ਬਜੁਰਗ ਜਾਂ ਪਰਿਵਾਰ ਦੀ ਹੁੰਦੀ ਹੈ ਤੇ ਮਰਾਸੀ ਉਨ੍ਹਾਂ ਪਰਿਵਾਰਾਂ ਦੇ ਛਜਰੇ ਯਾਨਿ ਵੰਸ਼ਾਵਲੀ (ਕੁਰਸੀਨਾਮਾ) ਨੂੰ ਜਾਂ ਤਾਂ ਲਿਖ ਕੇ ਰਖਦੇ ਸਨ ਜਾਂ ਜ਼ੁਬਾਨੀ ਯਾਦ ਰੱਖਦੇ ਸਨ।

ਅੰਗਰੇਜ਼ਾਂ ਨੇ ਵੀ ਇਨ੍ਹਾਂ ਬਾਰੇ ਬਹੁਤ ਲਿਖਿਆ ਹੈ। ਇਕ ਅੰਗਰੇਜ਼ ਲਿਖਾਰੀ ਏ. ਐਚ. ਰੋਜ਼ ਨੇ ਆਪਣੀ ਕਿਤਾਬ 'ਏ ਗਲੌਸਰੀ ਆਫ ਟਰਾਈਬ ਐਂਡ ਕਾਸਟ ਇਨ ਪੰਜਾਬ ਐਂਡ ਨਾਰਥ ਵੈਸਟ ਪ੍ਰੋਵਿਨਸ' ਵਿਚ ਲਿਖਿਆ ਹੈ ਕਿ ਮਰਾਸੀ ਵੰਸ਼ਾਵਲੀ ਦੇ ਮਾਹਿਰ ਹੁੰਦੇ ਸਨ। ਮਰਾਸੀ ਦਾ ਅਰਬੀ ਵਿਚ ਮਤਲਬ ਹੈ, ਮੂਰਸੀ ਯਾ ਮਰਾਸ ਹੋਣਾ। ਇਹ ਵੱਖ-ਵੱਖ ਇਲਾਕਿਆਂ ਦੇ ਵੱਖ-ਵੱਖ ਖਾਨਦਾਨਾਂ ਦਾ ਇੱਕਠ ਹੁੰਦਾ ਸੀ ਤੇ ਇਹ ਕਈ ਖਾਨਦਾਨਾਂ ਨਾਲ ਸਬੰਧ ਰੱਖਦੇ ਸਨ ਸਗੋਂ ਇਹ ਕਈ ਕਿੱਤਿਆਂ ਵਿਚ ਕੰਮ ਕਰਦੇ ਸਨ ਯਾਨਿ ਦੁਕਾਨਦਾਰ, ਮੁਲਾਜ਼ਮਤ ਜਾਂ ਕੋਈ ਹੋਰ ਕੰਮ, ਪਰ ਇਨ੍ਹਾਂ ਨੂੰ ਮਰਾਸੀ ਹੀ ਕਿਹਾ ਜਾਂਦਾ ਸੀ। ਹਾਲਾਂਕਿ ਇਹ ਕੋਈ ਕੌਮ ਜਾਂ ਜਾਤ ਨਹੀਂ।

**ਪਿਛੋਕੜ:** ਕਿਉਂਕਿ ਪੰਜਾਬ ਵਿਚ ਤਿੰਨ ਧਰਮਾਂ ਦੇ ਲੋਕ ਵੱਸਦੇ ਹਨ, ਮਰਾਸੀ ਵੀ ਤਿੰਨ ਧਰਮਾਂ ਵਿਚ ਵੰਡੇ ਹੋਏ ਸਨ। ਮਰਾਸੀ ਜਿਸ ਧਰਮ ਦੇ ਵੀ ਹੋਣ, ਉਹ ਆਪਣਾ ਪਿਛੋਕੜ ਆਪਣੇ ਧਰਮ ਗੁਰੂਆਂ ਨਾਲ ਜੋੜਨ ਦੀ ਕੋਸ਼ਿਸ਼ ਕਰਦੇ ਹਨ। ਮਰਾਸੀ ਮੁਸਲਿਮ ਹੋਣ ਤਾਂ ਆਪਣਾ ਪਿਛੋਕੜ ਮੁਹੰਮਦ ਸਾਹਿਬ, ਹਿੰਦੂ ਹੋਣ ਤਾਂ ਰਾਮਚੰਦਰ ਨਾਲ ਅਤੇ ਸਿੱਖ ਹੋਣ ਤਾਂ ਭਾਈ ਮਰਦਾਨਾ ਨਾਲ ਜੋੜਨ ਦੀ ਕੋਸ਼ਿਸ਼ ਕਰਦੇ ਹਨ। ਮਰਾਸੀਆਂ ਵਿਚ 95% ਲੋਕ ਮੁਸਲਮਾਨ ਹਨ। ਹਿੰਦੋਸਤਾਨ ਦੇ ਮੁਸਲਮਾਨ ਮਰਾਸੀ ਇਥੋਂ ਦੇ ਹੀ ਵਾਸੀ ਹਨ, ਪਰ ਇਨ੍ਹਾਂ ਨੇ ਆਪਣਾ ਅਰਬ ਮੁਲਕਾਂ ਨਾਲ ਸਬੰਧ ਦੱਸਣ ਲਈ ਇਕ ਝੂਠਾ ਛਜਰਾ ਬਣਾਇਆ ਹੈ ਤਾਂ ਕਿ ਉਹ ਆਪਣੇ ਆਪ ਨੂੰ ਮੁਹੰਮਦ ਸਾਹਿਬ ਨਾਲ ਜੋੜ ਸਕਣ। ਇਸ ਗੱਲ ਦੀ ਪੁਸ਼ਟੀ ਕਿਤਾਬਾਂ ਵਿਚ ਮਿਲਦੀ ਹੈ।

ਇਨ੍ਹਾਂ ਦੀ ਬਣਾਈ ਹੋਈ ਵੰਸ਼ਾਵਲੀ (ਛਜਰੇ) ਮੁਤਾਬਕ ਅਰਬ ਵਿਚ ਇਕ ਅਬਦੁਲ ਬਿਨਾਫ ਨਾਂ ਦਾ ਬੰਦਾ ਸੀ, ਜੋ ਹਜ਼ਰਤ ਮੁਹੰਮਦ ਸਾਹਿਬ ਦਾ ਪੜਦਾਦਾ ਸੀ। ਅਬਦੁਲ ਬਿਨਾਫ ਦਾ ਬੇਟਾ ਮਤਲਬ ਤੇ ਮਤਲਬ ਦੇ ਦੋ ਬੇਟੇ-ਅਬਦੁਲਾ ਤੇ ਅਬੂਤਾਲਿਬ ਸਨ, ਪਰ ਮਰਾਸੀਆਂ ਨੇ ਇਕ ਝੂਠਾ ਨਾਂ ਨਾਲ ਜੋੜ ਲਿਆ, ਜਿਸ ਦਾ ਨਾਂ ਆਮੀਨ ਸੀ। ਅਬੂਤਾਲਿਬ ਦੇ ਬੇਟੇ ਦਾ ਨਾਂ ਅਲੀ ਸੀ ਤੇ ਉਸ ਦੇ ਦੋ ਬੇਟੇ-




*ਭਾਈ ਮਰਦਾਨੇ ਦਾ ਇਕ ਚਿੱਤਰ*

ਹਸਨ ਤੇ ਹੁਸੈਣ ਸਨ, ਜੋ ਹਜ਼ਰਤ ਮੁਹੰਮਦ ਦੇ ਦੋਹਤਰੇ ਸਨ।

ਮੁਸਲਮਾਨ ਮਰਾਸੀ ਆਪਣਾ ਛਜਰਾ ਆਮੀਨ ਤੋਂ ਤੋਰਦੇ ਹਨ। ਆਮੀਨ ਦਾ ਬੇਟਾ ਉਕਾਸਾ ਤੇ ਉਕਾਸਾ ਦਾ ਬੇਟਾ ਅਬਦੁਲ ਨਬੀ, ਅਬਦੁਲ ਨਬੀ ਦਾ ਬੇਟਾ ਅਬਦੁਲ ਖਾਲਿਕ ਤੇ ਇਸ ਦਾ ਬੇਟਾ ਪਹਾੜ, ਤੇ ਪਹਾੜ ਦਾ ਬੇਟਾ ਬਾਗੜਾ, ਬਾਗੜਾ ਦਾ ਬੇਟਾ ਪੱਸੀ ਅਤੇ ਪੱਸੀ ਦੇ ਤਿੰਨ ਬੇਟੇ-ਕਾਲੂ, ਉਮਰਦੀਨ ਤੇ ਵਾਹਿਦ। ਇਹ ਆਪਣਾ ਛਜਰਾ ਵਾਹਿਦ ਤੋਂ ਤੋਰਦੇ ਹਨ। ਇਨ੍ਹਾਂ ਦਾ ਛਜਰਾ ਇਸ ਗੱਲ ਤੋਂ ਵੀ ਝੂਠ ਹੈ ਕਿ ਜੋ ਤਿੰਨ ਨਾਂ-ਪਹਾੜ, ਬਾਗੜਾਂ ਤੇ ਪੱਸੀ ਦਸਦੇ ਹਨ, ਇਨ੍ਹਾਂ ਵਿਚ ਤਿੰਨ ਅੱਖਰ 'ਪ', 'ੜ' ਤੇ 'ਗ' ਪਾਏ ਗਏ ਹਨ, ਜੋ ਅਰਬੀ ਦੀ ਵਰਣਮਾਲਾ ਵਿਚ ਨਹੀਂ ਹੁੰਦੇ। ਇਹ ਛਜਰਾ (ਵੰਸ਼ਾਵਲੀ) ਚਿੱਟੇ ਝੂਠ ਤੋਂ ਇਲਾਵਾ ਕੁਝ ਨਹੀਂ। ਆਮੀਨ ਨਾਂ ਦਾ ਬੰਦਾ ਅਬਦੁੱਲਾ ਦਾ ਭਾਈ ਨਹੀਂ ਸੀ। ਇਨ੍ਹਾਂ ਨੇ ਆਪਣਾ ਪਿਛੋਕੜ ਹਜ਼ਰਤ ਮੁਹੰਮਦ ਨਾਲ ਜੋੜਨ ਲਈ ਇਕ ਝੂਠਾ ਵਾਕਿਆ ਵੀ ਘੜਿਆ ਹੋਇਆ ਹੈ। ਇਨ੍ਹਾਂ ਅਨੁਸਾਰ ਜਦੋਂ ਅਲੀ ਦੀ ਸ਼ਾਦੀ ਫਾਤਿਮਾ ਪੁੱਤਰੀ ਮੁਹੰਮਦ ਸਾਹਿਬ ਨਾਲ ਹੋਈ ਤਾਂ ਇਹ ਦਾਅਵਾ ਕਰਦੇ ਹਨ ਕਿ ਇਨ੍ਹਾਂ ਦੇ ਪੁਰਖੇ ਵਾਹਿਦ ਨੇ ਅਲੀ ਨੂੰ ਦੁੱਧ ਦਾ ਪਿਆਲਾ ਪਿਆਇਆ ਸੀ। ਦੁੱਧ ਪੀਣ ਪਿਛੋਂ ਹਜ਼ਰਤ ਅਲੀ ਨੇ ਦੋ ਦਿਰਮ ਉਸ ਪਿਆਲੇ ਵਿਚ ਪਾਏ ਤੇ ਇਸ ਮਰਾਸੀ ਨੇ ਕਿਹਾ ਕਿ ਇਹ ਥੋੜੇ ਹਨ ਤੇ ਕੋਈ ਵੱਡਾ ਇਨਾਮ ਦਿਉ। ਹਜ਼ਰਤ ਅਲੀ ਇਲਮ-ਨੂੰਸਾਬ (ਵੰਸ਼ਾਵਲੀ ਦੇ ਤਜੁਰਬੇਕਾਰ) ਦੇ ਬਹੁਤ ਮਾਹਿਰ ਸਨ ਯਾਨਿ ਉਨ੍ਹਾਂ ਦੀ ਯਾਦਦਾਸ਼ਤ ਬਹੁਤ ਚੰਗੀ ਸੀ।

ਯੈਤੂਨ ਤੇ ਖਜੂਰ ਖਾਣ ਨਾਲ ਅਰਬਾਂ ਦੀ ਯਾਦਦਾਸ਼ਤ ਬਹੁਤ ਵਧੀਆ ਹੁੰਦੀ ਹੈ। ਉਨ੍ਹਾਂ ਨੂੰ ਪੰਜਾਹ ਸੌ ਪੀੜ੍ਹੀਆਂ ਦੇ ਛਜਰੇ ਜ਼ੁਬਾਨੀ ਯਾਦ ਸਨ। ਉਨ੍ਹਾਂ ਨੇ ਕਿਹਾ ਕਿ ਜਿਹੜਾ ਮਿਰਾਸ ਦਾ ਇਲਮ ਹੈ, ਜਿਸ ਨੂੰ ਇਲਮ-ਨੂੰਸਾਬ ਕਹਿੰਦੇ ਹਨ, ਉਹ ਤੈਨੂੰ ਬਖਸ਼ਿਸ਼ ਕਰਦਾ ਹਾਂ। ਮਰਾਸੀਆਂ ਨੇ ਫਿਰ ਇਕ ਗਾਣਾ ਇਸ ਵਾਕਿਆ ਨੂੰ ਬਿਆਨ ਕਰਨ ਲਈ ਗੰਢਿਆ,

ਹੋਇਆ ਹੁਕਮ ਖੁਦਾਈ ਦਾ
ਵਾਹਿਦ ਜੋ ਆਇਆ ਪਾਸ।
ਮਿਲਿਆ ਕਟੋਰਾ ਵਾਹਿਦ ਕੋ
ਜਿਨਕਾ ਬਾਪ ਆਬਾਸ।
ਪੜ੍ਹੋ ਕਲਮਾ ਆਖੋ ਮੋਮਨੋ
ਦਿਨ ਜੋ ਆਇਆ ਰਾਸ।
ਦੂਧ ਪਿਲਾਇਆ ਸ਼ਾਹ ਕੋ
ਜਿਥੋਂ ਮਿਲੀ ਮਰਾਸ।

ਇਸ ਗਾਣੇ ਵਿਚ ਲਿਖਿਆ ਹੈ ਕਿ ਵਾਹਿਦ ਦਾ ਬਾਪ ਆਬਾਸ ਸੀ ਪਰ ਛਜਰੇ ਮੁਤਾਬਕ ਇਹ ਗਲਤ ਹੈ। ਦੂਸਰੇ ਪਾਸੇ ਇਨ੍ਹਾਂ ਲਿਖਿਆ ਉਕਾਸਾ ਦਾ ਬੇਟਾ ਅਬਦੁੱਲ ਨਬੀ ਤੇ ਉਸ ਦਾ ਬੇਟਾ ਅਬਦੁੱਲ ਖਾਲਿਕ, ਉਸ ਦਾ ਬੇਟਾ ਪਹਾੜ ਤੇ ਪਹਾੜ ਦਾ ਬੇਟਾ ਬਾਗੜਾ ਤੇ ਅੱਗੋਂ ਉਸ ਦਾ ਬੇਟਾ ਪੱਸੀ ਤੇ ਪੱਸੀ ਦਾ ਬੇਟਾ ਵਾਹਿਦ ਹੈ, ਕਿਉਂਕਿ ਇਕ ਪੁਸ਼ਤ 30 ਸਾਲ ਦੀ ਮੰਨੀ ਜਾਂਦੀ ਹੈ। ਇਸ ਤਰ੍ਹਾਂ ਸੱਤ ਪੁਸ਼ਤਾਂ ਬਣਦੀਆਂ ਹਨ, ਵਾਹਿਦ ਤੇ ਉਕਾਸਾ ਵਿਚਾਲੇ 210 ਸਾਲ ਬਣਦੇ ਹਨ। ਹੁਣ ਉਕਾਸਾ ਹਜ਼ਰਤ ਅਲੀ ਦਾ ਹਾਣੀ ਬਣਦਾ ਹੈ ਤੇ ਹਜ਼ਰਤ ਅਲੀ ਦੀ ਸ਼ਾਦੀ ਤੇ ਵਾਹਿਦ 210 ਸਾਲ ਪਹਿਲਾਂ ਕਿਵੇਂ ਚਲਾ ਗਿਆ? ਇਹ ਸਾਰਾ ਝੂਠ ਗੰਢਿਆ ਹੋਇਆ ਹੈ।

ਇਥੇ ਹੀ ਝੂਠ ਨਹੀਂ, ਸਾਡੇ ਜੱਟਾਂ ਤੇ ਰਾਜਪੂਤਾਂ ਦੇ ਛਜਰੇ ਸਾਰੇ ਝੂਠ ਹੁੰਦੇ ਸਨ। ਇਨ੍ਹਾਂ ਨੂੰ 5-7 ਪੁਸ਼ਤਾਂ ਹੀ ਜ਼ੁਬਾਨੀ ਯਾਦ ਹੁੰਦੀਆਂ ਸਨ, ਬਾਕੀ ਸਾਰਾ ਝੂਠ ਹੀ ਹੁੰਦਾ ਸੀ ਕਿਉਂਕਿ ਮਰਾਸੀ ਅਨਪੜ੍ਹ ਹੁੰਦੇ ਸਨ। ਇਹ ਛਜਰੇ ਰਾਮਚੰਦਰ ਜੀ ਨਾਲ ਵੀ ਮਿਲਾਣ ਕਰ ਦਿੰਦੇ ਸਨ, ਜੋ ਲਗਭਗ 4000 ਸਾਲ ਪੁਰਾਣਾ ਇਤਿਹਾਸ ਹੈ, ਜਦੋਂ ਇਹ ਲਿਖਿਆ ਨਹੀਂ ਸੀ ਜਾਂਦਾ। ਹੁੰਦਾ ਇਹ ਸੀ ਕਿ ਜਦੋਂ ਕਿਸੇ ਮਰਾਸੀ ਦਾ ਪਿਉ ਮਰਦਾ ਤੇ ਜਿੰਨੀਆਂ ਪੁਸ਼ਤਾਂ ਉਸ ਨੂੰ ਯਾਦ ਹੁੰਦੀਆਂ, ਉਸ ਦਾ ਇਲਮ ਉਹ ਆਪਣੇ ਪੁੱਤਰ ਨੂੰ ਦੇ ਦਿੰਦਾ। ਪੁੱਤਰ ਅਗਲੀਆਂ ਪੁਸ਼ਤਾਂ ਉਨ੍ਹਾਂ ਵਿਚ ਜੋੜ ਕੇ ਤੇ ਪਿਛਲੀਆਂ ਜਿੰਨੀਆਂ ਉਸ ਨੂੰ ਯਾਦ ਹੁੰਦੀਆਂ ਰੱਖ ਲੈਂਦਾ। ਅਗਲੀਆਂ ਪੁਸ਼ਤਾਂ ਵਿਚ ਜੋੜ ਕੇ ਪਿਛਲੀਆਂ ਭੁਲ ਜਾਂਦਾ। ਜਦੋਂ ਮਰਾਸੀ ਆਪਸ ਵਿਚ ਮਿਲਦੇ-ਜੁਲਦੇ ਤਾਂ ਜਾਅਲੀ ਨਾਂ ਇਕ ਦੂਜੇ ਤੋਂ ਉਧਾਰ ਲੈ ਲੈਂਦੇ। ਇਸੇ ਲਈ ਕੋਈ ਵੀਹ ਪੁਸ਼ਤਾਂ ਤੋਂ ਪਿਛੋਂ ਸਾਰੇ ਨਾਂ ਇਕੋ ਜਿਹੇ ਹੁੰਦੇ ਸਨ।

ਮਿਸਟਰ ਰੋਜ਼ ਲਿਖਦਾ ਹੈ ਕਿ ਮੁਸਲਮਾਨ ਮਰਾਸੀ ਦਾਅਵਾ ਕਰਦੇ ਹਨ ਕਿ ਉਹ ਅਰਬ ਵਿਚੋਂ ਆਏ ਹਨ। ਇਸ ਗੱਲ ਨੂੰ ਸਾਬਤ ਕਰਨ ਲਈ ਇਕ ਝੂਠਾ ਵਾਕਿਆ ਬਿਆਨ ਕਰਦੇ ਹਨ, ਜਿਸ ਅਨੁਸਾਰ ਜਦੋਂ ਹਜ਼ਰਤ ਮੁਹੰਮਦ ਅਕਾਲ ਚਲਾਣੇ ਤੋਂ ਪਹਿਲਾਂ ਬਿਸਤਰ 'ਤੇ ਲੇਟੇ ਸਨ ਤੇ ਉਨ੍ਹਾਂ ਐਲਾਨ ਕੀਤਾ ਕਿ ਜੇ ਉਨ੍ਹਾਂ ਕਿਸੇ ਨੂੰ ਕੋਈ ਨੁਕਸਾਨ ਪਹੁੰਚਾਇਆ ਹੋਵੇ ਤਾਂ ਉਹ ਉਨ੍ਹਾਂ ਦੀ ਮੌਤ ਤੋਂ ਪਹਿਲਾਂ ਆਪਣਾ ਬਦਲਾ ਲੈ ਸਕਦਾ ਹੈ। ਮੁਸਲਮਾਨ ਮਰਾਸੀ ਕਹਿੰਦੇ ਹਨ ਕਿ ਉਸ ਸਮੇਂ ਉਨ੍ਹਾਂ ਦਾ ਪੁਰਖਾ ਮਰਾਸੀ ਉਕਾਸਾ ਉਥੇ ਸੀ। ਉਕਾਸੇ ਨੇ ਮੁਹੰਮਦ ਸਾਹਿਬ ਨੂੰ ਕਿਹਾ ਕਿ ਇਕ ਵਾਰੀ ਉਨ੍ਹਾਂ ਨੇ ਮੇਰੇ ਸੋਟੀ ਮਾਰੀ ਸੀ ਤੇ ਉਹ ਉਸ ਦਾ ਬਦਲਾ ਲੈਣਾ ਚਾਹੁੰਦਾ ਹੈ।

ਮੁਹੰਮਦ ਸਾਹਿਬ ਨੇ ਆਪਣੇ ਪਿੰਡੇ ਤੋਂ ਕੁੜਤਾ ਚੁਕ ਕੇ ਕਿਹਾ ਤੂੰ ਇਥੇ ਸੋਟੀ ਮਾਰ ਸਕਦਾ ਹੈਂ, ਤੂੰ ਆਪਣਾ ਬਦਲਾ ਲੈ ਲੈ। ਪਰ ਉਕਾਸਾ ਨੇ ਉਨ੍ਹਾਂ ਦੇ ਮੋਢਿਆਂ ਦੇ ਵਿਚਕਾਰ ਚੁੰਮ ਲਿਆ ਤੇ ਕਿਹਾ ਕਿ ਉਹ ਮੁਹੰਮਦ ਸਾਹਿਬ ਦੇ ਮੋਢਿਆਂ 'ਚ ਪੈਗੰਬਰੀ ਮੋਹਰ ਜਿਸ ਨੂੰ ਨਬੂਬਤ ਦੀ ਮੋਹਰ ਕਿਹਾ ਜਾਂਦਾ ਹੈ, ਦੇ ਦਰਸ਼ਨ ਕਰਨਾ ਚਾਹੁੰਦਾ ਸੀ। ਮੁਸਲਮਾਨ ਮਰਾਸੀ ਇਹ ਦਾਅਵਾ ਕਰਦੇ ਹਨ ਕਿ ਉਕਾਸਾ ਮੁਹੰਮਦ ਸਾਹਿਬ ਦੇ ਚਲਾਣੇ ਪਿਛੋਂ

*(ਅਗਲੇ ਸਫੇ 'ਤੇ ਜਾਰੀ)*

## ਅਣਵੰਡੇ ਪੰਜਾਬ ਦੇ ਵੱਖ ਵੱਖ ਜਿਲਿਆਂ ਵਿਚ ਮਰਾਸੀਆਂ ਦੀ ਕੁਲ ਆਬਾਦੀ

| | ਜਿਲਾ | ਹਿੰਦੂ | ਸਿੱਖ | ਮੁਸਲਿਮ | *ਅਣਵੰਡੇ ਪੰਜਾਬ ਵਿਚ 1947 ਸਮੇਂ ਮਰਾਸੀਆਂ (ਸਿਰਫ ਮੁਸਲਿਮ) ਦੀ ਕੁਲ ਆਬਾਦੀ* | | |
|---|---|---|---|---|---|---|---|
| | | 1931 % | 1931 % | 1931 % | 1931 | 1941 | 1947 |
| 1 | ਅੰਬਾਲਾ | | | 2,145 100.00 | 2,145 | 2,583 | 2,970 |
| 2 | ਅੰਮ੍ਰਿਤਸਰ | 168 1.50 | 31 0.28 | 11,021 98.23 | 11,220 | 13,511 | 15,538 |
| 3 | ਅਟਕ | | | 4,315 100.00 | 4,315 | 5,196 | 5,976 |
| 4 | ਬਹਾਵਲਪੁਰ | 11 0.13 | | 8,730 99.87 | 8,741 | 10,526 | 12,105 |
| 5 | ਡੇਰਾ ਗਾਜੀਖਾਨ | | | 4,020 100.00 | 4,020 | 4,841 | 5,567 |
| 6 | ਦਿੱਲੀ | 9 0.67 | | 1,327 99.33 | 1,336 | 1,609 | 1,850 |
| 7 | ਫਰੀਦਕੋਟ | | | 1,953 100.00 | 1,953 | 2,352 | 2,705 |
| 8 | ਫਿਰੋਜ਼ਪੁਰ | 48 0.37 | 13 0.10 | 13,019 99.53 | 13,080 | 15,751 | 18,114 |
| 9 | ਗੁਜਰਾਤ | | | 9,232 100.00 | 9,232 | 11,117 | 12,785 |
| 10 | ਗੁਰਦਾਸਪੁਰ | 35 0.51 | 47 0.68 | 6,819 98.81 | 6,901 | 8,310 | 9,557 |
| 11 | ਗੁੜਗਾਓਂ | 29 1.00 | | 2,866 99.00 | 2,895 | 3,486 | 4,009 |
| 12 | ਹਿਸਾਰ | 63 2.48 | | 2,474 97.52 | 2,537 | 3,055 | 3,513 |
| 13 | ਹੁਸ਼ਿਆਰਪੁਰ | 82 1.60 | | 5,054 98.40 | 5,136 | 6,185 | 7,112 |
| 14 | ਜਲੰਧਰ | | | 7,495 100.00 | 7,495 | 9,025 | 10,379 |
| 15 | ਝੰਗ | | | 13,521 100.00 | 13,521 | 16,282 | 18,724 |
| 16 | ਜੇਹਲਮ | | | 5,281 100.00 | 5,281 | 6,359 | 7,313 |
| 17 | ਜੀਂਦ | | | 1,744 100.00 | 1,744 | 2,100 | 2,415 |
| 18 | ਕਾਂਗੜਾ | | | 1,088 100.00 | 1,088 | 1,310 | 1,507 |
| 19 | ਕਪੂਰਥਲਾ | 4 0.17 | | 2,333 99.83 | 2,337 | 2,814 | 3,236 |
| 20 | ਕਰਨਾਲ | 10 0.33 | | 3,034 99.67 | 3,044 | 3,666 | 4,215 |
| 21 | ਲਾਹੌਰ | 32 0.26 | 14 0.11 | 12,424 99.63 | 12,470 | 15,016 | 17,269 |
| 22 | ਲੁਧਿਆਣਾ | 7 0.16 | | 4,258 99.84 | 4,265 | 5,136 | 5,906 |
| 23 | ਲਾਇਲਪੁਰ | | 7 0.05 | 14,669 99.95 | 14,676 | 17,673 | 20,324 |
| 24 | ਮਲੇਰਕੋਟਲਾ | | | 902 100.00 | 902 | 1,086 | 1,249 |
| 25 | ਮੀਆਂਵਾਲੀ | | | 4,236 100.00 | 4,236 | 5,101 | 5,866 |
| 26 | ਮਿੰਟਗੁਮਰੀ | 95 0.71 | | 13,261 99.29 | 13,356 | 16,083 | 18,496 |
| 27 | ਮੁਲਤਾਨ | 2 0.01 | | 15,515 99.99 | 15,517 | 18,686 | 21,488 |
| 28 | ਮੁਜ਼ੱਫਰਗੜ੍ਹ | | | 5,990 100.00 | 5,990 | 7,213 | 8,295 |
| 29 | ਨਾਭਾ | | | 1,965 100.00 | 1,965 | 2,366 | 2,721 |
| 30 | ਪਟਿਆਲਾ ਰਿਆਸਤ | 25 0.26 | | 9,425 99.74 | 9,450 | 11,380 | 13,087 |
| 31 | ਰਾਵਲਪਿੰਡੀ | | | 3,196 100.00 | 3,196 | 3,849 | 4,426 |
| 32 | ਰੋਹਤਕ | 20 0.86 | | 2,312 99.14 | 2,332 | 2,808 | 3,229 |
| 33 | ਸ਼ਾਹਪੁਰ | | | 12,953 100.00 | 12,953 | 15,598 | 17,938 |
| 34 | ਸ਼ਿਮਲਾ | 32 69.57 | | 14 30.43 | 46 | 55 | 64 |
| 35 | ਸਿਆਲਕੋਟ | | 75 0.79 | 9,385 99.21 | 9,460 | 11,392 | 13,100 |
| | ਕੁਲ | 672 0.31 | 187 0.09 | 217,976 71.93 | 218,835 | 263,521 | 303,049 |

ਇਰਾਨ ਆ ਗਿਆ ਤੇ ਉਥੇ ਆ ਕੇ ਬਾਦਸ਼ਾਹ ਦੇ ਦਰਬਾਰ ਵਿਚ ਨਕੀਬ (ਹਰਕਾਰੇ) ਦੀ ਨੌਕਰੀ ਕਰ ਲਈ। ਇਹ ਵਾਕਿਆ ਮੁਸਲਮਾਨ ਮਰਾਸੀਆਂ ਲਈ ਸੱਚਾ ਹੈ, ਪਰ ਇਹ ਉਕਾਸਾ ਨਾਂ ਦੇ ਮਰਾਸੀ ਨਾਲ ਸਬੰਧ ਨਹੀਂ ਰੱਖਦਾ। ਇਹ ਗੱਲ ਇਥੋਂ ਵੀ ਝੂਠੀ ਸਾਬਤ ਹੁੰਦੀ ਹੈ ਕਿ ਜੇ ਮਰਾਸੀ ਅਰਬ ਵਿਚੋਂ ਆਏ ਤਾਂ ਇਹ ਹਿੰਦੂ ਜਾਂ ਸਿੱਖ ਮਰਾਸੀ ਕਿਵੇਂ ਬਣ ਗਏ?

**ਜਜਮਾਨ ਤੇ ਪੁਰਬ:** ਮਿਰਾਸੀ ਜਦੋਂ ਕਿਸੇ ਜੱਟ, ਜਿਮੀਂਦਾਰ ਜਾਂ ਰਾਜਪੂਤ ਨੂੰ ਮਿਲਦੇ ਹਨ ਤਾਂ ਉਨ੍ਹਾਂ ਨੂੰ ਜਜਮਾਨ ਜਾਂ ਪੁਰਬ ਸ਼ਬਦ ਨਾਲ ਸੰਬੋਧਨ ਕਰਦੇ ਹਨ। ਇਕ ਮੁਨਸਫ ਦੀ ਕਿਤਾਬ ਜੋ ਗੁਰੂ ਅਰਜਨ ਦੇਵ ਬਾਰੇ ਸੀ, ਵਿਚੋਂ ਪੁਰਬ ਦਾ ਅਰਥ ਪਤਾ ਲਗਦਾ ਹੈ ਕਿ ਜਦੋਂ ਗੁਰੂ ਅਰਜਨ ਦੇਵ ਗੁਰੂ ਰਾਮ ਦਾਸ ਤੋਂ ਥੋੜਾ ਸਮਾਂ ਦੂਰ ਰਹੇ ਤਾਂ ਉਨ੍ਹਾਂ ਨੇ ਇਕ ਖਤ ਵਿਚ ਗੁਰੂ ਰਾਮ ਦਾਸ ਨੂੰ ਲਿਖਿਆ, ਜੋ ਗੁਰੂ ਗ੍ਰੰਥ ਸਾਹਿਬ ਵਿਚ ਅੰਗ 96 ਰਾਗ ਮੰਝ ਵਿਚ ਦਰਜ ਹੈ। ਇਸ ਸ਼ਬਦ ਵਿਚ ਇਕ ਪੰਕਤੀ ਹੈ, "ਪ੍ਰਭ ਅਬਿਨਾਸੀ ਘਰ ਮਹਿ ਪਾਇਆ॥" (I have found the Immortal lord within the home of my own self.)

ਅਰਥਾਤ ਸੰਤ ਪਰਮੇਸ਼ਰ ਘਰ ਵਿਚ ਪਾਇਆ। ਮਤਲਬ ਜਿਹੜਾ ਪਰਬ, ਸੰਤ ਪਰਮੇਸ਼ਰ, ਅੱਲਾ ਦਾ ਵਲੀ, ਰੱਬ ਦਾ ਵਲੀ, ਇਸ ਲਈ ਪਰਬ ਕਹਿਣ ਨਾਲ ਉਹ ਇੱਜਤ ਹੀ ਦਿੰਦੇ ਹਨ। ਦੂਜੇ ਸ਼ਬਦ ਜਜਮਾਨ ਦਾ ਪਿਛੋਕੜ ਥੋੜਾ ਵੱਖਰਾ ਹੈ। ਇਹ ਸ਼ਬਦ ਹਿੰਦੀ ਸ਼ਬਦ ਜਜਮਾਨ ਤੋਂ ਵਿਗੜ ਕੇ ਬਣਿਆ ਹੈ। ਬ੍ਰਾਹਮਣਾਂ ਦਾ ਹਿੰਦੂਆਂ ਵਿਚ ਸਤਿਕਾਰ ਸੀ ਤੇ ਇਹ ਹਿੰਦੂਆਂ ਦੇ ਛਜਰੇ ਤਿਆਰ ਕਰਦੇ ਸਨ। ਬ੍ਰਾਹਮਣਾਂ ਨਾਲ ਜਿੰਨੇ ਹਿੰਦੂ ਖਾਨਦਾਨ ਸਬੰਧਤ ਸਨ, ਉਨ੍ਹਾਂ ਦੇ ਉਹ ਛਜਰੇ ਤਿਆਰ ਕਰਦੇ ਸਨ। ਅੱਜ ਕਲ੍ਹ ਵੀ ਇਹ ਛਜਰੇ ਹਰਿਦੁਆਰ ਵਿਖੇ ਬ੍ਰਾਹਮਣ ਲੋਕ ਤਿਆਰ ਕਰਦੇ ਹਨ। ਮੁਸਲਮਾਨਾਂ ਵਿਚ ਵੀ ਸਈਅਦ ਲੋਕ ਆਪਣੇ ਮੁਰੀਦਾਂ ਦੇ ਛਜਰੇ ਲਿਖ ਕੇ ਤਿਆਰ ਕਰਦੇ ਹਨ। ਬ੍ਰਾਹਮਣ ਖਤਰੀਆਂ ਲਈ ਖਾਸ ਛਜਰੇ ਲਿਖਦੇ ਸਨ ਤੇ ਆਪਣੇ ਥੱਲੇ ਜਿਹੜੇ ਖਾਨਦਾਨ ਰੱਖੇ ਹੋਏ ਹੁੰਦੇ, ਉਨ੍ਹਾਂ ਨੂੰ ਜਜਮਾਨ ਕਹਿੰਦੇ ਸਨ, ਜਿਸ ਦਾ ਅਰਥ ਸੀ, ਉਹ ਬੰਦਾ ਜੋ ਕਿਸੇ ਦੀ ਧਨ ਜਾਂ ਹੋਰ ਢੰਗ ਨਾਲ ਮਦਦ ਕਰਦਾ ਹੈ। ਜਿਸ ਤਰ੍ਹਾਂ ਗੁਰਬਾਣੀ ਵਿਚ ਇਕ ਸ਼ਬਦ ਦੀ ਪੰਕਤੀ ਹੈ, "ਕਰਤਾ ਤੂੰ ਮੇਰਾ ਜਜਮਾਨੁ॥" ਗੁਰੂ ਗ੍ਰੰਥ ਸਾਹਿਬ, ਅੰਗ 1329 ਸ਼ਬਦ ਪ੍ਰਭਾਤੀ ਮਹਲਾ ੧ (O creator lord you alone are my benefactor)

**ਮਰਾਸੀਆਂ ਦੀਆਂ ਸਮਾਜਕ ਜਿੰਮੇਵਾਰੀਆਂ:** ਮਰਾਸੀ ਸਾਡੇ ਸਮਾਜ ਦੇ ਕੰਮ ਆਉਣ ਵਾਲੇ ਮੈਂਬਰ ਸਨ, ਕਿਉਂਕਿ ਪੁਰਾਣੇ ਜਮਾਨੇ ਵਿਚ ਸੜਕਾਂ, ਟੈਲੀਫੋਨ ਤੇ ਹੋਰ ਸੁਖ ਸਹੂਲਤਾਂ ਨਹੀਂ ਸਨ ਤੇ ਪਿੰਡ ਸ਼ਹਿਰਾਂ ਤੋਂ ਦੂਰ ਦੁਰਾਡੇ ਹੁੰਦੇ ਸਨ, ਇਸ ਲਈ ਸ਼ਹਿਰ ਵਿਚਲੇ ਕੰਮ ਜਾਂ ਕਚਹਿਰੀਆਂ ਤੇ ਸਰਕਾਰੀ ਕੰਮ ਆਦਿ ਇਨ੍ਹਾਂ ਨੂੰ ਦਿੱਤੇ ਜਾਂਦੇ ਸਨ। ਇਹ ਲੋਕਾਂ ਦੇ ਰਿਸ਼ਤੇ ਨਾਤੇ ਵੀ ਕਰਵਾਉਂਦੇ। ਜਿਮੀਂਦਾਰਾਂ ਦੀਆਂ ਬਹੂ-ਬੇਟੀਆਂ ਨਾਲ ਖੁਸ਼ੀ-ਗਮੀ ਮੌਕੇ ਵੀ ਜਾਂਦੇ ਕਿਉਂਕਿ ਘਰ ਦਾ ਮਰਦ ਨਾਲ ਨਹੀਂ ਸੀ ਜਾਂਦਾ। ਮੁਸਲਮਾਨਾਂ ਦੇ ਘਰਾਂ, ਖਾਸ ਕਰ ਰਾਜਪੂਤਾਂ ਦੇ ਘਰਾਂ ਵਿਚ ਪਰਦਾ ਕਾਫੀ ਹੁੰਦਾ ਸੀ ਤੇ ਗੈਰ ਬੰਦਾ ਉਨ੍ਹਾਂ ਦੇ ਜਨਾਨਾਖਾਨੇ ਵਿਚ ਨਹੀਂ ਸੀ ਜਾ ਸਕਦਾ, ਮਰਾਸੀਆਂ ਨੂੰ ਜਾਣ ਦੀ ਇਜ਼ਾਜਤ ਹੁੰਦੀ ਸੀ ਤੇ ਇਹ ਇਸ ਗੱਲ ਦਾ ਲਿਹਾਜ ਵੀ ਰੱਖਦੇ ਸਨ ਤੇ ਕਦੀ ਕੋਈ ਐਸੀ ਗੱਲ ਕਦੇ ਨਹੀਂ ਨਿਕਲੀ ਕਿ ਇਨ੍ਹਾਂ ਨੇ ਕੋਈ ਬਦਤਮੀਜ਼ੀ ਕੀਤੀ ਹੋਵੇ। ਇਸ ਲਈ ਇਹ ਘਰਾਂ ਵਿਚ ਕੰਮ ਵੀ ਕਰਦੇ ਸਨ ਤੇ ਜਦੋਂ ਕਦੇ ਬਾਹਰ ਦੇ ਕੰਮ ਦੀ ਲੋੜ ਪੈਂਦੀ ਤਾਂ ਇਨ੍ਹਾਂ ਨੂੰ ਉਸ ਕੰਮ ਲਈ ਭੇਜਿਆ ਜਾਂਦਾ ਸੀ। ਇਹ ਲੋਕਾਂ ਦੇ ਰਿਸ਼ਤੇ ਵੀ ਕਰਵਾਉਂਦੇ ਸਨ ਤੇ ਇਨ੍ਹਾਂ ਦੇ ਦੱਸੇ ਰਿਸ਼ਤਿਆਂ 'ਤੇ ਯਕੀਨ ਕੀਤਾ ਜਾਂਦਾ ਸੀ, ਕਿਉਂਕਿ ਇਹ ਬੜੇ ਇਤਬਾਰੀ ਤੇ ਇਮਾਨਦਾਰ ਸਨ।

ਅੰਗਰੇਜ਼ਾਂ ਦੇ ਰਾਜ ਵਿਚ ਜਦੋਂ ਕਿਤੇ ਕਿਸੇ ਪਰਿਵਾਰ ਦਾ ਜਮੀਨ ਜਾਇਦਾਦ ਦਾ ਝਗੜਾ ਕਚਹਿਰੀ ਵਿਚ ਆਉਂਦਾ ਤਾਂ ਅਦਾਲਤ ਵਿਚ ਮਰਾਸੀ ਦੀ ਗਵਾਹੀ ਨੂੰ ਸਹੀ ਮੰਨਿਆ ਜਾਂਦਾ ਸੀ। ਮਰਾਸੀ ਦਸਦਾ ਕਿ ਕੌਣ ਕਿਸ ਦਾ ਪੁੱਤਰ ਹੈ ਤੇ ਕੌਣ ਕਿਸ ਦੀ ਧੀ ਹੈ? ਉਸ ਦੀ ਗਵਾਹੀ ਨੂੰ ਪੱਕਾ ਮੰਨਿਆ ਜਾਂਦਾ। ਅੰਗਰੇਜ਼ ਰਾਜ ਦੌਰਾਨ ਪਿੰਡਾਂ ਦੀਆਂ ਜਮੀਨ ਜਾਇਦਾਦ ਦੀਆਂ ਫਾਈਲਾਂ ਤਿਆਰ ਹੋਈਆ ਤੇ ਉਨ੍ਹਾਂ ਨੇ ਛਜਰੇ ਵੀ ਤਿਆਰ ਕੀਤੇ।

ਪਹਿਲਾ ਬੰਦੋਬਸਤ ਸੰਨ 1881 ਵਿਚ ਹੋਇਆ, ਉਸ ਦੀਆਂ ਕਿਤਾਬਾਂ ਮੈਂ ਆਪ ਦੇਖੀਆਂ ਹਨ। ਉਸ ਵਿਚ ਜਿਥੇ ਥੱਲੇ ਛਜਰਾ ਹੁੰਦਾ ਹੈ, ਉਥੇ ਮਰਾਸੀ ਦਾ ਨਾਂ ਹੁੰਦਾ ਸੀ ਅਤੇ ਇਹ ਲਿਖਦੇ ਸਨ ਕਿ ਇਹ ਛਜਰਾ ਫਲਾਣੇ ਮਰਾਸੀ ਨੇ ਤਸਦੀਕ ਕੀਤਾ ਤੇ ਉਹ ਮਰਾਸੀ ਉਸੇ ਖਾਨਦਾਨ ਤੋਂ ਹੈ। ਹਰ ਜਾਤ ਦੇ ਮਰਾਸੀ ਵੱਖ-ਵੱਖ ਹੁੰਦੇ ਸਨ। ਰਾਜਪੂਤ, ਜੱਟ, ਡੋਗਰ, ਸੈਣੀ ਤੇ ਗੁਜਰ ਅਤੇ ਹੋਰ ਬਹੁਤ ਸਾਰੇ ਕਬੀਲਿਆਂ ਦੇ ਮਰਾਸੀ ਵੱਖ-ਵੱਖ ਸਨ। ਇਥੋਂ ਤੱਕ ਹਰ ਜਾਤ ਦੀ ਗੋਤ ਦਾ ਮਰਾਸੀ ਵੀ ਵੱਖ-ਵੱਖ ਸੀ। ਮਿਸਾਲ ਵਜੋਂ ਜੱਟਾਂ ਦੇ ਗੋਤ ਰੰਧਾਵੇ ਦਾ ਮਰਾਸੀ ਵੱਖਰਾ ਸੀ ਤੇ ਅੱਗੋਂ ਨਸਲ ਦਰ ਨਸਲ ਇਹ ਰੰਧਾਵੇ ਗੋਤ ਦੇ ਜੱਟਾਂ



ਨਾਲ ਹੀ ਸਬੰਧ ਰੱਖਦੇ ਸਨ। ਉਨ੍ਹਾਂ ਦੇ ਛਜਰੇ ਵੀ ਉਨ੍ਹਾਂ ਦੇ ਮਰਾਸੀਆਂ ਕੋਲ ਹੁੰਦੇ ਸਨ। ਜੇ ਰੰਧਾਵਾ ਗੋਤ ਦੇ ਜੱਟਾਂ ਨੇ ਕਿੱਧਰੇ ਕੋਈ ਹੋਰ ਥਾਂ ਪਿੰਡ ਵਸਾ ਲਿਆ ਜਾਂ ਖਿਲਰ ਗਏ ਤਾਂ ਕੁਝ ਮਰਾਸੀ ਉਨ੍ਹਾਂ ਨਾਲ ਚਲੇ ਜਾਂਦੇ। ਜਦੋਂ ਬਾਰਾਂ ਵਿਚ ਜੱਟ ਜਾ ਵੱਸੇ ਤਾਂ ਕੁਝ ਮਰਾਸੀ ਤੇ ਕੰਮੀਆਂ ਨੂੰ ਵੀ ਨਾਲ ਲੈ ਗਏ। ਇਸ ਤਰ੍ਹਾਂ ਇਹ ਮਰਾਸੀ ਉਨ੍ਹਾਂ ਨਾਲ ਰਹਿੰਦੇ ਤੇ ਇਨ੍ਹਾਂ ਕੋਲ ਉਸ ਪਰਿਵਾਰ ਦਾ ਸਾਰਾ ਲੇਖਾ-ਜੋਖਾ ਹੁੰਦਾ ਸੀ।

ਜਦੋਂ ਨਾਦਰ ਸ਼ਾਹ ਨੇ ਦਿੱਲੀ ਫਤਿਹ ਕੀਤੀ ਤਾਂ ਉਸ ਨੇ ਜ਼ਬਰਦਸਤੀ ਆਪਣੇ ਬੇਟੇ ਦੀ ਸ਼ਾਦੀ ਮੁਗਲ ਬਾਦਸ਼ਾਹ ਮੁਹੰਮਦ ਸ਼ਾਹ ਦੀ ਬੇਟੀ ਨਾਲ ਕੀਤੀ, ਕਿਉਂਕਿ ਮੁਗਲ ਇਥੇ ਬੜੇ ਅਰਸੇ ਤੋਂ ਰਾਜ ਕਰ ਰਹੇ ਸਨ। ਉਨ੍ਹਾਂ ਨੇ ਇਥੋਂ ਦੇ ਰੀਤੀ-ਰਿਵਾਜਾਂ ਨੂੰ ਧਾਰਨ ਕਰ ਲਿਆ ਸੀ। ਇਸ ਲਈ ਸ਼ਾਦੀ ਦੇ ਮੌਕੇ ਉਨ੍ਹਾਂ ਨੇ ਆਪਣਾ ਮਰਾਸੀ ਕਲਾਨ ਕਰਨ ਲਈ ਖੜ੍ਹਾ ਕਰ ਦਿੱਤਾ। ਮਰਾਸੀ ਨੇ ਕਲਾਨ ਕੀਤੀ ਤੇ ਮੁਗਲਾਂ ਦਾ ਛਜਰਾ ਤੈਮੂਰ ਤੋਂ ਲੈ ਕੇ ਮੁਹੰਮਦ ਸ਼ਾਹ ਤੱਕ ਬਿਆਨ ਕਰ ਦਿੱਤਾ, ਕਿਉਂਕਿ ਮੁਗਲਾਂ ਨੂੰ ਪਤਾ ਸੀ ਕਿ ਨਾਦਰ ਸ਼ਾਹ ਦਾ ਖਾਨਦਾਨ ਕੋਈ ਖਾਸ ਨਹੀਂ, ਇਹ ਤਾਂ ਭੇਡਾਂ, ਬੱਕਰੀਆਂ ਚਾਰਨ ਵਾਲਾ ਖਾਨਦਾਨ ਹੈ। ਨਾਦਰ ਸ਼ਾਹ ਨੇ ਆਪਣੀ ਵਾਰੀ ਤੋਂ ਪਹਿਲਾਂ ਆਪਣੇ ਬੇਟੇ ਦਾ ਨਾਂ ਲਿਆ ਤੇ ਫਿਰ ਆਪਣਾ ਨਾਂ ਲਿਆ, ਤੇ ਫਿਰ ਤਲਵਾਰ ਕੱਢੀ ਤੇ ਕਿਹਾ ਇਬਨੇ ਸ਼ਮਸ਼ੀਰ, ਇਬਨੇ ਸ਼ਮਸ਼ੀਰ ਮਤਲਬ ਨਾਦਰ ਸ਼ਾਹ ਦਾ ਪਿਉ ਤਲਵਾਰ, ਉਸ ਦਾ ਪਿਉ ਤਲਵਾਰ।

ਇਕ ਅੰਗਰੇਜ਼ ਲਿਖਾਰੀ ਡੇਨਜ਼ਿਲ ਇਬਟਸਨ ਨੇ 1882 ਵਿਚ 'ਇਥਨੋਲੋਜਿਕਲ ਇੰਕੁਆਰੀ ਇਨ ਪੰਜਾਬ' ਨਾਂ ਦੀ ਕਿਤਾਬ ਵਿਚ ਲਿਖਿਆ ਕਿ ਜੇ ਕਿਸੇ ਖਾਨਦਾਨ ਦੇ ਪਰਵਾਸ ਨੂੰ ਸਹੀ ਢੰਗ ਨਾਲ ਜਾਣਨਾ ਹੋਵੇ ਤਾਂ ਉਸ ਖਾਨਦਾਨ ਦੇ ਪ੍ਰੋਹਿਤ, ਨਾਈ ਜਾਂ ਮਰਾਸੀ ਤੋਂ ਉਸ ਦੇ ਪਰਵਾਸ ਬਾਰੇ ਪਤਾ ਲੱਗ ਸਕਦਾ ਹੈ ਕਿ ਉਹ ਉਠ ਕੇ ਕਿਥੋਂ ਆਏ ਸਨ। ਉਹ ਲਿਖਦਾ ਹੈ, ਭਾਟ, ਜਾਗਾ, ਚਾਰਣ ਤੇ ਮਰਾਸੀ ਛਜਰਿਆਂ ਦੇ ਮਾਹਿਰ ਹੁੰਦੇ ਸਨ ਤੇ ਉਨ੍ਹਾਂ ਨੂੰ ਪਤਾ ਹੁੰਦਾ ਸੀ ਕਿ ਕਿਹੜਾ ਬੰਦਾ ਕਿਥੋਂ ਉਠ ਕੇ ਆਇਆ ਹੈ। ਇਸ ਲਈ ਇਨ੍ਹਾਂ ਨੂੰ ਆਪਣੇ ਹੱਥ ਵਿਚ ਰੱਖਣਾ ਚਾਹੀਦਾ ਹੈ। ਇਹ ਲੋਕਾਂ ਬਾਰੇ ਬੜਾ ਕੁਝ ਜਾਣਦੇ ਨੇ।

ਸੰਨ 1865 ਵਿਚ ਜਿਲਾ ਗੁਜਰਾਤ (ਲਹਿੰਦੇ ਪੰਜਾਬ) ਦੀ ਬੰਦੋਬਸਤ ਰਿਪੋਰਟ ਵਿਚ ਇਨ੍ਹਾਂ ਦੇ ਫਰਜ਼ ਇਸ ਤਰ੍ਹਾਂ ਲਿਖੇ ਗਏ:

(1) ਜਿਸ ਟੱਬਰ ਦਾ ਕੋਈ ਮਰਾਸੀ ਜਾਂ ਭਾਟ ਹੋਵੇ, ਉਹ ਉਸ ਦਾ ਛਜਰਾ (ਵੰਸ਼ਾਵਲੀ) ਜਾਂ ਨਵਜਨਾਮਾ ਯਾਦ ਰੱਖੇ ਜਾਂ ਲਿਖ ਕੇ ਰੱਖੇ।

(2) ਜੇ ਕਿਸੇ ਖਾਨਦਾਨ ਦੀ ਜਾਇਦਾਦ ਦਾ ਕੋਈ ਝਗੜਾ ਪਵੇ ਤਾਂ ਉਨ੍ਹਾਂ ਦੇ ਬਜੁਰਗਾਂ ਜਾਂ ਹਿੱਸਿਆਂ ਦਾ ਵੇਰਵਾ ਦੱਸੇ।

(3) ਮਾਲਕਾਂ ਦੇ ਪ੍ਰਾਹੁਣਿਆਂ ਦਾ ਖਿਆਲ ਰੱਖੇ।

(4) ਖੁਸ਼ੀ ਜਾਂ ਗਮੀ ਦੇ ਮੌਕੇ ਜਜਮਾਨਾਂ ਦੇ ਨਾਲ ਜਾਵੇ।

(5) ਰਿਸ਼ਤੇਦਾਰ ਤੋਂ ਪੈਗਾਮ ਲੈ ਕੇ ਆਵੇ ਤੇ ਜਾਏ।

(6) ਬਹੂ-ਬੇਟੀਆਂ (ਨਵ-ਵਿਆਹੀਆਂ) ਦੇ ਪੇਕੇ ਤੇ ਸਹੁਰੇ ਜਾਣ ਸਮੇਂ ਨਾਲ ਜਾਵੇ।

(7) ਮਰਾਸੀ ਦੀ ਬੀਵੀ ਦੀ ਜਿੰਮੇਵਾਰੀ ਹੈ ਕਿ ਉਹ ਸ਼ਾਦੀ ਦੇ ਦਿਨ ਤੋਂ 20 ਦਿਨ ਪਹਿਲਾਂ ਘਰ ਵਿਚ ਬਰਾਤ ਲਈ ਖਾਣ ਪੀਣ ਦਾ ਸਮਾਨ ਪੂਰਾ ਕਰਕੇ ਰੱਖੇ।

(8) ਮਰਾਸੀ ਸ਼ਾਦੀ ਸਮੇਂ ਗੰਢਾਂ ਲੈ ਕੇ ਜਾਵੇ।

(9) ਘਰ ਵਿਚ ਰਿਸ਼ਤੇਦਾਰ ਆਉਣ ਤੇ ਮਰਾਸੀ ਉਨ੍ਹਾਂ ਦੀ ਦੇਖਭਾਲ ਕਰੇ।

(10) ਕਿਸੇ ਘਰ ਕੋਈ ਮੌਤ ਹੋਣ 'ਤੇ ਅਰਥੀ ਸਸਕਾਰ ਜਾਂ ਜਨਾਜ਼ੇ ਦੇ ਪ੍ਰਬੰਧ ਕਰਨ ਦੀ ਜਿੰਮੇਵਾਰੀ ਮਰਾਸੀ ਦੀ ਹੈ।

(11) ਜੇ ਕੋਈ ਮਰਾਸੀ ਇਹ ਫਰਜ਼ ਪੂਰੇ ਨਾ ਕਰੇ ਤਾਂ ਉਸ ਦੀ ਥਾਂ ਨਵਾਂ ਮਰਾਸੀ ਲੈ ਲਿਆ ਜਾਵੇ।

**ਮਰਾਸੀਆਂ ਦੇ ਲਾਗ:** ਮਰਾਸੀਆਂ ਨੂੰ ਆਪਣੀ ਸਮਾਜਕ ਜਿੰਮੇਵਾਰੀ ਨਿਭਾਉਣ ਬਦਲੇ ਕੋਈ ਤਨਖਾਹ ਨਹੀਂ ਸੀ ਮਿਲਦੀ। ਇਨ੍ਹਾਂ ਨੂੰ ਗਮੀ ਜਾਂ ਖੁਸ਼ੀ ਮੌਕੇ ਜੋ ਲਾਗ ਜਾਂ ਕੋਈ ਸ਼ੈ ਮਿਲਦੀ, ਉਸ 'ਤੇ ਹੀ ਇਹ ਗੁਜ਼ਾਰਾ ਕਰਦੇ। ਅਮੀਰ ਘਰਾਂ ਵਿਚੋਂ ਜਦੋਂ ਕਿਸੇ ਜਨਾਜੇ ਜਾਂ ਅਰਥੀ 'ਤੇ ਖੇਸ ਜਾਂ ਚਾਦਰ ਪਾਈ ਜਾਂਦੀ, ਇਨ੍ਹਾਂ ਨੂੰ ਮਿਲਦੀ ਸੀ। ਪਿਛਲੇ ਸਮਿਆਂ ਦੌਰਾਨ ਪਿੰਡਾਂ ਵਿਚੋਂ ਜਦੋਂ ਕੋਈ ਬਰਾਤ ਜਾਂਦੀ ਤਾਂ ਕੰਮੀਆਂ ਦੇ ਲਾਗ ਵਾਸਤੇ ਪੈਸਾ ਇੱਕਠਾ ਕਰਨ ਲਈ ਇਕ ਥਾਲ ਰੱਖਿਆ ਜਾਂਦਾ ਸੀ। ਕੁੜੀ ਵਾਲੇ ਦੱਸਦੇ ਕਿ ਕੰਮੀਆਂ ਦੇ ਲਾਗ ਲਈ ਕਿੰਨੀ ਰਕਮ ਚਾਹੀਦੀ ਹੈ। ਇਹ ਰਕਮ ਇਕ ਆਨੇ ਤੋਂ ਇਕ ਰੁਪਏ ਤੱਕ ਹੁੰਦੀ ਸੀ, ਜੋ ਸਾਰੇ ਪਿੰਡ ਵਿਚੋਂ ਇੱਕਠੀ ਕੀਤੀ ਜਾਂਦੀ ਸੀ। ਜੱਟ ਇਸ ਨੂੰ ਰਤਰਾਚਰੀ ਤੇ ਗੁਜ਼ਰ ਇਸ ਨੂੰ ਡਾਰ ਕਹਿੰਦੇ ਸਨ ਤੇ ਗਰੀਬ, ਅਮੀਰ-ਸਭ ਹਿੱਸਾ ਪਾਉਂਦੇ। ਇਸ ਰਕਮ ਵਿਚੋਂ ਮਰਾਸੀ ਨੂੰ ਕੁਝ ਹਿੱਸਾ ਮਿਲਦਾ ਸੀ।

ਏ. ਐਚ. ਰੋਜ਼ ਲਿਖਦਾ ਹੈ ਕਿ ਜੇ ਕੋਈ ਜਜਮਾਨ ਜਾਂ ਪਰਬ ਮਰਾਸੀਆਂ ਨੂੰ ਬਣਦਾ ਲਾਗ ਨਾ ਦਿੰਦਾ ਤਾਂ ਮਰਾਸੀ ਉਨ੍ਹਾਂ ਦੀ ਬੜੀ ਬੇਇੱਜਤੀ ਕਰਦੇ ਤੇ ਗਲੀਆਂ-ਮੁਹੱਲਿਆਂ ਵਿਚ ਲਾਗ ਖਾਣ ਬਾਰੇ ਬਦਨਾਮੀ ਕਰਦੇ। ਜੇ ਕੋਈ ਲਾਗ ਨਾ ਦਿੰਦਾ ਤਾਂ ਉਸ ਦੇ ਪਰਬਾਂ ਦੀਆਂ ਨਕਲਾਂ ਲਾਉਂਦੇ ਤੇ ਪੁਤਲਾ ਬਣਾ ਕੇ ਪਿੰਡ-ਪਿੰਡ ਫੇਰਦੇ। ਇੰਨੀ ਬੇਇੱਜਤੀ ਨੂੰ ਕੋਈ ਪਰਬ ਬਰਦਾਸ਼ਤ ਨਾ ਕਰਦਾ, ਇਸ ਕਰਕੇ ਉਸ ਨੂੰ ਇਹ ਲਾਗ ਦੇਣਾ ਹੀ ਪੈਂਦਾ। ਇਨ੍ਹਾਂ ਨੂੰ ਪਿੰਡ ਵਿਚ ਰਹਿਣ ਲਈ ਘਰ ਬਣਾ ਕੇ ਦਿੱਤਾ ਜਾਂਦਾ ਸੀ। ਲਾਗ ਲੈਣ ਤੋਂ ਇਲਾਵਾ ਇਹ ਫਸਲ ਦੀ ਕਟਾਈ ਵੀ ਕਰਦੇ ਤੇ ਇਨ੍ਹਾਂ ਨੂੰ ਫਸਲਾਂ ਵਿਚੋਂ ਹਿੱਸਾ ਮਿਲਦਾ।

ਜਿੱਥੇ ਮਰਾਸੀ ਆਪਣੇ ਜਜਮਾਨਾਂ ਜਾਂ ਪਰਬਾਂ ਦੀਆਂ ਸੇਵਾਵਾਂ, ਸਿਫਤਾਂ ਤੇ ਛਜਰੇ ਤਿਆਰ ਕਰਦੇ, ਉਥੇ ਇਕ ਐਸਾ ਮਰਾਸੀ ਵੀ ਹੋਇਆ ਹੈ, ਜਿਸ ਨੂੰ ਸਿੱਖ ਧਰਮ ਵਿਚ ਗੁਰੂ ਨਾਨਕ ਸਾਹਿਬ ਨਾਲ ਜੀਵਨ ਬਿਤਾਉਣ ਤੇ ਰੱਬ ਦੀ ਕੀਰਤੀ ਕਰਨ ਕਾਰਨ ਬੜਾ ਸਤਿਕਾਰਿਆ ਗਿਆ, ਜੋ ਮਰਜਾਨੇ ਤੋਂ ਮਰਦਾਨਾ ਤੇ ਭਾਈ ਮਰਦਾਨਾ ਬਣ ਗਿਆ ਤੇ ਸਦਾ ਲਈ ਅਮਰ ਹੋ ਗਿਆ।

ਭਾਈ ਮਰਦਾਨੇ ਨੇ ਗੁਰੂ ਨਾਨਕ ਦੇਵ ਨਾਲ ਦੇਸ਼-ਵਿਦੇਸ਼ ਦੀਆਂ ਲੰਮਾ ਸਮਾਂ ਯਾਤਰਾਵਾਂ ਕੀਤੀਆਂ। ਭਾਈ ਮਰਦਾਨੇ ਦਾ ਜਨਮ ਪਿਤਾ ਬਦਰਾ ਅਤੇ ਮਾਤਾ ਲੱਖੋ ਦੀ ਕੁਖੋਂ ਇਕ ਮੁਸਲਿਮ ਮਰਾਸੀ ਪਰਿਵਾਰ ਵਿਚ ਰਾਏ ਭੋਏ ਦੀ ਤਲਵੰਡੀ (ਲਹਿੰਦਾ ਪੰਜਾਬ, ਪਾਕਿਸਤਾਨ) ਵਿਚ ਹੋਇਆ, ਜਿਸ ਨੂੰ ਹੁਣ ਨਨਕਾਣਾ ਸਾਹਿਬ ਕਹਿੰਦੇ ਹਨ। ਗੁਰੂ ਨਾਨਕ ਦੇਵ ਤੇ ਭਾਈ ਮਰਦਾਨਾ ਇੱਕੋਂ ਹੀ ਪਿੰਡ ਵਿਚ ਵੱਡੇ ਹੋਏ, ਪਰ ਭਾਈ ਮਰਦਾਨਾ ਗੁਰੂ ਨਾਨਕ ਦੇਵ ਤੋਂ ਕੋਈ ਦਸ ਸਾਲ ਵੱਡੇ ਸਨ। ਜਦੋਂ ਗੁਰੂ ਨਾਨਕ ਦੇਵ ਦੁਨੀਆਂ ਨੂੰ ਸੱਚ ਦਾ ਉਪਦੇਸ਼ ਦੇਣ ਲਈ ਉਦਾਸੀਆਂ 'ਤੇ ਨਿਕਲੇ ਤਾਂ ਆਪਣੇ ਨਾਲ ਭਾਈ ਮਰਦਾਨੇ ਨੂੰ ਵੀ ਤਿਆਰ ਕੀਤਾ। ਇਸ ਪਿਛੋਂ ਦੋਹਾਂ ਦੀ ਜੋੜੀ, ਭਾਈ ਮਰਦਾਨੇ ਦੇ ਚਲਾਣੇ ਤੱਕ ਇੱਕਠੀ ਰਹੀ। ਜਦੋਂ ਗੁਰੂ ਨਾਨਕ ਰੱਬੀ ਬਾਣੀ ਦਾ ਕੀਰਤਨ ਕਰਦੇ ਤਾਂ ਭਾਈ ਮਰਦਾਨਾ ਉਨ੍ਹਾਂ ਨਾਲ ਰਬਾਬ ਵਜਾਉਂਦਾ। ਭਾਈ ਮਰਦਾਨਾ 1534 ਈ. ਨੂੰ ਕਰਤਾਰਪੁਰ ਸਾਹਿਬ (ਲਹਿੰਦਾ ਪੰਜਾਬ, ਪਾਕਿਸਤਾਨ) ਵਿਚ ਅਕਾਲ ਚਲਾਣਾ ਕਰ ਗਏ ਤਾਂ ਗੁਰੂ ਨਾਨਕ ਦੇਵ ਨੇ ਉਨ੍ਹਾਂ ਦਾ ਪੰਜ ਭੂਤਕ ਸਰੀਰ ਉਨ੍ਹਾਂ ਦੀ ਅੰਤਿਮ ਇੱਛਾ ਮੁਤਾਬਕ ਰਾਵੀ ਦਰਿਆ ਵਿਚ ਜਲ ਪ੍ਰਵਾਹ ਕਰ ਦਿੱਤਾ ਅਤੇ ਰੱਬੀ ਬਾਣੀ ਦਾ ਕੀਰਤਨ ਕੀਤਾ ਤੇ ਕੜਾਹ ਪ੍ਰਸਾਦਿ ਸਿੱਖਾਂ ਵਿਚ ਵੰਡਿਆ। ਉਨ੍ਹਾਂ ਦੇ ਪਰਿਵਾਰ ਤੇ ਪੁੱਤਰ ਸਜਾਦਾ ਨੂੰ ਦਿਲਾਸਾ ਦਿੱਤਾ ਤੇ ਕਿਹਾ ਕਿ ਪਰਿਵਾਰ ਦਾ ਕੋਈ ਜੀਅ ਨਾ ਰੋਵੇ ਕਿਉਂਕਿ ਉਹ ਅੱਲਾਹ (ਖੁਦਾ) ਵਿਚ ਲੀਨ ਹੋ ਗਏ ਹਨ। ਉਸ ਪਿਛੋਂ ਰਬਾਬ ਵਜਾਉਣ ਦੀ ਜਿੰਮੇਵਾਰੀ ਭਾਈ ਮਰਦਾਨਾ ਦੇ ਪੁੱਤਰ ਸਜਾਦਾ ਨੂੰ ਦਿੱਤੀ ਗਈ।

ਭਾਈ ਮਰਦਾਨਾ ਦਾ ਇਕ ਸ਼ਬਦ ਗੁਰੂ ਗ੍ਰੰਥ ਸਾਹਿਬ ਵਿਚ ਬਿਹਾਗੜੇ ਦੀ ਵਾਰ ਵਿਚ ਦਰਜ ਹੈ ਅਤੇ ਗੁਰੂ ਨਾਨਕ ਸਾਹਿਬ ਵਲੋਂ ਭਾਈ ਮਰਦਾਨੇ ਨੂੰ ਮੁਖਾਤਬ ਕਰਕੇ ਲਿਖੇ ਦੋ ਸ਼ਬਦ ਹਨ। ਭਾਈ ਗੁਰਦਾਸ ਨੇ ਵੀ ਲਿਖਿਆ ਹੈ, "ਇਕ ਬਾਬਾ ਅਕਾਲ ਰੂਪ ਦੂਜਾ ਰਬਾਬੀ ਮਰਦਾਨਾ।" ਭਾਈ ਮਰਦਾਨਾ ਦੀ 17ਵੀਂ ਪੀੜ੍ਹੀ ਭਾਈ ਲਾਲ ਜੀ ਨੇ ਰਬਾਬ ਸਾਜ ਨਾਲ ਸੱਤਰ ਸਾਲ ਗੁਰਬਾਣੀ ਕੀਰਤਨ ਕੀਤਾ ਤੇ ਉਹ 85 ਸਾਲ ਦੀ ਉਮਰ ਵਿਚ ਅਕਾਲ ਚਲਾਣਾ ਕਰ ਗਏ। ਉਨ੍ਹਾਂ ਦਾ ਨਾਂ ਸਿੱਖ ਧਰਮ ਵਿਚ ਬੜੇ ਸਤਿਕਾਰ ਨਾਲ ਲਿਆ ਜਾਂਦਾ ਹੈ। ਜਿਸ ਤਰ੍ਹਾਂ ਭਾਈ ਮਰਦਾਨਾ ਗੁਰੂ ਨਾਨਕ ਦੇਵ ਨਾਲ ਸਾਰੀ ਉਮਰ ਸੱਚ ਤੇ ਧਰਮ ਦਾ ਉਪਦੇਸ਼ ਦਿੰਦੇ ਤੇ ਰੱਬੀ ਬਾਣੀ ਦਾ ਕੀਰਤਨ ਕਰਦੇ ਰਹੇ, ਉਸੇ ਤਰ੍ਹਾਂ ਪੰਜਵੇਂ ਪਾਤਸ਼ਾਹ ਗੁਰੂ ਅਰਜਨ ਦੇਵ ਦੇ ਸਮੇਂ ਦੋ ਭਰਾ-ਭਾਈ ਸੱਤਾ ਤੇ ਭਾਈ ਬਲਵੰਡ ਰੱਬੀ ਬਾਣੀ ਦਾ ਕੀਰਤਨ ਗੁਰੂ ਘਰ ਵਿਚ ਕਰਦੇ ਸਨ। ਇਨ੍ਹਾਂ ਨੂੰ ਸੱਤਾ ਡੂਮ ਤੇ ਬਲਵੰਡ ਡੂਮ ਕਿਹਾ ਜਾਂਦਾ ਹੈ, ਕਿਉਂਕਿ ਦੋਵੇਂ ਡੂਮ (ਮਰਾਸੀ), ਮੁਸਲਮਾਨ ਰਬਾਬੀ ਗਵਈਏ ਤੇ ਵੰਸ਼ਾਵਲੀ ਦੇ ਮਾਹਿਰ ਸਨ। ਕਿਹਾ ਜਾਂਦਾ ਹੈ ਕਿ ਦੋਨਾਂ ਦਾ ਅਕਾਲ ਚਲਾਣਾ ਲਾਹੌਰ ਵਿਚ ਛੇਵੇਂ ਪਾਤਸ਼ਾਹ ਗੁਰੂ ਹਰਗੋਬਿੰਦ ਸਾਹਿਬ (1595-1644) ਵੇਲੇ ਹੋਇਆ ਤੇ ਦੋਵਾਂ ਨੂੰ ਰਾਵੀ ਦਰਿਆ ਦੇ ਕੰਢੇ ਸਪੁਰਦ-ਏ-ਖਾਕ ਕੀਤਾ ਗਿਆ। ਉਨ੍ਹਾਂ ਦੀਆਂ ਅੰਤਿਮ ਰਸਮਾਂ ਗੁਰੂ ਸਾਹਿਬ ਦੇ ਮੁਸਲਮਾਨ ਰਬਾਬੀ ਬਾਬਕ ਨੇ ਕੀਤੀਆਂ। ਗੁਰੂ ਗ੍ਰੰਥ ਸਾਹਿਬ ਦੇ ਪੰਨਾ 966 ਤੋਂ 968 ਵਿਚ ਇਕ ਸ਼ਬਦ "ਰਾਮਕਲੀ ਕੀ ਵਾਰ ਰਾਇ ਬਲਵੰਡ ਤਥਾ ਸਤੈ ਡੂਮ ਆਖੀ" ਦੋਨਾਂ ਭਰਾਵਾਂ ਦਾ ਉਚਾਰਣ ਕੀਤਾ ਹੋਇਆ ਦਰਜ ਹੈ।

ਮਰਾਸੀਆਂ ਨੇ ਸੰਗੀਤ ਦੇ ਖੇਤਰ ਵਿਚ, ਖਾਸ ਕਰ ਕਲਾਸੀਕਲ ਸੰਗੀਤ ਵਿਚ ਬੜਾ ਕੰਮ ਕੀਤਾ ਹੈ। ਲਗਭਗ ਸਾਰੇ ਹੀ ਮਰਾਸੀ ਲੋਕ ਇਸ ਖੇਤਰ ਵਿਚ ਚਲੇ ਗਏ ਹਨ। ਲਗਭਗ ਸਾਰੇ ਉਸਤਾਦ ਲੋਕ ਇਸ ਕਲਾ ਵਲ ਚਲੇ ਗਏ ਹਨ। ਅੰਮ੍ਰਿਤਸਰ ਜਿਲੇ ਦੇ ਪਿੰਡ ਸ਼ਕਰੀ, ਪਟਖਾਨਾਂ ਤੇ ਖਾਨਕੋਟ ਦੇ ਕੱਟਵਾਲ ਡੋਗਰ ਜਦੋਂ 1947 ਵਿਚ ਭਾਰਤ ਦੀ ਵੰਡ ਪਿਛੋਂ ਪਾਕਿਸਤਾਨ ਆਏ ਤੇ ਇਨ੍ਹਾਂ ਦੇ ਮਰਾਸੀ ਵੀ ਇਨ੍ਹਾਂ ਨਾਲ ਆਏ। ਉਨ੍ਹਾਂ ਵਿਚੋਂ ਇਕ ਅਬਦੁਲ ਮਜੀਦ ਨਾਂ ਦੇ ਮਰਾਸੀ ਨਾਲ ਮੈਂ ਖੁਦ ਮੁਲਾਕਾਤ ਕੀਤੀ। ਉਸ ਨੇ ਦਸਿਆ ਕਿ ਇਨ੍ਹਾਂ ਪਿੰਡਾਂ ਦੇ ਡੋਗਰ ਜੱਟ ਘੋੜਿਆਂ 'ਤੇ ਪਾਕਿਸਤਾਨ ਆਏ ਤੇ ਉਨ੍ਹਾਂ ਬਾਜ ਰੱਖੇ ਹੋਏ ਸਨ ਤੇ ਉਹ ਵੀ ਉਨ੍ਹਾਂ ਨਾਲ ਬਾਜ ਫੜ ਕੇ ਪੈਦਲ ਆਇਆ ਤੇ ਉਸ ਵੇਲੇ ਉਹ ਬੱਚਾ ਸੀ। ਸ਼ਕਰੀ, ਪਟਖਾਨਾਂ ਤੇ ਖਾਨਕੋਟ ਵਾਲੇ ਡੋਗਰਾਂ ਨੇ ਨਾਰੋਵਾਲ ਕੋਲੋਂ ਬਾਰਡਰ ਪਾਰ ਕੀਤਾ ਤੇ ਜਿਲਾ ਸ਼ੇਖੂਪੁਰਾ ਪਹੁੰਚ ਗਏ। ਉਥੇ ਉਹ ਜੰਡਿਆਲਾ ਸ਼ੇਰ ਖਾਂ ਕੋਲ ਪਿੰਡ ਮਦਾਰ ਵਿਚ ਆਬਾਦ ਹੋਏ। ਇਸ ਪਿੰਡ ਦੇ ਕੋਲ ਹੀ ਵਾਰਿਸ ਸ਼ਾਹ ਦੀ ਮਜ਼ਾਰ ਹੈ। ਅਬਦੁਲ ਮਜ਼ੀਦ ਆਪਣੇ ਰਿਸ਼ਤੇਦਾਰ ਕੋਲ ਨਾਰੋਵਾਲ ਵਸ ਗਿਆ ਤੇ ਇਨ੍ਹਾਂ ਵਿਚੋਂ ਕਈ ਮਰਾਸੀ ਪਿੰਡ ਬੱਦੋਮਲੀ ਸ਼ਹਿਰ ਜਾ ਕੇ ਆਬਾਦ ਹੋ ਗਏ। ਫਿਰ ਇਨ੍ਹਾਂ ਵਿਚੋਂ ਕਈ ਮਰਾਸੀ ਰੋਜ਼ਗਾਰ ਲਈ ਲਾਹੌਰ ਦੇ ਸ਼ਾਹੀ ਮੁਹੱਲੇ ਚਲੇ ਗਏ ਤੇ ਉਥੇ ਸ਼ਾਹੀ ਮੁਹੱਲੇ ਕੰਜਰੀਆਂ ਦੇ ਨਾਚ ਸਮੇਂ ਤਬਲਾ ਤੇ ਹਾਰਮੋਨੀਅਮ ਵਜਾਉਂਦੇ ਸਨ।

ਇਨ੍ਹਾਂ ਵਿਚੋਂ ਕਾਫੀ ਮਰਾਸੀਆਂ ਨੇ ਪਾਕਿਸਤਾਨੀ ਫਿਲਮਾਂ ਵਿਚ ਵੀ ਕੰਮ ਕੀਤਾ ਜਿਵੇਂ ਕਿ ਫਿਲਮ 'ਮਲੰਗੀ' ਦੇ ਗਾਣਿਆਂ ਵਿਚ ਸੈਦ ਮੁਹੰਮਦ ਨਾਂ ਦੇ ਮਰਾਸੀ ਨੇ ਤਬਲਾ ਵਜਾਇਆ। ਸਾਡੇ ਪਿੰਡ ਕੋਟਰਾਏ ਦੇ ਕੋਲ ਇਕ ਪਿੰਡ ਸਬਲਪੁਰ ਹੈ, ਜਿਥੇ ਸਾਡੇ ਸਾਰੇ ਜਿਮੀਂਦਾਰਾਂ ਦੇ ਮਰਾਸੀ ਰਹਿੰਦੇ ਹਨ। ਇਹ ਮਰਾਸੀ ਮਸ਼ਹੂਰ ਮਰਾਸੀ ਗੁਲੂਕਾਰਾਂ ਨੂੰ ਆਪਣੇ ਕੋਲ ਗਾਉਣ ਲਈ ਬੁਲਾਉਂਦੇ ਸਨ। ਉਨ੍ਹਾਂ ਨੇ ਇਕ ਮਸ਼ਹੂਰ ਗੁਲੂਕਾਰ ਹੁਸੈਨ ਬਖਸ਼ ਗੁਲੂ ਨੂੰ ਗਾਉਣ ਲਈ ਬੁਲਾਇਆ, ਜਿਸ ਨੂੰ ਉਸ ਵਕਤ ਮੈਂ ਵੀ ਸੁਣਿਆ ਸੀ। ਉਹ ਕਲਾਸੀਕਲ ਸੰਗੀਤ ਦਾ ਬੜਾ ਮਾਹਿਰ ਸੀ। ਜਦੋਂ ਪਹਿਲੀ ਵਾਰ ਸਾਡੇ ਪਿੰਡ ਦੇ ਮਰਾਸੀਆਂ ਨੇ ਉਸ ਨੂੰ ਗਾਉਣ ਲਈ ਬੁਲਾਇਆ ਤਾਂ ਆਸੇ-ਪਾਸੇ ਦੇ ਪਿੰਡਾਂ ਦੇ ਰਾਜਪੂਤ, ਜੱਟ, ਗੁਜਰ ਤੇ ਡੋਗਰ ਲੋਕ ਉਸ ਨੂੰ ਸੁਣਨ ਲਈ ਇੱਕਠੇ ਹੋਏ। ਇਨ੍ਹਾਂ ਲੋਕਾਂ ਦਾ ਖਿਆਲ ਸੀ ਕਿ ਇਹ ਹੀਰ-ਰਾਂਝਾ ਜਾਂ ਮਿਰਜਾ ਜੱਟ ਗਾਏਗਾ ਪਰ ਉਸ ਨੇ ਕਲਾਸੀਕਲ ਗਾਣਾ ਸ਼ੁਰੂ ਕਰ ਦਿੱਤਾ। ਇਸ 'ਤੇ ਸੁਣਨ ਵਾਲਿਆਂ ਨੇ ਰੌਲਾ ਪਾ ਦਿੱਤਾ ਤੇ ਮਰਾਸੀਆਂ ਨੇ ਹੱਥ ਜੋੜ ਦਿੱਤੇ। ਮਰਾਸੀਆਂ ਨੇ ਕਿਹਾ ਕਿ ਸਾਡਾ ਇਹੋ ਹੀ ਮਿਰਜਾ ਜੱਟ ਏ ਤੇ ਸਾਨੂੰ ਸੁਣਾ ਲੈਣ ਦਿਉ। ਲੋਕ ਤੰਗ ਹੋ ਕੇ ਵਾਪਿਸ ਮੁੜਨ ਲੱਗ ਗਏ। ਇਨ੍ਹਾਂ ਵਿਚੋਂ ਮੁਖਤਾਰ ਮਰਾਸੀ ਚੰਗਾ ਸਾਰੰਗੀ ਨਿਵਾਜ ਸੀ।

ਉਪਰ ਜਿਸ ਅਬਦੁਲ ਮਜੀਦ ਦੀ ਗੱਲ

**1931 ਵਿਚ ਇਕੱਲੇ ਚੜ੍ਹਦੇ ਪੰਜਾਬ ਦੇ ਵੱਖ ਵੱਖ ਜਿਲਿਆਂ ਵਿਚ ਮਰਾਸੀ ਕਬੀਲੇ ਦੀ ਕੁਲ ਆਬਾਦੀ**

| | ਜਿਲਾ | ਹਿੰਦੂ | | ਸਿੱਖ | | ਮੁਸਲਿਮ | | ਕੁਲ | |
|---|---|---|---|---|---|---|---|---|---|
| | | 1931 | % | 1931 | % | 1931 | % | 1931 | % |
| 1 | ਅੰਬਾਲਾ | | | | | 2,145 | 100.00 | 2,145 | |
| 2 | ਅੰਮ੍ਰਿਤਸਰ | 168 | 1.50 | 31 | 0.28 | 11,021 | 98.23 | 11,220 | |
| 3 | ਦਿੱਲੀ | 9 | 0.67 | | | 1,327 | 99.33 | 1,336 | |
| 4 | ਫਰੀਦਕੋਟ | | | | | 1,953 | 100.00 | 1,953 | |
| 5 | ਫਿਰੋਜ਼ਪੁਰ | 48 | 0.37 | 13 | 0.10 | 13,019 | 99.53 | 13,080 | |
| 6 | ਗੁਰਦਾਸਪੁਰ | 35 | 0.51 | 47 | 0.68 | 6,819 | 98.81 | 6,901 | |
| 7 | ਗੁੜਗਾਓਂ | 29 | 1.00 | | | 2,866 | 99.00 | 2,895 | |
| 8 | ਹਿਸਾਰ | 63 | 2.48 | | | 2,474 | 97.52 | 2,537 | |
| 9 | ਹੁਸ਼ਿਆਰਪੁਰ | 82 | 1.60 | | | 5,054 | 98.40 | 5,136 | |
| 10 | ਜਲੰਧਰ | | | | | 7,495 | 100.00 | 7,495 | |
| 11 | ਜੀਂਦ | | | | | 1,744 | 100.00 | 1,744 | |
| 12 | ਕਾਂਗੜਾ | | | | | 1,088 | 100.00 | 1,088 | |
| 13 | ਕਪੂਰਥਲਾ | 4 | 0.17 | | | 2,333 | 99.83 | 2,337 | |
| 14 | ਕਰਨਾਲ | 10 | 0.33 | | | 3,034 | 99.67 | 3,044 | |
| 15 | ਲੁਧਿਆਣਾ | 7 | 0.16 | | | 4,258 | 99.84 | 4,265 | |
| 16 | ਮਲੇਰਕੋਟਲਾ | | | | | 902 | 100.00 | 902 | |
| 17 | ਨਾਭਾ | | | | | 1,965 | 100.00 | 1,965 | |
| 18 | ਪਟਿਆਲਾ | 25 | 0.26 | | | 9,425 | 99.74 | 9,450 | |
| 19 | ਰੋਹਤਕ | 20 | 0.86 | | | 2,312 | 99.14 | 2,332 | |
| 20 | ਸ਼ਿਮਲਾ | 32 | 69.57 | | | 14 | 30.43 | 46 | |
| | **ਕੁਲ ਗਿਣਤੀ** | **532** | **0.65** | **91** | **0.11** | **81,248** | **99.24** | **81,871** | |

*(ਅਗਲੇ ਸਫੇ 'ਤੇ ਜਾਰੀ)*

# ਸਾਡੀਆਂ ਸੰਸਥਾਵਾਂ ਅਤੇ ਦਾਲ ਸਪੈਸ਼ਲਿਸਟ

ਸਾਡੇ ਸਮਾਜ ਦੀ ਹਾਲਤ ਇੱਕ ਸੰਗਠਨ ਜਾਂ ਸੰਸਥਾ ਵਜੋਂ ਬੇਹੱਦ ਤਰਸਯੋਗ ਬਣੀ ਹੋਈ ਹੈ। ਇਸ ਦਾ ਜ਼ਾਹਰਾ ਅਤੇ ਗੁਹਜ ਕਾਰਨ ਸਾਡੀਆਂ ਸੰਸਥਾਵਾਂ ਹਨ, ਜਿਨ੍ਹਾਂ ਨੂੰ ਉਨ੍ਹਾਂ ਅੰਦਰ ਛਾਈ ਮੁਰਦੇਹਾਣੀ ਕਾਰਨ 'ਸਿੱਕ' ਸੰਸਥਾਵਾਂ ਕਹਿਣਾ ਵੱਧ ਸਹੀ ਹੈ। ਕਿਸੇ ਵਿਕੋਲਿਤਰੀ ਸੰਸਥਾ ਨੂੰ ਛੱਡ ਕੇ ਸਮਾਜ ਦੀ ਪ੍ਰਤਿਨਿਧਤਾ ਕਰਨ ਵਾਲੀਆਂ ਸੱਭੇ ਸੰਸਥਾਵਾਂ ਹੁਣ ਮੁਕਤੀ ਪ੍ਰਦਾਤਾ ਨਹੀਂ ਹਨ, ਸਗੋਂ ਦੋਜ਼ਖ ਵੱਲ ਜਾਂਦੀਆਂ ਸਿੱਧੀਆਂ ਸੜਕਾਂ ਹਨ।

ਸਾਡੀਆਂ ਸੰਸਥਾਵਾਂ ਇਸ ਲਈ ਵੀ 'ਸਿੱਕ' ਹਨ ਕਿ ਇਨ੍ਹਾਂ ਦਾ ਕੋਈ ਵਿਧੀ ਵਿਧਾਨ ਹੀ ਨਹੀਂ ਹੈ। ਜਿਸ ਵੀ ਸੰਸਥਾ ਦਾ ਕੋਈ ਪ੍ਰਮਾਣਿਕ ਵਿਧੀ ਵਿਧਾਨ ਹੋਵੇਗਾ, ਉਸ ਵਿਚ ਕਿਸੇ ਨਵੇਂ ਬੰਦੇ ਲਈ ਪਰਵੇਸ਼ ਕਰਨਾ ਵੀ



ਅਵਤਾਰ ਸਿੰਘ (ਪ੍ਰੋ.)
ਫੋਨ: 91-94175-18384

ਮੁਸ਼ਕਿਲ ਹੋਵੇਗਾ ਤੇ ਪੁਰਾਣੇ ਨੂੰ ਬਾਹਰ ਕੱਢਣਾ ਉਸ ਤੋਂ ਵੀ ਮੁਸ਼ਕਿਲ ਹੋਵੇਗਾ; ਪਰ ਜਿੱਥੇ ਕੋਈ ਵਿਧੀ ਵਿਧਾਨ ਹੀ ਨਾ ਹੋਵੇ, ਉਥੇ ਕਿਸੇ ਵੀ ਐਰੇ-ਗੈਰੇ ਦਾ ਪਰਵੇਸ਼ ਹਰ ਵਕਤ ਸੁਖੈਨ ਹੁੰਦਾ ਹੈ ਤੇ ਕਿਸੇ ਚੰਗੇ ਭਲੇ ਭੱਦਰਪੁਰਸ਼ ਨੂੰ ਬਾਹਰ ਦਾ ਰਸਤਾ ਦਿਖਾਉਣਾ ਉਸ ਤੋਂ ਵੀ ਅਸਾਨ ਹੁੰਦਾ ਹੈ।

ਦੇਖਿਆ ਗਿਆ ਹੈ ਕਿ ਕੋਈ ਕਾਰਗਰ ਅਤੇ ਮਿਹਨਤੀ ਇਨਸਾਨ ਆਪਣੀ ਲਿਆਕਤ ਤੇ ਜਾਣ-ਪਛਾਣ ਦੇ ਬਲਬੂਤੇ ਕੋਈ ਨਿੱਗਰ ਸੰਸਥਾ ਖੜ੍ਹੀ ਕਰਦਾ ਹੈ ਤੇ ਉਥੇ ਰੱਜ ਕੇ ਕੰਮ ਕਰਦਾ ਹੈ। ਕੋਈ ਉਸ ਦੇ ਕੰਮ ਵਿਚ ਵਿਘਨ ਨਹੀਂ ਪਾਉਂਦਾ ਤੇ ਨਾ ਦਖਲਅੰਦਾਜ਼ੀ ਕਰਦਾ ਹੈ। ਸਭ ਨੂੰ ਹੀ ਉਸ ਉਤੇ ਮਾਣ ਅਤੇ ਵਿਸ਼ਵਾਸ ਹੁੰਦਾ ਹੈ। ਵਿਸ਼ਵਾਸ ਕਾਹਦਾ, ਨਿਰੀ ਸ਼ਰਧਾ ਹੁੰਦੀ ਹੈ। ਅਜਿਹੇ ਭਲੇ ਪੁਰਸ਼ ਬਹੁਤ ਥੋੜ੍ਹੇ ਹੁੰਦੇ ਹਨ ਤੇ ਕਦੇ ਕਦੇ ਪ੍ਰਗਟ ਹੁੰਦੇ ਹਨ, "ਬੜੀ ਮੁਸ਼ਕਿਲ ਸੇ ਹੋਤਾ ਹੈ ਚਮਨ ਮੇਂ ਦੀਦਾਵਰ ਪੈਦਾ।"

ਅਚਾਨਕ ਕੋਈ ਸਿਰੇ ਦਾ ਵਿਹਲੜ ਤੇ ਪ੍ਰੁੱਜ ਕੇ ਨਾਲਾਇਕ ਬੰਦਾ ਆ ਦਾਖਲ ਹੁੰਦਾ ਹੈ ਤੇ ਚੁੱਪ ਚਾਪ ਦਾਲ ਵਰਤਾਉਣ ਲੱਗ ਜਾਂਦਾ ਹੈ; ਹੌਲੀ ਹੌਲੀ ਲੰਗਰ 'ਚ ਘੁਸਪੈਠ ਕਰਕੇ ਦਾਲ ਵਿਚ ਕੜਛੀ ਘੁਮਾਉਣ ਲੱਗ ਜਾਂਦਾ ਹੈ। ਲੋਕ ਸਮਝਦੇ ਹਨ ਕਿ ਬੜਾ ਨਿਰਛਲ ਅਤੇ ਨਿਸ਼ਕਾਮ ਸੇਵਕ ਹੈ। ਕੜਛੀ ਫੇਰਦਾ ਫੇਰਦਾ ਉਹ ਸੰਸਥਾ ਦੀ ਅੰਦਰੂਨੀ ਬਣਤਰ, ਕਸ਼ਮਕਸ਼ ਅਤੇ ਹੀਜਪਿਆਜ ਦਾ ਭੇਤ ਪਾ ਲੈਂਦਾ ਹੈ। ਅਜਿਹੇ ਵਿਹਲੜਾਂ ਦੀ ਸਾਡੇ ਸਮਾਜ ਵਿਚ ਕਮੀ ਨਹੀਂ ਹੈ; ਅਜਿਹੀ ਨਸਲ, ਟਪਕੇ ਅੰਬ ਦੀ ਤਰ੍ਹਾਂ, ਕਦੀ ਵੀ ਅਤੇ ਕਿਤੋਂ ਵੀ ਚਾਣਚੱਕ ਟਪਕ ਪੈਂਦੀ ਹੈ ਤੇ ਸਭ ਹੱਕੇ ਬੱਕੇ ਰਹਿ ਜਾਂਦੇ ਹਨ।

ਹਰ ਬੰਦਾ ਕਿਸੇ ਨਾ ਕਿਸੇ ਨਾਲ ਆਪਣੀਆਂ ਕਮਜ਼ੋਰੀਆਂ ਜ਼ਰੂਰ ਸਾਂਝੀਆਂ ਕਰਦਾ ਹੈ। ਬੰਦੇ ਦੀ ਇਸੇ ਕਮਜ਼ੋਰੀ ਦਾ ਲਾਹਾ ਲੈਂਦਿਆਂ ਵਿਹਲੜ ਅਤੇ ਦਾਲ ਸਪੈਸ਼ਲਿਟ ਬੰਦਾ ਸੰਸਥਾ ਦੇ ਮੁਖੀ ਦੀਆਂ ਸ਼ਖਸੀ ਕਮਜ਼ੋਰੀਆਂ ਦਾ ਹਮਰਾਜ਼ ਬਣ ਜਾਂਦਾ ਹੈ। ਅਸਲ ਵਿਚ ਸੰਸਥਾ ਦਾ ਮੁਖੀ ਆਪਣੀ ਦਾਹੜੀ ਆਪ ਹੀ ਉਸ ਨਾਲਾਇਕ ਦੇ ਹੱਥ ਫੜਾ ਕੇ ਖੁਸ਼ ਰਹਿੰਦਾ ਹੈ। ਉਸ ਦੀ ਇੱਜਤ ਆਬਰੂ ਉਸ ਟਪਕੇ ਦੇ ਰਹਿਮੋ ਕਰਮ 'ਤੇ ਨਿਰਭਰ ਹੋ ਜਾਂਦੀ ਹੈ। ਇਹੀ ਉਹ ਸਮਾਂ ਹੁੰਦਾ ਹੈ, ਜਦੋਂ ਕਿਸੇ ਸੰਸਥਾ ਦੇ ਪਤਨ ਦਾ ਮੁੱਢ ਬੱਝਦਾ ਹੈ ਤੇ ਸੰਸਥਾ ਦੇ ਨਿਘਾਰ ਦਾ ਆਗਾਜ਼ ਹੁੰਦਾ ਹੈ।

ਸੰਸਥਾਪਕਾਂ ਦੀ ਇਹ ਵੀ ਕਮਜ਼ੋਰੀ ਹੁੰਦੀ ਹੈ ਕਿ ਉਹ ਜਿਉਂਦੇ ਜੀ ਆਪਣੀ ਥਾਂ ਕਿਸੇ ਲਾਇਕ ਬੰਦੇ ਨੂੰ ਨੇੜੇ ਨਹੀਂ ਫਟਕਣ ਦਿੰਦੇ। ਆਪਣੇ ਬਰਾਬਰ ਦਿਆਂ ਤੋਂ ਉਹ ਹਮੇਸ਼ਾ ਵਿੱਥ ਬਣਾ ਕੇ ਰੱਖਦੇ ਹਨ; ਉਪਰਲਿਆਂ ਦੇ ਤਾਂ ਨੇੜੇ ਨਹੀਂ ਢੁਕਦੇ। ਉਹ ਸਦਾ ਡਰਦੇ ਰਹਿੰਦੇ ਹਨ ਕਿ ਉਨ੍ਹਾਂ ਦੇ ਬਰਾਬਰ ਦੇ ਜਾਂ ਉਪਰਲੇ ਕਿਤੇ ਕਾਬਜ਼ ਨਾ ਹੋ ਜਾਣ; ਪਰ ਆਪਣੇ ਆਸਤੀਨ ਦੇ ਸੱਪ ਦਾ ਉਨ੍ਹਾਂ ਨੂੰ ਬਿਲਕੁਲ ਵੀ ਭੇਤ ਨਹੀਂ ਲੱਗਦਾ। ਦੂਸਰੇ ਦੇ ਭੇਤ ਜਾਣਨ ਵਾਲਾ ਆਪਣੇ ਭੇਤ ਲੁਕਾ ਕੇ ਰੱਖਦਾ ਹੈ। ਜਦ ਸੰਸਥਾ ਦੇ ਮੁਢਲੇ ਮੁਖੀ ਦੀ ਤਬੀਅਤ ਕੁਝ ਢਿੱਲੀ ਮੱਠੀ ਹੁੰਦੀ ਹੈ ਤਾਂ ਉਸੇ ਵਕਤ ਦਾਲ ਸਪੈਸ਼ਲਿਸਟ, ਕੜਛੀ ਛੱਡ ਕੇ ਸੰਸਥਾ ਦੀਆਂ ਕੁੰਜੀਆਂ ਸਾਂਭ ਲੈਂਦਾ ਹੈ। ਇਸ ਤਰ੍ਹਾਂ ਚਾਬੀਆਂ ਦਾ ਗੁਪਤ ਮੋਰਚਾ ਫਤਿਹ ਹੁੰਦਾ ਹੈ ਤੇ ਸਾਂਝੀ ਸੰਸਥਾ ਨੂੰ ਨਿਜੀ ਜਗੀਰ ਬਣਾਉਣ ਦੇ ਅਮਲ ਨੂੰ ਬੂਰ ਪੈਂਦਾ ਹੈ।

ਫਿਰ ਉਹ ਕਿਸੇ ਨੂੰ ਵੀ ਦੱਸੇ ਅਤੇ ਪੁੱਛੇ ਬਗੈਰ, ਚੁੱਪ ਚੁਪੀਤੇ, ਆਨੇ-ਬਹਾਨੇ ਪੜ੍ਹੇ-ਲਿਖੇ ਅਤੇ ਇਮਾਨ ਵਾਲੇ ਮੈਂਬਰਾਂ ਦੀ ਮੁਢਲੀ ਮੈਂਬਰਸ਼ਿਪ ਖਾਰਜ ਕਰਕੇ, ਬੋਗਸ ਭਰਤੀ ਕਰਦਾ ਹੈ; ਜਿਨ੍ਹਾਂ ਦਾ ਪਤਾ ਸੰਸਥਾ ਦੇ ਆਮ ਇਜਲਾਸ ਸਮੇਂ ਹੀ ਲੱਗਦਾ ਹੈ, ਜਦ ਇਹ ਸਮਝਣਾ ਮੁਸ਼ਕਿਲ ਹੋ ਜਾਂਦਾ ਹੈ ਕਿ ਇਹ ਸੰਸਥਾ ਦਾ ਆਮ ਇਜਲਾਸ ਹੋ ਰਿਹਾ ਹੈ ਜਾਂ ਉਸ ਕੜਛੀ ਮਾਸਟਰ ਦੇ ਦਾਦਕਾ ਜਾਂ ਨਾਨਕਾ ਮੇਲ ਦਾ 'ਕੱਠ ਹੈ!

ਉਸ ਦੇ ਜਿਹੜੇ ਰਿਸ਼ਤੇਦਾਰ ਦੀ ਕਿਤੇ ਕੋਈ ਪੁੱਛ-ਪ੍ਰਤੀਤ ਨਹੀਂ ਹੁੰਦੀ, ਉਹ ਸੰਸਥਾ ਦਾ ਪਤਵੰਤਾ ਹੁੰਦਾ ਹੈ।

ਸੰਸਥਾ ਦਾ ਵਿਧੀ ਵਿਧਾਨ ਕਦੀ ਕਿਸੇ ਨੇ ਬਣਾਇਆ ਤੇ ਨਿਭਾਇਆ ਨਹੀਂ ਹੁੰਦਾ ਤੇ ਉਹ ਸਦਾ ਬਹਾਰ ਵਿਰਲੜ ਬੰਦਾ ਚਿੱਟਾ ਸੱਪ ਬਣ ਕੇ ਸੰਸਥਾ 'ਤੇ ਬੈਠ ਜਾਂਦਾ ਹੈ। ਲੋਕ ਹੈਰਾਨ ਹੁੰਦੇ ਹਨ, ਜਦ ਉਹ ਨਿਸ਼ਕਾਮ ਸੇਵਕ ਸਮਝਿਆ ਜਾਂਦਾ ਚਿੱਟਕੱਪੜੀਆ, ਨਿਰਛਲ ਦੀ ਥਾਂ ਨਿਰਾ ਛਲ ਸਾਬਤ ਹੁੰਦਾ ਹੈ ਤੇ ਸੰਸਥਾ ਦੇ ਨੇੜੇ ਤੇੜੇ ਫਟਕਣ ਵਾਲਿਆਂ ਨੂੰ ਡੰਗ ਮਾਰਨੇ ਸ਼ੁਰੂ ਕਰ ਦਿੰਦਾ ਹੈ।

ਅਜਿਹੇ ਸੱਪ ਦਾ ਡੱਸਿਆ ਪ੍ਰਾਣੀ ਪਾਣੀ ਵੀ ਨਹੀਂ ਮੰਗਦਾ ਤੇ ਆਪਣੀ ਇੱਜਤ ਬਚਾਉਣ ਵਿਚ ਹੀ ਭਲਾ ਸਮਝਦਾ ਹੈ। ਕੋਈ ਇੱਜਤਦਾਰ ਬੰਦਾ ਉਧਰ ਮੂੰਹ ਤੱਕ ਨਹੀਂ ਕਰਦਾ। ਇਸ ਤਰ੍ਹਾਂ ਹਰੇਕ ਸੰਸਥਾ 'ਸਿੱਕ' ਸੰਸਥਾ ਵਿਚ ਤਬਦੀਲ ਹੋ ਜਾਂਦੀ ਹੈ ਅਤੇ ਉਸ ਕਪਟੀ ਦੀ ਨਿਜੀ ਜਾਇਦਾਦ ਬਣ ਕੇ ਰਹਿ ਜਾਂਦੀ ਹੈ, ਤੇ ਸੰਸਥਾ ਦਾ ਵਾਸਤਵ ਵਿਚ ਭੋਗ ਪੈ ਜਾਂਦਾ ਹੈ।

ਐਸੀਆਂ ਸੰਸਥਾਵਾਂ ਦੀ ਸਾਲਾਨਾ ਆਮਦਨ ਕਰੋੜਾਂ 'ਚ ਹੁੰਦੀ ਹੈ, ਜਿਸ ਦਾ ਕਿਸੇ ਨੂੰ ਵੀ ਪਤਾ ਨਹੀਂ ਹੁੰਦਾ ਕਿ ਉਹ ਖਰਚ ਕਿੱਥੇ ਹੁੰਦੀ ਹੈ ਜਾਂ ਜਾਂਦੀ ਕਿੱਥੇ ਹੈ? ਕਿਸੇ ਨੂੰ ਵੀ ਪਤਾ ਨਹੀਂ ਹੁੰਦਾ ਕਿ ਉਸ ਦਾਲ ਸਪੈਸ਼ਲਿਸਟ ਦੇ ਨਾਂ 'ਤੇ ਕਿਸ ਕਿਸ ਥਾਂ ਕਿੰਨੇ ਕਿੰਨੇ ਕਨਾਲ ਦੇ ਪਲਾਟ ਇੰਤਕਾਲ ਹੋ ਚੁਕੇ ਹਨ; ਕਿੱਥੋਂ ਉਸ ਨੂੰ ਕਿਰਾਇਆ ਆਉਂਦਾ ਹੈ ਤੇ ਕਿੰਨਾ ਵਿਆਜ ਆਉਂਦਾ ਹੈ!

ਕਿਸੇ ਨੂੰ ਵੀ ਪਤਾ ਨਹੀਂ ਲੱਗਦਾ ਕਿ ਸੰਸਥਾ ਦੀ ਕਾਰ ਘਸਾਈ ਕਿਹੜੀਆਂ ਕਿਹੜੀਆਂ ਸੜਕਾਂ 'ਤੇ ਕਿਹੜੇ ਕਿਹੜੇ ਕੰਮ ਲਈ ਹੁੰਦੀ ਹੈ। ਦਸ ਰੁਪਏ ਦੀ ਚੀਜ ਲਿਆਉਣ ਲਈ ਦੋ ਸੌ ਰੁਪਏ ਦਾ ਤੇਲ ਫੂਕਣਾ ਪਵੇ ਤਾਂ ਉਹ ਰੱਤੀ ਪ੍ਰਵਾਹ ਨਹੀਂ ਕਰਦਾ, ਤੇਲ-ਪਾਣੀ ਕੰਪਨੀ ਦਾ, ਮਸ਼ਹੂਰੀ ਮਾਲਕਾਂ ਦੀ ਹੁੰਦੀ ਹੈ।

ਇਹ ਸਿਰਫ ਉਸੇ ਨੂੰ ਪਤਾ ਹੁੰਦਾ ਹੈ ਕਿ ਸੰਸਥਾ ਦਾ ਮਹਿਮਾਨਖਾਨਾ ਕਿਹੜੇ ਕਿਹੜੇ ਦਿਨ-ਸੁਦ ਜਾਂ ਦਿਵਸ ਨੂੰ ਕਿਸ ਉਪੱਦਰ ਲਈ ਵਰਤ ਹੁੰਦਾ ਹੈ। ਕੋਈ ਨਹੀਂ ਜਾਣਦਾ ਕਿ ਉਸ ਦੇ ਰਿਸ਼ਤੇਦਾਰਾਂ ਦੇ ਵਿਆਹ ਸ਼ਾਦੀਆਂ, ਜਨਮ ਦਿਨ ਤੇ ਭੋਗ ਆਦਿ ਸੰਸਥਾ ਨੂੰ ਕਿੰਨੇ ਕਿੰਨੇ 'ਚ ਪੈਂਦੇ ਹਨ। ਕੋਈ ਨਹੀਂ ਜਾਣਦਾ ਕਿ ਕਿੱਥੇ ਕਿੱਥੇ ਦਿੱਤੇ ਅਤੇ ਕਿਹੜੇ ਕਿਹੜੇ ਗਿਫਟ ਚੁੱਪ ਚੁਪੀਤੇ ਲੰਗਰਾਂ ਦੇ ਬਿਲ ਵਿਚ ਸਮਾ ਜਾਂਦੇ ਹਨ। ਅਖੀਰ ਘਸਦਿਆਂ ਘਸਦਿਆਂ ਉਸ ਦੀਆਂ ਪੌਂ ਬਾਰਾਂ ਹੋ ਜਾਂਦੀਆਂ ਨੇ, ਤੇ ਵਿਚਾਰੀ ਸੰਸਥਾ ਦਾ ਇੰਤਕਾਲ ਹੋ ਜਾਂਦਾ ਹੈ।

ਮੱਤ ਸਮਝੋ ਕਿ ਉਹ ਦਾਲ ਸਪੈਸ਼ਲਿਸਟ ਉਕਾ ਬੇਪ੍ਰਵਾਹ ਤੇ ਬੇਫਿਕਰ ਹੁੰਦਾ ਹੈ। ਨਾਲਾਇਕੀ ਦੇ ਪੁੰਜ ਅਤੇ ਲਾਲਚ ਦੀ ਪੰਡ ਨੂੰ ਅੰਦਰੋ ਅੰਦਰੀ ਝੋਰਾ ਵੱਢ ਵੱਢ ਖਾਣ ਲੱਗ ਪੈਂਦਾ ਹੈ ਤੇ ਉਸ ਨੂੰ ਫਿਕਰ ਘੇਰੀ ਰੱਖਦੇ ਹਨ, ਜੋ ਬਣਦੇ ਬਣਦੇ ਮਰਜ਼ ਬਣ ਜਾਂਦੇ ਹਨ; ਜਿਸ ਦਾ ਪਤਾ ਉਦੋਂ ਲੱਗਦਾ ਹੈ, ਜਦ ਉਸ ਦੇ ਝੋਲੇ ਵਿਚ ਡੱਬਾ ਡੱਬਾ ਗੋਲੀਆਂ ਦਾ ਰਹਿਣ ਲੱਗ ਜਾਂਦਾ ਹੈ। ਕਿਹੜੀ ਬਿਮਾਰੀ ਹੈ, ਜੋ ਉਸ ਨੂੰ ਨਹੀਂ ਚੰਬੜੀ ਹੁੰਦੀ!

ਜੇ ਨਹੀਂ ਪਤਾ ਹੁੰਦਾ ਤਾਂ ਉਸ ਨੂੰ ਸਿਰਫ ਇਹੀ ਨਹੀਂ ਪਤਾ ਹੁੰਦਾ ਕਿ ਦਿਆਲੂ ਤੇ ਕਿਰਪਾਲੂ ਦੇ ਨਾਲ ਨਾਲ ਵਾਹਿਗੁਰੂ ਬਾਣੀਆ ਵੀ ਹੈ, 'ਲੇਖਾ ਰਬੁ ਮੰਗੇਸੀਆ ਬੈਠਾ ਕਢਿ ਵਹੀ॥' ਕੋਈ ਰੱਖੇ ਜਾਂ ਨਾ, ਪਰ ਉਹ ਬਾਣੀਆਂ ਵਾਹਿਗੁਰੂ ਪਾਈ ਪਾਈ ਦਾ ਹਿਸਾਬ ਰੱਖਦਾ ਹੈ, 'ਦੇਂਦਕਿ ਪਾਇ ਸਿਰਜਣਹਾਰੈ ਲੇਖਾ ਮੰਗੈ ਬਾਣੀਆ॥' ਅਖੀਰ ਅਜਲੀ ਅਤੇ ਅਦਲੀ ਹਿਸਾਬ ਦੇ ਸਾਹਮਣੇ ਮਚਲਾ ਠਰਕੀ ਇਕ ਤਰ੍ਹਾਂ ਦਾ ਨਰਕੀ ਹੋ ਜਾਂਦਾ ਹੈ, ਧਰਮਸਾਲ ਕੇ ਲੰਗਰ ਤਿੰਨ ਕੰਮ ਕਰੇਨ, ਮੱਤ ਮਾਰਨ ਹੱਡ ਗਾਲਣ ਕੰਮ ਕਰਨ ਨਾ ਦੇਣ।

ਚੰਦਰੀਆਂ ਬਿਮਾਰੀਆਂ ਉਸ ਕੜਛੀ ਮਾਸਟਰ ਤੱਕ ਸੀਮਤ ਨਹੀਂ ਰਹਿੰਦੀਆਂ। ਉਹ ਵਿਚਾਰਾ ਪਾਪ ਦੀ ਇੰਨੇ ਕਰ ਬਹਿੰਦਾ ਹੈ ਕਿ ਉਨ੍ਹਾਂ ਦਾ ਲੇਖਾ, ਸ਼ਾਹੂਕਾਰ ਆੜ੍ਹਤੀਏ ਦੇ ਕਰਜ਼ੇ ਵਾਂਗ ਉਸ ਦੀ ਔਲਾਦ ਤੱਕ ਮਾਰ ਕਰਦਾ ਹੈ। ਉਸ ਦੇ ਬੱਚੇ ਪਤੰਦਰ ਸਾਬਤ ਹੁੰਦੇ ਹਨ, ਨਸ਼ੇ ਕਰਨ ਲੱਗ ਜਾਂਦੇ ਹਨ ਤੇ ਚੋਰ ਉਚੱਕੇ ਬਣ ਜਾਂਦੇ ਹਨ। ਇਨ੍ਹਾਂ ਦੀ ਮਿਹਰਬਾਨੀ ਸਦਕਾ ਹੀ ਗੁਰੂ ਘਰਾਂ ਦੀਆਂ ਗੋਲਕਾਂ 'ਚੋਂ ਹਮੇਸ਼ਾ ਚਿਊਂਗਮ ਲੱਗੇ ਡੱਕੇ ਨਿਕਲਦੇ ਹਨ। ਇਨ੍ਹਾਂ ਦੀ ਅਸਮਤ, ਜਤ, ਸਤ ਅਤੇ ਇੱਜਤਾਂ ਵੀ ਇਖਲਾਕ ਦੀਆਂ ਡੁਬੀਆਂ ਗੰਢਾਂ ਸਾਬਤ ਹੁੰਦੀਆਂ ਹਨ, ਜੋ ਸਦਾ ਹੀ ਅਤੇ ਕਿਤੇ ਵੀ ਖੁੱਲ੍ਹਣ ਲਈ ਤਿਆਰ-ਬਰ-ਤਿਆਰ ਰਹਿੰਦੀਆਂ ਹਨ, 'ਇਸਤਰੀ ਪੁਰਖੈ ਦਾਮ ਹਿਤ ਭਾਵੈਂ ਆਵੈ ਕਿਥਾਊਂ ਜਾਈ॥'

ਗਿਆਨੀ ਗਿਆਨ ਸਿੰਘ ਨੇ 'ਤਵਾਰੀਖ ਗੁਰੂ ਖਾਲਸਾ' ਵਿਚ ਲਿਖਿਆ ਹੈ ਕਿ ਜਦ ਗੁਰੂ ਨਾਨਕ ਤੋਂ ਪੁੱਛਿਆ "ਕਿਤਾਬ ਤੋਂ ਕੀ ਹਾਸਲ ਹੈ?" ਤਾਂ ਗੁਰੂ ਨਾਨਕ ਨੇ ਆਖਿਆ: ਕਿਤਾਬ ਬੱਕਰੀ ਹੈ। ਆਰਫ ਲੋਕ ਇਸ ਦਾ ਮਗਜ਼ ਖਾਂਦੇ ਹਨ, ਜਿਗਿਆਸੂ ਭਗਤ ਇਸ ਦਾ ਦੁੱਧ ਪੀਂਦੇ ਹਨ, ਕਾਂਜੀ ਪੰਡਿਤ ਹੱਡੀਆਂ ਚੱਬਦੇ ਹਨ, ਹਾਕਮ ਇਸ ਦਾ ਲਹੂ ਚੱਟਦੇ ਹਨ।

ਗਰੀਬ ਦੇ ਮੂੰਹ ਤੇ ਗੁਰੂ ਕੀ ਗੋਲਕ ਦੇ ਸਿਰ 'ਤੇ ਬਣਾਈਆਂ, ਇਨ੍ਹਾਂ ਬੰਦਿਆਂ ਦੀਆਂ ਜਾਇਦਾਦਾਂ ਧਰੀਆਂ ਧਰਾਈਆਂ ਰਹਿ ਜਾਂਦੀਆਂ ਹਨ। ਤਰ੍ਹਾਂ ਤਰ੍ਹਾਂ ਦੀਆਂ ਬਦਫੈਲੀਆਂ ਨੂੰ ਲੱਗੇ ਅਤੇ ਗਿੱਝੇ ਅਜਿਹੇ ਲੋਕਾਂ ਨੂੰ ਪਤਾ ਵੀ ਨਹੀਂ ਲੱਗਦਾ, ਜਦ ਉਨ੍ਹਾਂ ਨੂੰ ਠਿੱਬੀ ਲਾਉਣ ਵਾਲਾ ਕੋਈ ਹੋਰ ਕੜਛੀ ਫੇਰ, ਦਾਲ ਸਪੈਸ਼ਲਿਸਟ ਟਪਕ ਪੈਂਦਾ ਹੈ। ਸੇਰ ਨੂੰ ਸਵਾ ਸੇਰ ਅਤੇ ਕੜਛੀ ਫੇਰ ਨੂੰ ਕੜਛਾ ਫੇਰ ਟੱਕਰ ਜਾਂਦਾ ਹੈ, 'ਜੇ ਸਕਤਾ ਸਕਤੇ ਕਉ ਮਾਰੇ ਤਾ ਮਨਿ ਰੋਸੁ ਨ ਹੋਈ॥'

ਸਾਡੀਆਂ ਸਮਾਜੀ ਸੰਸਥਾਵਾਂ ਵਾਰ ਵਾਰ ਸਿੱਕ ਹੋ ਕੇ ਅਖੀਰ ਦਮ ਤੋੜ ਜਾਂਦੀਆਂ ਹਨ। ਫਿਰ ਕੋਈ ਕਦੇ ਕਦਾਈਂ ਚੇਤੇ ਕਰਦਾ ਹੈ ਕਿ ਉਹ ਫਲਾਣੀ-ਢੀਂਗੜੀ ਸੰਸਥਾ ਬਣੀ ਸੀ ਕਦੀ; ਉਥੇ ਇਕ ਵਾਰੀ ਇਹ ਹੋਇਆ ਸੀ, ਉਹ ਹੋਇਆ ਸੀ, ਫਲਾਣਾ ਢਿਮਕਾ।

ਪੰਚਮ ਪਾਤਸ਼ਾਹ ਨੇ ਕਿਡਾ ਖੂਬ ਆਖਿਆ ਹੈ, "ਕੜਛੀਆ ਫਿਰੰਨਿ ਸੁਆਉ ਨ ਜਾਣਨਿ ਸੁੰਞੀਆ॥" ਵਿਹਲੜ ਕਿਸਮ ਦੇ ਕੜਛੀ ਫੇਰ ਦਾਲ ਸਪੈਸ਼ਲਿਸਟ ਬੰਦੇ ਸਾਡੀਆਂ ਸੰਸਥਾਵਾਂ 'ਚ ਇੰਜ ਵਿਚਰਦੇ ਹਨ, ਜਿਵੇਂ ਦਾਲ ਦੇ ਪਤੀਲੇ 'ਚ ਫਿਰਦੀ ਹੋਈ ਕੜਛੀ ਖੜਕਦੀ ਬਹੁਤ ਹੈ, ਪਰ ਕਦੀ ਵੀ ਦਾਲ ਦਾ ਸੁਆਦ ਨਹੀਂ ਜਾਣ ਸਕਦੀ।

# ਅਣਵੰਡੇ ਪੰਜਾਬ ਦੀ ਭੁੱਲੀ ਦਾਸਤਾਨ (ਮਰਾਸੀ)

*(ਪਿਛਲੇ ਸਫੇ ਦੀ ਬਾਕੀ)*

ਕੀਤੀ ਗਈ ਹੈ, ਉਹ ਨਾਰੋਵਾਲ ਤੋਂ ਲਾਹੌਰ ਸ਼ਾਹੀ ਮੁਹੱਲੇ ਵਿਚ ਰਹਿਣ ਲੱਗ ਪਿਆ ਤੇ ਸਾਜ ਵਜਾਉਂਦਾ ਰਿਹਾ। ਇਸ ਨੇ ਉਸੇ ਤਵਾਇਫ ਨਾਲ ਸ਼ਾਦੀ ਕਰ ਲਈ, ਜਿਸ ਨਾਲ ਉਹ ਤਬਲਾ ਵਜਾਉਂਦਾ ਸੀ। ਉਸ ਦਾ ਇਕ ਲੜਕਾ ਇਮਰਾਨ ਤੇ ਲੜਕੀ ਸ਼ਬਨਮ ਮਜੀਦ ਹੈ। ਇਹ ਦੋਵੇਂ ਭੈਣ-ਭਰਾ ਜਦੋਂ ਛੋਟੇ ਸਨ ਤੇ ਸਾਡੇ ਮਰਾਸੀਆਂ ਦੇ ਵਿਆਹ ਸ਼ਾਦੀ 'ਤੇ ਆਉਂਦੇ ਸਨ ਤਾਂ ਸਾਡੇ ਮੁੰਡਿਆਂ ਨੂੰ ਗਾਣਾ ਸੁਣਾਉਂਦੇ ਸਨ। ਸ਼ਬਨਬ ਮਜੀਦ ਸਾਡੇ ਡੋਗਰ ਜੱਟ ਪਰਿਵਾਰ ਦੀ ਮਰਾਸਣ ਹੈ ਤੇ ਬਹੁਤ ਵਧੀਆ ਗਾਉਂਦੀ ਹੈ। ਉਸ ਨੂੰ ਇੰਗਲੈਂਡ ਦੇ ਟੈਲੀਵਿਜ਼ਨ 'ਤੇ ਵੀ ਗਾਉਂਦਿਆਂ ਸੁਣਿਆ ਹੈ। ਸ਼ਬਨਮ ਨੂੰ ਯੂ-ਟਿਊਬ 'ਤੇ ਵੀ ਗਾਉਂਦਿਆਂ ਸੁਣਿਆ ਜਾ ਸਕਦਾ ਹੈ। ਉਸ ਦੀ ਸ਼ਾਦੀ ਪਾਕਿਸਤਾਨ ਫਿਲਮਾਂ ਦੇ ਤਬਲਾ ਨਵਾਜ਼ ਤਾਫੂ ਖਾਨ ਦੇ ਬੇਟੇ ਨਾਲ ਹੋਈ। ਸ਼ਬਨਮ ਮਜੀਦ ਦੇ ਪਿਤਾ ਦਾ ਨਾਂ ਅਬਦੁਲ ਮਜੀਦ ਸੀ ਤੇ ਉਨ੍ਹਾਂ ਦੇ ਪਿਤਾ ਦਾ ਨਾਂ ਮੁਹੰਮਦ ਤੁਫੈਲ ਸੀ।

ਪਾਕਿਸਤਾਨ ਦੇ ਬਹੁਤ ਸਾਰੇ ਗੁਲੂਕਾਰਾਂ ਦਾ ਮਰਾਸੀ ਘਰਾਣਿਆਂ ਨਾਲ ਸਬੰਧ ਹੈ। ਪਾਕਿਸਤਾਨ ਦੀ ਮਸ਼ਹੂਰ ਗੁਲੂਕਾਰਾ ਮਲਿਕਾ-ਏ-ਤਰੰਨਮ ਨੂਰ ਜਹਾਂ, ਜਿਸ ਦਾ ਅਸਲ ਨਾਂ ਅੱਲਾ ਰੱਖੀ ਤੇ ਉਸ ਦੀ ਭੈਣ ਦਾ ਨਾਂ ਈਦਨ ਸੀ, ਕਿਉਂਕਿ ਉਹ ਈਦ ਵਾਲੇ ਦਿਨ ਪੈਦਾ ਹੋਈ ਸੀ। ਜਦੋਂ ਨੂਰ ਜਹਾਂ ਹਾਲੇ ਫਿਲਮ ਵਿਚ ਨਹੀਂ ਸੀ ਆਈ, ਉਦੋਂ ਉਸ ਨੇ ਇੱਕ ਡਾਂਸ ਪਾਰਟੀ ਬਣਾਈ ਹੋਈ ਸੀ। ਉਹ ਵੀ ਮਰਾਸਣ ਸੀ, ਉਸ ਦਾ ਸਬੰਧ ਕਸੂਰ ਘਰਾਣੇ ਨਾਲ ਸੀ। ਉਸ ਦੇ ਨਾਨਕੇ ਅੰਮ੍ਰਿਤਸਰ ਸ਼ਹਿਰ ਦੇ ਮੁਹੱਲਾ ਸ਼ਰੀਫਪੁਰ ਵਿਚ ਸਨ। ਅੰਮ੍ਰਿਤਸਰ ਜਿਲੇ ਦਾ ਪਿੰਡ 'ਖਾਨਕੋਟ' ਡੋਗਰ ਜੱਟਾਂ ਦਾ ਸੀ, ਇਸੇ ਪਿੰਡ ਦੀ ਜਮੀਨ ਵਿਚ ਅੰਮ੍ਰਿਤਸਰ ਦਾ ਸ਼ਰੀਫਪੁਰਾ ਮੁਹੱਲਾ ਤੇ ਮਾਨਾਂਵਾਲਾ ਰੇਲਵੇ ਸਟੇਸ਼ਨ ਪੈਂਦਾ ਹੈ।

ਨੂਰਜਹਾਂ ਦਾ ਨਾਨਾ, ਜੋ ਸ਼ਰੀਫਪੁਰੇ ਦਾ ਰਹਿਣ ਵਾਲਾ ਸੀ, ਖਾਨਕੋਟ ਦੇ ਡੋਗਰ ਜੱਟਾਂ ਦਾ ਮਰਾਸੀ ਸੀ। ਮਸ਼ਹੂਰ ਗਜ਼ਲ ਗਾਇਕ ਗੁਲਾਮ ਅਲੀ ਪਿੰਡ ਗਲੋਟੀਆਂ, ਜੋ ਡਸਕੇ ਕੋਲ ਹੈ, ਉਸੇ ਟੱਬਰ ਤੋਂ ਹੈ। ਅਫਸ਼ਾਂ, ਸਾਇਰਾ ਨਸੀਮ ਤੇ ਬੜੇ ਗੁਲਾਮ ਅਲੀ ਖਾਨ ਵੀ ਕਸੂਰ ਘਰਾਣੇ ਤੋਂ ਹਨ। ਇਹ ਮੌਸੀਕੀ ਵਿਚ ਬਹੁਤ ਅੱਗੇ ਚਲੇ ਗਏ ਹਨ ਤੇ ਇਨ੍ਹਾਂ ਨੇ ਬੜਾ ਨਾਂ ਪੈਦਾ ਕੀਤਾ ਹੈ। ਇਨ੍ਹਾਂ ਦੇ ਤਿੰਨ ਕਲਾਸੀਕਲ ਮੁਸਕਰੀ ਦੇ ਘਰਾਣੇ ਹਨ ਜਿਵੇਂ ਪਟਿਆਲਾ ਘਰਾਣਾ, ਕਸੂਰ ਘਰਾਣਾ ਤੇ ਸ਼ਾਮ ਚੁਰਾਸੀ (ਹੁਸ਼ਿਆਰਪੁਰ) ਘਰਾਣਾ। ਸਾਂਸੀ ਵੀ ਮਰਾਸੀਆਂ ਦਾ ਕੰਮ ਕਰਦੇ ਸਨ। ਸਾਡੇ ਇਕ ਅਜੀਜ ਹਨ, ਉਨ੍ਹਾਂ ਦੇ ਮਰਾਸੀ ਦਾ ਨਾਂ ਸਦੀਕ ਸਾਂਸੀ ਹੈ ਤੇ ਜਿਹੜੇ ਸਾਡੇ ਅਜ਼ੀਜ਼ ਫਿਰੋਜ਼ਪੁਰ ਤੋਂ ਵੰਡ ਵੇਲੇ ਉਠ ਕੇ ਪਾਕਿਸਤਾਨ ਆਏ ਸਨ, ਉਨ੍ਹਾਂ ਦਾ ਇਹ ਮਰਾਸੀ ਸੀ ਤੇ ਇਸ ਦਾ ਅੱਧਾ ਟੱਬਰ ਫਿਰੋਜ਼ਪੁਰ ਹੀ ਰਹਿ ਗਿਆ ਤੇ ਉਹ ਹਿੰਦੂ ਹਨ ਤੇ ਇਹ ਮੁਸਲਮਾਨ ਏ। ਉਸ ਨੂੰ ਗੁਰਮੁਖੀ ਵੀ ਆਉਂਦੀ ਹੈ ਤੇ ਉਸ ਨੇ ਸਾਰੇ ਛਜਰੇ ਗੁਰਮੁਖੀ ਵਿਚ ਲਿਖੇ ਹਨ।

ਹੁਣ ਸਾਰੇ ਮਰਾਸੀ ਇਹ ਕੰਮ ਛਡਦੇ ਜਾ ਰਹੇ ਹਨ। ਕੰਮ ਛਡਣ ਦਾ ਵੱਡਾ ਕਾਰਨ ਇਹ ਹੈ ਕਿ ਇਨ੍ਹਾਂ ਦੇ ਜਜਮਾਨ ਜਾਂ ਪਰਬ ਜੱਟ ਜਾਂ ਰਾਜਪੂਤ ਸਨ ਤੇ ਉਨ੍ਹਾਂ ਦੀਆਂ ਜਮੀਨਾਂ ਬਹੁਤ ਘੱਟ ਗਈਆਂ ਹਨ ਤੇ ਉਹ ਇਨ੍ਹਾਂ ਨੂੰ ਹੁਣ ਪਾਲ ਨਹੀਂ ਸਕਦੇ। ਮੇਰਾ ਅੱਧਾ ਪਿੰਡ ਕੋਟਰਾਏ ਡੋਗਰ ਵਾਲੀ ਤਹਿਸੀਲ ਪਸਰੂਰ ਵਿਚੋਂ ਜੁਲਾਹੇ, ਮੋਚੀ, ਸ਼ੇਖ ਪਿੰਡ ਛੱਡ ਕੇ ਚਲੇ ਗਏ ਹਨ ਕਿਉਂਕਿ ਪੈਦਾਵਾਰ ਤੋਂ ਆਮਦਨ ਬਹੁਤ ਘੱਟ ਗਈ ਹੈ ਤੇ ਲੋਕ ਆਪ ਵੀ ਬਾਹਰ ਦੇ ਮੁਲਕਾਂ ਵਿਚ ਜਾ ਵਸੇ ਹਨ।

**ਖਾਸੀਅਤਾਂ:** ਮਰਾਸੀਆਂ ਦਾ ਚਰਿੱਤਰ ਆਜਜ਼ੀ ਇਨਸਾਰੀ (ਨਿਮਾਣੇ ਤੇ ਬੀਬਿਆਂ) ਵਾਲਾ ਹੈ। ਉਹ ਬੜੇ ਠੰਡੇ ਮਿਜ਼ਾਜ ਤੇ ਮਨੋਵਿਗਿਆਨੀ ਹੁੰਦੇ ਹਨ। ਇਹ ਆਪਣੇ ਜਜ਼ਮਾਨ ਜਾਂ ਪਰਬ ਨੂੰ ਖੁਸ਼ੀ ਨਾਲ ਤੇ ਖਿੜੇ ਮੱਥੇ ਮਿਲਦੇ ਤੇ ਮੱਥੇ 'ਤੇ ਹੱਥ ਰੱਖ ਕੇ ਸਲਾਮ ਕਰਦੇ ਤੇ ਅਸੀਸਾਂ ਦਿੰਦੇ ਹਨ। ਇਨ੍ਹਾਂ ਦੀ ਨਜ਼ਰ ਚਿਹਰੇ 'ਤੇ ਹੁੰਦੀ ਹੈ ਤੇ ਸੀਸ ਨਿਵਾਉਂਦੇ ਹਨ ਤੇ ਦੁਆਵਾਂ ਦਿੰਦੇ ਹਨ। ਬਿਸਮਿੱਲਾ ਜੋੜੀਆਂ ਸਲਾਮਤ, ਭਾਗ ਲੱਗੇ ਰਹਿਣ, ਰੰਗ ਲੱਗੇ ਰਹਿਣ, ਚੌਧਰੀ ਫਲਾਣੇ ਖਾਨ ਦਾ ਨਾਂ ਸਲਾਮਤ ਰਹੇ। ਜੱਦ ਫਲਾਣੇ ਦੀ ਵਧੇ ਜਨਾਬ 'ਚੋਂ, ਧੰਨ ਭਾਗ, ਨਾਂ ਰੌਸ਼ਨ ਰਹੇ, ਰਿਜਕ ਦਾ ਲਾਏ ਮੌਲਾ, ਸ਼ਾਨਾਂ ਉਚੀਆਂ ਹੋਣ, ਰਿਜਕ ਦਾ ਘਾਟਾ ਨਾ ਹੋਵੇ, ਸਰਦਾਰ ਦੇ ਡੇਰੇ ਵਸਦੇ ਰਹਿਣ, ਜੱਦ ਫਲਾਣੇ ਖਾਨ ਦੀ ਵਧੇ, ਮਾਲਕ ਦਾ ਨਾਂ ਉਚਾ ਹੋਵੇ, ਜੱਦ ਫਲਾਣੇ ਸਿੰਘ ਦੀ ਵਧੇ ਜਨਾਬ 'ਚੋਂ, ਹਾਜੀ ਸਾਹਿਬ ਦੀਆਂ ਖੈਰਾਂ ਅਤੇ ਦੁਵਾਰੇ ਵਸਦੇ ਰਹਿਣ ਤੇ ਨਾਲ ਹੀ ਉਸ ਬੰਦੇ ਦੀਆਂ ਪੰਜ ਪੁਸ਼ਤਾਂ ਦੇ ਨਾਂ ਲੈਂਦੇ ਹਨ।

ਨਵੀਆਂ ਪੁਸ਼ਤਾਂ ਨੇ ਤਾਂ ਨਵੇਂ ਕੰਮ ਲੱਭ ਲਏ ਹਨ ਜਿਵੇਂ ਕੋਈ ਮੋਚੀ, ਨਾਈ ਆਦਿ ਦਾ ਕੰਮ ਕਰਦਾ ਹੈ, ਪੁਰਾਣੇ ਬਾਬੇ ਅਜੇ ਵੀ ਇਹ ਕੰਮ ਕਰਦੇ ਹਨ। ਹੁਣ ਆਖਿਰ ਵਿਚ ਜਦੋਂ ਹਾਲਾਤ ਖਰਾਬ ਹਨ ਤਾਂ ਇਹ ਕੰਮ ਛੱਡਦੇ ਜਾ ਰਹੇ ਹਨ ਤੇ ਨਕਲਾਂ ਵੀ ਉਹ ਨਹੀਂ ਕਰਦੇ, ਜੋ ਪਹਿਲਾਂ ਕਰਦੇ ਸਨ। ਹੁਣ ਉਹ ਸਟੇਜ ਡਰਾਮੇ ਕਰਦੇ ਹਨ, ਜਿਥੇ ਉਨ੍ਹਾਂ ਨੂੰ ਚੰਗੇ ਪੈਸੇ ਮਿਲਦੇ ਹਨ। ਪਾਕਿਸਤਾਨ ਵਿਚ ਲਾਇਲਪੁਰ, ਗੁਜਰਾਂਵਾਲਾ ਤੇ ਮੁਲਤਾਨ ਨਾਂ ਦੇ ਤਿੰਨ ਮਸ਼ਹੂਰ ਸਟੇਜ ਡਰਾਮਾ ਗਰੁਪ ਹਨ। ਮਰਾਸੀ ਖੁਦ ਕਹਿੰਦੇ ਹਨ, "ਕੁੰਡ ਮਰਾਸੀ ਤੇ ਸੂਮ ਪਰਬ ਐਵੇਂ ਉਮਰਾਂ ਗਈਆਂ।" ਮਤਲਬ, ਜੇ ਮਰਾਸੀ ਨੂੰ ਕੁਝ ਆਉਂਦਾ ਹੀ ਨਹੀਂ ਤੇ ਉਹ ਆਪਣੇ ਪਰਬ ਦੇ ਛਜਰੇ ਨਹੀਂ ਜਾਣਦਾ ਤੇ ਪਰਬ ਵੀ ਜੇ ਕੰਜੂਸ ਹੋਏ ਮਰਾਸੀ ਨੂੰ ਪੈਸੇ ਨਾ ਦੇ ਸਕੇ, ਕੁਝ ਨਾ ਦੇਵੇ ਤੇ ਖੁਸ਼ ਨਾ ਰੱਖ ਸਕੇ ਤਾਂ ਫਿਰ ਉਮਰਾਂ ਹੀ ਜਾਇਆ ਕਰਨ ਵਾਲੀ ਗੱਲ ਹੈ। ਇਸ ਕਰਕੇ ਦੋਹਾਂ ਨੂੰ ਇਕ ਦੂਜੇ ਨੂੰ ਛੱਡਣ ਵਿਚ ਹੀ ਭਲਾ ਹੈ।

ਅਣਵੰਡੇ ਪੰਜਾਬ ਦੀ ਆਬਾਦੀ ਸੰਨ 1931 ਵਿਚ 2.86 ਕਰੋੜ ਸੀ, ਜੋ ਦਸ ਸਾਲ ਬਾਅਦ ਸੰਨ 1941 ਵਿਚ 3.50 ਕਰੋੜ ਹੋ ਗਈ। ਇਸ ਤਰ੍ਹਾਂ ਆਬਾਦੀ ਵਿਚ 22% ਦਾ ਵਾਧਾ ਹੋਇਆ। ਸੰਨ 1941 ਪਿਛੋਂ ਮਰਦਮਸ਼ੁਮਾਰੀ 1951 ਵਿਚ ਹੋਣੀ ਸੀ, ਪਰ ਬਦਕਿਸਮਤੀ ਨਾਲ 1947 ਵਿਚ ਪੰਜਾਬ ਦੀ ਵੰਡ ਹੋ ਗਈ। ਜੇ ਆਬਾਦੀ ਵਿਚ 22% ਵਾਧੇ ਦੀ ਦਰ ਨੂੰ ਆਧਾਰ ਮੰਨ ਲਿਆ ਜਾਵੇ ਤਾਂ ਸੰਨ 1947 ਵਿਚ 13% ਆਬਾਦੀ ਦਾ ਵਾਧਾ ਬਣਦਾ ਹੈ। ਇਸ 13% ਵਾਧੇ ਨਾਲ ਪੰਜਾਬ ਦੀ ਉਸ ਵੇਲੇ ਆਬਾਦੀ ਕੋਈ ਚਾਰ ਕਰੋੜ ਬਣਦੀ ਹੈ। ਦਿੱਤੀ ਗਈ ਸੂਚੀ ਨੂੰ ਜੇ ਅਨੁਮਾਨਿਤ ਕੀਤਾ ਜਾਵੇ ਤਾਂ ਚਾਰ ਕਰੋੜ ਦੀ ਆਬਾਦੀ ਵਿਚੋਂ ਮਰਾਸੀਆਂ ਦੀ ਆਬਾਦੀ ਅਣਵੰਡੇ ਇਕੱਠੇ ਪੰਜਾਬ ਵਿਚ ਕੋਈ ਤਿੰਨ ਲੱਖ ਬਣਦੀ ਹੈ। ਇਨ੍ਹਾਂ ਵਿਚੋਂ 1.12 ਲੱਖ ਦੇ ਲਗਭਗ ਮਰਾਸੀਆਂ ਦੀ ਆਬਾਦੀ ਚੜ੍ਹਦੇ ਪੰਜਾਬ ਵਿਚ ਤੇ 1.88 ਲੱਖ ਲਹਿੰਦੇ ਪੰਜਾਬ ਵਿਚ ਸੀ। ਸੰਨ 1947 ਵਿਚ ਤਿੰਨ ਲੱਖ ਮਰਾਸੀਆਂ ਵਿਚੋਂ ਬਹੁਤ ਹੀ ਘੱਟ ਗੈਰ ਮੁਸਲਿਮ ਸਨ। ਸਿਰਫ 0.39% ਗੈਰ ਮੁਸਲਿਮ ਸਨ ਤੇ ਬਾਕੀ 99.61% ਮੁਸਲਿਮ ਸਨ। ਇਨ੍ਹਾਂ ਗੈਰ ਮੁਸਲਿਮ ਮਰਾਸੀਆਂ ਵਿਚੋਂ 72% ਚੜ੍ਹਦੇ ਪੰਜਾਬ ਵਿਚ ਤੇ 28% ਲਹਿੰਦੇ ਪੰਜਾਬ ਵਿਚ ਰਹਿੰਦੇ ਸਨ। ਇਸ ਦਾ ਪਤਾ ਸਾਰੇ ਜਿਲਿਆਂ ਦੀ ਵੰਡ ਨੂੰ ਵੇਖਣ ਤੋਂ ਲਗਦਾ ਹੈ।

ਸੰਨ 1947 ਵਿਚ ਪੰਜਾਬ ਦੀ ਵੰਡ ਵੇਲੇ ਦੋਹਾਂ ਪੰਜਾਬਾਂ ਵਿਚ ਬਹੁਤ ਵੱਢ ਟੁਕ ਹੋਈ ਤੇ ਅਸੀਂ ਪੰਜਾਬੀਆਂ ਨੇ ਬੜੀ ਹੁੜਮੱਤ ਦਿਖਾਈ ਤੇ ਮੂਰਖਤਾ ਦਾ ਸਬੂਤ ਦਿੱਤਾ। ਮਰਾਸੀ ਵੀ ਇਸ ਵਿਚ ਵੱਢੇ ਗਏ, ਕਿਉਂਕਿ ਮਰਾਸੀ ਬਹੁਤ ਕਮਜੋਰ ਬੰਦੇ ਸਨ, ਇਹ ਕੁਝ ਨਹੀਂ ਸੀ ਕਰ ਸਕਦੇ। ਚੜ੍ਹਦੇ ਪੰਜਾਬ ਵਿਚ ਮੁਸਲਮਾਨ ਮਰਾਸੀ ਸਿੱਖ ਬਣ ਗਏ ਤੇ ਹੁਣ ਸਿੱਖਾਂ ਵਾਂਗ ਹੀ ਰਹਿੰਦੇ ਹਨ। ਕਿਉਂਕਿ ਇਹ ਲੋਕ ਬੜੇ ਹੁਨਰਮੰਦ, ਕਲਾਕਾਰ ਤੇ ਗਾਉਣ ਵਜਾਉਣ ਵਾਲੇ ਸਨ, ਇਹ ਸਾਰੇ ਲਹਿੰਦੇ ਪੰਜਾਬ ਵਿਚ ਆ ਗਏ ਤੇ ਨਤੀਜੇ ਵਜੋਂ ਚੜ੍ਹਦੇ ਪੰਜਾਬ ਵਿਚ ਮਰਾਸੀ ਬਹੁਤ ਥੋੜੇ ਰਹਿ ਗਏ। ਜਿਹੜਾ ਮਰਾਸੀਆਂ ਦਾ ਕੰਮ ਗਾਉਣ ਵਜਾਉਣ ਵਾਲਾ ਸੀ, ਚੜ੍ਹਦੇ ਪੰਜਾਬ ਵਿਚ ਨਾ ਰਿਹਾ ਤੇ ਇਹ ਕੰਮ ਚੜ੍ਹਦੇ ਪੰਜਾਬ ਦੇ ਜੱਟਾਂ ਦੇ ਮੁੰਡਿਆਂ ਨੂੰ ਕਰਨਾ ਪਿਆ। ਜਿਹੜੇ ਮੁਸਲਮਾਨ ਮਰਾਸੀ ਪਾਕਿਸਤਾਨ ਆਏ ਹਨ, ਉਹ ਸਾਰੇ ਕਲਾਸੀਕਲ ਗੁਲੂਕਾਰ ਹਨ ਤੇ ਆਪਣੇ ਕਿੱਤੇ ਵਿਚ ਬੜੇ ਨਿਪੁੰਨ ਤੇ ਮਹਾਨ ਹਨ। ਕਿਉਂਕਿ ਚੜ੍ਹਦੇ ਪੰਜਾਬ ਵਿਚ ਮਰਾਸੀ ਰਹੇ ਨਹੀਂ ਤੇ ਗਾਉਣ ਵਜਾਉਣ ਦਾ ਕੰਮ ਇਥੇ ਜੱਟਾਂ ਦੇ ਮੁੰਡਿਆਂ-ਕੁੜੀਆਂ ਨੇ ਫੜ ਲਿਆ ਹੈ। ਇਹ ਪੰਜਾਬੀ ਜ਼ੁਬਾਨ ਦੇ ਬੜੇ ਚੋਟੀ ਦੇ ਗੁਲੂਕਾਰ ਹਨ ਜਦਕਿ ਲਹਿੰਦੇ ਪੰਜਾਬ ਵਿਚ ਸਿਰਫ ਦੋ ਤਿੰਨ ਨਾਂ ਹਨ, ਜਿਨ੍ਹਾਂ ਦਾ ਜੱਟਾਂ ਨਾਲ ਸਬੰਧ ਹੈ। ਇਕ ਤੇ ਆਸ਼ਕ ਜੱਟ, ਜੋ ਹੁਣ ਨਹੀਂ ਰਿਹਾ, ਦੂਜਾ ਅਬਰਾਰਉਲ ਹੱਕ, ਜੋ ਨਾਰੋਵਾਲ ਦਾ ਕਾਹਲੋਂ ਜੱਟ ਏ, ਤੇ ਤੀਜਾ ਅਕਰਮ ਰਾਹੀ ਬਾਜਵਾ, ਜਿਹਦੇ ਪੁਰਖ 1947 ਤੱਕ ਸਿੱਖ ਸਨ ਅਤੇ ਇਕ ਬਾਲੀ ਜੱਟੀ, ਜੋ ਹੁਣ ਨਹੀਂ ਰਹੀ, ਉਹ ਵੀ ਗਾਉਂਦੀ ਸੀ। ਚੜ੍ਹਦੇ ਪੰਜਾਬ ਵਿਚ ਜੱਟਾਂ ਦੇ ਮੁੰਡਿਆਂ ਦੀ ਪੂਰੀ ਟਾਹਣੀ ਏ ਤੇ ਇਹ ਬੜੇ ਸ਼ਾਨਦਾਰ ਗੁਲੂਕਾਰ ਹਨ, ਜਿਵੇਂ ਗੁਰਦਾਸ ਮਾਨ, ਹਰਭਜਨ ਮਾਨ, ਬੱਬੂ ਮਾਨ, ਪੰਮੀ ਬਾਈ, ਦਿਲਜੀਤ ਦੋਸਾਂਝ, ਅਮਰਿੰਦਰ ਗਿੱਲ, ਨਛੱਤਰ ਗਿੱਲ, ਭਗਵੰਤ ਮਾਨ, ਮਲਕੀਤ ਸਿੰਘ ਆਦਿ। ਸੁਰੀਲੇ ਮੁੰਡੇ ਕਾਫੀ ਹਨ, ਪਰ ਬਹੁਤ ਵੱਡੀ ਗਿਣਤੀ ਮੁੰਡਿਆਂ-ਕੁੜੀਆਂ ਦੀ ਉਹ ਹੈ, ਜੋ ਸੁਰ ਨਾਲ ਨਹੀਂ ਸਗੋਂ ਹਿੱਕ ਦੇ ਜ਼ੋਰ ਨਾਲ ਗਾਉਂਦੇ ਹਨ। ਮਰਾਸੀਆਂ ਦੇ ਪਰਵਾਸ ਦਾ ਅਸਰ ਇਹ ਹੋਇਆ ਕਿ ਚੜ੍ਹਦੇ ਪੰਜਾਬ ਵਿਚ ਜੱਦੀ ਗਾਉਣ ਵਾਲੇ ਨਹੀਂ ਰਹੇ ਤੇ ਜੋ ਗਾਉਣ ਵਜਾਉਣ ਦੀ ਮੁਹਾਰਤ ਮਰਾਸੀਆਂ ਕੋਲ ਹੈ, ਉਹ ਹੋਰ ਕਿਸੇ ਕੋਲ ਨਹੀਂ।

ਅੰਤ ਵਿਚ ਇਹ ਪੰਜਾਬ ਦਾ ਇਕ ਉਹ ਕਿਰਦਾਰ ਹੈ, ਜੋ ਅਸੀਂ ਲੋਕ ਕਹਾਣੀਆਂ ਵਿਚ ਪੜ੍ਹਦੇ ਆ ਰਹੇ ਹਾਂ। ਪੰਜਾਬ ਦੀਆਂ ਲੋਕ ਕਹਾਣੀਆਂ ਵਿਚ ਇਨ੍ਹਾਂ ਦਾ ਜ਼ਿਕਰ ਆਉਂਦਾ ਹੈ ਜਿਵੇਂ ਕਿ ਦੁੱਲਾ ਭੱਟੀ ਦਾ ਇਕ ਯਾਰ ਘੁੱਲਾ ਮਰਾਸੀ ਵੀ ਸੀ। ਕਈ ਸਦੀਆਂ ਤੋਂ ਮਰਾਸੀਆਂ ਦਾ ਬੜਾ ਨਾਂ ਸੀ। ਇੰਜ ਲਗਦਾ, ਮਰਾਸੀਆਂ ਦਾ ਕੰਮ ਹੀ ਖਤਮ ਨਹੀਂ ਹੋਣਾ ਸਗੋਂ ਮਰਾਸੀ ਨਾਂ ਵੀ ਖਤਮ ਹੋ ਜਾਣਾ। ਅਸਲ ਵਿਚ ਇਹ ਨਾਂ ਹੀ ਮੁਕ ਜਾਣਾ ਹੈ ਤੇ ਸਿਰਫ ਲੋਕ ਕਹਾਣੀਆਂ ਵਿਚ ਹੀ ਰਹਿ ਜਾਣਾ ਹੈ।

# ਬੱਬਰ ਕਰਮ ਸਿੰਘ ਦੌਲਤਪੁਰ

**ਬੱਬਰ ਕਰਮ ਸਿੰਘ ਨੇ 1920ਵਿਆਂ ਵਿਚ ਅੰਗਰੇਜ਼ ਹਾਕਮਾਂ ਖਿਲਾਫ ਦੁਆਬੇ ਵਿਚ ਚੱਲੀ ਆਜ਼ਾਦੀ ਦੀ ਲੜਾਈ ਵਿਚ ਅਹਿਮ ਯੋਗਦਾਨ ਪਾਇਆ। ਜਥੇਬੰਦੀ ਵੱਲੋਂ ਕੱਢੇ ਪਰਚੇ ਦੀ ਸਾਰੀ ਜ਼ਿੰਮੇਵਾਰੀ ਉਨ੍ਹਾਂ ਦੇ ਸਿਰ ਸੀ, ਇਸੇ ਕਰਕੇ ਉਨ੍ਹਾਂ ਦੀ ਪਛਾਣ ਐਡੀਟਰ ਵਜੋਂ ਵੀ ਪੱਕੀ ਹੋਈ। 'ਬੱਬਰ ਅਕਾਲੀ ਲਹਿਰ ਦਾ ਇਤਿਹਾਸ' ਲਿਖਣ ਵਾਲੇ ਮਿਲਖਾ ਸਿੰਘ ਨਿੱਝਰ ਦੀ ਇਸ ਲਿਖਤ ਵਿਚ ਬੱਬਰ ਕਰਮ ਸਿੰਘ ਦੌਲਤਪੁਰ ਬਾਰੇ ਚੋਖੀ ਚਰਚਾ ਕੀਤੀ ਗਈ ਹੈ। -ਸੰਪਾਦਕ**

ਮਿਲਖਾ ਸਿੰਘ ਨਿੱਝਰ

ਭਾਈ ਕਿਸ਼ਨ ਸਿੰਘ ਗੜਗੱਜ ਦੀ ਅਗਵਾਈ ਹੇਠ ਚਕਰਵਰਤੀ ਜਥਾ ਸਰਗਰਮ ਹੋਇਆ। ਮਗਰੋਂ ਚਕਰਵਰਤੀ ਲਹਿਰ ਬੱਬਰ ਲਹਿਰ ਦਾ ਰੂਪ ਧਾਰ ਗਈ ਅਤੇ ਭਾਈ ਕਿਸ਼ਨ ਸਿੰਘ ਗੜਗੱਜ ਹੀ ਇਸ ਦੇ ਮੁੱਖ ਆਗੂ ਰਹੇ ਅਤੇ ਗ੍ਰਿਫਤਾਰੀ ਤੱਕ ਉਹੋ ਹੀ ਰਹੇ।

ਮਈ 1922 ਵਿਚ ਚਕਰਵਰਤੀ ਜਥੇ ਦੀਆਂ ਲੀਹਾਂ ਉਤੇ ਇਲਾਕਾ ਬਲਾਚੌਰ, ਗੜ੍ਹਸ਼ੰਕਰ ਅਤੇ ਨਵਾਂ ਸ਼ਹਿਰ ਵਿਚ ਕਰਮ ਸਿੰਘ ਦੌਲਤਪੁਰ ਦੀ ਅਗਵਾਈ ਹੇਠ ਇਕ ਹੋਰ ਨਵਾਂ ਜੱਥਾ ਕਾਇਮ ਹੋ ਗਿਆ ਸੀ। ਕਰਮ ਸਿੰਘ ਦੌਲਤਪੁਰ ਵੀ ਕੈਨੇਡਾ ਹੋ ਆਏ ਸਨ। ਉਨ੍ਹਾਂ ਨੇ ਵੀ ਆਜ਼ਾਦੀ ਦੇ ਇਸ ਘੋਲ ਲਈ ਕਮਰਕੱਸੇ ਕਰ ਲਏ ਸਨ। ਉਨ੍ਹਾਂ ਨੇ ਸ਼ਾਂਤਮਈ ਦੀ ਥਾਂ ਹਥਿਆਰਬੰਦ ਹੋ ਕੇ ਬਗ਼ਾਵਤ ਕਰਨ ਦਾ ਰਾਹ ਅਪਨਾ ਲਿਆ ਸੀ। ਮਈ 1922 ਵਿਚ ਇਨ੍ਹਾਂ ਯੋਧਿਆਂ ਦੀ ਮੀਟਿੰਗ ਕੌਲਗੜ੍ਹ ਵਿਖੇ ਹੋਈ: ਕਰਮ ਸਿੰਘ ਦੌਲਤਪੁਰ, ਆਸਾ ਸਿੰਘ ਭੁਕੜੂੰਦੀ, ਉਦੇ ਸਿੰਘ ਰਾਮਗੜ੍ਹ ਝੁਗੀਆਂ, ਬਾਬਾ ਦਲੀਪ ਸਿੰਘ ਸਾਹਦੜਾ, ਹਰਨਾਮ ਸਿੰਘ ਗੜ੍ਹੀ ਕਾਨੂੰਗੋਆਂ ਅਤੇ ਊਧਮ ਸਿੰਘ ਤੇ ਬਾਵਾ ਸਿੰਘ ਕੌਲਗੜ੍ਹ। ਇਹ ਮੀਟਿੰਗ ਊਧਮ ਸਿੰਘ ਦੀ ਹਵੇਲੀ ਵਿਚ ਹੋਈ।

ਕਰਮ ਸਿੰਘ ਦੌਲਤਪੁਰ ਨੇ ਵਿਚਾਰ ਜ਼ਾਹਰ ਕੀਤੇ ਕਿ ਐਸ ਵੇਲੇ ਆਜ਼ਾਦੀ ਦੀ ਜੰਗ ਸ਼ੁਰੂ ਹੋ ਚੁੱਕੀ ਹੈ। ਇਕ ਪਾਸੇ ਗ੍ਰਿਫਤਾਰੀਆਂ ਦਾ ਚੱਕਰ ਚੱਲ ਰਿਹਾ ਹੈ, ਜਿਸ ਵਿਚ ਸਾਡੀ ਸਾਥੀ ਅੰਦਰ ਡੱਕੇ ਜਾ ਰਹੇ ਹਨ ਅਤੇ ਦੂਜੇ ਬੰਨੇ ਝੋਲੀ-ਚੁੱਕਾਂ ਦੀ ਚੜ੍ਹ ਮੱਚੀ ਹੈ। ਸੋ ਸਮਾਂ ਆ ਗਿਆ ਹੈ ਕਿ ਆਜ਼ਾਦੀ ਦੀ ਲਹਿਰ ਦਾ ਵਿਰੋਧ ਕਰਨ ਵਾਲਿਆਂ ਦੇ ਕੰਮ ਨੂੰ ਠੱਲ੍ਹ ਪਾਉਣ ਲਈ ਅਮਲੀ ਕਾਰਵਾਈ ਸ਼ੁਰੂ ਕਰ ਦਿੱਤੀ ਜਾਵੇ। ਸੋ ਹਥਿਆਰ ਖ਼ਰੀਦਣ ਦਾ ਪ੍ਰਬੰਧ ਕਰੀਏ ਅਤੇ ਇਕ ਆਪਣਾ ਅਖ਼ਬਾਰ ਜਾਰੀ ਕਰੀਏ। ਲੈਕਚਰਾਂ ਨਾਲੋਂ ਅਖ਼ਬਾਰ ਨਾਲ ਪ੍ਰਚਾਰ ਵਧੀਆ ਰਹੇਗਾ। ਉਨ੍ਹਾਂ ਨੇ ਕਿਹਾ ਕਿ ਮੇਰਾ ਤਜਰਬਾ ਇਹ ਹੈ ਕਿ ਕੈਨੇਡਾ ਵਿਚ ਜੋ ਕੰਮ 'ਗ਼ਦਰ' ਅਖ਼ਬਾਰ ਨੇ ਕੀਤਾ ਸੀ, ਓਨਾ ਲੈਕਚਰਾਂ ਰਾਹੀਂ ਨਹੀਂ ਸੀ ਕੀਤਾ ਜਾ ਸਕਿਆ। 'ਗ਼ਦਰ ਦੀ ਗੂੰਜ' ਅੱਜ ਤਕ ਵੀ ਲੋਕਾਂ ਦੇ ਦਿਲਾਂ ਵਿਚ ਵਸੀ ਹੋਈ ਹੈ। ਸੋ ਇਸ ਕੰਮ ਲਈ ਸਭ ਤੋਂ ਪਹਿਲਾਂ ਮਾਇਆ ਦੀ ਲੋੜ ਹੈ, ਜਿਹੜੀ ਅਸੀਂ ਅਮੀਰ ਝੋਲੀ-ਚੁੱਕਾਂ ਨੂੰ ਲੁਟ ਕੇ ਇਕੱਠੀ ਕਰ ਸਕਦੇ ਹਾਂ। ਦੋਨੋਂ ਕੰਮ ਸਰ ਸਕਦੇ ਹਨ। ਦਾਅ ਲੱਗਣ ਉਤੇ ਸਰਕਾਰੀ ਖ਼ਜ਼ਾਨਾ ਵੀ ਲੁਟ ਲੈਣਾ ਚਾਹੀਦਾ ਹੈ ਪਰ ਖ਼ਜ਼ਾਨਾ ਓਨਾ ਚਿਰ ਲੁੱਟਣਾ ਮੁਸ਼ਕਲ ਹੈ, ਜਿੰਨਾ ਚਿਰ ਅਸੀਂ ਪੂਰੀ ਤਰ੍ਹਾਂ ਹਥਿਆਰਬੰਦ ਨਹੀਂ ਹੋ ਜਾਂਦੇ। ਸਾਡੇ ਵਿਚ ਏਨਾ ਅਮੀਰ ਕੋਈ ਨਹੀਂ, ਜਿਹੜਾ ਪਲਿਓਂ ਖ਼ਰਚ ਕਰਕੇ ਕੰਮ ਚਾਲੂ ਕਰਾ ਸਕੇ। ਸੋ ਬਿਨਾਂ ਹਥਿਆਰ ਅਸੀਂ ਕੁਝ ਵੀ ਕਰਨ ਜੋਗੇ ਨਹੀਂ ਹਾਂ।

ਸੂੰਦ ਦੀ ਮਿਸਾਲ ਦਿੰਦਿਆਂ ਉਨ੍ਹਾਂ ਨੇ ਕਿਹਾ ਕਿ ਸਿਰਫ ਇਕ ਪਸਤੌਲ ਹੋਣ ਕਰਕੇ ਹੀ ਸੁੰਦਰ ਸਿੰਘ ਫੜਿਆ ਗਿਆ। ਜੇ ਭਾਈ ਕਿਸ਼ਨ ਸਿੰਘ ਕੋਲ ਹੋਰ ਪਸਤੌਲ ਹੁੰਦਾ ਤਾਂ ਦੋਨੋਂ ਬਚ ਸਕਦੇ ਸਨ। ਇਹ ਤਾਂ ਖ਼ੁਸ਼ਕਿਸਮਤੀ ਹੀ ਸਮਝੋ ਕਿ ਹਮਲਾਵਰ ਵਾਪਸ ਚਲੇ ਗਏ ਅਤੇ ਭਾਈ ਸਾਹਿਬ ਨੂੰ ਪਸਤੌਲ ਮਿਲ ਗਿਆ। ਜਿਵੇਂ ਉਹ ਦੁਬਾਰਾ ਆ ਪਏ ਸਨ, ਭਾਈ ਸਾਹਿਬ ਜੇ ਗੋਲੀ ਨਾ ਚਲਾਉਂਦੇ, ਕਿਵੇਂ ਬਚ ਸਕਦੇ ਸਨ? ਸੋ ਬਿਨਾਂ ਹਥਿਆਰਾਂ ਤੋਂ ਕੰਮ ਆਰੰਭਣਾ ਖ਼ਤਰੇ ਤੋਂ ਖ਼ਾਲੀ ਨਹੀਂ।

ਉਦੇ ਸਿੰਘ ਨੇ ਇਸ ਸੁਝਾਅ ਦੀ ਪੂਰੇ ਜ਼ੋਰ ਨਾਲ ਤਾਈਦ ਕੀਤੀ ਅਤੇ ਆਖਿਆ ਕਿ ਜਿੰਨਾ ਚਿਰ ਅਸੀਂ ਕਿਸੇ ਸਿਰਕੱਢ ਝੋਲੀ-ਚੁੱਕ ਦਾ ਸੁਧਾਰ (ਕਤਲ) ਨਹੀਂ ਕਰ ਲੈਂਦੇ, ਉਨਾਂ ਚਿਰ ਇਨ੍ਹਾਂ ਦੀ ਗੁੱਡੀ ਚੜ੍ਹੀ ਹੀ ਰਹਿਣੀ ਹੈ, ਕਿਉਂਕਿ ਸੂੰਦ ਦੀ ਘਟਨਾ ਨੇ ਇਨ੍ਹਾਂ ਦਾ ਹੌਸਲਾ ਵਧਾ ਦਿੱਤਾ ਹੈ।

ਆਸਾ ਸਿੰਘ ਭੁਕੜੂੰਦੀ ਨੇ ਝੋਲੀ-ਚੁੱਕਾਂ ਦੇ ਸੁਧਾਰ ਦੀ ਮੁਖ਼ਾਲਫਤ ਕੀਤੀ ਪਰ ਉਨ੍ਹਾਂ ਨੂੰ ਲੁੱਟਣ ਦੀ ਤਾਈਦ ਕੀਤੀ। ਇਸ ਮੀਟਿੰਗ ਦੀ ਪੁਸ਼ਟੀ ਆਸਾ ਸਿੰਘ ਵਾਇਦਾ-ਮੁਆਫ ਨੇ ਆਪਣੇ ਬਿਆਨ ਵਿਚ ਪੂਰੀ ਤਰ੍ਹਾਂ ਕੀਤੀ ਹੈ ਕਿ ਕਿਵੇਂ ਪਹਿਲਾਂ ਉਹ ਊਧਮ ਸਿੰਘ ਦੀ ਹਵੇਲੀ ਵਿਚ ਇਕੱਠੇ ਹੋਏ ਸਨ।

ਮੈਂ ਪਹਿਲਾਂ ਸਿਰਫ ਸੱਤਾਂ ਦੇ ਨਾਂ ਹੀ ਲਿਖੇ ਹਨ ਪਰ ਆਸਾ ਸਿੰਘ ਦੱਸਦਾ ਹੈ ਕਿ "ਇਕ ਹਿੰਦੂ ਵੀ ਸੀ ਜੀਹਨੂੰ ਮੈਂ ਨਹੀਂ ਜਾਣਦਾ ਅਤੇ ਅਸੀਂ ਅੱਠੇ ਉਠ ਕੇ ਬਾਹਰ ਝਿੜੀ ਵਿਚ ਚਲੇ ਗਏ ਸੀ ਅਤੇ ਉਥੇ ਸਭ ਗੱਲਾਂ ਕੀਤੀਆਂ ਸਨ।"

ਪੇਪਰ-ਬੁੱਕ, ਸਫਾ 219 ਦੀ ਸਤਰ 27 ਤੋਂ ਮੀਟਿੰਗ ਦੀ ਸਾਰੀ ਕਾਰਵਾਈ ਦਰਜ ਹੈ ਪਰ ਉਹਦਾ ਬਿਆਨ ਪੇਪਰ-ਬੁੱਕ ਦੇ ਸਫਾ 215 ਤੋਂ ਸ਼ੁਰੂ ਹੁੰਦਾ ਹੈ, ਜੀਹਦੇ ਵਿਚ ਉਹ ਦਸਦਾ ਹੈ ਕਿ ਪਹਿਲਾਂ ਉਹ ਕੈਨੇਡਾ ਵਿਚ ਰਿਹਾ, ਜਿਥੇ ਕਰਮ ਸਿੰਘ ਦੌਲਤਪੁਰ ਨਾਲ ਵਾਕਫੀ ਹੋਈ। ਮੁੜ 1920 ਵਿਚ ਉਹ ਹੁਸ਼ਿਆਰਪੁਰ ਜਾ ਕੇ ਪਹਿਲਾਂ ਕਾਂਗਰਸੀ ਬਣਿਆ ਅਤੇ ਫਿਰ ਕਰਮ ਸਿੰਘ ਦੌਲਤਪੁਰ ਨੂੰ ਮਿਲਿਆ। ਦੋਹਾਂ ਨੇ ਰਲ ਕੇ ਕਾਂਗਰਸ ਦਾ ਜਲਸਾ ਦੌਲਤਪੁਰ ਕਰਨ ਦਾ ਜਤਨ ਕੀਤਾ ਪਰ ਦੌਲਤਪੁਰ ਦੇ ਇਕ ਝੋਲੀ-ਚੁੱਕ ਗੰਡਾ ਸਿੰਘ ਸਫੈਦਪੋਸ਼ ਨੇ ਇਹ ਜਲਸਾ ਨਾ ਹੋਣ ਦਿੱਤਾ। ਦੋਹਾਂ ਨੇ ਫੇਰ ਨਨਕਾਣਾ ਸਾਹਿਬ ਜਾ ਕੇ ਅੰਮ੍ਰਿਤ ਛਕਿਆ ਅਤੇ ਗੁਰ-ਭਾਈ ਬਣ ਗਏ। ਕਰਮ ਸਿੰਘ ਦਾ ਪਹਿਲਾ ਨਾਂ ਨਰੈਣ ਸਿੰਘ ਸੀ। ਅੰਮ੍ਰਿਤ ਛਕ ਕੇ ਉਹ ਕਰਮ ਸਿੰਘ ਬਣ ਗਿਆ ਅਤੇ ਮੈਂ ਮਹਿਤਾਬ ਸਿੰਘ ਤੋਂ ਆਸਾ ਸਿੰਘ। ਪਹਿਲਾਂ ਸਾਰੇ ਅਸੀਂ ਮੋਨੇ ਸੀ ਪਰ ਮੈਂ ਅੰਮ੍ਰਿਤ ਛਕ ਕੇ ਸਿੰਘ ਸਜ ਗਿਆ ਸੀ। ਫੇਰ ਦੋਹਾਂ ਨੇ ਪਹਿਲੀ ਵਾਰ ਹੋਲੇ-ਮਹੱਲੇ ਦੇ ਮੇਲੇ ਉਤੇ ਸ਼ਹੀਦੀ ਬਾਗ਼ ਆਨੰਦਪੁਰ ਸਾਹਿਬ ਵਿਚ ਭਾਈ ਕਿਸ਼ਨ ਸਿੰਘ ਗੜਗੱਜ ਚਕਰਵਰਤੀ ਦਾ ਲੈਕਚਰ ਸੁਣਿਆ, ਜਿਹੜਾ ਨੰਗੀ ਤਲਵਾਰ ਫੜ ਕੇ ਆਖ ਰਿਹਾ ਸੀ ਕਿ ਬਿਨਾਂ ਤਲਵਾਰ ਦੇ ਜ਼ੋਰ ਤੋਂ ਅਸੀਂ ਅੰਗਰੇਜ਼ਾਂ ਨੂੰ ਮੁਲਕ ਵਿਚੋਂ ਨਹੀਂ ਕੱਢ ਸਕਾਂਗੇ। ਸ਼ਾਂਤਮਈ ਤਿਆਗ ਕੇ ਹਥਿਆਰਬੰਦ ਹੋ ਜਾਉ। ਜਿੰਨਾ ਚਿਰ ਝੋਲੀ-ਚੁੱਕਾਂ ਦਾ ਅਸੀਂ ਸੁਧਾਰ (ਕਤਲ) ਨਹੀਂ ਕਰਾਂਗੇ, ਇਹ ਸਰਕਾਰ ਦੀ ਮਦਦ ਕਰਨੋਂ ਬਾਜ਼ ਨਹੀਂ ਆਉਣ ਲੱਗੇ। ਗੱਲ ਕੀ ਸਾਨੂੰ ਦੋਹਾਂ ਨੂੰ ਇਹ ਲੈਕਚਰ ਬਹੁਤ ਪਸੰਦ ਆਇਆ ਅਤੇ ਅਸੀਂ ਵੀ ਇਹੋ ਰਸਤਾ ਅਪਨਾਉਣ ਦਾ ਉਥੇ ਹੀ ਫੈਸਲਾ ਕਰ ਲਿਆ।

ਅਸੀਂ ਭਾਈ ਕਿਸ਼ਨ ਸਿੰਘ ਨੂੰ ਪਹਿਲੀ ਵਾਰੀ ਲੈਕਚਰ ਕਰਦਿਆਂ ਸੁਣਿਆ ਸੀ। ਹਾਲੇ ਤੱਕ ਕੋਈ ਵਾਕਫੀ ਨਹੀਂ ਸੀ। ਨਾ ਹੀ ਸਾਨੂੰ ਉਥੇ ਇਕ ਦੂਜੇ ਨਾਲ ਮਿਲਣ ਦਾ ਮੌਕਾ ਮਿਲਿਆ। ਕਿਉਂਕਿ ਸਾਡੇ ਉਤੇ ਭਾਈ ਕਿਸ਼ਨ ਸਿੰਘ ਦੇ ਲੈਕਚਰ ਦਾ ਡੂੰਘਾ ਅਸਰ ਹੋ ਚੁਕਾ ਸੀ, ਅਸੀਂ ਉਨ੍ਹਾਂ ਨੂੰ ਮਿਲਣ ਦਾ ਪੱਕਾ ਫੈਸਲਾ ਕਰ ਲਿਆ ਅਤੇ ਉਨ੍ਹਾਂ ਦੀਆਂ ਦਸੀਆਂ ਲੀਹਾਂ 'ਤੇ ਚੱਲਣ ਦੀ ਪੱਕੀ ਧਾਰ ਲਈ।

ਇਹ ਸਾਰੀ ਗੱਲ ਪੂਰੇ ਵਿਸਥਾਰ ਨਾਲ ਆਸਾ ਸਿੰਘ ਦੇ ਬਿਆਨ ਵਿਚ ਪੇਪਰ-ਬੁੱਕ ਦੇ ਸਫਾ 217 ਦੀ ਸਤਰ 32 ਤੋਂ ਸ਼ੁਰੂ ਹੁੰਦੀ ਹੈ।

ਇਹਤੋਂ ਪਹਿਲਾਂ ਆਸਾ ਸਿੰਘ ਸਫਾ 216 ਉਤੇ ਸਾਰੀ ਕਹਾਣੀ ਦੱਸਦਾ ਹੈ ਕਿ ਉਹਨੇ ਅਤੇ ਕਰਮ ਸਿੰਘ ਨੇ ਮਿਲ ਕੇ ਕਾਂਗਰਸ ਦੀਆਂ ਲੀਹਾਂ ਉਤੇ ਜਲਸੇ ਕਰਕੇ ਲੈਕਚਰ ਕਰਨੇ ਸ਼ੁਰੂ ਕਰ ਦਿੱਤੇ ਸਨ। ਉਹ ਪਹਿਲਾਂ ਨਜ਼ਮ ਪੜ੍ਹਿਆ ਕਰਦਾ ਸੀ ਅਤੇ ਕਰਮ ਸਿੰਘ ਲੈਕਚਰ ਕਰਦਾ ਸੀ। ਨਨਕਾਣਾ ਸਾਹਿਬ ਦੇ ਸਾਕੇ ਪਿਛੋਂ ਉਹ ਦੋਨੋਂ ਅਕਾਲੀ ਸਜ ਗਏ ਸਨ। ਨਨਕਾਣੇ ਸਾਹਿਬ ਵਿਚ ਬਾਬਾ ਗੁਰਦਿੱਤ ਸਿੰਘ ਦੀ ਗ੍ਰਿਫਤਾਰੀ ਵੇਲੇ ਵੀ ਦੋਵੇਂ ਉਥੇ ਹੀ ਸਨ ਅਤੇ ਮਾਸਟਰ ਮੋਤਾ ਸਿੰਘ ਦਾ ਲੈਕਚਰ ਵੀ ਸੁਣਿਆ ਸੀ। ਜਿੰਨਾ ਅਸਰ ਸਾਡੇ ਉਤੇ ਕਿਸ਼ਨ ਸਿੰਘ ਦਾ ਲੈਕਚਰ ਸੁਣ ਕੇ ਹੋਇਆ ਸੀ, ਓਨਾ ਮਾਸਟਰ ਜੀ ਦਾ ਨਹੀਂ ਸੀ ਹੋਇਆ।

ਇਕ ਨਜ਼ਮ ਜਿਹੜੀ ਰੋਮਨ ਅੱਖਰਾਂ ਵਿਚ ਸਫਾ 216 ਉਤੇ ਦਰਜ ਹੈ, ਇਸ ਤਰ੍ਹਾਂ ਹੈ:

ਅੱਖਾਂ ਖੋਲ੍ਹੋ ਹਿੰਦੀ ਵੀਰੋ,  
ਕੌਮ ਗਰਕਦੀ ਜਾਂਦੀ ਹੈ।  
ਪਿਛਲੇ ਸਮੇਂ ਹੀ ਕਦਰ ਅਸਾਡੀ,  
ਖੇਤੀ ਪੈਦਾ ਕਰਦੇ ਸੀ।  
ਪਿੰਡਾਂ ਤੇ ਵਿਚ ਪੰਜ ਅਸਾਡੇ,  
ਆਪ ਅਦਾਲਤ ਕਰਦੇ ਸੀ।  
ਘਰ-ਘਰ ਸੌ-ਸੌ ਮਹੀਆਂ-ਗਾਈਆਂ,  
ਵੱਗ ਅਸਾਡੇ ਚਰਦੇ ਸੀ।  
ਹੁਣ ਤਾਂ ਨਸਲ ਅਸਾਡੀ ਵੀਰੋ,  
ਰੁਖੀ ਰੋਟੀ ਖਾਂਦੀ ਹੈ।

"ਇਹੋ ਜਿਹੀਆਂ ਕਈ ਨਜ਼ਮਾਂ ਮੈਨੂੰ ਜ਼ਬਾਨੀ ਯਾਦ ਹਨ, ਜਿਹੜੀਆਂ ਮੈਂ ਆਮ ਜਲਸਿਆਂ ਵਿਚ ਗਾਇਆ ਕਰਦਾ ਸੀ ਅਤੇ ਕਰਮ ਸਿੰਘ ਦੌਲਤਪੁਰ ਲੈਕਚਰ ਕਰਿਆ ਕਰਦਾ ਸੀ।"

ਪੇਪਰ-ਬੁੱਕ ਦੇ ਸਫਾ 215 ਤੋਂ ਬਿਆਨ 24 ਜੁਲਾਈ 1924 ਨੂੰ ਸ਼ੁਰੂ ਹੋ ਕੇ 237 ਤੱਕ 29 ਜੁਲਾਈ 1924 ਨੂੰ ਖ਼ਤਮ ਹੁੰਦਾ ਹੈ (ਸਰਕਾਰੀ ਗਵਾਹ ਨੰਬਰ 25, ਆਸਾ ਸਿੰਘ ਉਰਫ ਮਹਿਤਾਬ ਸਿੰਘ ਵਲਦ ਰਾਮ ਦਿੱਤਾ, ਉਮਰ 40, ਪਿੰਡ ਭੁਕੜੂੰਦੀ, ਜ਼ਿਲ੍ਹਾ ਜਲੰਧਰ)।

ਪਾਠਕਾਂ ਨੂੰ ਮੈਂ ਮੋਟੇ ਤੌਰ ਉਤੇ ਜਾਣਕਾਰੀ ਕਰਾ ਦਿੱਤੀ ਹੈ ਕਿ ਆਸਾ ਸਿੰਘ ਅਤੇ ਕਰਮ ਸਿੰਘ ਦੌਲਤਪੁਰ ਦਾ ਮੇਲ ਕਿਵੇਂ ਹੋਇਆ ਅਤੇ ਭਾਈ ਕਿਸ਼ਨ ਦਾ ਲੈਕਚਰ ਸੁਣ ਕੇ ਕਿਵੇਂ ਦੋਨੋਂ ਸਾਥੀ ਉਨ੍ਹਾਂ ਦੇ ਸ਼ਰਧਾਲੂ ਬਣ ਗਏ। ਦੂਜੇ ਬੰਨੇ ਭਾਈ ਕਿਸ਼ਨ ਸਿੰਘ ਵੀ ਕਰਮ ਸਿੰਘ ਦੌਲਤਪੁਰ ਦੀਆਂ ਸਰਗਰਮੀਆਂ ਤੋਂ ਜਾਣੂ ਹੋ ਚੁੱਕੇ ਸਨ। ਦੋਵੇਂ ਧਿਰਾਂ ਦਾ ਇਕ ਦੂਜੇ ਨਾਲ ਮੁਲਾਕਾਤ ਕਰਨ ਦੀਆਂ ਤਿਆਰੀਆਂ ਵਿਚ ਸਨ ਅਤੇ ਵਿਚੋਲੇ ਦਾ ਕੰਮ ਕਰਮ ਸਿੰਘ ਝਿੰਗੜ ਤੇ ਮਾਸਟਰ ਦਲੀਪ ਸਿੰਘ ਗੋਸਲ ਨੇ ਆਪਣੇ ਜ਼ਿੰਮੇ ਲੈ ਲਿਆ ਸੀ, ਜਿਹੜੇ ਦੋਹਾਂ ਧਿਰਾਂ ਦੇ ਪਹਿਲਾਂ ਹੀ ਜਾਣੂ ਸਨ।



ਬੰਗਿਆਂ ਦਾ ਇਲਾਕਾ ਦੋਹਾਂ ਜਥਿਆਂ ਦੇ ਵਿਚਕਾਰ ਸੀ, ਜਿਸ ਕਰਕੇ ਉਨ੍ਹਾਂ ਨੇ ਦੋਹੀਂ ਪਾਸੀਂ ਇਕ ਜਿਹਾ ਸੰਪਰਕ ਬਣਾਇਆ ਹੋਇਆ ਸੀ। ਕੌਲਗੜ੍ਹ ਦੀ ਮੀਟਿੰਗ ਤੋਂ ਬਾਅਦ ਆਸਾ ਸਿੰਘ ਤਾਂ ਦਲੀਪ ਸਿੰਘ ਸਾਹਦੜੇ ਨਾਲ ਚਲਿਆ ਗਿਆ। ਰਾਤ ਉਥੇ ਕੱਟ ਕੇ ਦੋਨੋਂ ਅਗਲੇ ਦਿਨ ਪਿੰਡ ਬਸਵਾਲੇ ਨੂੰ ਚਲੇ ਗਏ, ਜਿਥੇ ਹੌਲਦਾਰ ਈਸ਼ਰ ਸਿੰਘ ਦੀ ਹਵੇਲੀ ਵਿਚ ਬੈਠੇ ਕਰਮ ਸਿੰਘ ਝਿੰਗੜ ਅਤੇ ਮਾਸਟਰ ਦਲੀਪ ਸਿੰਘ ਗੋਸਲ ਮਿਲ ਪਏ। "ਹਵੇਲੀ ਅੰਦਰ ਸਾਨੂੰ ਭਾਈ ਕਿਸ਼ਨ ਸਿੰਘ, ਬਾਬੂ ਸੰਤਾ ਅਤੇ ਮਾਲਵੇ ਦਾ ਜੀਵਨ ਸਿੰਘ ਮਿਲ ਪਏ। ਇਹ ਸਾਡੀ ਮੁਲਾਕਾਤ ਕਰਮ ਸਿੰਘ ਝਿੰਗੜ ਅਤੇ ਮਾਸਟਰ ਦਲੀਪ ਸਿੰਘ ਦੀ ਮਾਰਫਤ ਹੋਈ ਸੀ। ਘੰਟੇ ਕੁ ਪਿਛੋਂ ਅਸੀਂ ਸੱਤੇ ਚੱਲ ਪਏ ਅਤੇ ਸਿੰਬਲੀ ਦੇ ਇਕ ਬਾਗ ਵਿਚ 3-4 ਘੰਟੇ ਬੈਠੇ ਰਹੇ। ਮੈਂ ਭਾਈ ਕਿਸ਼ਨ ਸਿੰਘ ਨੂੰ ਕੌਲਗੜ੍ਹ ਵਾਲੀ ਮੀਟਿੰਗ ਦੀ ਸਾਰੀ ਗੱਲ ਦੱਸੀ, ਜਿਸ ਵਿਚ ਕਰਮ ਸਿੰਘ ਦੌਲਤਪੁਰ ਨੇ ਝੋਲੀ-ਚੁੱਕਾਂ ਦੇ ਸੁਧਾਰ ਦੀ ਤਜਵੀਜ਼ ਰਖੀ ਸੀ ਅਤੇ ਮੈਂ ਮੁਖ਼ਾਲਫਤ ਕੀਤੀ ਸੀ। ਭਾਈ ਕਿਸ਼ਨ ਸਿੰਘ ਨੇ ਮੇਰੀ ਤਜਵੀਜ਼ ਦੀ ਹਮਾਇਤ ਕਰਦਿਆਂ ਕਿਹਾ ਕਿ ਤੁਸੀਂ ਠੀਕ ਮਸ਼ਵਰਾ ਦਿੱਤਾ ਹੈ। ਹਾਲੇ ਸਾਨੂੰ ਪੂਰੀ ਤਿਆਰੀ ਕਰਨੀ ਚਾਹੀਦੀ ਹੈ ਅਤੇ ਲੈਕਚਰਾਂ ਰਾਹੀਂ ਲੋਕਾਂ ਨੂੰ ਝੋਲੀ-ਚੁੱਕਾਂ ਦੇ ਸੁਧਾਰ ਲਈ ਤਿਆਰ ਕਰਨਾ ਚਾਹੀਦਾ ਹੈ।

"ਕਿਸ਼ਨ ਸਿੰਘ ਨੇ ਉਸ ਵੇਲੇ ਕਰਮ ਸਿੰਘ ਦੌਲਤਪੁਰ ਨੂੰ ਮਿਲਣ ਦੀ ਇੱਛਾ ਜ਼ਾਹਰ ਕੀਤੀ ਅਤੇ ਅਸੀਂ ਸਾਰੇ ਦੌਲਤਪੁਰ ਲਈ ਚਲ ਪਏ। ਪਹਿਲਾਂ ਅਸੀਂ ਦੌਲਤਪੁਰ ਨਗੀਨਾ ਸਿੰਘ ਸੁਨਿਆਰੇ ਨੂੰ ਮਿਲੇ, ਜੀਹਨੇ ਇਕ ਬੱਕਰਾ ਝਟਕਾ ਕੇ ਸਾਡੀ ਸੇਵਾ ਕੀਤੀ। ਉਸ ਵੇਲੇ ਕਰਮ ਸਿੰਘ ਉਥੇ ਨਹੀਂ ਸਨ।" ਨਗੀਨਾ ਸਿੰਘ ਸੁਨਿਆਰੇ ਨੂੰ 216 ਅਧੀਨ ਬਾਅਦ ਵਿਚ ਕੈਦ ਕੱਟਣੀ ਪਈ ਸੀ।

ਅੱਧੀ ਕੁ ਰਾਤ ਨੂੰ ਕਿਸ਼ਨ ਸਿੰਘ, ਕਰਮ ਸਿੰਘ ਝਿੰਗੜ, ਬਾਬੂ ਸੰਤਾ ਸਿੰਘ ਅਤੇ ਆਸਾ ਸਿੰਘ ਹਿਆਤਪੁਰ ਰੁੜਕੀ ਨੂੰ ਚਲੇ ਗਏ ਅਤੇ ਬਾਕੀ ਸਾਥੀ ਦੌਲਤਪੁਰ ਹੀ ਰਹੇ। "ਅਸੀਂ ਸੁਰਜਨ ਸਿੰਘ, ਸੁੰਦਰ ਸਿੰਘ ਅਤੇ ਧਰਮ ਸਿੰਘ ਕੋਲ ਠਹਿਰੇ। ਸੁੰਦਰ ਸਿੰਘ ਅਤੇ ਧਰਮ ਸਿੰਘ, ਸੁਰਜਨ ਸਿੰਘ ਦੇ ਭਤੀਜੇ ਹਨ ਅਤੇ ਵਖੋ-ਵੱਖਰੇ ਰਹਿੰਦੇ ਹਨ। ਅਸੀਂ ਰਾਤ ਉਨ੍ਹਾਂ ਦੇ ਕੋਲ ਹੀ ਠਹਿਰੇ ਅਤੇ ਕਿਸ਼ਨ ਸਿੰਘ ਦੀ ਮੈਂ ਉਨ੍ਹਾਂ ਨਾਲ ਵਾਕਫੀ ਕਰਵਾਈ ਤੇ ਦੱਸਿਆ ਕਿ ਇਹ ਵੀ ਸਾਡੇ ਜਥੇ ਦੇ ਪੱਕੇ ਮੈਂਬਰ ਹਨ।"

ਆਸਾ ਸਿੰਘ ਬਿਆਨ ਜਾਰੀ ਰਖਦਾ ਹੈ ਕਿ "ਮੈਂ ਇਨ੍ਹਾਂ ਨੂੰ ਨਾਲ ਲੈ ਕੇ ਹੋਰਨਾਂ ਪਿੰਡਾਂ ਵਿਚ ਆਪਣੇ ਸਾਥੀਆਂ ਦੀ ਜਾਣਕਾਰੀ ਭਾਈ ਕਿਸ਼ਨ ਸਿੰਘ ਹੁਰਾਂ ਨਾਲ ਕਰਾਉਂਦਾ ਰਿਹਾ।"

ਪੇਪਰ-ਬੁੱਕ ਦੇ ਸਫਾ 220 ਉਤੇ ਆਸਾ ਸਿੰਘ ਬਿਆਨ ਜਾਰੀ ਰੱਖਦਾ ਦੱਸਦਾ ਹੈ ਕਿ "ਬਾਬੂ ਸੰਤਾ ਸਿੰਘ ਹਿਆਤਪੁਰੋਂ ਹੀ ਵਾਪਸ ਚਲਿਆ ਗਿਆ ਸੀ ਅਤੇ ਅਸੀਂ ਤਿੰਨੇ ਭਾਈ ਕਿਸ਼ਨ ਸਿੰਘ, ਕਰਮ ਸਿੰਘ ਝਿੰਗੜ ਅਤੇ ਆਸਾ ਸਿੰਘ ਹੀ ਰਹਿ ਗਏ ਸੀ। ਅਖ਼ੀਰ ਘੁੰਮਦੇ-ਘੁਮਾਉਂਦੇ ਅਸੀਂ ਤਿੰਨ ਪਤਾਰੇ ਊਧਮ ਸਿੰਘ ਦੇ ਖੂਹ ਉਤੇ ਆ ਗਏ, ਜਿਥੇ ਸਾਥੋਂ ਪਹਿਲਾਂ ਹਰੀ ਸਿੰਘ ਜਲੰਧਰੀ, ਬੀਬੀ ਰਜਿੰਦਰ ਕੌਰ ਤੇ ਉਹਦੇ ਘਰਵਾਲਾ ਰਾਗੀ ਲਾਲ ਸਿੰਘ, ਭਾਗ ਸਿੰਘ ਕੈਨੇਡੀਅਨ, ਬਾਬੂ ਸੰਤਾ ਸਿੰਘ ਅਤੇ ਮਾਸਟਰ ਮੋਤਾ ਸਿੰਘ ਗੱਲਾਂ ਕਰ ਰਹੇ ਸਨ। ਅਸੀਂ ਤਿੰਨੇ ਵੀ ਪੁੱਜ ਗਏ।"

ਹਰੀ ਸਿੰਘ ਜਲੰਧਰੀ ਦਾ ਸੰਬੰਧ ਅਖ਼ਬਾਰ 'ਪ੍ਰਦੇਸੀ ਖ਼ਾਲਸਾ' ਨਾਲ ਸੀ, ਜਿਸ ਵਿਚ ਉਨ੍ਹਾਂ ਨੇ ਭਾਈ ਕਿਸ਼ਨ ਸਿੰਘ ਅਤੇ ਕਰਮ ਸਿੰਘ ਝਿੰਗੜ ਦੇ ਖਿਲਾਫ ਕਈ ਮਜ਼ਮੂਨ ਲਿਖੇ ਸਨ ਕਿ ਇਹ ਦੋਨੋਂ ਮਹਾਰਾਜਾ ਨਾਭਾ ਦੇ ਏਜੰਟ ਹਨ ਅਤੇ ਉਹਤੋਂ ਮਾਇਆ ਲੈ ਕੇ ਸ਼ਾਂਤਮਈ ਤਹਿਰੀਕ, ਜਿਹੜੀ ਅਕਾਲੀਆਂ ਨੇ ਜਾਰੀ ਕੀਤੀ ਹੋਈ ਹੈ, ਦੇ ਉਲਟ ਤਸ਼ੱਦਦ ਦਾ ਪ੍ਰਚਾਰ ਕਰਕੇ ਲੋਕਾਂ ਨੂੰ ਉਲਟੇ ਰਸਤੇ ਪਾ ਰਹੇ ਹਨ। ਇਸੇ ਗਲਤਫਹਿਮੀ ਨੂੰ ਦੂਰ ਕਰਨ ਲਈ ਭਾਈ ਕਿਸ਼ਨ ਸਿੰਘ ਪਹਿਲਾਂ ਜਾ ਕੇ ਹਰੀ ਸਿੰਘ ਨੂੰ ਜਲੰਧਰ ਮਿਲ ਚੁੱਕੇ ਸਨ। ਮੈਂ ਪਹਿਲਾਂ ਹੀ ਸੰਤ ਕਰਤਾਰ ਸਿੰਘ ਦਾ ਬਿਆਨ ਦਰਜ ਕਰ ਚੁਕਿਆਂ ਹਾਂ। ਉਸ ਵੇਲੇ ਵਿਰੋਧ ਦੂਰ ਨਹੀਂ ਸਨ ਹੋ ਸਕੇ। ਫੇਰ ਮੁਲਾਕਾਤ ਦਾ ਫੈਸਲਾ ਕਰਕੇ ਭਾਈ ਸਾਹਿਬ ਨੇ ਸਾਰੀ ਗੱਲ ਮਾਸਟਰ ਮੋਤਾ ਸਿੰਘ ਨੂੰ ਜਾ ਦੱਸੀ ਸੀ। ਮਾਸਟਰ ਸਾਹਿਬ ਨੇ ਜਲੰਧਰੀ ਸਾਹਿਬ ਦੀ ਗ਼ਲਤਫਹਿਮੀ ਦੂਰ ਕਰਨ ਲਈ ਹਰੀ ਸਿੰਘ ਨੂੰ ਸੱਦ ਘਲਿਆ ਸੀ ਅਤੇ ਕੁਦਰਤੀ ਭਾਈ ਕਿਸ਼ਨ ਸਿੰਘ ਤੇ ਕਰਮ ਸਿੰਘ ਝਿੰਗੜ ਵੀ ਆ ਗਏ।

ਆਸਾ ਸਿੰਘ ਦਸਦਾ ਹੈ ਕਿ ਪਹਿਲਾਂ ਤਾਂ ਹਰੀ ਸਿੰਘ ਅੜੇ ਰਹੇ। ਫੇਰ ਮਾਸਟਰ ਮੋਤਾ ਸਿੰਘ ਦੇ ਸਮਝਾਉਣ ਉਤੇ ਕਿ ਇਹ ਨਾ ਤਾਂ ਨਾਭੇ ਵਾਲੇ ਰਾਜੇ ਦੇ ਏਜੰਟ ਹਨ ਅਤੇ ਨਾ ਹੀ ਕੋਈ ਰਕਮ ਲੈ ਰਹੇ ਹਨ, ਸਗੋਂ ਦੋਨੋਂ ਉਚ-ਕੋਟੀ ਦੇ ਦੇਸ਼ਭਗਤ ਹਨ, ਆਖ਼ਰ ਹਰੀ ਸਿੰਘ ਜਲੰਧਰੀ ਰਜ਼ਾਮੰਦ ਹੋਏ ਕਿ ਅੱਗੋਂ ਨਹੀ ਉਹ ਇਹੋ ਜਿਹਾ ਭੰਡੀ -ਪ੍ਰਚਾਰ ਬੰਦ ਕਰ ਦੇਣਗੇ ਅਤੇ ਹਰ ਕਿਸਮ ਦਾ ਸੰਕੋਚ ਵਰਤਣਗੇ।

ਫੇਰ ਮਾਸਟਰ ਮੋਤਾ ਸਿੰਘ ਨੇ ਹਰੀ ਸਿੰਘ ਨੂੰ ਸਲਾਹ ਦਿੱਤੀ ਕਿ 'ਪ੍ਰਦੇਸੀ ਖ਼ਾਲਸਾ' ਅਖ਼ਬਾਰ ਅੰਮ੍ਰਿਤਸਰ ਦੀ ਥਾਂ ਜਲੰਧਰੋਂ ਨਿਕਲਣਾ ਚਾਹੀਦਾ ਹੈ, ਕਿਉਂਕਿ ਇਹ ਅਖ਼ਬਾਰ ਕੈਨੇਡਾ ਤੋਂ ਆਏ ਦੁਆਬੀਆਂ ਦੀ ਮਾਲੀ ਮਦਦ ਨਾਲ ਨਿਕਲ ਰਿਹਾ ਹੈ। ਹਰੀ ਸਿੰਘ ਨੇ ਵਾਅਦਾ ਕੀਤਾ ਕਿ ਦੋ ਹਫਤਿਆਂ ਦੇ ਅੰਦਰ-ਅੰਦਰ 'ਪ੍ਰਦੇਸੀ ਖ਼ਾਲਸਾ' ਜਲੰਧਰੋਂ ਨਿਕਲਣਾ ਸ਼ੁਰੂ ਹੋ ਜਾਵੇਗਾ। ਇਉਂ ਮੀਟਿੰਗ ਵਧੀਆ ਮਾਹੌਲ ਵਿਚ ਖ਼ਤਮ ਹੋ ਗਈ।

ਅਗਲੇ ਦਿਨ ਭਾਈ ਕਿਸ਼ਨ ਸਿੰਘ, ਕਰਮ ਸਿੰਘ ਝਿੰਗੜ ਅਤੇ ਆਸਾ ਸਿੰਘ ਉਥੋਂ ਚੱਲ ਪਏ। ਰਾਹ ਵਿਚ ਕਿਸ਼ਨ ਸਿੰਘ ਨੇ ਆਸਾ ਸਿੰਘ ਨੂੰ ਕਿਹਾ ਕਿ ਕਰਮ ਸਿੰਘ ਦੌਲਤਪੁਰ ਬੜਾ ਕਾਬਲ ਤੇ ਦਲੇਰ ਵਰਕਰ ਹੈ, ਇਸ ਲਈ ਉਹ ਕਰਮ ਸਿੰਘ ਨਾਲ ਮਿਲ ਕੇ ਸਲਾਹ-ਮਸ਼ਵਰਾ ਕਰਨਾ ਚਾਹੁੰਦੇ ਹਨ ਤੇ ਹੋਰ ਮੈਂਬਰ ਜਥੇ ਵਿਚ ਭਰਤੀ ਕਰਨਾ ਚਾਹੁੰਦੇ ਹਨ। ਸੋ ਆਸਾ ਸਿੰਘ ਦੋਹਾਂ ਦੀ ਮੁਲਾਕਾਤ ਦਾ ਪ੍ਰਬੰਧ ਕਰੇ। ਆਸਾ ਸਿੰਘ ਨੇ ਪੁੱਛਿਆ ਕਿ ਉਹ ਕਰਮ ਸਿੰਘ ਦੌਲਤਪੁਰ ਨੂੰ ਕਿਥੇ ਮਿਲਣਾ ਠੀਕ ਸਮਝਦੇ ਹਨ, ਤਾਂ ਕਿਸ਼ਨ ਸਿੰਘ ਨੇ ਕਿਹਾ ਕਿ ਪੰਡੋਰੀ ਗੰਗਾ ਸਿੰਘ ਉਹ ਹਜ਼ਾਰਾ ਸਿੰਘ ਦੇ ਘਰ ਦਸ-ਬਾਰਾਂ ਦਿਨਾਂ ਦੇ ਅੰਦਰ-ਅੰਦਰ ਉਨ੍ਹਾਂ ਨੂੰ ਲੈ ਆਵੇ। ਆਸਾ ਸਿੰਘ ਸਿੱਧਾ ਦੌਲਤਪੁਰ ਨੂੰ ਚਲਿਆ ਗਿਆ ਪਰ ਕਰਮ ਸਿੰਘ ਦੌਲਤਪੁਰ ਨਾ ਮਿਲ ਸਕਿਆ। ਕਰਮ ਸਿੰਘ ਪੰਜਾਂ-ਛੇਆਂ ਦਿਨਾਂ ਦੀ ਤਲਾਸ਼ ਬਾਅਦ ਆਸਾ ਸਿੰਘ ਨੂੰ ਨਗਾਹੀਆਂ ਸਿੰਘ ਖ਼ੁਰਦਪੁਰ ਦੇ ਘਰ ਮਿਲ ਪਿਆ। ਉਹਨੇ ਭਾਈ ਕਿਸ਼ਨ ਸਿੰਘ ਦਾ ਸੁਨੇਹਾ ਦਿੱਤਾ ਪਰ ਕਰਮ ਸਿੰਘ ਨੇ ਕਿਹਾ ਕਿ ਉਹ ਹਾਲੇ ਕਿਤੇ ਨਹੀਂ ਜਾ ਸਕਦਾ, ਕਿਉਂਕਿ ਉਹਦੇ ਭਾਣਜੇ ਦਾ ਜਨਮ ਹੋਇਆ ਹੈ ਅਤੇ ਪਾਠ ਰੱਖਿਆ ਜਾ ਚੁਕਿਆ ਹੈ ਤੇ ਉਹਦੀ ਹਾਜ਼ਰੀ ਜ਼ਰੂਰੀ ਹੈ। ਸੋ ਬਿਹਤਰ ਇਹੋ ਰਹੇਗਾ ਕਿ ਆਸਾ ਸਿੰਘ ਪੂਰਨਮਾਸ਼ੀ ਵਾਲੇ ਦਿਨ ਭਾਈ ਕਿਸ਼ਨ ਸਿੰਘ ਨੂੰ ਹਿਆਤਪੁਰ ਰੁੜਕੀ ਲੈ ਆਵੇ। ਉਸ ਦਿਨ ਇਕ ਲੜਕੀ ਦੀ ਉਥੇ ਸ਼ਾਦੀ ਹੈ, ਜਿਸ ਵਿਚ ਉਹਨੇ ਜ਼ਰੂਰ ਜਾਣਾ ਹੈ। ਇਹ ਹਾੜ੍ਹ ਦੀ ਪੂਰਨਮਾਸ਼ੀ ਸੀ। ਸਿਰਫ ਦਸ-ਬਾਰਾਂ ਦਿਨ ਬਾਕੀ ਸਨ। ਤੇ ਮੀਹਾਂ ਸਿੰਘ ਦੀ ਲੜਕੀ ਦੀ ਸ਼ਾਦੀ ਸੀ। ਇਹ ਪੂਰਨਮਾਸ਼ੀ 26 ਹਾੜ੍ਹ ਅਥਵਾ 9 ਜੁਲਾਈ 1922 ਵਾਲੇ ਦਿਨ ਦੀ ਸੀ।

ਆਸਾ ਸਿੰਘ ਪੰਡੋਰੀ ਗੰਗਾ ਸਿੰਘ ਨੂੰ ਚਲਿਆ ਗਿਆ ਅਤੇ ਕਰਮ ਸਿੰਘ ਦੌਲਤਪੁਰ ਦਾ ਸੁਨੇਹਾ ਪਹੁੰਚਾ ਦਿੱਤਾ। ਭਾਈ ਸਾਹਿਬ ਨੇ ਕਿਹਾ ਕਿ ਠੀਕ ਹੈ। ਦੋਨੋਂ ਆਲੇ-ਦੁਆਲੇ ਘੁੰਮਦੇ-ਘੁਮਾਉਂਦੇ ਜਸੋਵਾਲ ਹਰਬਖ਼ਸ਼ ਸਿੰਘ ਕੋਲ ਆ ਗਏ। ਅਗਲੇ ਦਿਨ ਪੂਰਮਾਸ਼ੀ ਸੀ। "ਅਸੀਂ ਹਿਆਤਪੁਰ ਚਲੇ ਗਏ ਪਰ ਜਾਂਦਿਆਂ ਨੂੰ ਉਥੇ ਪੁਲਿਸ ਆਈ ਹੋਈ ਸੀ ਜਿਹੜੀ ਕਰਮ ਸਿੰਘ ਦੌਲਤਪੁਰ ਦੀ ਭਾਲ ਵਿਚ ਸੀ, ਕਿਉਂਕਿ ਬਛੌੜੀ ਵਾਲੇ ਕਾਕੇ ਲੰਬੜਦਾਰ ਤੋਂ ਕਰਮ ਸਿੰਘ ਨੇ ਸਰਕਾਰੀ ਮਾਮਲਾ, ਜੋ ਉਹ ਗੜ੍ਹਸ਼ੰਕਰ ਖ਼ਜ਼ਾਨੇ ਵਿਚ ਜਮ੍ਹਾਂ ਕਰਵਾਉਣ ਜਾ ਰਿਹਾ ਸੀ, ਰਾਹ ਵਿਚ ਵੀ ਹੀ ਖੋਹ ਲਿਆ ਸੀ ਅਤੇ ਲੰਬੜਦਾਰ ਨੇ ਕਰਮ ਸਿੰਘ ਦੌਲਤਪੁਰ ਦਾ ਨਾਂ ਵੀ ਰਪੋਟ ਵਿਚ ਲਿਖਾ ਛਡਿਆ ਸੀ, ਜੀਹਦੀ ਤਲਾਸ਼ ਵਿਚ ਪੁਲਿਸ ਹਿਆਤਪੁਰ ਰੁੜਕੀ ਆ ਚੁੱਕੀ ਸੀ। ਸੋ ਕਰਮ ਸਿੰਘ ਦੇ ਉਥੇ ਆਉਣ ਦਾ ਸਵਾਲ ਹੀ ਪੈਦਾ ਨਹੀਂ ਹੁੰਦਾ ਸੀ।" ਦੋਨੋਂ ਰਾਤ ਸੁਰਜਨ ਸਿੰਘ ਦੀ ਹਵੇਲੀ ਵਿਚ ਠਹਿਰੇ। ਅਗਲੀ ਸਵੇਰ ਮੁੜ ਕਈਆਂ ਪਿੰਡਾਂ ਵਿਚ ਘੁੰਮਦੇ ਕਰਦੇ ਹੋਏ ਗੁਰਦੁਆਰਾ ਕਿਸ਼ਨਪੁਰੇ ਪੁੱਜ ਗਏ। ਆਸਾ ਸਿੰਘ ਦੱਸਦਾ ਹੈ ਕਿ ਉਹ ਨਜ਼ਮਾਂ ਪੜ੍ਹਦਾ ਸੀ ਅਤੇ ਭਾਈ ਕਿਸ਼ਨ ਸਿੰਘ ਲੈਕਚਰ ਕਰਿਆ ਕਰਦੇ ਸਨ।

ਕਹਾਣੀ

# ਮੂੰਹ ਉਤੇ ਹੱਥ

***ਪੰਜਾਬੀ ਲੇਖਕ ਰਘੁਬੀਰ ਢੰਡ (1934-1990) ਨੇ ਪੰਜਾਬੀ ਸਾਹਿਤ ਨੂੰ ਬੜੀਆਂ ਜਾਨਦਾਰ ਕਹਾਣੀਆਂ ਦਿੱਤੀਆਂ ਹਨ। 'ਸ਼ਾਨੇ-ਪੰਜਾਬ' ਅਤੇ 'ਕੁਰਸੀ' ਵਰਗੀਆਂ ਕਹਾਣੀਆਂ ਪੜ੍ਹ ਕੇ ਅੱਜ ਵੀ ਪਾਠਕ ਦੇ ਜ਼ਿਹਨ ਅੰਦਰ ਚਿਣਗਾਂ ਫੁੱਟਦੀਆਂ ਹਨ। 'ਮੂੰਹ ਉਤੇ ਹੱਥ' ਕਹਾਣੀ ਵਿਚ ਉਸ ਨੇ ਬਦਲਦੇ ਮਨੁੱਖੀ ਰਿਸ਼ਤਿਆਂ ਦੀ ਕਥਾ ਛੇੜੀ ਹੈ। ਇਹ ਕਥਾ ਇੰਨੀ ਸਹਿਜ ਹੈ ਕਿ ਪਾਠਕ ਕਹਾਣੀ ਪੜ੍ਹਦਾ ਖੁਦ ਕਹਾਣੀ ਦੇ ਪਾਤਰਾਂ ਨਾਲ ਤੁਰਿਆ ਜਾਂਦਾ ਮਹਿਸੂਸ ਕਰਦਾ ਹੈ। ਕਹਾਣੀ ਦੱਸਦੀ ਹੈ ਕਿ ਤੁਹਾਡਾ ਆਲਾ-ਦੁਆਲੇ ਕਿਸ ਤਰ੍ਹਾਂ ਅਤੇ ਕਿੰਨੇ ਸੂਖਮ ਢੰਗ ਨਾਲ ਤੁਹਾਡੇ ਉਤੇ ਅਸਰ ਕਰਦਾ ਹੈ। -ਸੰਪਾਦਕ***

ਉਸ ਦਾ ਬਾਪੂ ਉਸ ਦੀ ਬੇਬੇ ਨੂੰ ਉਨਾ ਚਿਰ ਕੁੱਟਦਾ ਰਿਹਾ ਜਿੰਨਾ ਚਿਰ ਉਹ ਮਰ ਨਾ ਗਈ। ਉਸ ਦੀ ਭੈਣ ਦਾ ਮੁੜ ਵਿਆਹ ਨਹੀਂ ਸੀ ਕੀਤਾ, ਉਹ ਪੇਕਿਆਂ ਦਾ ਗੋਹਾ ਕੂੜਾ ਕਰਦੀ ਤੇ ਭਾਬੀਆਂ ਦੀਆਂ ਗਾਲ੍ਹਾਂ ਖਾਂਦੀ ਪੱਚੀ ਸਾਲ ਦੀ ਉਮਰੇ ਮਰ ਗਈ ਸੀ।

ਉਸ ਦੇ ਆਪਣੇ ਸੁਪਨਿਆਂ ਦੀ ਕੁੜੀ ਹਾਲਾਤ ਦੀਆਂ ਮਜਬੂਰੀਆਂ ਨੇ ਮਾਰ ਦਿੱਤੀ ਤੇ ਉਸ ਦੀਆਂ ਅੱਖਾਂ ਸਾਹਵੇਂ ਸਾਰੇ ਚਾਨਣ ਬੁਝ ਗਏ ਸਨ।

ਇਨ੍ਹਾਂ ਤਿੰਨਾਂ ਔਰਤਾਂ ਨੇ ਉਸ ਦੀ ਜ਼ਿੰਦਗੀ 'ਤੇ ਇੰਨਾ ਡੂੰਘਾ ਅਸਰ ਪਾਇਆ ਕਿ ਉਹ ਔਰਤ ਸਬੰਧੀ 'ਲੱਤ ਉਤੇ ਰੱਖਣ ਵਾਲੀ' ਆਪਣੀ ਖਾਨਦਾਨੀ ਰੀਤ ਨੂੰ ਛੱਡ, ਔਰਤ ਨੂੰ ਧਰਤੀ ਮਾਤਾ ਜਿੰਨੀ ਮਹਾਨ ਤੇ ਖੁਸ਼ਬੂ ਵਰਗੀ ਪਵਿਤਰ ਚੀਜ਼ ਸਮਝਣ ਲੱਗ ਪਿਆ। ਉਸ ਦੀ ਇਹ ਮਚਲਦੀ ਖਾਹਿਸ਼ ਸੀ ਕਿ ਉਸ ਦਾ ਪਹਿਲਾ ਬੱਚਾ ਲੜਕੀ ਹੋਵੇ। ਇਹ ਖਾਹਿਸ਼ ਵੀ ਪੂਰੀ ਹੋ ਗਈ, ਜਦੋਂ ਚੁੰਨੀ ਦੇ ਲੜ ਨਾਲ ਅੱਖਾਂ ਪੂੰਝਦੀ ਉਸ ਦੀ ਸੱਸ ਨੇ ਜਨਮ-ਕਮਰੇ ਦੀ ਦਹਿਲੀਜ਼ 'ਤੇ ਖਲੋ ਕੇ ਆਖਿਆ, "ਕਾਕਾ, ਲਛਮੀ ਆਈ ਐ।"

ਇਹ ਸੁਣਦਿਆਂ ਹੀ ਉਸ ਨੂੰ ਜਾਪਿਆ, ਜਿਵੇਂ ਉਸ ਦੇ ਪਿਆਸੇ ਹੋਠਾਂ 'ਤੇ ਕਿਸੇ ਤ੍ਰੇਲ ਤ੍ਰੌਂਕ ਦਿੱਤੀ ਹੋਵੇ, ਮਾਰੂਥਲ ਵਿਚ ਕੂਲਾਂ ਫੁੱਟ ਪਈਆਂ ਹੋਣ, ਟਿਮ ਟਿਮ ਕਰਦੀਆਂ ਬੱਤੀਆਂ ਲਾਟਾਂ ਵਾਂਗ

**ਰਘੁਬੀਰ ਢੰਡ**

ਮਚ ਪਈਆਂ ਹੋਣ, ਰੁੱਖੇ ਧੁਆਂਖੇ ਮਾਹੌਲ ਵਿਚ ਹਜ਼ਾਰਾਂ ਗੁਲਾਬ ਖਿੜੇ ਪਏ ਹੋਣ।

ਉਸ ਦਾ ਧਰਤੀ 'ਤੇ ਪੈਰ ਨਹੀਂ ਸੀ ਲੱਗ ਰਿਹਾ, ਉਹ ਵਾਰ ਵਾਰ ਬੱਚੀ ਨੂੰ ਚੁੰਮੇ, ਭਾਂਤ ਭਾਂਤ ਦੇ ਨਾਂਵਾਂ ਨਾਲ ਉਸ ਨੂੰ ਬੁਲਾਵੇ, ਵਾਰ ਵਾਰ ਪਤਨੀ ਦਾ ਹੱਥ ਚੁੰਮੇ, ਉਸ ਦਾ ਧੰਨਵਾਦ ਕਰਦਾ ਨਾ ਥੱਕੇ, ਉਸ 'ਤੇ ਕੁਰਬਾਨ ਹੋ ਹੋ ਜਾਵੇ, ਤਾਸ਼ ਦੇ ਪੱਤਿਆਂ ਵਾਂਗ ਜੇਬ 'ਚੋਂ ਸਕੂਲ ਦੀਆਂ ਫੀਸਾਂ ਦੇ ਨੋਟ ਵੰਡੀ ਜਾਏ, ਪੰਜ ਰੁਪਏ ਰਾਜੋ ਭੰਗਣ ਨੂੰ, ਦਸ ਸਕੂਲ ਦੀਆਂ ਕੁੜੀਆਂ ਨੂੰ, ਵੀਹ ਫੀਸਟ ਲਈ ਮਾਸਟਰਾਂ ਨੂੰ...।

ਉਸ ਦੀ ਸੱਸ ਨੂੰ ਇਹ ਵੇਖ ਵੇਖ ਕੇ ਭੌਣੀਆਂ ਆ ਰਹੀਆਂ ਸਨ ਤੇ ਆਪਣੇ ਝੱਲੇ ਜਵਾਈ ਤੇ ਖਿਝ ਚੜ੍ਹ ਰਹੀ ਸੀ, ਜਿਸ ਨੂੰ ਹਾਲੀ ਤੱਕ ਇੰਨੀ ਅਕਲ ਵੀ ਨਹੀਂ ਸੀ ਕਿ ਧੀਆਂ ਜੰਮੀਆਂ ਤੇ ਨੱਚ ਨੱਚ ਰੁਪਏ ਨਹੀਂ ਵੰਡੀਦੇ ਸਗੋਂ ਕਿਸੇ ਖੂੰਜੇ ਵਿਚ ਬਹਿ ਕੇ ਮਾੜੇ ਕਰਮਾਂ ਨੂੰ ਰੋਈਦਾ ਹੈ।

ਉਸ ਦੀ ਪਤਨੀ ਤਾਂ ਬਹੁਤ ਖੁਸ਼ ਸੀ। ਉਹ ਬੱਚੀ ਦੇ ਆਉਣ ਤੋਂ ਪਿੱਛੋਂ ਪਤੀ ਵਿਚ ਇਕ ਵੱਡੀ ਤਬਦੀਲੀ ਵੇਖ ਰਹੀ ਸੀ। ਪਹਿਲਾਂ ਉਹ ਘੰਟਿਆਂ ਬੱਧੀ ਉਦਾਸ ਹੋ ਜਾਂਦਾ ਸੀ ਅਤੇ ਘੰਟਿਆਂ ਬੱਧੀ ਨਿੰਮੋਝੂਣਾ ਬੈਠਾ ਰਹਿੰਦਾ। ਭਾਵੇਂ ਆਲੇ ਦੁਆਲੇ ਹੁਣ ਵੀ ਉਹੀ ਤਲਖੀਆਂ, ਉਹੀ ਬੇਇਨਸਾਫੀਆਂ ਸਨ, ਉਹੀ ਕੁਹਜ ਖਿਲਰਿਆ ਪਿਆ ਸੀ। ਹੁਣ ਵੀ ਉਸ ਨੂੰ ਸਾਰੇ ਮਾਸਟਰਾਂ ਤੋਂ ਵੱਧ ਡਿਗਰੀਆਂ ਹੋਣ ਦੇ ਬਾਵਜੂਦ ਸਕੂਲ ਦਾ ਪ੍ਰਿੰਸੀਪਲ ਨਹੀਂ ਸੀ ਬਣਾਇਆ ਗਿਆ ਕਿਉਂਕਿ ਉਹ ਸੈਕਟਰੀ ਅਤੇ ਮੈਨੇਜਰ ਨੂੰ ਸਲਾਮ ਨਹੀਂ ਸੀ ਮਾਰਨ ਜਾਂਦਾ। ਸਕੂਲ 'ਚ ਹੁਣ ਵੀ ਬਾਪੂ ਗਾਂਧੀ ਦਾ ਨਾਂ ਵਰਤ ਕੇ ਮੁੰਡਿਆਂ ਤੋਂ ਨਾਜਾਇਜ਼ ਉਗਰਾਹੀ ਕੀਤੀ ਜਾਂਦੀ ਸੀ।

ਹੁਣ ਵੀ ਉਸ ਦੇ ਪਾਸਪੋਰਟ ਦੇ ਕਾਗਜ਼ ਨੋਟਾਂ ਦੀ ਛੁਹ ਬਿਨਾ ਮੇਜ਼ ਨਹੀਂ ਸਨ ਬਦਲਦੇ, ਅਤੇ ਹੁਣ ਵੀ ਦੇਸ਼ ਦੇ ਰਹਿਬਰਾਂ ਦੀਆਂ ਤਕਰੀਰਾਂ ਰੇਡੀਓ 'ਤੇ ਨਸ਼ਰ ਹੁੰਦੀਆਂ ਕਿ ਸਾਡਾ ਦੇਸ਼ ਏਸ਼ੀਆ ਵਿਚ ਲੋਕ ਰਾਜ ਦਾ ਸਭ ਤੋਂ ਵੱਡਾ ਤਜਰਬਾ ਕਰ ਰਿਹਾ ਹੈ, ਪਰ ਹੁਣ ਉਹ ਪਹਿਲਾਂ ਜਿੰਨਾ ਉਦਾਸ ਨਹੀਂ ਸੀ ਰਹਿੰਦਾ, ਜਿਵੇਂ ਬੱਚੀ ਦੀ ਛੁਹ ਨਾਲ ਹੀ ਇਨ੍ਹਾਂ ਤਲਖੀਆਂ ਦੀ ਧੁੰਦ ਤੇ ਸ਼ਿੱਦਤ ਪੈ ਕੇ ਕੁਝ ਫਿੱਕੀ ਪੈ ਜਾਂਦੀ ਸੀ। ਕਦੀ ਉਸ ਨੂੰ ਪੰਘੂੜੇ ਵਿਚ ਪਾ ਕੇ ਝੂਟੇ ਦੇਣ ਲੱਗ ਪੈਂਦਾ ਤੇ ਗੀਤ ਗਾਉਂਦਾ, ਕਦੀ ਝੋਲੀ ਵਿਚ ਪਾ ਕੇ ਦੁੱਧ ਪਿਆਉਂਦਾ, ਸੌਣ ਤੋਂ ਪਹਿਲਾਂ ਉਸ ਨੂੰ ਵਾਰ ਵਾਰ ਚੁੰਮਦਾ ਤੇ ਘੁੱਟ ਘੁੱਟ ਆਪਣੇ ਨਾਲ ਲਾਉਂਦਾ। ਉਸ ਦਾ ਇਹ ਝੱਲ ਵੇਖ ਉਸ ਦੀ ਪਤਨੀ ਕਈ ਵਾਰ ਕਹਿੰਦੀ, "ਏਨਾ ਮੋਹ ਨਾ ਪਾਓ। ਇੰਗਲੈਂਡ ਜਾ ਕੇ ਦੁਖੀ ਹੋਵੋਂਗੇ ਤੇ ਏਧਰ ਕੁੜੀ ਮੈਨੂੰ ਦੁਖੀ ਕਰੇਗੀ।"

ਪਤਨੀ ਠੀਕ ਹੀ ਕਹਿੰਦੀ ਸੀ। ਜਿਸ ਦਿਨ ਦਾ ਉਹ ਇੰਗਲੈਂਡ ਆਇਆ ਸੀ, ਉਸ ਦਾ ਬਿਲਕੁਲ ਦਿਲ ਨਹੀਂ ਸੀ ਲਗਦਾ। ਕਈ ਵਾਰ ਉਸ ਨੂੰ ਨੀਂਦ ਨਾ ਪੈਂਦੀ ਅਤੇ ਰਾਤ ਪਰਬਤ ਵਾਂਗ ਅੜ ਕੇ ਖਲੋ ਜਾਂਦੀ। ਬੱਸ ਵਿਚ ਜੇ ਕਦੇ ਉਹ ਸਾਲ ਕੁ ਦਾ ਬੱਚਾ ਵੇਖਦਾ ਤਾਂ ਉਸ ਵੱਲ ਵੇਖੀ ਜਾਂਦਾ, ਵੇਖੀ ਜਾਂਦਾ। ਆਪਣੇ ਕਮਰੇ ਵਿਚ ਆ ਕੇ ਬੱਚੀ ਦੀ ਤਸਵੀਰ ਵੱਲ ਵੇਖਦਾ, ਚੁੰਮਦਾ ਰਹਿੰਦਾ, ਚੁੰਮਦਾ ਰਹਿੰਦਾ। ਜਦੋਂ ਨੀਂਦ ਨਾ ਆਉਂਦੀ, ਆਪਣੀ ਬੱਚੀ ਦੇ ਸੁਪਨੇ ਲੈਂਦਾ ਰਹਿੰਦਾ। ਪਤਨੀ ਨੇ ਠੀਕ ਹੀ ਆਖਿਆ ਸੀ, ਉਹ ਇੰਗਲੈਂਡ ਆ ਕੇ ਆਪਣੀ ਬੱਚੀ ਬਿਨਾ ਬਹੁਤ ਦੁਖੀ ਹੋਇਆ ਸੀ।

ਜਦੋਂ ਪਤਨੀ ਦੀ ਚਿੱਠੀ ਆਉਂਦੀ ਤਾਂ ਉਸ ਵਿਚ ਵੀ ਬਹੁਤੀਆਂ ਇਹੀ ਗੱਲਾਂ ਹੁੰਦੀਆਂ, "ਬੱਚੀ ਤੁਹਾਡੀ ਫੋਟੋ ਵੇਖ ਉਸ ਨੂੰ ਫੜਨ ਜਾਂਦੀ ਹੈ, ਜਦੋਂ ਕੋਈ ਜਹਾਜ ਲੰਘਦਾ ਹੈ ਤਾਂ ਉਸ ਨੂੰ ਫੜਨ ਲਈ ਕਾਹਲੀ ਪੈ ਜਾਂਦੀ ਹੈ, ਤੁਹਾਡੇ ਵਿਜੋਗ ਵਿਚ ਕਾਫੀ ਮਾੜੀ ਹੋ ਗਈ ਹੈ, ਸਾਨੂੰ ਛੇਤੀ ਸੱਦ ਲਵੋ।"

ਉਸ ਨੇ ਵੀ ਛੇ ਮਹੀਨੇ ਨਾ ਪੈਣ ਦਿੱਤੇ ਤੇ ਉਨ੍ਹਾਂ ਨੂੰ ਸੱਦ ਲਿਆ। ਜਿਸ ਦਿਨ ਉਨ੍ਹਾਂ ਆਉਣਾ ਸੀ, ਉਸ ਤੋਂ ਪਹਿਲੀ ਰਾਤ ਉਹ ਬਹੁਤ ਘੱਟ ਸੌਂ ਸਕਿਆ, ਕਦੀ ਉਹ ਆਪਣੀ ਬੱਚੀ ਦੀ ਸ਼ਕਲ ਕਲਪਨਾ ਰਾਹੀਂ ਸਾਕਾਰ ਕਰਦਾ ਜੋ ਉਸ ਬਿਨਾ ਕੁਮਲਾ ਗਈ ਸੀ। ਕਦੀ ਪਤਨੀ ਦਾ ਚਿਹਰਾ ਕਲਪਦਾ ਜੋ ਵਿਛੋੜੇ ਨੇ ਪੀਲਾ ਪਾ ਦਿੱਤਾ ਸੀ ਤੇ ਜਿਸ ਨੇ ਪਤਾ ਨਹੀਂ ਸਾਵਣ ਦੀਆਂ ਝੜੀਆਂ ਕਿਵੇਂ ਬਿਤਾ ਲਈਆਂ ਸਨ, ਕਦੀ ਉਹ ਬੁਰਾ ਬੁਰਾ ਵੀ ਸੋਚਦਾ ਕਿ ਜੇ ਜਹਾਜ ਨੂੰ ਕੁਝ ਹੋ ਗਿਆ। ਫਿਰ ਆਪ ਹੀ ਆਪਣੇ ਆਪ ਨੂੰ ਲਾਹਨਤ ਪਾ ਕੇ ਇਸ ਸੋਚ ਨੂੰ ਮਿਲਣ ਘੜੀ ਵਿਚ ਬਦਲਦਾ। ਘੜੀ, ਜਦੋਂ ਉਹ ਆਪਣੀ ਬੱਚੀ ਨੂੰ ਘੁੱਟ ਲਏਗਾ, ਚੁੰਮ ਲਏਗਾ ਪਰ ਜੇ ਉਸ ਨੇ ਮੈਨੂੰ ਪਛਾਣਿਆ ਨਾ, ਪਰ ਇਹ ਕਿਵੇਂ ਹੋ ਸਕਦਾ ਹੈ? ਦਿਲਾਂ ਨੂੰ ਦਿਲਾਂ ਦਾ ਰਾਹ ਹੁੰਦਾ ਹੈ।

ਬਿਲਕੁਲ ਦਿਲਾਂ ਨੂੰ ਦਿਲਾਂ ਦਾ ਰਾਹ ਹੁੰਦਾ ਹੈ। ਉਸ ਦੀ ਬੱਚੀ ਬਾਹਾਂ ਉਲਾਰ ਕੇ ਉਸ ਦੇ ਗਲ ਚੰਬੜ ਗਈ ਸੀ। ਬਸ, ਉਹ ਤੇ ਜਿਵੇਂ ਪਾਗਲ ਹੋ ਗਿਆ, ਬੱਚੀ ਨੂੰ ਚੁੰਮ ਚੁੰਮ ਨਾ ਥੱਕੇ, ਗਲ ਨਾਲ ਲਾ ਲਾ ਨਾ ਥੱਕੇ। ਇਸ ਨਾਟਕ ਦਾ ਕੋਈ ਅੰਤ ਨਾ ਹੁੰਦਾ ਵੇਖ ਪਤਨੀ ਨੇ ਕਿਹਾ, "ਮੈਂ ਕਿਹਾ ਜੀ...।"

ਉਸ ਦੀਆਂ ਹਰਕਤਾਂ ਇਕ ਦਮ ਰੁਕੀਆਂ ਤੇ ਉਸ ਨੇ ਆਪਣੀ ਪਤਨੀ ਦੀਆਂ ਪਿਆਸੀਆਂ ਅੱਖਾਂ 'ਚ ਵੇਖਿਆ, ਜਿਵੇਂ ਕਹਿ ਰਹੀਆਂ ਹੋਣ: 'ਹਮ ਭੀ ਤੋ ਪੜੇ ਹੈਂ ਰਾਹੋਂ ਮੇਂ..।' ਉਸ ਨੇ 'ਓਹ ਸੌਰੀ' ਕਿਹਾ ਅਤੇ ਘਰ ਆ ਗਏ।

ਮਾਲਕ ਮਕਾਨ ਤਾਂ ਬਿਲਕੁਲ ਉਸ ਦਾ ਆਪਣਾ ਆਦਮੀ ਸੀ। ਭਾਰਤ 'ਚ ਉਹ ਇਕੋ ਹੀ ਪਾਰਟੀ ਵਿਚ ਕੰਮ ਕਰਦੇ ਸਨ, ਮਾਲਕ ਮਕਾਨ ਦੀ ਪਤਨੀ ਤਾਂ ਉਸ ਦੀ ਜਿਵੇਂ ਸਕੀ ਭੈਣ ਹੋਵੇ, ਕਿਉਂਕਿ ਉਹ ਉਹਦੇ ਪਰਮ ਮਿੱਤਰ ਦੀ ਭੈਣ ਸੀ।

ਉਨ੍ਹਾਂ ਨੇ ਬੜਾ ਆਦਰ ਕੀਤਾ। ਦੋ ਦਿਨ ਉਸ ਦੀ ਪਤਨੀ ਨੂੰ ਰੋਟੀ ਨਾ ਪਕਾਉਣ ਦਿੱਤੀ। ਮਾਲਕ ਮਕਾਨ ਦੀ ਪਤਨੀ ਤਾਂ ਵਾਰੀ ਵਾਰੀ ਜਾਏ। ਆਖੇ, 'ਭਰਜਾਈ ਤੇ ਭਤੀਜੀ ਤਾਂ ਨਿਰਾ ਲਛਮੀ ਦਾ ਰੂਪ ਨੇ, ਹਾਲੀਂ ਆਈਆਂ ਨੂੰ ਦਸ ਦਿਨ ਨਹੀਂ ਹੋਏ, ਇਨ੍ਹਾਂ ਨੂੰ ਤੀਹ ਪੌਂਡ ਤੀਕ ਤੇ ਪੱਕੀਆਂ ਨੈਟਾਂ 'ਤੇ ਕੰਮ ਮਿਲ ਗਿਐ।'

ਉਹ ਬਹੁਤ ਖੁਸ਼ ਸੀ। ਸਵੇਰ ਤੋਂ ਸ਼ਾਮ ਤੱਕ ਫੈਕਟਰੀ ਵਿਚ ਸਖਤ ਮਿਹਨਤ ਕਰ ਕੇ ਜਦੋਂ ਉਹ ਘਰ ਮੁੜਦਾ ਤਾਂ ਬੱਚੀ ਨੂੰ ਚੁੰਮ ਕੇ ਗਲ ਨਾਲ ਲਾ ਕੇ ਸਾਰੀ ਥਕਾਵਟ ਭੁੱਲ ਜਾਂਦਾ। ਰੋਟੀ ਖਾਂਦਿਆਂ ਨਿੱਕੀਆਂ ਨਿੱਕੀਆਂ ਬੁਰਕੀਆਂ ਉਸ ਦੇ ਮੂੰਹ 'ਚ ਪਾਣਾ ਉਸ ਨੂੰ ਕਿੰਨਾ ਚੰਗਾ ਚੰਗਾ ਲਗਦਾ।

ਪਰ ਕੁਝ ਚਿਰ ਪਿਛੋਂ ਉਸ ਦੀ ਪਤਨੀ ਵਿਚ ਇਕ ਸੰਕੋਚ, ਇਕ ਤਬਦੀਲੀ ਆਉਣੀ ਸ਼ੁਰੂ ਹੋ ਗਈ। ਉਸ ਦਾ ਸਲੂਕ ਬੱਚੀ ਨਾਲ ਕੁਝ ਰੁੱਖਾ ਰੁੱਖਾ ਹੁੰਦਾ ਜਾ ਰਿਹਾ ਸੀ। ਜਦੋਂ ਉਹ ਹੱਸੇ ਤਾਂ ਉਹ ਹੱਸਣ ਤੋਂ ਵਰਜੇ, ਜਦੋਂ ਰੋਵੇ, ਛੇਤੀ ਨਾਲ ਕੋਈ ਖਿਡਾਉਣਾ ਜਾਂ ਖਾਣ ਵਾਲੀ ਚੀਜ਼ ਦੇ ਉਸ ਨੂੰ ਰੋਣ ਤੋਂ ਵਰਜੇ, ਜੇ ਉਹ ਬੂਹੇ ਤੋਂ ਬਾਹਰ ਜਾਵੇ ਤਾਂ ਝੱਟ ਅੰਦਰ ਧੂਹ ਲਿਆਵੇ।

ਉਸ ਨੂੰ ਆਪਣੀ ਪਤਨੀ ਵਿਚ ਆਈ ਇਹ ਤਬਦੀਲੀ ਬੜੀ ਨਾਪਸੰਦ ਸੀ ਤੇ ਉਹ ਚਾਹੁੰਦਾ ਸੀ ਕਿ ਉਹ ਇੰਜ ਨਾ ਕਰੇ ਪਰ ਹਾਲਾਤ ਤਾਂ ਹੋਰ ਵੀ ਵਿਗੜਦੇ ਜਾ ਰਹੇ ਸਨ ਤੇ ਫਿਰ ਇਕ ਦਿਨ ਉਹ ਵੀ ਆ ਗਿਆ, ਜਦੋਂ ਉਸ ਦੀ ਪਤਨੀ ਨੇ ਬੱਚੀ ਨੂੰ ਬੂਹਾ ਖੜਕਾਉਂਦਿਆਂ ਵੇਖ ਉਸ ਦੇ ਵੱਟ ਕੇ ਚਪੇੜ ਮਾਰੀ ਤੇ ਉਹ ਬੁਲ੍ਹੀਆਂ ਡਸਕਾਉਂਦੀ ਆਪਣੇ ਡੈਡੀ ਦੇ ਗਲ ਨਾਲ ਚਿੰਬੜ ਗਈ।

ਉਸ ਦਾ ਜੀਅ ਕੀਤਾ ਕਿ ਇਹੋ ਚਪੇੜ ਆਪਣੀ ਪਤਨੀ ਦੇ ਮਾਰੇ ਪਰ ਉਸ ਨੂੰ ਅਮਲ ਵਿਚ ਲਿਆਉਣ ਤੋਂ ਪਹਿਲਾਂ ਹੀ ਉਸ ਨੇ ਵੇਖਿਆ ਕਿ ਉਸ ਦੀ ਪਤਨੀ ਦੀਆਂ ਅੱਖਾਂ ਆਬਸ਼ਾਰਾਂ ਵਾਂਗ ਵਹਿ ਰਹੀਆਂ ਸਨ। ਮੰਮੀ ਨੂੰ ਇੰਜ ਰੋਂਦਿਆਂ ਵੇਖ ਕੇ ਬੱਚੀ ਚੁੱਪ ਕਰ ਗਈ। ਉਹ ਉਸ ਦੇ ਗਲ ਦੁਆਲੇ ਬਾਂਹ ਪਾ ਕੇ ਇਸ ਦਾ ਕਾਰਨ ਪੁੱਛਣ



ਲੱਗਾ। ਉਸ ਦੇ ਵਾਰ ਵਾਰ ਪੁੱਛਣ 'ਤੇ ਪਤਨੀ ਨੇ ਦੱਸਿਆ, "ਮਕਾਨ ਮਾਲਕਣ ਕਹਿੰਦੀ ਐ, ਤੁਹਾਡੀ ਕੁੜੀ ਬਹੁਤ ਉਚੀ ਹੱਸਦੀ ਐ, ਉਚੀ ਰੋਂਦੀ ਐ, ਡੋਰਾਂ ਖੜਕਾਉਂਦੀ ਐ ਤੇ ਇਨ੍ਹਾਂ ਦੀ ਨੀਂਦ ਖਰਾਬ ਹੁੰਦੀ ਐ, ਮੋਠਾਂ ਦੀ ਦਾਲ ਨਾਲ ਗੈਸ ਬਹੁਤ ਜਲਦੀ ਐ...।"

ਪਤਨੀ ਦੀਆਂ ਗੱਲਾਂ ਹਥੌੜੇ ਵਾਂਗ ਉਸ ਦੇ ਦਿਮਾਗ 'ਤੇ ਲੱਗੀਆਂ ਤੇ ਉਸ ਦੇ ਤਨ ਬਦਨ ਨੂੰ ਜਿਵੇਂ ਅੱਗ ਲੱਗ ਗਈ। "ਇਹ ਤੇ ਕਦੀ ਵੀ ਸੁਣਿਆ ਨਹੀਂ ਕਿ ਹੱਸਣ 'ਤੇ ਪਾਬੰਦੀਆਂ, ਰੋਣ 'ਤੇ ਵੀ ਪਾਬੰਦੀਆਂ। ਅਸੀਂ ਸਾਢੇ ਤਿੰਨ ਪੌਂਡ ਇਸ ਕਮਰੇ ਦਾ ਕਿਰਾਇਆ ਦਿੰਦੇ ਆਂ, ਕੋਈ ਮੁਫਤ ਤਾਂ ਨ੍ਹੀਂ ਹਸਦੇ?" ਪ੍ਰਤੀਕਰਮ ਵਜੋਂ ਉਹ ਆਪਣੀ ਬੱਚੀ ਨੂੰ ਚੁਕ ਉਚੀ ਉਚੀ ਗਾਉਣ ਲੱਗ ਪਿਆ, ਹੱਸਣ ਲਗ ਪਿਆ, ਚੀਕਣ ਲਗ ਪਿਆ।

ਘਰ ਵਿਚ ਇਹੋ ਜਿਹਾ ਮਾੜਾ ਸਲੂਕ ਵੇਖ ਕੇ ਮਾਲਕ ਮਕਾਨ ਨੇ ਉਨ੍ਹਾਂ ਦੇ ਕਮਰੇ ਵਿਚ ਵੜਦਿਆਂ ਹੀ ਆਖਿਆ, "ਹੱਦ ਹੋਗੀ ਬਈ, ਤੂੰ ਤਾਂ ਨਿਆਣਿਆਂ ਨਾਲੋਂ ਵੀ ਟਪਾ'ਤੀ, ਬੰਦੇ ਨੂੰ ਮੈਨਰਜ਼ ਸਿਖਣੇ ਚਾਹੀਦੇ ਨੇ, ਪੰਜ ਦਿਨ ਤੇਰੀ ਕੁੜੀ ਨੀ ਸੌਣ ਦਿੰਦੀ ਤੇ ਵੀਕ ਐਂਡ 'ਤੇ ਤੂੰ ਨ੍ਹੀਂ ਸਾਹ ਲੈਣ ਦਿੰਦਾ..।"

"ਤੇਰੇ ਨਿਆਣੇ ਨ੍ਹੀਂ ਰੌਲਾ ਪੌਂਦੇ? ਉਹ ਨ੍ਹੀਂ ਹੱਸਦੇ, ਉਹ ਨ੍ਹੀਂ ਰੋਂਦੇ?"

"ਉਹ ਇੰਗਲੈਂਡ 'ਚ ਜੰਮੇ ਨੇ, ਉਨ੍ਹਾਂ ਦਾ ਹੱਸਣ ਤੇ ਰੋਣ ਦਾ ਟਾਈਮ ਐ, ਉਨ੍ਹਾਂ ਨੂੰ ਮੈਨਰਜ਼ ਔਂਦੇ ਨੇ।"

"ਚੰਗਾ ਦੋਸਤ, ਬਹੁਤੀਆਂ ਗੱਲਾਂ ਕਰਨ ਦੀ ਲੋੜ ਨੀ, ਅਸੀਂ ਮਕਾਨ ਬਦਲ ਲਾਂਗੇ!"

"ਬੜੀ ਖੁਸ਼ੀ ਨਾਲ!" ਕਹਿੰਦਿਆਂ ਮਾਲਕ ਮਕਾਨ ਕਮਰਿਓਂ ਬਾਹਰ ਹੋ ਗਿਆ।

ਇਸ ਘਟਨਾ ਨੇ ਉਸ ਦੇ ਮਨ ਦਾ ਸਾਰਾ ਅਮਨ ਭੰਗ ਕਰ ਦਿੱਤਾ। ਉਹ ਹੁਣ ਘਰ ਬਦਲ ਲੈਣਾ ਚਾਹੁੰਦਾ ਸੀ। ਦਿਨ ਨੂੰ ਉਹ ਫੈਕਟਰੀ ਵਿਚ ਕੰਮ ਕਰਦਾ ਤੇ ਸ਼ਾਮ ਨੂੰ ਦੁਕਾਨਾਂ 'ਤੇ ਲੱਗੇ ਨੋਟਿਸ ਪੜ੍ਹ ਕੇ ਖਾਲੀ ਘਰ ਵੇਖਣ ਜਾਂਦਾ। ਅੰਗਰੇਜ਼ ਤਾਂ ਕਾਲਾ ਆਦਮੀ ਵੇਖ ਕੇ ਪਹਿਲਾਂ ਹੀ 'ਸੌਰੀ' ਕਹਿ ਦਿੰਦੇ ਤੇ ਉਸ ਦੇ ਆਪਣੇ ਦੇਸ਼ ਵਾਸੀ ਇਕ ਬੱਚਾ ਸੁਣ ਕੇ ਨਾਂਹ ਕਰ ਦਿੰਦੇ।

ਬੜੀ ਭੱਜ ਨੱਠ ਪਿਛੋਂ ਉਸ ਦੀ ਭੂਆ ਦੇ ਲੜਕੇ ਨੇ ਉਨ੍ਹਾਂ ਨੂੰ ਇਕ ਕਮਰਾ ਦੇ ਦਿੱਤਾ। ਉਸ ਦਾ ਨਵਾਂ ਨਵਾਂ ਘਰ ਖੁੱਲ੍ਹਿਆ ਸੀ। ਕਿਰਾਏਦਾਰ ਰੱਖਣ 'ਤੇ ਪਾਬੰਦੀ ਸੀ। ਇਸੇ ਲਈ ਉਸ ਦੇ ਭਰਾ ਨੇ ਕਿਹਾ ਕਿ ਜੇ ਕੋਈ ਚੈੱਕ ਕਰਨ ਆਵੇ ਤਾਂ ਇਹੀ ਆਖੀਂ, ਅਸੀਂ ਪ੍ਰਾਹੁਣੇ ਹਾਂ ਤੇ ਕੁਝ ਦਿਨਾਂ ਤਕ ਚਲੇ ਜਾਵਾਂਗੇ।

ਭਾਵੇਂ ਸਭ ਕੁਝ ਉਹੋ ਸੀ। ਉਸ ਦੀ ਬੱਚੀ, ਪਤਨੀ, ਪਰ ਉਹ ਪਹਿਲੀ ਕੁਦਰਤੀ ਖੁਸ਼ੀ ਨਹੀਂ ਸੀ। ਉਸ ਵਿਚ ਵਿਸ਼ਵਾਸ ਘਟਦਾ ਜਾ ਰਿਹਾ ਸੀ। ਘਟੀਆਪਣ ਦਾ ਅਹਿਸਾਸ ਪੈਦਾ ਹੋ ਗਿਆ ਸੀ।

ਹੁਣ ਜਦੋਂ ਉਹ ਘਰ ਆਉਂਦਾ, ਉਸ ਨੂੰ ਅੱਗੇ ਜਿੰਨਾ ਚਾਅ ਨਾ ਹੁੰਦਾ। ਜਦੋਂ ਉਸ ਦੀ ਬੱਚੀ ਹੱਸਦੀ, ਉਹ ਉਸ ਵੱਲ ਵੇਖ ਕੇ ਮਸਨੂਈ ਜਿਹਾ ਹੱਸ ਛਡਦਾ। ਜਦੋਂ ਰੋਂਦੀ, ਫੌਰਨ ਚੁਪ ਕਰਾਉਣ ਦਾ ਯਤਨ ਕਰਦਾ, ਉਹ ਬਹੁਤ ਡਰ ਗਿਆ ਸੀ।

ਉਸ ਦੀ ਭਰਜਾਈ ਦਾ ਵਤੀਰਾ ਵੀ ਕੁਝ ਦਿਨਾਂ ਤੋਂ ਮਾੜੇ ਤੋਂ ਮਾੜਾ ਹੁੰਦਾ ਜਾ ਰਿਹਾ ਸੀ। ਜਦੋਂ ਉਹ ਸ਼ਾਮ ਨੂੰ ਘਰ ਆਉਂਦਾ ਤਾਂ ਪਤਨੀ ਅਕਸਰ ਉਦਾਸ ਹੀ ਹੁੰਦੀ ਤੇ ਪੁੱਛਣ 'ਤੇ ਭਰਜਾਈ ਦਾ ਪਾਠ ਅਰੰਭ ਕਰ ਦਿੰਦੀ ਸੀ, ਅੱਜ ਭਰਜਾਈ ਕਹਿੰਦੀ ਸੀ, "ਤੇਰੀ ਕੁੜੀ ਨੇ ਗਿੱਲੇ ਹੱਥ ਲਾ ਕੇ ਪੇਪਰ ਖਰਾਬ ਕਰ ਦਿੱਤਾ।...ਤੇਰੀ ਕੁੜੀ ਨ੍ਹਾਉਣ ਲੱਗੀ ਬਾਥ 'ਚ ਟੱਪਦੀ ਐ ਤੇ ਬਾਹਰ ਛਿੱਟੇ ਪੈ ਕੇ ਲਾਇਨੋ ਖਰਾਬ ਹੁੰਦੀ ਐ।...ਰਾਤ ਤੇਰੀ ਕੁੜੀ ਅੱਧੀ ਰਾਤੋਂ ਰੋਂਦੀ ਪਈ ਸੀ। ਇਨ੍ਹਾਂ ਦੀ ਅੱਖ ਖੁਲ੍ਹ ਗਈ ਤੇ ਇਨ੍ਹਾਂ ਬੜਾ ਮੈਂਡ ਕੀਤਾ, ਜੇ ਗੁਆਂਢੀ ਗੋਰੇ ਰਪੋਟ ਕਰ ਦਿੰਦੇ ਤਾਂ ਪੁਲਸ ਫੜ ਕੇ ਲੈ ਜਾਂਦੀ।"

ਭਰਜਾਈ ਅੱਜ ਕਹਿੰਦੀ ਸੀ...।

ਭਰਜਾਈ ਅੱਜ ਕਹਿੰਦੀ ਸੀ...।

ਉਸ ਦੀ ਹਾਲਤ ਅਜੀਬ ਸੀ। ਫੈਕਟਰੀ ਵਿਚੋਂ ਛੁੱਟੀ ਹੁੰਦਿਆਂ ਜਿਵੇਂ ਉਸ ਦੇ ਪੈਰ ਜੰਮ ਜਾਂਦੇ-ਉਸ ਦੇ ਦਿਲ ਦੀ ਧੜਕਣ ਤੇਜ਼ ਹੋ ਜਾਂਦੀ ਤੇ ਉਸ ਦੇ ਦਿਮਾਗ ਉਤੇ ਭਰਜਾਈ ਦੇ ਕਹੇ ਸ਼ਬਦ ਵਦਾਣਾਂ ਵਾਂਗ ਵੱਜਣ ਲੱਗ ਪੈਂਦੇ। ਉਸ ਦੇ ਮਨ ਵਿਚ ਹਰ ਸਮੇਂ ਘੋਲ ਹੁੰਦਾ ਰਹਿੰਦਾ।

ਉਹ ਅਜਿਹੀਆਂ ਗੱਲਾਂ ਵੀ ਸੋਚਦਾ ਰਹਿੰਦਾ ਜੋ ਹਾਲੇ ਵਾਪਰੀਆਂ ਵੀ ਨਹੀਂ ਸਨ। ਜੇ ਮੇਰੀ ਬੱਚੀ ਬਿਮਾਰ ਹੋ ਜਾਏ ਤੇ ਉਹ ਸਾਰੀ ਰਾਤ ਰੋਂਦੀ ਰਹੇ ਤਾਂ ਇਹ ਸਾਨੂੰ ਅਗਲੇ ਦਿਨ ਹੀ ਘਰੋਂ ਕੱਢ ਦੇਣ... ਜੇ ਧੁੱਪ ਨਿਕਲਣ ਤੇ ਮੇਰੀ ਬੱਚੀ ਗਾਰਡਨ ਵਿਚ ਖੇਡਣ ਲੱਗ ਜਾਏ ਤੇ ਹੱਸਣ ਲੱਗ ਪਏ ਤਾਂ ਭਰਜਾਈ ਨੇ ਆਖਣਾ ਹੈ, "ਇਸ ਨੂੰ ਕਮਰੇ ਵਿਚ ਬੰਦ ਕਰ ਲਵੋ, ਗਵਾਂਢੀ ਗੋਰੇ ਨੇ ਰਪੋਟ ਕਰਕੇ ਪੁਲਸ ਬੁਲਾ ਲੈਣੀ ਹੈ...ਜੇ...ਜੇ...।"

ਭਰਜਾਈ ਅੱਜ ਕਹਿੰਦੀ ਸੀ...।

ਉਸ ਦੀ ਹਾਲਤ ਅਜੀਬ ਸੀ। ਉਹ ਹਰ ਸਮੇਂ ਗਵਾਚਿਆ, ਅੱਕਿਆ, ਮੱਚਿਆ ਮੱਚਿਆ ਰਹਿਣ ਲੱਗਾ। ਘਰ ਵਿਚੋਂ ਖੁਸ਼ੀਆਂ ਉਡ ਗਈਆਂ ਤੇ ਤਲਖੀਆਂ ਵਧ ਗਈਆਂ।

ਪਹਿਲਾਂ ਪਹਿਲਾਂ ਚੁੱਪ ਚੁੱਪ ਰਹਿਣ ਲੱਗ ਪਿਆ। ਫਿਰ ਪਤਨੀ ਨਾਲ ਕੌੜਾ ਬੋਲਣ ਲਗ ਪਿਆ। ਫਿਰ ਬੱਚੀ ਨੂੰ ਗਾਲ੍ਹਾਂ ਕੱਢਣ ਲੱਗ ਪਿਆ। ਫਿਰ ਉਸ ਨੂੰ ਮਾਰਨ ਲੱਗ ਪਿਆ, ਰੋਜ਼ ਮਾਰਨ ਲੱਗ ਪਿਆ। ਤੇ ਬੱਚੀ ਦੀਆਂ ਗੱਲ੍ਹਾਂ 'ਤੇ ਉਂਗਲਾਂ ਦੇ ਨਿਸ਼ਾਨ ਇਉਂ ਲੱਗਦੇ, ਜਿਵੇਂ ਜਮਾਂਦਰੂ ਹੋਣ।

ਪਰ ਕੁੜੀ ਏਨੀ ਢੀਠ ਸੀ ਕਿ ਚਪੇੜਾਂ ਤੇ ਚਪੇੜਾਂ ਖਾ ਕੇ ਵੀ ਰੋਂਦੀ ਰਹਿੰਦੀ, ਸਗੋਂ ਹੋਰ ਉਚੀ ਰੋਂਦੀ। ਉਸ ਦੀ ਅਜੀਬ ਹਾਲਤ ਸੀ।

ਕੰਮ ਕਰਦਿਆਂ ਉਹ ਆਪਣੇ ਆਪ ਨੂੰ ਲਾਹਨਤਾਂ ਪਾਉਂਦਾ ਰਹਿੰਦਾ, ਪਛਤਾਉਂਦਾ ਰਹਿੰਦਾ ਪਰ ਘਰ ਆ ਕੇ ਉਸ ਦਾ ਉਹੀ ਵਤੀਰਾ ਹੁੰਦਾ। ਕੰਮ ਕਰਦਿਆਂ ਕਈ ਵਾਰ ਉਹ ਇੰਜ ਵੀ ਸੋਚਦਾ ਕਿ ਇਹ ਕੁੜੀ ਜੇ ਕਿਸੇ ਤਰ੍ਹਾਂ ਮਰ ਜਾਏ ਤਾਂ ਸਭ ਮੁਸੀਬਤਾਂ ਕੱਟੀਆਂ ਜਾਣ ਪਰ ਦੂਜੇ ਹੀ ਪਲ ਉਹ ਆਪਣੇ ਆਪ ਨੂੰ ਲਾਹਨਤਾਂ ਪਾਉਂਦਾ। ਉਸ ਨੂੰ ਆਪਣੇ ਆਪ ਤੋਂ ਬਦਬੂ ਆਉਣ ਲੱਗਦੀ।

ਕੁਝ ਦਿਨਾਂ ਤੋਂ ਬੱਚੀ ਨੂੰ ਚੁੱਪ ਕਰਾਉਣ ਲਈ ਉਸ ਨੇ ਨਵਾਂ ਤਰੀਕਾ ਲੱਭ ਲਿਆ ਸੀ ਜੋ ਕਾਫੀ ਹੱਦ ਤੱਕ ਕਾਮਯਾਬ ਸੀ। ਜਦੋਂ ਬੱਚੀ ਰੋਂਦੀ ਤਾਂ ਉਹ ਦਬਕਾ ਮਾਰਦਾ 'ਚੁੱਪ!' ਜੇ ਉਹ ਹੋਰ ਉਚੀ ਰੋਣ ਲੱਗ ਪੈਂਦੀ ਤਾਂ ਉਹ ਉਸ ਦੇ ਮੂੰਹ ਉਤੇ ਹੱਥ ਰੱਖ ਕੇ ਉਸ ਦੀ ਚੀਕ ਅੰਦਰ ਹੀ ਨੱਪ ਦਿੰਦਾ, ਬੱਚੀ ਦੀਆਂ ਅੱਖਾਂ ਲਾਲ ਹੋ ਜਾਂਦੀਆਂ ਤੇ ਗਲ ਦੀਆਂ ਨਾੜਾਂ ਖੜ੍ਹੀਆਂ ਹੋ ਜਾਂਦੀਆਂ, ਸਾਹ ਰੁਕ ਜਾਂਦਾ। ਕੁਝ ਦਿਨਾਂ ਦੇ ਇਸ ਤਜਰਬੇ ਨੇ ਆਪਣਾ ਹੀ ਰੰਗ ਵਿਖਾਇਆ ਕਿ ਬੱਚੀ ਉਕਾ ਹੀ ਹੱਸਣੋਂ ਬੋਲਣੋਂ ਹਟ ਗਈ, ਉਹ ਜਿਵੇਂ ਪੱਥਰ ਹੋਵੇ।

ਇਸ ਹਾਲਤ ਨੇ ਉਨ੍ਹਾਂ ਨੂੰ ਹੋਰ ਵੀ ਦੁਖੀ ਕਰ ਦਿੱਤਾ। ਪਤਨੀ ਦਿਲ ਘਟਣ ਦੀ ਸ਼ਿਕਾਇਤ ਕਰਨ ਲੱਗ ਪਈ। ਉਹ ਅੱਠੇ ਪਹਿਰ ਆਪਣੇ ਆਪ ਨੂੰ ਕੋਸਦਾ ਰਹਿੰਦਾ, ਕੋਸਦਾ ਰਹਿੰਦਾ।

ਪਤਨੀ ਭਾਵੇਂ ਆਪ ਬੜੀ ਔਖੀ ਸੀ ਪਰ ਉਸ ਨੂੰ ਪਤੀ ਦਾ ਬਹੁਤਾ ਫਿਕਰ ਰਹਿੰਦਾ, ਜਿਵੇਂ ਹਿੰਦੁਸਤਾਨੀ ਔਰਤਾਂ ਨੂੰ ਹੁੰਦਾ ਹੈ। ਉਹ ਹਰ ਸਮੇਂ ਕੋਈ ਰਾਹ ਲੱਭਦੀ ਰਹਿੰਦੀ।

ਇਕ ਸ਼ਾਮ ਰੋਟੀ ਖਾਣ ਪਿਛੋਂ ਪਤਨੀ ਨੇ ਗੱਲ ਤੋਰੀ, "ਜੇ ਆਪਾਂ ਗੁੱਡੀ ਨੂੰ ਇੰਡੀਆ ਤੋਰ ਦੇਈਏ ਤਾਂ ਇਹ ਆਰਾਮ ਨਾਲ ਮੇਰੇ ਮਾਂ ਬਾਪ ਕੋਲ ਰਹੇਗੀ, ਉਹ ਅੰਤਾਂ ਦਾ ਚਾਅ ਕਰਦੇ ਨੇ।"

ਪਤਨੀ ਦੀ ਗੱਲ ਸੁਣ ਕੇ ਉਸ ਨੇ ਆਪਣੇ ਆਪ ਨੂੰ ਇਉਂ ਸਾਵਧਾਨ ਕੀਤਾ, ਜਿਵੇਂ ਪੱਥਰ ਵਿਚ ਜਾਨ ਪੈ ਗਈ ਹੋਵੇ। ਉਸ ਨੇ ਪਤਨੀ ਦੇ ਹੱਥ ਫੜ ਕੇ ਬੁਲ੍ਹਾਂ ਨਾਲ ਲਾ ਲਏ। ਦੋਵੇਂ ਉਠ ਕੇ ਸੁੱਤੀ ਪਈ ਬੱਚੀ ਨੂੰ ਤੱਕਣ ਲੱਗੇ। ਬੱਚੀ, ਜਿਵੇਂ ਕੌਂਟ ਵਿਚ ਪੱਥਰ ਪਿਆ ਹੋਵੇ...।

ਉਨ੍ਹਾਂ ਇਕ ਬੰਦਾ ਵੀ ਲੱਭ ਲਿਆ, ਜਿਸ ਨੇ ਅਗਲੇ ਮਹੀਨੇ ਇੰਡੀਆ ਜਾਣਾ ਸੀ!

ਬੱਚੀ, ਉਸ ਦੀ ਬੱਚੀ ਦੇ ਇੰਡੀਆ ਜਾਣ ਦਾ ਦਿਨ ਨੇੜੇ ਆ ਰਿਹਾ ਸੀ ਤੇ ਉਸ ਦਾ ਸਲੂਕ ਹੁਣ ਬਦਲ ਰਿਹਾ ਸੀ, ਉਹ ਬੱਚੀ ਨੂੰ ਚੁੱਕਣ ਦੀ ਕੋਸ਼ਿਸ਼ ਕਰਦਾ ਪਰ ਉਹ ਪੱਥਰ ਵਾਂਗ ਕੰਧ ਵੱਲ ਵੇਖਦੀ ਰਹਿੰਦੀ ਤੇ ਉਹ ਆਪਣੇ ਆਪ ਨੂੰ ਹੋਰ ਲਾਹਨਤਾਂ ਪਾਉਂਦਾ।

ਜਿਸ ਦਿਨ ਬੱਚੀ ਨੇ ਜਾਣਾ ਸੀ, ਉਸ ਤੋਂ ਪਹਿਲੀ ਰਾਤ ਉਹ ਬਿਲਕੁਲ ਨਾ ਸੌਂ ਸਕਿਆ। ਉਸ ਨੂੰ ਜਾਪ ਰਿਹਾ ਸੀ, ਜਿਵੇਂ ਉਹ ਬਹੁਤ ਵੱਡਾ ਪਾਪੀ ਹੋਵੇ ਤੇ ਉਸ ਦੇ ਸਾਰੇ ਪਾਪ ਉਸ ਦੇ ਜਿਗਰ ਵਿਚ ਸੰਗੀਨਾਂ ਮਾਰ ਰਹੇ ਹੋਣ, ਉਸ ਦੀਆਂ ਅੱਖਾਂ ਆਬਸ਼ਾਰਾਂ ਵਾਂਗ ਵਹਿ ਰਹੀਆਂ ਸਨ।

ਦਿਨ ਚੜ੍ਹਿਆ, ਤਿਆਰ ਹੋਏ ਤੇ ਉਠ ਪਏ ਪਰ ਬੱਚੀ ਸੀ ਕਿ ਉਕਾ ਹੀ ਚੁਪ, ਪੱਥਰ ਦੀ ਪੱਥਰ।

ਏਅਰ-ਪੋਰਟ ਤੇ ਜਦੋਂ ਏਅਰ ਇੰਡੀਆ ਦੀਆਂ ਸਵਾਰੀਆਂ ਨੂੰ ਆਵਾਜ਼ ਪਈ, ਉਸ ਦੀ ਪਤਨੀ ਨੇ ਬੱਚੀ ਇੰਡੀਆ ਜਾਣ ਵਾਲੇ ਸੱਜਣ ਨੂੰ ਫੜਾ ਦਿੱਤੀ। ਜਾਣ ਤੋਂ ਪਹਿਲਾਂ ਉਸ ਨੇ ਆਪਣੀ ਬੱਚੀ ਨੂੰ ਫੜਨਾ ਚਾਹਿਆ, ਕਿਉਂਕਿ ਜਦੋਂ ਦੀ ਉਹ ਪੱਥਰ ਬਣੀ ਸੀ, ਉਸ ਨੇ ਉਸ ਵੱਲ ਮੂੰਹ ਤੱਕ ਨਹੀਂ ਸੀ ਕੀਤਾ, ਵਿਦਾਇਗੀ ਸਮੇਂ ਵੀ ਉਹ ਉਸ ਕੋਲ ਨਾ ਆਈ।

ਜਦੋਂ ਜਾਣ ਵਾਲਾ ਸੱਜਣ ਉਸ ਨੂੰ ਮੋਢੇ ਲਾ ਕੇ ਤੁਰਿਆ, ਤਾਂ ਚਾਰ ਕੁ ਕਦਮ ਜਾ ਕੇ ਬੱਚੀ ਉਚੀ ਉਚੀ ਚੀਕਾਂ ਮਾਰਨ ਲੱਗ ਪਈ। ਉਹ ਆਪਣੀ ਬੱਚੀ ਨੂੰ ਆਖਰੀ ਵਾਰ ਗਲ ਲਾਉਣ ਲਈ ਉਸ ਵੱਲ ਭੱਜਿਆ। ਹਾਲੀਂ ਉਸ ਨੇ ਆਪਣੀਆਂ ਬਾਹਾਂ ਵਧਾਈਆਂ ਹੀ ਸਨ ਕਿ ਉਸ ਦੀ ਬੱਚੀ ਨੇ ਬਿਜਲੀ ਦੀ ਤੇਜ਼ੀ ਨਾਲ ਆਪਣਾ ਹੱਥ ਮੂੰਹ 'ਤੇ ਰੱਖ ਲਿਆ ਅਤੇ ਜਾਣ ਵਾਲੇ ਅਜਨਬੀ ਦੇ ਗਲ ਨਾਲ ਚੰਬੜ ਗਈ।

# ਚਾਰ ਦੀ ਬਹਾਰ

ਸ਼ਬਦ ਝਰੋਖਾ



ਬਲਜੀਤ ਬਾਸੀ
ਫੋਨ: 734-259-9353

ਚੌਕੀਦਾਰ ਵਾਲੀ ਚਰਚਾ ਨੂੰ ਅੱਗੇ ਵਧਾਉਂਦਿਆਂ ਅੱਜ ਅਸੀਂ 'ਚਾਰ' ਸ਼ਬਦ 'ਤੇ ਚਰਚਾ ਕਰਾਂਗੇ। ਬਹੁਤ ਸਾਰੇ ਵਿਦਵਾਨ ਮੰਨਦੇ ਹਨ ਕਿ ਹਿੰਦ-ਯੂਰਪੀ ਭਾਸ਼ਾਵਾਂ ਵਿਚਲੇ ਸੰਖਿਆਵਾਂ ਦੇ ਨਾਂਵਾਂ ਵਿਚ ਸਜਾਤੀ ਸਾਂਝ ਹੈ। ਭਾਰਤੀ ਸਭਿਅਤਾ ਵਿਚ ਚਾਰ ਅੰਕ ਦਾ ਚੋਖਾ ਦਖਲ ਹੈ। ਭਾਰਤ ਦੇ ਮਹਾਰਿਸ਼ੀਆਂ ਨੇ ਚਾਰ ਵੇਦ ਰਚੇ, ਮਹਾਕਾਲ ਨੂੰ ਚਾਰ ਯੁੱਗਾਂ ਵਿਚ ਵੰਡਿਆ ਗਿਆ ਹੈ-ਸਤਿਯੁੱਗ, ਦਵਾਪਰ, ਤ੍ਰੇਤਾ ਤੇ ਕਲਯੁੱਗ; ਲੋਕਤੰਤਰ ਦੇ ਚਾਰ ਥੰਮਾਂ ਦੀ ਤਰ੍ਹਾਂ ਭਾਰਤੀ ਚਿੰਤਨ ਅਨੁਸਾਰ ਇਹ ਚਾਰ ਯੁੱਗ ਧਰਮ ਦੇ ਵੀ ਚਾਰ ਪੈਰ ਹਨ-ਹਰ ਮਹਾਂਯੁੱਗ ਵਿਚ ਧਰਮ ਇੱਕ ਪੈਰ ਗੁਆ ਬੈਠਦਾ ਹੈ। ਚੌਥੇ ਯੁੱਗ ਯਾਨਿ ਵਰਤਮਾਨ ਕਲਯੁੱਗ ਵਿਚ ਚੌਥਾ ਪੈਰ ਵੀ ਖਤਮ ਹੋ ਜਾਵੇਗਾ ਤੇ ਫਲਸਰੂਪ ਦੁਨੀਆਂ ਦਾ ਵਿਨਾਸ਼ ਹੋ ਜਾਵੇਗਾ। ਜ਼ਿੰਦਗੀ ਦੇ ਚਾਰ ਪੁਰਸ਼ਾਰਥ ਹਨ-ਧਰਮ, ਅਰਥ, ਕਾਮ, ਮੋਕਸ਼; ਮਨੁਖਾ ਆਯੂ ਦੇ ਚਾਰ ਆਸ਼ਰਮ ਹਨ-ਬ੍ਰਹਮਚਾਰਯ, ਗ੍ਰਿਹਿਸਥ, ਵਾਣਪ੍ਰਸਥ ਤੇ ਸੰਨਿਆਸ; ਚਾਰ ਹੀ ਵਰਣ ਹਨ; ਚਾਰ ਦਿਸ਼ਾਵਾਂ ਹਨ; ਧਰਤੀ ਦੀਆਂ ਚਾਰ ਕੂੰਟਾਂ ਹਨ ਇਤਿਆਦਿ।

ਚਾਰ ਚੁਫੇਰੇ ਨਜ਼ਰ ਦੁੜਾਈਏ ਤਾਂ ਸਾਨੂੰ 'ਚਾਰ' ਨਾਲ ਜੁੜ ਕੇ ਬਣੇ ਕਈ ਸਮਾਸੀ ਸ਼ਬਦ ਨਜ਼ਰ ਆਉਣਗੇ। ਕੁਝ ਗਿਣ ਲੈਂਦੇ ਹਾਂ: ਚਾਰਖਾਨਾ, ਚਾਰਪਾਈ, ਚਾਰਦੀਵਾਰੀ, ਚਾਰ ਪਹਿਰ, ਚਾਰਯਾਰੀ, ਚਾਰ ਮਗਜ਼ ਚਾਰ ਚੱਕ ਆਦਿ। ਚਾਰ ਸ਼ਬਦ ਸਮੋਦੀਆਂ ਉਕਤੀਆਂ, ਮੁਹਾਵਰੇ ਅਤੇ ਕਹਾਵਤਾਂ ਵੀ ਬਥੇਰੀਆਂ ਮਿਲ ਜਾਂਦੀਆਂ ਹਨ। ਮਿਸਾਲ ਵਜੋਂ ਚਾਰ ਅੱਖਾਂ ਹੋਣਾ, ਚਾਰ ਚੰਦ ਲੱਗਣਾ, ਚਾਰੇ ਸਿਰੇ, ਚਾਰ ਸੌ ਵੀਹ, ਚਾਰੇ ਕੰਨੀਆਂ ਸਮੇਟਣਾ, ਚਾਰੇ ਚੱਕ ਜਗੀਰ ਹੋਣਾ, ਚਾਰ ਖਾਨੇ ਚਿੱਤ ਹੋਣਾ, ਛੇ-ਚਾਰ ਕਰਨਾ, ਦੋ-ਚਾਰ ਹੋਣਾ। ਇਨ੍ਹਾਂ ਮੁਹਾਵਰਿਆਂ ਵਿਚ ਚਾਰ ਤੋਂ ਭਾਵ ਕੁਝ ਜਾਂ ਥੋੜੇ ਹੈ: ਚਾਰ ਪੈਸੇ ਹੋਣੇ, ਚਾਰ ਦਿਨ ਦੀ ਚਾਂਦਨੀ, ਚਾਰ ਅੱਖਰ; ਖੇਡਣ ਦੇ ਦਿਨ ਚਾਰ।

'ਚਾਰ ਚੰਦ ਲੱਗਣਾ' ਬਾਰੇ ਕੁਝ ਸਫਾਈ ਦੀ ਲੋੜ ਹੈ। ਇਹ ਮੁਹਾਵਰਾ ਦਰਅਸਲ ਫਾਰਸੀ 'ਚਹਾਰ ਚੰਦ' ਦਾ ਅਨੁਵਾਦ ਹੈ ਤੇ ਚੰਦ ਤੋਂ ਮੁਰਾਦ ਅਸਮਾਨੀ ਚੰਦ ਨਹੀਂ। ਫਾਰਸੀ ਵਿਚ ਚੰਦ ਦੇ ਅਰਥ ਕਿੰਨਾ, ਜਿੰਨਾ, ਕੁਝ, ਥੋੜਾ ਆਦਿ ਹੈ। ਸੋ, ਚਾਰ ਚੰਦ ਲੱਗਣਾ ਦਾ ਸ਼ਾਬਦਿਕ ਅਰਥ ਹੈ, ਚੌਗੁਣੀ ਸ਼ੋਭਾ ਜਾਂ ਸੁੰਦਰਤਾ ਵਧਣੀ। ਅਸੀਂ ਚੰਦ ਨੂੰ ਅਸਮਾਨੀ ਚੰਦ ਸਮਝਦਿਆਂ ਇਸ ਲਈ ਚੰਨ ਵੀ ਵਰਤਣ ਲੱਗੇ ਹਾਂ ਤੇ ਹਿੰਦੀ ਵਾਲੇ ਚਾਂਦ। ਫਾਰਸੀ ਤੋਂ ਆਏ 'ਚੰਦ ਰੋਜ਼' ਦਾ ਅਰਥ ਵੀ ਥੋੜੇ ਦਿਨ ਹੈ। ਦੋ ਚਾਰ ਹੋਣਾ ਦਾ ਅਰਥ ਹੈ, ਕਿਸੇ ਸਥਿਤੀ ਨਾਲ ਨਿਪਟਣਾ। ਸ਼ਾਇਦ ਅੱਖਾਂ ਦੇ ਚਾਰ ਹੋਣ ਵਾਲਾ ਹੀ ਭਾਵ ਅੱਗੇ ਵਧਿਆ ਹੈ, ਅੱਖਾਂ ਦੇ ਅੱਖਾਂ ਨਾਲ ਮਿਲਣ ਤੋਂ ਵੀ ਮੁਰਾਦ ਸਾਹਮਣਾ ਕਰਨਾ ਹੁੰਦਾ ਹੈ। ਫਾਰਸੀ ਵਿਚ ਇਸੇ ਅਰਥ ਵਿਚ 'ਚਾਰ ਚਾਰ ਕਰਦਨ' ਮੁਹਾਵਰਾ ਹੈ। ਚਾਰ ਦੀ ਵਰਤੋਂ ਦੇ ਨਮੂਨੇ ਦੇਖ ਲਈਏ: 'ਜੇ ਜੁਗ ਚਾਰੇ ਆਰਜਾ ਹੋਰ ਦਸੂਣੀ ਹੋਇ॥' (ਗੁਰੂ ਨਾਨਕ ਦੇਵ); 'ਚਾਰ



ਪਦਾਰਥ ਜੇ ਕੋ ਮਾਂਗੈ', 'ਚਤੁਰਥਿ ਚਾਰੇ ਬੇਦ ਸੁਣਿ ਸੋਧਿਓ ਤਤੁ ਬੀਚਾਰੁ॥' (ਗੁਰੂ ਅਰਜਨ ਦੇਵ)। 'ਚੋਰ ਚੌਧਰੀ ਯਾਰ ਤੇ ਪਾਕ ਦਾਮਨ ਭੂਤ ਮੰਡਲੀ ਇਕ ਦੋ ਚਾਰ ਹੋਈ।' (ਵਾਰਸ ਸ਼ਾਹ)। ਇਸ ਸ਼ਬਦ ਦਾ ਫਾਰਸੀ ਰੂਪ ਚਾਰ ਹੈ, ਚਹਾਰ ਵੀ। ਸਾਡੇ ਕਈ ਸ਼ਹਿਰਾਂ ਵਿਚ ਚਾਰਬਾਗ ਜਾਂ ਚਹਾਰ ਬਾਗ ਹੁੰਦੇ ਹਨ, ਸ਼ਾਬਦਿਕ ਅਰਥ ਹੈ, ਚੌਪਤਾਂ ਵਾਲਾ ਚੌਰਸ ਬਾਗ। ਗਣੇਸ਼ ਦਾਸ ਵਡਿਹਰਾ ਦੀ ਫਾਰਸੀ ਵਿਚ ਲਿਖੀ ਕਿਤਾਬ ਦਾ ਨਾਂ 'ਚਾਰਬਾਗ-ਏ-ਪੰਜਾਬ' ਹੈ।

ਚਾਰ ਸ਼ਬਦ ਸੰਸਕ੍ਰਿਤ 'ਚਤਵਾਰਿ' ਤੋਂ ਵਿਉਤਪਤ ਹੋਇਆ ਹੈ, ਜੋ ਚਤੁਰ ਦਾ ਬਹੁਵਚਨ ਹੈ। ਚਤੁਰ ਦਾ ਅਰਥ ਵੀ ਚਾਰ ਹੀ ਹੈ। ਇਸ ਦਾ ਪ੍ਰਾਕ੍ਰਿਤ ਰੂਪ ਹੋਇਆ, ਚਤਾਰਿ। ਇਸ ਵਿਚੋਂ 'ਤ' ਧੁਨੀ ਅਲੋਪ ਹੋਣ ਨਾਲ ਚਾਰ ਸ਼ਬਦ ਹੋਂਦ ਵਿਚ ਆਇਆ। ਦੂਜੇ ਪਾਸੇ 'ਰ' ਧੁਨੀ ਅਲੋਪ ਹੋਣ ਨਾਲ ਚਤ ਜਿਹਾ ਸ਼ਬਦ ਬਚਦਾ ਹੈ। ਚੌਤੋ-ਪਹਿਰ (ਚਾਰ ਪਹਿਰ) ਵਿਚ ਅਸੀਂ ਇਸ ਨੂੰ ਪ੍ਰਤੀਤ ਕਰ ਸਕਦੇ ਹਾਂ। ਉਂਜ ਚਤੁਰ ਤੋਂ ਬਣੇ ਜਾਣੇ-ਪਛਾਣੇ ਸ਼ਬਦ ਹਨ: ਚਤੁਰਵੇਦੀ (ਚਹੁੰ ਵੇਦਾਂ ਦਾ ਗਿਆਤਾ); ਚਤੁਰਭੁਜ ਵਿਸ਼ਨੂੰ ਦੇ ਅਵਤਾਰ ਰਾਮ ਦੀ ਸੰਗਿਆ ਕਿਉਂਕਿ ਵਿਸ਼ਵਾਸ ਅਨੁਸਾਰ ਉਸ ਦੀਆਂ ਚਾਰ ਭੁਜਾਵਾਂ (ਬਾਹਾਂ) ਸਨ।

ਚਤੁਰ ਤੋਂ ਵਿਗੜੇ ਕੁਝ ਸ਼ਬਦ ਟੋਹੀਏ। ਚਾਰ ਸੌ ਧਾਗਿਆਂ ਵਾਲੇ ਇਕ ਕੱਪੜੇ ਨੂੰ ਚੌਸਾ ਆਖਦੇ ਹਨ। ਇਹ ਬਣਿਆ ਹੈ, ਚਤੁਰ+ਸ਼ੱਤ ਤੋਂ ਜਿਸ ਵਿਚ ਸ਼ੱਤ ਦਾ ਅਰਥ 'ਸੌ' ਹੁੰਦਾ ਹੈ। ਚਟਸਾਲ ਸ਼ਬਦ ਦਾ ਸੰਸਕ੍ਰਿਤ ਰੂਪ ਹੈ, ਚਤੁਹਸ਼ਾਲਾ; ਸ਼ਾਬਦਿਕ ਅਰਥ ਹੈ, ਚਾਰ ਘਰਾਂ ਵਾਲੀ ਇਮਾਰਤ। ਇਸ ਦਾ ਪ੍ਰਾਕ੍ਰਿਤ ਰੂਪ ਹੈ, ਚੌਸਾਲ, 'ਸਤਸੰਗਤਿ ਸਤਿਗੁਰ ਚਟਸਾਲ ਹੈ ਜਿਸੁ ਹਰਿ ਗੁਣ ਸਿਖਾ॥' (ਗੁਰੂ ਰਾਮ ਦਾਸ)। ਚਤੁਹਸਰ ਤੋਂ ਚੌਸਰ ਬਣਿਆ, ਜਿਸ ਦਾ ਅਗਲਾ ਰੂਪ ਹੈ, ਚੌਹਰ ਅਰਥਾਤ ਚੌਥੀ ਵਾਰ, ਚਾਰ ਗੁਣਾ। ਚੌਹਰਾ ਵੀ ਚੌਸਰ ਦਾ ਹੀ ਵਿਉਤਪਤ ਰੂਪ ਹੈ। ਚੌਥੀ ਵਾਰ ਵਾਹੀ ਜਮੀਨ ਨੂੰ ਚੌਹਰ ਆਖਦੇ ਹਨ।

ਸੰਸਕ੍ਰਿਤ ਚਤੁਰੰਗ (ਚਤੁਰ+ਅੰਗ) ਦਾ ਸ਼ਾਬਦਿਕ ਅਰਥ ਹੁੰਦਾ ਹੈ, ਚਾਰ ਭਾਗਾਂ ਵਾਲੀ ਸੈਨਾ। ਬਸਾਤ 'ਤੇ ਖੇਡਣ ਵਾਲੀ ਇੱਕ ਖੇਡ ਦਾ ਨਾਂ ਵੀ ਇਥੋਂ ਹੀ ਪਿਆ। ਇਰਾਨ ਵਿਚ ਜਾ ਕੇ ਇਸ ਦਾ ਫਾਰਸੀ ਰੂਪ ਹੋਇਆ, ਸ਼ਤਰੰਜ। ਸ਼ਬਦ ਦਾ ਇਹ ਰੂਪ ਮੁੜ ਸਾਡੀਆਂ ਭਾਸ਼ਾਵਾਂ ਵਿਚ ਆ ਗਿਆ, ਖੇਡ ਵੀ ਕੁਝ ਬਦਲ ਗਈ। ਚੌਗਨਾ ਤੇ ਇਸ ਦਾ ਸੰਕੁਚਤ ਰੂਪ 'ਚੌਣਾ' ਚਤੁਰਗੁਣਾ ਦਾ ਘਸਿਆ ਰੂਪ ਹੈ, 'ਚੌਗੁਣਾ ਚੌਣਾ ਦੂਣ ਚਉਣੀ ਦੇ ਵਡਿਆਈ॥' (ਗੁਰੂ ਅਰਜਨ ਦੇਵ)

ਚੌਥਾ ਸ਼ਬਦ ਦਾ ਸੰਸਕ੍ਰਿਤ ਰੂਪ ਹੈ, ਚਤੁਰਥ। ਇਸੇ ਨਾਲ ਜੁੜਦਾ ਹੈ, ਚੌਥ ਅਰਥਾਤ ਅੱਜ ਤੋਂ ਅੱਗੇ ਤੀਸਰਾ ਦਿਨ। ਚੰਦਰਮਾ ਦੇ ਚਾਨਣੇ ਅਤੇ ਹਨੇਰੇ ਪੱਖ ਦੀ ਚੌਥੀ ਤਿਥਿ ਨੂੰ ਚਤਰਥ ਆਖਦੇ ਹਨ, "ਚਤੁਰਥਿ ਚਾਰੇ ਬੇਦ ਸੁਣਿ ਸੋਧਿਓ ਤਤੁਬੀਚਾਰੁ॥" (ਗੁਰੂ ਅਰਜਨ ਦੇਵ)। ਚੌਰੰਗ ਸ਼ਬਦ ਦਾ ਅਰਥ ਹੁੰਦਾ ਹੈ, ਬੱਕਰੇ ਆਦਿ ਨੂੰ ਵੱਢਣ ਤੋਂ ਪਹਿਲਾਂ ਉਸ ਦੇ ਚਾਰੇ ਅੰਗ ਬੰਨ੍ਹਣੇ। ਤਲਵਾਰ ਦੇ ਅਜਿਹੇ ਵਾਰ ਨੂੰ ਵੀ ਚੌਰੰਗ/ਚੁਰੰਗ ਆਖਦੇ ਹਨ,

ਇਸ਼ਕ ਮਰੀਲੇ ਲੁਟੀਆਂ,
ਹੁੱਟੀਆਂ ਮੁੱਠੀਆਂ ਕੁਠੀਆਂ,
ਤਨ ਮਨ ਚੂਰ ਚੌਰੰਗ ਸਾਈਂ।
(ਗੁਲਾਮ ਫਰੀਦ)

ਚਤੁਰ ਸ਼ੁੰਗਤ ਕੇ ਚੌ/ਚੁ ਵਿਚ ਬਦਲ ਜਾਂਦਾ ਹੈ ਜਿਸ ਤੋਂ ਅਨੇਕਾਂ ਸ਼ਬਦ ਬਣੇ ਹਨ, ਜਿਵੇਂ ਚੁਰਾਹਾ, ਚੁਆਨੀ, ਚੌਪੜ, ਚੁਰਸਤਾ, ਚੌਪਦੇ, ਚੌਰਸੀ, ਚੌਰਸ, ਚੁਮਾਸਾ, ਚੁਗਿਰਦਾ। ਚੌਦਾਂ (14) ਦਾ ਸੰਸਕ੍ਰਿਤ ਰੂਪ ਹੈ, ਚਤੁਰਦਸ਼ ਅਰਥਾਤ 4+10; ਇਸ ਦਾ ਪ੍ਰਾਕ੍ਰਿਤ ਰੂਪ ਹੋਇਆ, ਚਉਦਸ, ਅਪਭ੍ਰੰਸ਼ ਚਉਦੱਹ ਤੇ ਪੰਜਾਬੀ ਚੌਦਾਂ। ਚੌਵੀ (24) ਬਣਿਆ ਪ੍ਰਾਕ੍ਰਿਤ ਦੇ ਚਉਬੀਸ ਤੋਂ, ਜੋ ਅੱਗੇ ਸੰਸਕ੍ਰਿਤ ਦੇ ਚਤੁਰਵਿਸ਼ਤ (4+20) ਤੋਂ ਵਿਕਸਿਤ ਹੋਇਆ। ਇਸੇ ਤਰ੍ਹਾਂ ਕੁਝ ਹੋਰ ਸੰਖਿਆਵਾਂ ਚੌਤੀ, ਚੁਤਾਲੀ, ਚੁਰੰਜਾ, ਚੌਂਹਠ, ਚੁਹਤਰ, ਚੁਰਾਸੀ ਤੇ ਚੁਰੰਨਵੇਂ ਬਣੀਆਂ ਹਨ। ਗੁਰੂ ਗ੍ਰੰਥ ਸਾਹਿਬ ਵਿਚ 'ਚੌ' ਨੂੰ ਚਉ ਵਜੋਂ ਲਿਖਿਆ ਗਿਆ ਹੈ, ਜਿਵੇਂ ਚਉਗਿਰਦ, ਚਉਪੜ, ਚਉਪਦੇ, ਚਉਬਾਰਾ (ਚਾਰ ਬਾਰੀਆਂ ਜਾਂ ਦਰਵਾਜਿਆਂ ਵਾਲਾ), ਚਉਹਾ (ਚੌਹਾਂ), ਚਉ ਚਕਿਆ (ਚਾਰ ਬੰਦਿਆਂ ਵਲੋਂ ਚੁਕਿਆ ਭਾਵ ਮਸ਼ਹੂਰ), ਚਉਮੁਖ, ਚਉਬੋਲਾ, ਚਉਪਾਈ।

ਚਾਰ ਸ਼ਬਦ ਦੇ ਸਜਾਤੀ ਹੋਰ ਹਿੰਦ-ਯੂਰਪੀ ਭਾਸ਼ਾਵਾਂ ਵਿਚ ਵੀ ਖੂਬ ਮਿਲਦੇ ਹਨ। ਇਸ ਦਾ ਭਾਰੋਪੀ ਮੂਲ Kwetwer ਕਲਪਿਆ ਗਿਆ ਹੈ, ਜਿਸ ਵਿਚ ਚਾਰ ਦਾ ਭਾਵ ਹੈ। ਸਭ ਤੋਂ ਪਹਿਲਾਂ ਇਸ ਨਾਲ ਮਿਲਦਾ ਜੁਲਦਾ ਸ਼ਬਦ ਸੁਝਦਾ ਹੈ, Quarter ਜਿਸ ਦਾ ਮੁਖ ਅਰਥ ਚੌਥਾ ਹਿੱਸਾ ਜਾਂ ਚੌਥਾਈ ਹੈ। ਇਹ ਅੰਗਰੇਜ਼ੀ ਵਿਚ ਲਾਤੀਨੀ ਵਲੋਂ ਫਰਾਂਸੀਸੀ ਰਾਹੀਂ ਆਇਆ ਹੈ। ਡਾਲਰ ਦੇ ਚੌਥੇ ਹਿੱਸੇ ਜਾਂ ਪਊਏ ਨੂੰ ਵੀ ਕੁਆਰਟਰ ਕਿਹਾ ਜਾਂਦਾ ਹੈ। ਕਿਸੇ ਸ਼ਹਿਰ, ਇਲਾਕੇ ਜਾਂ ਸਥਾਨ ਦੇ ਇਕ (ਮੁਢਲੇ ਤੌਰ 'ਤੇ ਚੁਥਾਈ) ਭਾਗ ਵਜੋਂ ਵੀ ਇਸ ਦੀ ਵਰਤੋਂ ਹੁੰਦੀ ਹੈ।

ਪੰਜਾਬੀ ਵਿਚ ਅਸੀਂ ਇਸ ਨੂੰ ਕੁਆਟਰ ਵਜੋਂ ਜਾਣਦੇ ਹਾਂ। ਟਾਕਰਾ ਕਰੋ ਉਪਰ-ਵਰਣਿਤ ਚਟਸਾਲ ਨਾਲ। ਤੁਸੀਂ ਹੈਰਾਨ ਹੋਵੋਗੇ ਕਿ ਪੰਜਾਬੀ ਵਿਚ ਕਾਡਰ ਵਜੋਂ ਜਾਣੇ ਜਾਂਦੇ ਅੰਗਰੇਜ਼ੀ ਸ਼ਬਦ Cadre ਦਾ ਮੁਢਲਾ ਅਰਥ ਚੁਗਾਠ/ਚੌਖਟਾ (ਇਸ ਵਿਚ ਵੀ ਚਾਰ ਦਾ ਭਾਵ ਹੈ) ਹੈ। ਇਸ ਵਿਚ ਫੌਜ ਦੀ ਕਿਸੇ ਇਕਾਈ ਨੂੰ ਪੱਕੇ ਤੌਰ 'ਤੇ ਇਕ ਚੌਖਟੇ ਵਾਂਗ ਜਥੇਬੰਦ ਕੀਤੇ ਹੋਣ ਦਾ ਭਾਵ ਹੈ। ਬਾਅਦ ਵਿਚ ਜਥੇਬੰਦ ਕਮਿਊਨਿਸਟ ਕਾਰਕੁਨਾਂ ਨੂੰ ਵੀ ਕਾਡਰ ਕਿਹਾ ਜਾਣ ਲੱਗਾ। ਕਿਸੇ ਮੁਹਿੰਮ 'ਤੇ ਭੇਜੀ ਜਾਣ ਵਾਲੀ ਫੌਜੀ ਟੁਕੜੀ ਨੂੰ ਸਕਵੈਡ (Squad) ਕਿਹਾ ਜਾਂਦਾ ਹੈ। ਇਸ ਦਾ ਲਾਤੀਨੀ ਰੂਪ ਸੀ, Exquadra ਅਰਥਾਤ ਵਰਗਾਕਾਰ ਜਾਂ ਚੌਰਸ ਬਣਾਉਣਾ। ਪਹਿਲਾਂ ਪੈਦਲ ਫੌਜਾਂ ਵਰਗਾਕਾਰ ਸ਼ਕਲ ਬਣਾ ਕੇ ਲੜਦੀਆਂ ਸਨ। Quadruple ਦੇ ਟਾਕਰੇ 'ਤੇ ਪੰਜਾਬੀ ਸ਼ਬਦ ਚੌਗੁਣਾ ਕਰਨਾ ਅਤੇ Quadruped ਲਈ ਪੰਜਾਬੀ ਸ਼ਬਦ ਚੌਪਾਇਆ ਹੈ। ਇਸ ਵਿਚਲਾ Ped ਸ਼ਬਦ ਪੰਜਾਬੀ ਪੈਰ, ਪਾਵਾ ਆਦਿ ਦਾ ਸਜਾਤੀ ਹੈ।

ਪੱਥਰ ਦੀ ਖਾਣ ਦੇ ਅਰਥਾਂ ਵਾਲੇ ਅੰਗਰੇਜ਼ੀ ਸ਼ਬਦ Quarry ਦਾ ਮੁਢਲਾ ਭਾਵ ਉਹ ਥਾਂ ਹੈ, ਜਿਥੇ ਪੱਥਰਾਂ ਨੂੰ ਚੌਰਸ ਸ਼ਕਲ ਦਿੱਤੀ ਜਾਂਦੀ ਹੈ। ਪੰਜਾਬੀ ਵਿਚ ਕੁਰਾਂਟੀਨ ਵਜੋਂ ਜਾਣੇ ਜਾਂਦੇ ਅੰਗਰੇਜ਼ੀ ਸ਼ਬਦ Quarantine ਦਾ ਸ਼ਾਬਿਦਕ ਅਰਥ 'ਚਾਲੀ' ਹੈ। ਪਹਿਲਾਂ ਪਹਿਲ ਇਹ ਸ਼ਬਦ ਉਸ ਮਾਰੂਥਲ ਲਈ ਵਰਤਿਆ ਗਿਆ, ਜਿਸ ਵਿਚ ਹਜ਼ਰਤ ਈਸਾ ਨੇ ਚਾਲੀ ਦਿਨ ਵਰਤ ਰੱਖਿਆ ਸੀ। ਸੋਲ੍ਹਵੀਂ ਸਦੀ ਵਿਚ ਇਸ ਤੋਂ ਭਾਵ 'ਪਤੀ ਦੇ ਮਰ ਜਾਣ ਪਿਛੋਂ ਪਤਨੀ ਦਾ ਪਤੀ ਦੇ ਘਰ ਚਾਲੀ ਦਿਨ ਰਹਿਣ ਦਾ ਅਰਸਾ' ਸੀ। ਇਸ ਦੇ ਟਾਕਰੇ ਪੰਜਾਬੀ ਸ਼ਬਦ ਰੱਖਣਾ ਹੋਵੇ ਤਾਂ ਇਹ ਸ਼ਿਲਾ ਬਣਦਾ ਹੈ, ਜੋ ਚਾਲੀਸਾ (ਚਾਲੀ ਦਿਨ) ਦਾ ਵਿਉਤਪਤ ਰੂਪ ਹੈ। ਵਰਗ ਦੇ ਅਰਥਾਂ ਵਾਲਾ Square ਸ਼ਬਦ ਅੰਤਿਮ ਤੌਰ 'ਤੇ ਲਾਤੀਨੀ ਸ਼ਬਦ Exquadare ਦਾ ਵਿਕਸਿਤ ਰੂਪ ਹੈ। ਇਸ ਵਿਚ Ex ਤਾਂ ਬਾਹਰ ਦੇ ਅਰਥਾਂ ਵਾਲਾ ਅਗੇਤਰ ਲੱਗਾ ਹੋਇਆ ਹੈ। ਪੂਰੇ ਸ਼ਬਦ ਦਾ ਅਰਥ ਬਣਦਾ ਹੈ, ਵਰਗ ਬਣਾਉਣਾ, ਸੰਪੂਰਨ ਕਰਨਾ, ਤਰਤੀਬ ਵਿਚ ਬੰਨ੍ਹਣਾ। ਫਰਾਂਸੀਸੀ ਵਿਚ ਜਾ ਕੇ ਇਸ ਦੀ 'ਡ' ਧੁਨੀ ਅਲੋਪ ਹੋ ਗਈ।

ਗਰੀਕ ਭਾਸ਼ਾ ਵਿਚ ਚਰਚਿਤ ਭਾਰੋਪੀ ਮੂਲ ਤੋਂ ਚਾਰ ਦੇ ਅਰਥਾਂ ਵਾਲਾ Tetra ਸ਼ਬਦ ਬਣਿਆ। ਇਸ ਤੋਂ ਬਣੇ Tetrad ਦਾ ਅਰਥ ਹੈ, ਚਾਰ ਦਾ ਸਮੂਹ, ਚੌਕਾ; Tetrameter ਦੇ ਬਰਾਬਰ ਪੰਜਾਬੀ ਸ਼ਬਦ ਹੈ, ਚੌਪਦਾ ਪਰ ਅੰਗਰੇਜ਼ੀ ਛੰਦ ਅਨੁਸਾਰ ਅਸਲ ਵਿਚ ਚਾਰ-ਅੱਖਰਾ ਹੋਵੇਗਾ। Tetrarch ਹੁੰਦਾ ਹੈ, ਰਾਜ ਦੇ ਚੁਥਾਈ ਹਿੱਸੇ ਦਾ ਸ਼ਾਸਕ।

ਸਭ ਤੋਂ ਜਾਣਿਆ ਜਾਂਦਾ ਸ਼ਬਦ ਹੈ, ਫੋਰ (Four). ਪੁਰਾਣੀ ਅੰਗਰੇਜ਼ੀ ਵਿਚ ਇਸ ਦਾ ਰੂਪ ਸੀ, Feower. ਅੰਗਰੇਜ਼ੀ ਸਮੇਤ ਹੋਰ ਜਰਮੈਨਿਕ ਭਾਸ਼ਾਵਾਂ ਵਿਚ ਭਾਰੋਪੀ ਮੂਲ ਦੀ Kw ਧੁਨੀ 'ਫ' ਵਿਚ ਬਦਲ ਗਈ ਹੈ। ਮਿਸਾਲ ਵਜੋਂ ਡੈਨਿਸ਼ ਵਿਚ Fire ਹੈ, ਸਵੀਡਿਸ਼ ਵਿਚ Fyra ਹੈ ਅਤੇ ਗੌਥਿਕ ਵਿਚ Fidwor ਹੈ। ਜਰਮੈਨਿਕ ਭਾਸ਼ਾਵਾਂ ਵਿਚ ਇਹ ਧੁਨੀ ਪਰਿਵਰਤਨ ਅਦੁੱਤੀ ਹੈ, ਜਿਸ ਦੀ ਵਿਆਖਿਆ ਨਹੀਂ ਹੋ ਸਕੀ। ਭਾਸ਼ਾ ਵਿਗਿਆਨੀ ਵਾਟਕਿਨਜ਼ ਅਨੁਸਾਰ 'ਫ' ਧੁਨੀ ਵਿਚ ਪਰਿਵਰਤਨ ਅਗਲੇ ਅੰਕ Five ਦੇ ਪ੍ਰਭਾਵ ਹੇਠ ਹੋਈ ਹੈ।

## ਉਂਕਾਰਪ੍ਰੀਤ ਦੀਆਂ ਗ਼ਜ਼ਲਾਂ

1

ਦਿਲ ਦੇ ਗਮ ਦੀ ਦਾਸਤਾਂ, ਕਹਿ ਦਿਆਂ ਜਾਂ ਨਾ ਕਹਾਂ।
ਕਹਿਕਿਆਂ ਦੇ ਦਰਮਿਆਂ, ਕਹਿ ਦਿਆਂ ਜਾਂ ਨਾ ਕਹਾਂ।

ਜੇ ਕਹਾਂ ਸੂਲੀ ਚੜ੍ਹਾਂ, ਚੁਪ ਰਹਾਂ ਤਿਲ-ਤਿਲ ਮਰਾਂ
ਕੀ ਕਰਾਂ ਕੀ ਨਾ ਕਰਾਂ, ਕਹਿ ਦਿਆਂ ਜਾਂ ਨਾ ਕਹਾਂ।

ਕਹਿ ਰਹੇ ਨੇ ਦੋਸਤ ਕਹਿ ਦੋਸਤੀ 'ਤੇ ਇਕ ਗਜ਼ਲ
ਦੋਸਤਾਂ ਦੇ ਦਰਮਿਆਂ, ਕਹਿ ਦਿਆਂ ਜਾਂ ਨਾ ਕਹਾਂ।

ਮੈਂ ਤਨੋਂ ਹਾਂ ਆਪਦਾ ਪਰ ਮਨੋਂ ਹਾਂ ਹੋਰ ਦਾ
ਮਨ ਤੇਰੇ ਦੀ ਐ ਮਨਾਂ, ਕਹਿ ਦਿਆਂ ਜਾਂ ਨਾ ਕਹਾਂ।

ਸ਼ਹਿਰ ਸੁੱਤਾ ਹੈ ਤਾਂ ਕੀ, ਰੁੱਖ ਜਾਗਣ, ਜਾਗੇ ਪੌਣ
ਸ਼ਾਇਰਾ ਕਿਉਂ ਸੋਚਦਾਂ, 'ਕਹਿ ਦਿਆਂ ਜਾਂ ਨਾ ਕਹਾਂ।'

'ਪ੍ਰੀਤ', ਸ਼ੀਸ਼ੇ, ਸ਼ਾਇਰਾਂ, ਇਹ ਕਦੀ ਨੀਂ ਸੋਚਿਆ
ਕਹਿ ਦਿਆਂ ਜਾਂ ਚੁੱਪ ਰਹਾਂ, ਕਹਿ ਦਿਆਂ ਜਾਂ ਨਾ ਕਹਾਂ।

2

ਔਧੀ ਰਾਤੇ ਗੱਚ ਭਰਾਤੇ ਖਤ ਇਹ ਕਿੱਥੋਂ ਆਉਂਦੇ ਨੇ
ਕੋਸੇ ਕੋਸੇ ਚਾਨਣ ਨਹਾ ਕੇ ਖਤ ਇਹ ਕਿੱਥੋਂ ਆਉਂਦੇ ਨੇ।

ਲੀਕਾਂ, ਲੀਹਾਂ, ਰਿਸ਼ਤੇ, ਨਾਤੇ, ਲਿਖਤਾਂ, ਪੜ੍ਹਤਾਂ, ਨਾਮ-ਕੁਨਾਮ
ਸਾਰੇ ਕੁਛ ਨੂੰ ਮੇਟ ਮਿਟਾ ਕੇ ਖਤ ਇਹ ਕਿੱਥੋਂ ਆਉਂਦੇ ਨੇ।

ਉਹ ਜੋ ਤੈਨੂੰ ਲਿਖ ਨਾ ਹੋਏ, ਉਹ ਜੋ ਤੈਨੂੰ ਪਾਏ ਨਾ
ਉਨ ਸਭ ਦੇ ਉਤਰ ਅਣ-ਪਾਤੇ ਖਤ ਇਹ ਕਿੱਥੋਂ ਆਉਂਦੇ ਨੇ।

ਸੁਣਿਆ ਇਕ ਖਤ ਸੁੰਨ-ਸਮਾਧੋਂ ਜ਼ੱਰਾ ਬਣਿਆ ਮਾਧੋ ਦਾਸ
ਮਾਧੋ ਦਾਸ ਨੂੰ ਬੰਦਾ ਕਰਨੇ ਖਤ ਇਹ ਕਿੱਥੋਂ ਆਉਂਦੇ ਨੇ।

ਮਕਤਲ ਵੱਲ ਹੱਸਦੇ ਗਾਉਂਦੇ ਜਾਂਦੇ ਲੋਕ ਜਿਨ੍ਹਾਂ ਨੂੰ ਪੜ੍ਹ ਪੜ੍ਹ ਕੇ
ਥੱਈਆ ਥੱਈਆ ਬੁੱਲੇ ਨੱਚਦੇ ਖਤ ਇਹ ਕਿੱਥੋਂ ਆਉਂਦੇ ਨੇ।

ਅੱਗ ਦੇ ਦਰਿਆ ਅੰਦਰ ਤੱਤੀ ਲੋਹ ਦੇ ਟਾਪੂ ਉਤੇ
ਤੇਰੇ ਪੱਲੇ ਦੀ ਛਾਂ ਵਰਗੇ ਖਤ ਇਹ ਕਿੱਥੋਂ ਆਉਂਦੇ ਨੇ।

ਫੁੱਲ ਜਿਹੇ ਇੱਕ ਪਲ ਵਿਚ ਜੀਂਦੇ ਕਿੰਦਾਂ ਆਸ਼ਿਕ ਤਿੰਨ ਵੇਲੇ
ਪ੍ਰੀਤ-ਸੁਨੇਹੇ ਧੁਰ ਅੰਦਰ ਦੇ ਖਤ ਇਹ ਕਿੱਥੋਂ ਆਉਂਦੇ ਨੇ।

---

## ਬਾਗੀ ਜਾਂ ਗੱਦਾਰ

ਮਿਥਿਹਾਸ-ਇਤਿਹਾਸ 'ਚੋਂ, ਗੱਦਾਰ ਬੜੇ ਲੱਭਦੇ।
ਸੱਚ ਹੈ ਗੱਦਾਰ ਬਿਨ, ਦੋਵੇਂ ਸੁੰਨੇ ਸੁੰਨੇ ਲੱਗਦੇ।
ਵਿਭੀਸ਼ਨ ਨਾ ਹੁੰਦਾ, ਰਮਾਇਣ ਵਿਚ ਕੀ ਸੀ?
ਰਾਮ ਹੁੰਦਾ ਬੇਵੱਸ, ਲਛਮਣ ਦਾ ਘਟੇ ਜੀਅ ਸੀ।

ਰਾਵਣ ਨਾ ਮਰਦਾ, ਨਾ ਝੂਠ ਦੀ ਹੋਣੀ ਹਾਰ ਸੀ।
ਸੱਚ ਨਾ ਕਦੇ ਜਿੱਤਦਾ, ਰਾਮ ਹੋਣਾ ਸ਼ਰਮਸਾਰ ਸੀ।
ਨਾ ਹੀ ਦੁਸਹਿਰੇ ਦਾ, ਦੀਵਾਲੀ ਦਾ ਤਿਉਹਾਰ ਸੀ।
ਨਾ ਹੀ ਕੋਈ ਜਾਣਦਾ, ਰਾਮ-ਸੀਤਾ ਦਾ ਤਕਰਾਰ ਸੀ।

ਹੁੰਦੀਆਂ ਨਾ ਖੁਸ਼ੀਆਂ, ਨਾ ਲੜਾਈ ਰਾਮ ਨਾਮ 'ਤੇ।
ਮੰਦਿਰਾਂ-ਮਸਜਿਦਾਂ ਦਾ, ਝਗੜਾ ਜਨਮ ਸਥਾਨ 'ਤੇ।
ਜਨਤਾ ਨੂੰ ਨਹੀਂ ਹੋਣੀ, ਪਰਵਾਹ ਫਿਰ ਸਰਕਾਰ ਦੀ।
ਨਾ ਪੈਂਦੀਆਂ ਵੰਡੀਆਂ, ਹੋਣਾ ਇੱਕ ਪਰਿਵਾਰ ਸੀ।

ਹਮਲਾ ਵਤਨ ਉਤੇ, ਮੁਹੰਮਦ ਗੌਰੀ ਨਾ ਕਰਦਾ।
ਜੇ ਬਣ ਕੇ ਗੱਦਾਰ, ਜੈ ਚੰਦ ਜਿਹਾ ਨਾ ਸੱਦਦਾ।
ਪ੍ਰਿਥਵੀ ਚੌਹਾਨ ਦਾ, ਨਾ ਹੀ ਪਤਨ ਹੋਣਾ ਸੀ।
ਤੁਰਕਾਂ ਤੇ ਮੁਗਲਾਂ ਦਾ, ਨਾ ਕਦੇ ਬੋਝ ਪੈਣਾ ਢੋਣਾ ਸੀ।

ਸਿੱਖਾਂ ਦਾ ਰਾਜ ਵੀ, ਗੱਦਾਰੀਆਂ ਨੇ ਢਾਹ ਲਿਆ।
ਡੋਗਰੇ ਤੇ ਤੇਜੇ ਦੀਆਂ, ਸਾਜਿਸ਼ਾਂ ਹਾਏ! ਖਾ ਲਿਆ।
ਰਲਦੇ ਨਾ ਗੋਰੇ ਨਾਲ, ਨਾ ਗੁਲਾਮ ਕਦੇ ਹੋਣਾ ਸੀ।
ਅਟਕ ਤੋਂ ਯਮੁਨਾ ਤੱਕ, ਪੰਜਾਬ ਫਿਰ ਇੱਕ ਹੋਣਾ ਸੀ।

ਬਾਗੀ ਜਾਂ ਗੱਦਾਰ ਕਹੋ, ਚਾਹੇ ਸੱਦੋ ਕਿਸੇ ਹੋਰ ਨਾਮ।
ਪਰ ਘਰ ਦੇ ਭੇਤੀਆਂ, ਹੈ ਕੀਤਾ ਬਦਨਾਮ ਨਾਮ।
ਰਹੀਏ ਸਦਾ ਖਬਰਦਾਰ, ਬੁੱਕਲਾਂ ਦੇ ਫਨੀਅਰਾਂ ਤੋਂ।
ਨੱਪ ਦੇਈਏ ਸਿਰੀ ਫਿਰ, ਨਾ ਡਰੀਏ ਫੁੰਕਾਰਿਆਂ ਤੋਂ।

-ਸੇਵਾ ਸਿੰਘ ਨੂਰਪੁਰੀ

---

## ਚੋਣਾਂ ਆਈਆਂ

ਚਿੱਟਾ ਦੁੱਧ ਕੁੜਤਾ, ਪਜਾਮਾ ਚਿੱਟਾ ਚਿੱਟਾ ਜੀ।
ਦਿਲ ਭਾਵੇਂ ਕਾਲੇ ਨੇ, ਮੁੱਖ ਮਿੱਠਾ ਮਿੱਠਾ ਜੀ।
ਹੱਥ ਜੋੜ ਫਤਿਹ ਇਹ ਬੁਲਾਈ ਜਾਣ ਸਭ ਨੂੰ
ਚੋਣਾਂ ਆਈਆਂ, ਨੇਤਾ ਭਰਮਾਈ ਜਾਣ ਸਭ ਨੂੰ।

ਨਾ ਗੋਰਾ-ਚਿੱਟਾ ਵੇਂਹਦੇ, ਨਾ ਹੀ ਜਾਤ ਵਾਲਾ ਜੀ।
ਹਰ ਨਾਲ ਚਾਹ ਪੀਂਦੇ ਤੇ ਖਾਂਦੇ ਨੇ ਨਿਵਾਲਾ ਜੀ।
ਮੰਤਰੀ ਇਹ ਬਣ ਕੇ, ਭੁਲਾਈ ਜਾਣ ਸਭ ਨੂੰ...।

ਕਾਲਾ ਧਨ ਲਿਆ ਕੇ ਤੁਹਾਡੇ ਖਾਤੇ ਵਿਚ ਪਾਵਾਂਗੇ।
ਜਨਤਾ ਦਾ ਸਿਰ ਤੇ ਜੁੱਤੀ ਆਪਣੀ ਚਲਾਵਾਂਗੇ।
ਰਟੇ ਰਟਾਏ ਭਾਸ਼ਣ ਸੁਣਾਈ ਜਾਣ ਸਭ ਨੂੰ...।

ਰਾਜਨੀਤੀ ਸੇਵਾ ਸੀ ਜੋ, ਧੰਦਾ ਬਣ ਰਹਿ ਗਿਆ।
ਇਨ੍ਹਾਂ ਦੇ ਛਲਾਵਿਆਂ 'ਚ ਗਰੀਬ ਹੋਰ ਢਹਿ ਗਿਆ।
ਵਿਕ ਜਾਣ ਖਬਰਾਂ, ਖਿਲਾਈ ਜਾਣ ਸਭ ਨੂੰ...।

ਮਰ ਗਈ ਜ਼ਮੀਰ, ਪੈ ਕੇ ਲਾਲਚ ਦੇ ਵੱਸ ਜੀ।
ਰਲੇ ਹੋਏ ਨੇ ਸਾਰੇ, ਸੱਚ ਦੇਣਾ ਤੁਹਾਨੂੰ ਦੱਸ ਜੀ।
ਆਪਸ ਦੇ ਵਿਚ ਇਹ, ਲੜਾਈ ਜਾਣ ਸਭ ਨੂੰ...।

ਹੋਣਾ ਏ ਹਿਸਾਬ ਜਾ ਕੇ ਕਿਤੇ ਪਾਈ ਪਾਈ ਦਾ।
'ਸੁਖਵਿੰਦਰਾ' ਓਏ ਸਤਿਆਂ ਨੂੰ ਹੋਰ ਨੀਂ ਸਤਾਈਦਾ।
ਪਰ ਨੇਤਾ ਵਿਗੜੇ, ਘੁਮਾਈ ਜਾਣ ਸਭ ਨੂੰ,
ਚੋਣਾਂ ਆਈਆਂ, ਨੇਤਾ ਭਰਮਾਈ ਜਾਣ ਸਭ ਨੂੰ।

-ਸੁਖਵਿੰਦਰ ਹਮਦਮ, ਬੋਦਲਾਂ ਵਾਲਾ
ਫੋਨ: 360-281-2624

---

## ਰੁਬਾਈ

ਲੋਕੀਂ ਜਗ ਦੇ ਸਿਤਾਰਿਆਂ ਨੂੰ ਭਾਲਦੇ ਫਿਰਦੇ
ਮੈਂ ਨੀਲੇ ਗਗਨ ਦੇ ਸਿਤਾਰਿਆਂ ਦੇ ਨਾਲ ਰਹਿੰਦੀ ਹਾਂ।
ਕਦੀ ਚੱਟਾਨ ਬਣ ਜਾਵਾਂ, ਕਦੀ ਪਰਬਤ ਮੈਂ ਬਣ ਜਾਵਾਂ
ਜਦੋਂ ਵਹਿੰਦੀ ਹਾਂ ਨਿਰੰਤਰ ਨਦੀ ਦੇ ਵਾਂਗ ਵਹਿੰਦੀ ਹਾਂ।

ਧਰਤ 'ਤੇ ਪੈਰ ਨੇ ਮੇਰੇ, ਉਚੇ ਜਜ਼ਬਾਤ ਅੰਬਰਾਂ ਤੋਂ
ਹਵਾਵਾਂ ਨਾਲ ਉਡਦੀ ਹਾਂ ਜਦੋਂ ਪਰਵਾਜ਼ ਲੈਂਦੀ ਹਾਂ।
ਮੈਨੂੰ 'ਸੁਰਜੀਤ' ਕੀਤੈ ਸੱਚ ਨੇ, ਸੱਚ ਇਸ਼ਟ ਹੈ ਮੇਰਾ
ਮੈਂ ਸੱਚ ਨੂੰ ਪਿਆਰ ਕਰਦੀ, ਸੱਚ ਲਿਖਦੀ, ਸੱਚ ਕਹਿੰਦੀ ਹਾਂ।

-ਬੀਬੀ ਸੁਰਜੀਤ ਕੌਰ ਸੈਕਰਾਮੈਂਟੋ

# ਸਿਨੇਮਾ ਅਤੇ ਲਹਿੰਦਾ ਪੰਜਾਬ




ਫਿਲਮ 'ਪੰਜਾਬ ਨਹੀਂ ਜਾਊਂਗੀ' ਦਾ ਪੋਸਟਰ।

ਚੜ੍ਹਦੇ ਅਤੇ ਲਹਿੰਦੇ ਪੰਜਾਬ ਦੇ ਲੋਕਾਂ ਦਾ ਬੁਨਿਆਦੀ ਸੁਭਾਅ ਤੇ ਵਰਤਾਰਾ ਕਿਸ ਤਰ੍ਹਾਂ ਦਾ ਹੈ? ਇਸ ਨੂੰ ਸਮਝਣ ਲਈ ਕਲਾ/ਸਿਨੇਮਾ ਦਾ ਸਹਾਰਾ ਲੈਣ ਵਿਚ ਕੋਈ ਝਿਜਕ ਮਹਿਸੂਸ ਨਹੀਂ ਕਰਨੀ ਚਾਹੀਦੀ। ਲਹਿੰਦੇ ਪੰਜਾਬ ਦੇ ਲੋਕਾਂ ਦੇ ਸੁਭਾਅ ਤੇ ਵਿਹਾਰ ਨੂੰ ਜਾਣਨ-ਪਛਾਣਨ ਲਈ ਉਥੋਂ ਦੀਆਂ ਫਿਲਮਾਂ ਦੀ ਘੋਖ-ਪੜਤਾਲ ਕਰਨਾ ਸਾਰਥਕ ਕਾਰਜ ਹੈ।

ਪਾਕਿਸਤਾਨੀ ਫਿਲਮਾਂ 'ਪੰਜਾਬ ਨਹੀਂ ਜਾਊਂਗੀ' (ਨਦੀਮ ਬੇਗ) ਤੇ 'ਲੋਡ ਵੈਡਿੰਗ' (ਨਬੀਲ ਕੁਰੈਸ਼ੀ) ਸਮਾਜਕ ਗੁੰਝਲਾਂ ਤੇ ਪਰਤਾਂ ਨੂੰ ਵਿਆਹ ਵਰਗੇ ਪੇਚੀਦਾ ਵਰਤਾਰੇ ਰਾਹੀਂ ਖੋਲ੍ਹਣ ਤੇ ਸਮਝਣ ਦਾ ਯਤਨ ਕਰਦੀਆਂ ਹਨ।

**ਜਤਿੰਦਰ ਸਿੰਘ**

ਲਹਿੰਦੇ ਪੰਜਾਬ ਦੀ ਰਾਜਨੀਤਕ ਤੇ ਆਰਥਕ ਹਾਲਤ ਵਿਚ ਵੰਡ ਪਿਛੋਂ ਕੁਝ ਤਬਦੀਲੀਆਂ ਵਾਪਰਦੀਆਂ ਹਨ ਜਿਵੇਂ ਚੜ੍ਹਦੇ ਪੰਜਾਬ ਵਿਚ ਲੈਂਡ ਸੀਲਿੰਗ ਐਕਟ ਆਉਣ ਕਰਕੇ ਜਮੀਨਾਂ ਦੀ ਵੰਡ ਕੀਤੀ ਗਈ, ਪਰ ਉਧਰ ਤਾਂ ਜਮੀਨਾਂ ਜਾਗੀਰਦਾਰਾਂ ਦੇ ਹੱਥ ਹੀ ਰਹਿ ਗਈਆਂ। ਇਸੇ ਕਰਕੇ ਆਰਥਕ ਪਾੜਾ ਹੋਣਾ ਸੁਭਾਵਿਕ ਹੀ ਸੀ। ਇਸ ਕਰਕੇ ਲਹਿੰਦੇ ਪੰਜਾਬ ਦਾ ਸਮਾਜਕ ਢਾਂਚਾ ਕੁਝ ਵੱਖਰਾ ਲੱਗਦਾ ਹੈ, ਪਰ ਇਹ ਦੋਨੋਂ ਫਿਲਮਾਂ ਦੇਖ ਕੇ ਇਸ ਤਰ੍ਹਾਂ ਮਹਿਸੂਸ ਹੁੰਦਾ ਹੈ ਕਿ ਲਹਿੰਦੇ ਪੰਜਾਬੀਆਂ ਦੇ ਅਮੀਰ ਅਤੇ ਗਰੀਬ ਵਰਗ ਹੋਣ ਦੇ ਬਾਵਜੂਦ ਉਨ੍ਹਾਂ ਨੇ ਆਪੋ-ਆਪਣੇ ਸਮਾਜ ਦੀਆਂ ਜੋ ਊਣਤਾਈਆਂ ਇਨ੍ਹਾਂ ਫਿਲਮਾਂ ਰਾਹੀਂ ਉਜਾਗਰ ਕੀਤੀਆਂ ਹਨ, ਉਹ ਵਿਆਹ ਨਾਲ ਸਬੰਧਤ ਹਨ, ਜਿਵੇਂ ਵਿਆਹਾਂ 'ਤੇ ਜ਼ਿਆਦਾ ਖਰਚ ਕਰਨਾ, ਦਾਜ ਪ੍ਰਥਾ, ਘਰੇਲੂ ਹਿੰਸਾ, ਔਰਤ ਨਾਲ ਸਮਾਜਕ ਨਾਬਰਾਬਰੀ ਆਦਿ।

ਇਹ ਦੋਵੇਂ ਫਿਲਮਾਂ ਲਹਿੰਦੇ ਪੰਜਾਬ ਦੇ ਵਾਸੀਆਂ ਦੇ ਸੁਭਾਅ ਤੇ ਉਨ੍ਹਾਂ ਦੇ ਕਾਰ-ਵਿਹਾਰ ਨੂੰ ਜਾਣਨ ਲਈ ਬਹੁਤ ਮਹੱਤਵ ਰੱਖਦੀਆਂ ਹਨ। ਦੋਵੇਂ ਪੰਜਾਬਾਂ ਦੇ ਲੋਕਾਂ ਦੇ ਸੁਭਾਅ ਦੀਆਂ ਬੁਨਿਆਦਾਂ ਸਾਂਝੀਆਂ ਹਨ। ਪਹਿਲੀ ਫਿਲਮ ਜਾਗੀਰਦਾਰੀ ਪਰਿਵਾਰਾਂ ਅਤੇ ਦੂਜੀ ਆਰਥਕ



ਫਿਲਮ 'ਪੰਜਾਬ ਨਹੀਂ ਜਾਊਂਗੀ' ਦੀ ਨਾਇਕਾ ਮਹਿਵਿਸ਼ ਹਯਾਤ।

ਪੱਖੋਂ ਸਾਧਾਰਨ ਲੋਕਾਂ ਦੀ ਵਿਥਿਆ ਬਿਆਨ ਕਰਦੀ ਹੈ।

'ਪੰਜਾਬ ਨਹੀਂ ਜਾਊਂਗੀ' ਫਿਲਮ ਦੀ ਮੁੱਖ ਅਦਾਕਾਰਾ ਅਮਲ (ਮਹਿਵਿਸ਼ ਹਯਾਤ) ਕਰਾਚੀ ਦੇ ਅਮੀਰ ਘਰਾਣੇ ਨਾਲ ਸਬੰਧ ਰੱਖਦੀ ਹੈ ਤੇ ਉਹ ਇੰਗਲੈਂਡ ਵਿਚ ਅਰਥ ਵਿਗਿਆਨ ਦੀ ਐਮ. ਏ. ਕਰਕੇ ਪਾਕਿਸਤਾਨ ਆਉਂਦੀ ਹੈ, ਸ਼ਾਇਦ ਇਸੇ ਪੜ੍ਹਾਈ ਸਦਕਾ ਉਹ ਸਾਮੰਤਵਾਦੀ ਤੇ ਜਾਗੀਰਦਾਰੀ ਕਦਰਾਂ ਕੀਮਤਾਂ ਨੂੰ ਪਸੰਦ ਨਹੀਂ ਕਰਦੀ। ਉਸ ਨੂੰ ਇਸ ਗੱਲ ਦਾ ਵੀ ਇਲਮ ਹੈ ਕਿ ਜਾਗੀਰਦਾਰ ਪੰਜਾਬੀਆਂ ਵਿਚ ਬਹੁਤ ਹੈਂਕੜ ਹੁੰਦੀ ਹੈ। ਇਸ ਕਰਕੇ ਉਹ ਪਹਿਲਾਂ ਤਾਂ ਫਵਾਦ ਖੱਗਾ (ਹਮਾਯੂੰ ਸੱਯਦ) ਨਾਲ ਵਿਆਹ ਕਰਨ ਤੋਂ ਇਨਕਾਰ ਕਰ ਦਿੰਦੀ ਹੈ, ਪਰ ਬਾਅਦ ਵਿਚ ਭਾਵੁਕਤਾ ਦੇ ਵਹਿਣ ਵਿਚ ਵਹਿ ਕੇ ਫਵਾਦ ਖੱਗਾ ਨਾਲ ਵਿਆਹ ਲਈ ਰਾਜ਼ੀ ਹੋ ਜਾਂਦੀ ਹੈ। ਉਹ ਆਪਣੀ ਲਿਆਕਤ ਨਾਲ ਆਪਣੇ ਖਾਵੰਦ ਦੇ ਘਰ ਤੇ ਕਾਰੋਬਾਰ ਨੂੰ ਤਾਂ ਸੁਧਾਰ ਦਿੰਦੀ ਹੈ ਪਰ ਫਵਾਦ ਦੇ ਬੁਨਿਆਦੀ ਸੁਭਾਅ ਤੇ ਵਿਹਾਰ ਤੋਂ ਤੰਗ ਆ ਜਾਂਦੀ ਹੈ। ਇਸੇ ਕਰਕੇ ਉਹ ਮੁੜ ਪੰਜਾਬ ਨਾ ਜਾਣ ਦਾ ਫੈਸਲਾ ਲੈਂਦੀ ਹੈ।

ਦੂਜੀ ਫਿਲਮ 'ਲੋਡ ਵੈਡਿੰਗ' ਵੀ ਵਿਆਹ 'ਤੇ ਕੇਂਦਰਿਤ ਹੈ। ਇਹ ਸਾਧਾਰਨ ਪਾਕਿਸਤਾਨੀ ਔਰਤ 'ਤੇ ਲੱਗੀਆਂ ਰੋਕਾਂ, ਸਮਾਜਕ ਨਾਬਰਾਬਰੀ ਅਤੇ ਮੀਡੀਆ 'ਤੇ ਵਿਅੰਗ ਕਰਦੀ ਹੈ। ਪੰਜਾਬੀਆਂ ਦੇ ਸੁਭਾਅ ਦਾ ਇਹ ਹਿੱਸਾ ਹੈ ਕਿ ਜਿਸ ਕੁੜੀ ਨਾਲ ਵਿਆਹ ਕਰਾਉਣਾ ਹੈ, ਉਹ ਪਤਲੀ, ਸੁੰਦਰ, ਛੋਟੀ ਉਮਰ ਤੇ ਆਰਥਕ ਪੱਖੋਂ ਮਜ਼ਬੂਤ ਹੋਵੇ। ਇਸ ਫਿਲਮ ਵਿਚ ਮੁੱਖ ਅਦਾਕਾਰ ਰਾਜਾ (ਫਹਾਦ ਮੁਸਤਫਾ) ਦੀ ਭੈਣ ਫਰਹਾਨਾ (ਸਮਾਨੀਆ ਅਹਿਮਦ) ਇਸੇ ਕਾਰਨ ਵਿਆਹੀ ਨਹੀਂ ਜਾਂਦੀ।

ਦੂਜੇ ਪਾਸੇ ਇਹ ਫਿਲਮ ਕਈ ਸਮਾਜਕ ਮਿੱਥਾਂ ਤੋੜਦੀ ਹੈ ਕਿ ਮੁਸਲਮਾਨ ਵਿਧਵਾ ਔਰਤ ਵਿਆਹ ਨਹੀਂ ਕਰਵਾ ਸਕਦੀ, ਉਹ ਵੀ ਦਾਜ ਤੋਂ ਬਿਨਾ। ਪੰਜਾਬੀ ਸਮਾਜ ਦਾਜ ਤੋਂ ਬਗੈਰ ਕੁੜੀ ਦੇ ਵਿਆਹ ਦੀ ਇਜਾਜ਼ਤ ਨਹੀਂ ਦਿੰਦਾ, ਪਰ ਮੁੱਖ ਅਦਾਕਾਰਾ ਮੀਰੂ ਦੂਜਾ ਵਿਆਹ ਕਰਕੇ ਇਹ ਮਿੱਥ ਤੋੜਦੀ ਹੈ।

ਤੀਜਾ ਨੁਕਤਾ ਇਹ ਉਭਰ ਕੇ ਆਉਂਦਾ ਹੈ ਕਿ ਮੀਡੀਆ ਨੂੰ ਇਸ ਫਿਲਮ ਵਿਚ ਘੜੀਸਿਆ ਅਤੇ ਉਸ ਦਾ ਚਿਹਰਾ ਬੇਨਕਾਬ ਕੀਤਾ ਗਿਆ ਹੈ। ਇਸ ਤਰ੍ਹਾਂ ਦੀ ਭੂਮਿਕਾ ਹਿੰਦੋਸਤਾਨੀ ਮੀਡੀਆ ਨਿਭਾਉਂਦਾ ਹੈ, ਠੀਕ ਉਸੇ ਤਰ੍ਹਾਂ ਮੀਡੀਆ ਤੇ ਟੀ. ਵੀ. ਆਪਣੀ ਟੀ. ਆਰ. ਪੀ. ਵਧਾਉਣ ਲਈ ਲੋਕਾਂ ਦੀ ਮਜਬੂਰੀ ਤੇ ਗਰੀਬੀ ਦਾ ਹਮਦਰਦ ਬਣ ਬੈਠਦਾ ਹੈ ਅਤੇ ਉਨ੍ਹਾਂ ਨੂੰ ਆਪਣੀ ਲੋਕਪ੍ਰਿਯਤਾ ਭਾਵ ਟੀ. ਆਰ. ਪੀ. ਵਧਾਉਣ ਲਈ ਵਰਤਦਾ ਹੈ।



ਫਿਲਮ 'ਲੋਡ ਵੈਡਿੰਗ' ਦਾ ਦ੍ਰਿਸ਼।

ਮੀਡੀਆ ਗਰੀਬੀ ਨਾਲ ਲਤਾੜੇ ਲੋਕਾਂ ਦੀ ਹਮਦਰਦੀ ਤੇ ਗਰੀਬੀ ਨੂੰ ਵੇਚਦਾ ਨਜ਼ਰ ਆ ਰਿਹਾ ਹੈ। ਲੋਕਾਂ ਨੂੰ ਇਹ ਲਗਦਾ ਹੈ ਕਿ ਉਹ ਲੋਕਾਂ ਦੀ ਮਦਦ ਕਰ ਰਹੇ ਹਨ, ਪਰ ਉਹ ਤਾਂ ਆਪਣੇ ਮੁਨਾਫੇ ਦੀਆਂ ਸਕੀਮਾਂ ਘੜ ਰਹੇ ਹੁੰਦੇ ਹਨ। ਇਸ ਤਰ੍ਹਾਂ ਦੀਆਂ ਸਮਾਜਕ ਘੁਣਤਰਾਂ ਨੂੰ ਖੋਲ੍ਹਣ ਦਾ ਯਤਨ ਇਹ ਫਿਲਮਾਂ ਕਰਦੀਆਂ ਹਨ। ਇਹ ਵੀ ਨਹੀਂ ਕਿਹਾ ਜਾ ਸਕਦਾ ਕਿ ਇਹ ਫਿਲਮਾਂ ਮੁਨਾਫੇ ਨੂੰ ਧਿਆਨ ਵਿਚ ਰੱਖ ਕੇ ਨਹੀਂ ਬਣੀਆਂ, ਪਰ ਘੱਟੋ-ਘੱਟ ਸਮਾਜਕ ਊਣਤਾਈਆਂ ਤੇ ਸਮੱਸਿਆਵਾਂ 'ਤੇ ਸੰਦੇਸ਼ ਦੇਣ ਤਕ ਤਾਂ ਸਫਲ ਹਨ, ਜਦੋਂਕਿ ਹਿੰਦੋਸਤਾਨੀ ਪੰਜਾਬੀ ਫਿਲਮਾਂ ਆਪਣੇ ਬੁਨਿਆਦੀ ਫਰਜ਼ ਤੋਂ ਭੱਜਦੀਆਂ ਨਜ਼ਰ ਆ ਰਹੀਆਂ ਹਨ।

# ਚੰਗੇ ਵਿਸ਼ਿਆਂ ਤੋਂ ਪੰਜਾਬੀ ਸਿਨੇਮਾ ਅਜੇ ਸੱਖਣਾ: ਸੁਖਮਿੰਦਰ ਧੰਜਲ

ਸੁਖਮਿੰਦਰ ਧੰਜਲ ਪੰਜਾਬੀ ਸਿਨੇਮਾ ਨਾਲ ਚਿਰਾਂ ਤੋਂ ਜੁੜਿਆ ਇੱਕ ਨਾਮੀ ਲੇਖਕ, ਨਿਰਦੇਸ਼ਕ ਹੈ। ਉਸ ਨੇ ਫਿਲਮ 'ਮੇਲਾ' ਤੋਂ ਆਪਣਾ ਫਿਲਮੀ ਸਫਰ ਸ਼ੁਰੂ ਕੀਤਾ, ਜੋ ਅੱਜ ਵੀ ਨਿਰੰਤਰ ਜਾਰੀ ਹੈ। ਉਸ ਦੀ ਦੂਜੀ ਫਿਲਮ 'ਬਾਗੀ' ਨੇ ਉਸ ਦੀ ਝੋਲੀ 'ਨੈਸ਼ਨਲ ਐਵਾਰਡ' ਪਾਇਆ। ਸੁਖਮਿੰਦਰ ਧੰਜਲ ਧੜਾਧੜ ਫਿਲਮਾਂ ਕਰਕੇ ਗਿਣਤੀ ਵਧਾਉਣ ਵਾਲੇ ਨਿਰਦੇਸ਼ਕਾਂ ਵਿਚੋਂ ਨਹੀਂ, ਸਗੋਂ ਚੰਗੇ ਵਿਸ਼ਿਆਂ 'ਤੇ ਆਧਾਰਤ ਲੋਕ ਹਿਤਾਂ ਨਾਲ ਜੁੜੀਆਂ ਅਰਥ ਭਰਪੂਰ ਫਿਲਮਾਂ ਕਰਕੇ ਜਾਣਿਆਂ ਜਾਂਦਾ ਹੈ। 'ਮੇਲਾ', 'ਬਾਗੀ', 'ਲੱਗਦਾ ਇਸ਼ਕ ਹੋ ਗਿਆ', 'ਕਬੱਡੀ ਵੰਨਸ ਅਗੇਨ' ਫਿਲਮਾਂ ਤੋਂ ਬਾਅਦ ਉਹ ਇਨ੍ਹੀਂ ਦਿਨੀਂ ਓਹਰੀ ਪ੍ਰੋਡਕਸ਼ਨ ਦੇ ਬੈਨਰ ਹੇਠ 3 ਮਈ ਨੂੰ ਰਿਲੀਜ਼ ਹੋ ਰਹੀ ਫਿਲਮ 'ਬਲੈਕੀਆ' ਨਾਲ ਇੱਕ ਵਾਰ ਫਿਰ ਚਰਚਾ ਵਿਚ ਹੈ।

ਬਰਨਾਲਾ ਜਿਲੇ ਦੇ ਪਿੰਡ ਚੱਕ ਭਾਈ ਕਾ 'ਚ ਜਨਮੇ ਸੁਖਮਿੰਦਰ ਧੰਜਲ ਨੇ ਭਾਵੇਂ ਇਲੈਕਟਰੀਕਲ ਇੰਜੀਨੀਅਰਿੰਗ ਕੀਤੀ, ਪਰ ਉਸ ਦਾ ਥੀਏਟਰ ਕਰਨ ਦਾ ਸ਼ੌਕ ਉਸ ਨੂੰ ਮੁੰਬਈ ਲੈ ਗਿਆ, ਜਿੱਥੇ ਸਖਤ ਮਿਹਨਤ ਕਰਦਿਆਂ ਉਸ ਨੇ ਆਪਣਾ ਫਿਲਮ ਡਾਇਰੈਕਟਰ ਬਣਨ ਦਾ ਸੁਪਨਾ ਪੂਰਾ ਕੀਤਾ। ਫਿਲਮ ਇੰਡਸਟਰੀ 'ਚੋਂ ਲੰਮਾ ਸਮਾਂ ਗਾਇਬ ਰਹਿਣ ਬਾਰੇ ਉਨ੍ਹਾਂ ਕਿਹਾ, "ਮੈਂ ਆਮ ਫਿਲਮਾਂ ਤੋਂ ਹਟ ਕੇ ਕੁਝ ਵੱਖਰਾ ਕਰਨ ਦੀ ਤਾਂਘ ਵਿਚ ਸਾਂ, ਜੋ ਕਾਮੇਡੀ ਤੇ ਵਿਆਹਾਂ ਵਾਲੇ ਸਿਨੇਮਾ ਤੋਂ ਹਟ ਕੇ ਹੋਵੇ। ਮੈਨੂੰ ਅਜਿਹੀਆਂ ਕਈ ਫਿਲਮਾਂ ਦੀਆਂ ਪੇਸ਼ਕਸ਼ਾਂ ਆਈਆਂ, ਪਰ ਦਿਸ਼ਾਹੀਣ ਫਿਲਮਾਂ ਕਰਨ ਨੂੰ ਮੇਰੀ ਜ਼ਮੀਰ ਨਾ ਮੰਨੀ। ਨੈਸ਼ਨਲ ਐਵਾਰਡ ਲੈ ਕੇ ਫਰਜ਼ ਬਣਦਾ ਕਿ ਮਨੋਰੰਜਨ ਦੇ ਨਾਲ ਨਾਲ ਸਮਾਜ ਨੂੰ ਵੀ ਕੋਈ ਚੰਗਾ ਮੈਸੇਜ ਦਿੰਦੀ ਫਿਲਮ ਬਣਾਵਾਂ।"



ਮੌਜੂਦਾ ਸਿਨੇਮੇ ਬਾਰੇ ਉਸ ਦਾ ਕਹਿਣਾ ਹੈ ਕਿ ਅੱਜ ਸਿਨੇਮਾ 'ਟਾਕੀਜ਼ ਤੋਂ ਮਲਟੀਪਲੈਕਸ' ਦਾ ਰੂਪ ਲੈ ਚੁਕਾ ਹੈ, ਪਰ ਅਫਸੋਸ ਕਿ ਚੰਗੇ ਵਿਸ਼ਿਆਂ ਤੋਂ ਸਾਡਾ ਪੰਜਾਬੀ ਸਿਨੇਮਾ ਅਜੇ ਸੱਖਣਾ ਹੈ।

ਸੁਖਮਿੰਦਰ ਧੰਜਲ ਨੇ ਦੱਸਿਆ ਕਿ ਫਿਲਮ 'ਬਲੈਕੀਆ' 70 ਦੇ ਦਹਾਕੇ ਦੀ ਹੈ, ਜਦੋਂ ਪਾਕਿਸਤਾਨ ਤੇ ਪੰਜਾਬ ਦੀ ਸਰਹੱਦ 'ਤੇ ਸੋਨਾ, ਚਾਂਦੀ ਅਤੇ ਨਸ਼ਿਆਂ ਦੀ ਸਮੱਗਲਿੰਗ ਹੋਇਆ ਕਰਦੀ ਸੀ। ਇਸ ਫਿਲਮ ਵਿਚ ਬਹੁਤੇ ਕਲਾਕਾਰ ਥੀਏਟਰ ਦੇ ਹਨ, ਜਿਨ੍ਹਾਂ ਨੇ ਪੰਜਾਬੀ ਫਿਲਮਾਂ ਵਿਚ ਵੀ ਚੰਗਾ ਨਾਂ ਕਮਾਇਆ ਹੈ। ਇਹ ਫਿਲਮ ਪੀ. ਟੀ. ਸੀ. ਮੋਸ਼ਨ ਪਿਕਚਰਜ਼ ਅਤੇ ਗਲੋਬ ਮੂਵੀਜ਼ ਵਲੋਂ 3 ਮਈ ਨੂੰ ਦੁਨੀਆਂ ਭਰ 'ਚ ਰਿਲੀਜ਼ ਕੀਤੀ ਜਾ ਰਹੀ ਹੈ।

*-ਸੁਰਜੀਤ ਜੱਸਲ*

*ਫੋਨ: 91-98146-07737*

# ਐਮੀ ਵਿਰਕ ਅਤੇ ਸੋਨਮ ਬਾਜਵਾ ਦੀ ਨਵੀਂ ਫਿਲਮ

## 'ਮੁਕਲਾਵਾ'

'ਅੰਗਰੇਜ਼' ਫਿਲਮ ਨਾਲ ਚਰਚਾ ਵਿਚ ਆਏ ਨਿਰਦੇਸ਼ਕ ਸਿਮਰਜੀਤ ਨੂੰ ਜੇ ਵਿਰਾਸਤੀ ਸਿਨੇਮਾ ਦਾ ਵਾਰਿਸ ਕਹਿ ਲਈਏ ਤਾਂ ਕੋਈ ਅਤਿ ਕਥਨੀ ਨਹੀਂ ਹੋਵੇਗੀ। ਪੰਜਾਬੀ ਸਿਨੇਮਾ ਰਾਹੀਂ ਪੁਰਾਤਨ ਵਿਰਸੇ ਨੂੰ ਸਾਂਭਣ ਲਈ ਪਾਈ ਉਸ ਦੀ ਪੈੜ ਅੱਜ ਪਗਡੰਡੀ ਬਣ ਚੁਕੀ ਹੈ। ਸਿਮਰਜੀਤ ਆਪਣੀਆਂ ਫਿਲਮਾਂ ਨਾਲ ਹਮੇਸ਼ਾ ਹੀ ਚਰਚਾ ਵਿਚ ਰਿਹਾ ਹੈ। ਇਨ੍ਹੀਂ ਦਿਨੀਂ ਉਹ ਇੱਕ ਹੋਰ ਵਿਰਾਸਤੀ ਮਹਿਕ ਵਾਲੀ ਪਰਿਵਾਰਕ ਕਾਮੇਡੀ ਫਿਲਮ 'ਮੁਕਲਾਵਾ' ਲੈ ਕੇ ਆ ਰਿਹਾ ਹੈ।

ਪੰਜਾਬੀ ਫਿਲਮ ਅਤੇ ਸੰਗੀਤ ਖੇਤਰ ਵਿਚ 'ਵ੍ਹਾਈਟ ਹਿੱਲ ਸਟੂਡੀਓਜ਼' ਇੱਕ ਵੱਡਾ ਨਾਂ ਹੈ, ਜੋ ਪੰਜਾਬੀ ਫਿਲਮਾਂ ਦੇ ਨਿਰਮਾਣ, ਡਿਸਟ੍ਰੀਬਿਊਸ਼ਨ ਅਤੇ ਮਿਊਜ਼ਿਕ ਵਜੋਂ ਜਾਣਿਆ ਜਾਂਦਾ ਹੈ। ਇਸ ਦੇ ਕਰਤਾ ਧਰਤਾ ਗੁਣਬੀਰ ਸਿੰਘ ਸਿੱਧੂ ਤੇ ਮਨਮੋਰਡ ਸਿੱਧੂ ਨੇ ਹਮੇਸ਼ਾ ਹੀ ਚੰਗੀਆਂ ਤੇ ਅਰਥਭਰਪੂਰ ਮਨੋਰੰਜਕ ਫਿਲਮਾਂ ਦਿੱਤੀਆਂ ਹਨ। ਫਿਲਮ 'ਮੁਕਲਾਵਾ' ਦਾ ਨਿਰਮਾਣ 'ਵ੍ਹਾਈਟ ਹਿੱਲ ਸਟੂਡੀਓਜ਼' ਨੇ 'ਗ੍ਰੇ ਸਲੇਟ ਪਿਕਚਰਜ਼' ਨਾਲ ਮਿਲ ਕੇ ਕੀਤਾ ਗਿਆ ਹੈ। ਨਿਰਮਾਤਾ ਗੁਣਬੀਰ ਸਿੰਘ ਸਿੱਧੂ ਤੇ ਮਨਮੋਰਡ ਸਿੱਧੂ ਨੇ ਕਿਹਾ ਕਿ 24 ਮਈ ਨੂੰ ਰਿਲੀਜ਼ ਹੋ ਰਹੀ ਇਸ ਫਿਲਮ ਵਿਚ ਪੰਜਾਬੀ ਸਿਨਮੇ ਦੀ ਹਿੱਟ ਜੋੜੀ ਐਮੀ ਵਿਰਕ ਤੇ ਸੋਨਮ ਬਾਜਵਾ ਨੇ ਮੁੱਖ ਭੂਮਿਕਾ ਨਿਭਾਈ ਹੈ।

ਫਿਲਮ ਦੀ ਕਹਾਣੀ 1960-65 ਦੇ ਸਮਿਆਂ ਦੀ ਹੈ, ਜਦ ਮਾਂ-ਬਾਪ ਆਪਣੇ ਬੱਚਿਆਂ ਦਾ ਵਿਆਹ ਨਿਆਣੀ ਉਮਰੇ ਹੀ ਕਰ ਦਿੰਦੇ ਸਨ। ਮੁਕਲਾਵੇ ਤੋਂ ਪਹਿਲਾਂ ਮੁੰਡੇ-ਕੁੜੀ ਨੂੰ ਮਿਲਣ ਨਹੀਂ ਸੀ ਦਿੱਤਾ ਜਾਂਦਾ, ਜੇ ਕੋਈ ਅਜਿਹਾ ਕਰਨ ਦੀ ਕੋਸ਼ਿਸ਼ ਕਰਦਾ ਸੀ ਤਾਂ ਗੱਲ ਰਿਸ਼ਤਾ ਟੁੱਟਣ ਤੱਕ ਆ ਜਾਂਦੀ ਸੀ। ਫਿਲਮ ਦੀ ਕਹਾਣੀ ਵੀ 'ਮੁਕਲਾਵੇ' 'ਤੇ ਆਧਾਰਤ ਹੈ। ਫਿਲਮ ਦਾ ਨਾਇਕ ਜਵਾਨ ਹੋਣ 'ਤੇ ਆਪਣੀ ਪਤਨੀ ਨੂੰ ਵੇਖਣਾ ਚਾਹੁੰਦਾ ਹੈ, ਜਿਸ ਲਈ ਉਹ ਆਪਣੇ ਯਾਰਾਂ-ਦੋਸਤਾਂ ਦੇ ਕਹਿਣ 'ਤੇ ਕਈ ਢੰਗ ਤਰੀਕੇ ਵਰਤਦਾ ਹੈ, ਜੋ ਫਿਲਮ ਨੂੰ ਕਾਮੇਡੀ ਤੇ ਰੌਚਕ ਬਣਾਉਂਦੇ ਹਨ। ਫਿਲਮ ਦੀ ਕਹਾਣੀ ਅਨੇਕਾਂ ਮੋੜਾਂ ਤੋਂ ਲੰਘਦੀ



ਹੈ। ਕਿਸੇ ਕਾਰਨ ਕੁੜੀ ਦੇ ਮਾਪੇ ਮੁਕਲਾਵਾ ਦੇਣ ਤੋਂ ਮੁੱਕਰ ਜਾਂਦੇ ਹਨ। ਅਜਿਹਾ ਕਿਉਂ ਹੁੰਦਾ ਹੈ, ਇਹ 24 ਮਈ ਨੂੰ ਹੀ ਫਿਲਮ ਵੇਖਦਿਆਂ ਪਤਾ ਲੱਗੇਗਾ। ਫਿਲਮ ਦੀ ਬਹੁਤੀ ਸ਼ੂਟਿੰਗ ਰਾਜਸਥਾਨ ਦੇ ਵਿਰਾਸਤੀ ਪਿੰਡਾਂ ਵਿਚ ਕੀਤੀ ਗਈ ਹੈ ਤਾਂਕਿ ਪੀਰੀਅਡ ਫਿਲਮ ਹੋਣ ਕਰਕੇ ਸੱਚ ਦੇ ਨੇੜੇ ਹੋਇਆ ਜਾ ਸਕੇ।

ਫਿਲਮ ਸਾਂਝੇ ਪਰਿਵਾਰਾਂ ਦੀ ਅਹਿਮੀਅਤ ਅਤੇ ਸਮਾਜਕ ਰਿਸ਼ਤਿਆਂ ਦੀ ਤਰਜ਼ਮਾਨੀ ਕਰਦੀ ਸਾਰਥਕ ਕਾਮੇਡੀ ਆਧਾਰਤ ਇੱਕ ਪਰਿਵਾਰਕ ਕਹਾਣੀ ਦੀ ਪੇਸ਼ਕਾਰੀ ਹੈ। ਫਿਲਮ ਵਿਚ ਐਮੀ ਵਿਰਕ, ਸੋਨਮ ਬਾਜਵਾ, ਗੁਰਪ੍ਰੀਤ ਘੁੱਗੀ, ਕਰਮਜੀਤ ਅਨਮੋਲ, ਬੀ. ਐਨ. ਸ਼ਰਮਾ, ਨਿਰਮਲ ਰਿਸ਼ੀ, ਗੁਰਪ੍ਰੀਤ ਭੰਗੂ, ਪਰਮਿੰਦਰ ਕੌਰ ਗਿੱਲ, ਰਾਖੀ ਹੁੰਦਲ, ਸੁਖਬੀਰ ਸਿੰਘ, ਸਰਬਜੀਤ ਚੀਮਾ, ਦ੍ਰਿਸ਼ਟੀ ਗਰੇਵਾਲ, ਤਰਸੇਮ ਪੌਲ, ਅਨੀਤਾ ਸਬਦੀਸ਼, ਵੰਦਨਾ ਕਪੂਰ, ਸੁਖਵਿੰਦਰ ਚਹਿਲ, ਦਿਲਾਵਰ ਸਿੱਧੂ ਆਦਿ ਕਲਾਕਾਰਾਂ ਨੇ ਅਹਿਮ ਕਿਰਦਾਰ ਨਿਭਾਏ ਹਨ।

ਫਿਲਮ ਦੀ ਕਹਾਣੀ ਤੇ ਸਕਰੀਨ ਪਲੇਅ ਉਪਿੰਦਰ ਵੜੈਚ ਤੇ ਜਗਜੀਤ ਸੈਣੀ ਅਤੇ ਡਾਇਲਾਗ ਰਾਜੂ ਵਰਮਾ ਨੇ ਲਿਖੇ ਹਨ। ਸੰਗੀਤ ਗੁਰਮੀਤ ਸਿੰਘ ਨੇ ਦਿੱਤਾ ਹੈ। ਫਿਲਮ ਦੇ ਗੀਤ ਹੈਪੀ ਰਾਏਕੋਟੀ, ਹਰਮਨਜੀਤ, ਵਿੰਦਰ ਨੱਥੂਮਾਜਰਾ ਅਤੇ ਵੀਤ ਬਲਜੀਤ ਨੇ ਲਿਖੇ ਹਨ।

*-ਸੁਰਜੀਤ ਜੱਸਲ*

# US Business Brokers Inc.

## American Financing Group LLC


101 W 22nd St, Suite 111, Lombard, IL 60148
23280 Pacific Highway South, Suite 307, Kent, WA 98032

## Financing - Loans

ਬਿਜਨਸ ਵੇਚਣ/ਖਰੀਦਣ ਤੇ ਫਾਇਨਾਂਸ ਕਰਵਾਉਣ ਲਈ

- We do all kinds of SBA & Conventional loans.
- We are specialized in Gas Stations, Liquor Stores, Hotels, Convenience Stores, Motels, Apartment Buildings, Strip Plazas, Commercial Buildings, Food Franchise.
- Purchase/Refinance
- Lowest Rates (With or Without Real Estate)
- Best Possible Mortgage Solutions For You...




Contact us for any Financing Need Nationwide.

- FAST APPROVAL
- QUICK CLOSINGS • SBA 504 & 7A
- CONVENTIONAL LOANS
- HOTELS, MOTELS
- GAS STATIONS, TRUCK STOPS
- INDUSTRIAL CLIENT
- SUBWAY, DUNKIN DONUTS
- LIQUOR STORES, C-STORES, CAR WASH

*Contact us Buy or Sell business*

**AJ Sandhu (MBA)**

*Managing Broker/Realtor/Consultant*
*Licensed in IL, IN, WA*

**916-995-0783 (Cell)**
**425-529-6283 (Cell)**

*630-206-2467 (Fax)*
www.ubbchicago.com
aj@ubbchicago.com

AMERICAN AFG FINANCING GROUP LLC



Sky Films DJ VIC MUSIC FOR ALL

DJ, Video, Photo, Lighting, Live Video
LED Floor, Cloud effect, Fireworks and More



# A Award Winning Team

## ਅਵਾਰਡ ਜੇਤੂ ਟੀਮ







CONTACT US FOR MORE DETAILS

**Team Sky Films & Production**

Contact - Gagan 734 674 1854, www.skymademymemories.com



# ਅਮਰ ਕਾਰਪੈਟਸ

## ਘਰਾਂ/ਦਫਤਰਾਂ ਅਤੇ ਹਰ ਤਰ੍ਹਾਂ ਦੇ ਮਕਾਨਾਂ ਵਿਚ ਵਧੀਆ ਕੁਆਲਟੀ ਦਾ ਕਾਰਪੈਟ ਸਸਤੇ ਭਾਅ ਪੁਆਉ

ਦੀਵਾਨ ਐਵਨਿਊ, ਸ਼ਿਕਾਗੋ ਵਿਚ ਕਾਰਪੈਟਸ ਦਾ ਇੱਕੋ ਇੱਕ ਸਟੋਰ ਜਿੱਥੋਂ ਤੁਸੀ ਖਰੀਦ ਸਕਦੇ ਹੋ ਬਿਲਕੁਲ ਨਵੇਂ ਡਿਜ਼ਾਈਨ ਦੇ ਰੰਗ ਹਰ ਇਕ ਕਵਾਲਿਟੀ ਵਿਚ, ਕੀਮਤਾਂ ਇਨੀਆਂ ਘੱਟ ਕਿ ਤੁਸੀਂ ਸੋਚ ਵੀ ਨਹੀਂ ਸਕਦੇ! ਆਓ! ਦੇਖੋ ਅਮਰ ਕਾਰਪੈਟਸ ਦਾ ਬੇਹਤਰੀਨ ਚੋਣ ਭਰਪੂਰ ਸ਼ੋਅਰੂਮ



ਸ. ਅਮਰੀਕ ਸਿੰਘ ਸ਼ਿਕਾਗੋ

**ਹਾਰਡਵੁੱਡ ਫਲੋਰ, ਹਰ ਤਰ੍ਹਾਂ ਦੇ ਫਲੋਰ ਉਪਲਬਧ**

**ਫਰੀ ਐਸਟੀਮੇਟ, ਆਰਡਰ ਕਰਨ ਦੇ ਅਗਲੇ ਹੀ ਦਿਨ ਕਾਰਪੈਟ ਪਾਵਾਂਗੇ**

Same day service in Chicago and suburbs

# Amar Carpets Inc

ਵੈਸਟਰਨ ਐਵੇਨਿਊ ਤੋਂ ਅਧਾ ਬਲਾਕ ਵੈਸਟ, 2423 W Devon Ave. Chicago IL 60659

ਕਾਲ ਕਰੋ : ਅਮਰੀਕ ਸਿੰਘ

Ph: 773-508-5253,773-507-8043, Fax: 773-508-5249



ਖ਼ੁਸ਼ਖ਼ਬਰੀ ਖ਼ੁਸ਼ਖ਼ਬਰੀ

# ਪੰਜਾਬੀ ਢਾਬਾ

1480 N. State Road 1, Cambridge City, IN 47327

ਕੈਂਬਰਿਜ ਸਿਟੀ (ਇੰਡੀਆਨਾ) ਵਿਚ ਪੰਜਾਬੀ ਢਾਬੇ ਲਈ

## ਡਿਸ਼ਵਾਸ਼ਰ, ਹੈਲਪਰ, ਵੇਟਰ ਅਤੇ ਕੁਕ ਚਾਹੀਦੇ ਹਨ

ਚੰਗੀ ਤਨਖਾਹ, ਖਾਣਾ ਮੁਫਤ ਤੇ ਹੋਰ ਸਹੂਲਤਾਂ

ਸੰਪਰਕ ਕਰੋ: ਮਨਜੀਤ ਨਾਗਰਾ

**ਫੋਨ: 317-750-1900**

PAO
Punjabi American Organization

# Punjabi American Organization

ਵਲੋਂ ਮਾਣ ਨਾਲ ਪੇਸ਼ ਹੈ ਮਿਡਵੈਸਟ ਦਾ 15ਵਾਂ ਰੰਗਾਰੰਗ ਪ੍ਰੋਗਰਾਮ

# Teeyan Da Mela-2019

## ਤੀਆਂ ਦਾ ਮੇਲਾ–2019



ਬੀਬੀ ਜਸਵੰਤ ਕੌਰ ਧਾਲੀਵਾਲ

Dedicated to Late Mrs. Jaswant Kaur Dhaliwal

**Sunday, July 21st, 2019**

*Time: 10:30 AM to 4 PM*

**Waterford Banquet Hall** 933 S Riverside Dr, Elmhurst, IL 60126



**Join us and enjoy:**
Giddha, Dholki, Punjabi Songs and Open Dance

*Ladies Only*

Also enjoy Shopping, Suits, Jewelry, Gift items & Mehandi.

**VIP Ticket: $100**
*(On the Table by Stage)*

**Ticket Price $10**
*Kids Under 5 yrs are Free!*

Special attraction live performance by
## Jasmine Sandlas







**For More Information Contact**

Navjot Bajwa 312-446-4432
Minni Multani 630-935-5239
Sukhi Singh 847-917-3664
Naiha Walia 847-687-9074
Pinki Walia 847-999-8720
Naina Singh 847-828-9412

Manisha Garg 847-904-7458
Aarti Singla 630-479-3661
Jasmeet Suga 630-673-6300
Kamal Hunjan 630-673-5156
www.paochicago.org

Satinder Kaur 630-696-8705
Pammi Sangha 630-965-2930
Rajinder Mago 630-890-1362
Gurpreet Singh 630-677-6144
Shaloo Chhabra 813-317-6815
Prabh Khaira 630-267-2107

"Volunteers and new members needed. High school volunteers will get community service hours"